PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

29th May - 5th June 2025 • Issue No. 3082

Europe's Leading Panjabi Weekly Since 1965

IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

## ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਉਪਰ 'ਆਪ' ਸਰਕਾਰ ਨੇ ਪਾਈ ਰੁਕਾਵਟ

- ਪੁਲੀਸ ਤੇ ਅਕਾਲੀ ਆਗੂ ਲੰਗਾਹ ਵਿਚਕਾਰ ਤਿੱਖੀ ਬਹਿਸ
- ਪਠਾਨਕੋਟ ਵਿਖੇ ਅੰਬੇਡਕਰ ਦੀ ਮੂਰਤੀ ਨੂੰ ਲੈ ਕੇ ਗਰਮਾਇਆ ਮਾਹੌਲ



ਪਠਾਨਕੋਟ-ਪੰਜਾਬ ਦੇ ਪਠਾਨਕੋਟ ਵਿੱਚ ਪਰਮਾਨੰਦ ਬਾਈਪਾਸ ਚੌਕ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਉਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਐਸਏਡੀ) ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਪੁਲੀਸ ਵਿਚਕਾਰ ਤਿੱਖੀ ਬਹਿਸ ਨੇ ਸੂਬੇ ਵਿੱਚ ਸਿਆਸੀ ਅਤੇ ਸਮਾਜਿਕ ਵਿਵਾਦ ਨੂੰ ਜਨਮ ਦਿੱਤਾ ਹੈ। -ਪੂਰੀ ਖ਼ਬਰ ਅੰਦਰ:

## ਯੂਟਿਊਬਰ ਜੋਤੀ ਮਲਹੋਤਰਾ ਪਾਕਿਸਤਾਨੀ ਖੁਫੀਆ ਏਜੰਟਾਂ ਦੇ ਸੰਪਰਕ ਵਿਚ ਸੀ !

### ਨਵੀਂ ਰਿਪੋਰਟ ਆਈ ਸਾਹਮਣੇ, ਜਾਸੂਸੀ ਦੇ ਦੋਸ਼ ਵਿੱਚ ਹੋਈ ਸੀ ਗ੍ਰਿਫਤਾਰ



ਦਿੱਲੀ-ਹਰਿਆਣਾ ਦੀ 33 ਸਾਲਾ ਯੂਟਿਊਬਰ ਜੋਤੀ ਮਲਹੋਤਰਾ ਨੂੰ ਪਾਕਿਸਤਾਨ ਦੀ ਜਾਸੂਸੀ ਏਜੰਸੀ ਆਈਐਸਆਈ ਨਾਲ ਸੰਪਰਕ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ। ਉਸ ਨੇ ਚਾਰ ਪਾਕਿਸਤਾਨੀ ਏਜੰਟਾਂ-ਦਾਨਿਸ਼, ਅਹਿਸਾਨ ਅਤੇ ਸ਼ਾਹਿਦ ਸਮੇਤ-ਨਾਲ ਸਿੱਧੀ ਗੱਲਬਾਤ ਕੀਤੀ। ਪੁਲਿਸ ਨੇ ਉਸ ਦੇ ਡਿਜੀਟਲ ਡਿਵਾਈਸਾਂ ਤੋਂ 12 ਟੀਬੀ ਡੇਟਾ ਬਰਾਮਦ ਕੀਤਾ, ਜੋ ਉਸ ਦੀ ਆਈਐਸਆਈ ਅਧਿਕਾਰੀਆਂ ਨਾਲ ਜਾਣਬੁੱਝ ਕੇ ਸੰਪਰਕ ਦੀ ਪੁਸ਼ਟੀ ਕਰਦਾ ਹੈ। ਜੋਤੀ ਮਲਹੋਤਰਾ ਦੀ ਇੱਕ ਸਕਾਟਿਸ਼ ਵਲੌਗਰ ਦੇ ਮਾਰਚ 2025 ਦੇ ਵੀਡੀਓ 'ਚ ਜੋਤੀ ਮਲਹੋਤਰਾ ਨੂੰ ਲਾਹੌਰ ਦੇ ਅਨਾਰਕਲੀ ਬਾਜ਼ਾਰ 'ਚ ਛੇ ਹਥਿਆਰਬੰਦ ਗਾਰਡਾਂ ਨਾਲ ਦਿਖਾਇਆ ਗਿਆ, ਜੋ ਏਕੇ-47 ਰਾਈਫਲਾਂ ਨਾਲ ਉਸ ਦੀ ਸੁਰੱਖਿਆ ਕਰ ਰਹੇ ਸਨ। ਵੀਡੀਓ ਵਿਚ ਗਾਰਡਾਂ ਦੀ ਵਰਦੀ ਅਤੇ ਹਥਿਆਰਾਂ ਨੇ ਪਾਕਿਸਤਾਨੀ ਸੁਰੱਖਿਆ ਬਲਾਂ ਨਾਲ ਸਬੰਧ ਦਾ ਸ਼ੱਕ ਪੈਦਾ ਕੀਤਾ। ਵਾਇਰਲ ਟਿੱਪਣੀਆਂ 'ਚ ਭਾਰਤੀ ਦਰਸ਼ਕਾਂ ਨੇ ਉਸ ਦੀ ਹਾਈ-ਪ੍ਰੋਫਾਈਲ ਮੌਜੂਦਗੀ ਨੂੰ ਜਾਸੂਸੀ ਦੇ ਦੋਸ਼ਾਂ ਨਾਲ ਜੋੜਿਆ, ਜਾਂਚ ਦੀ ਮੰਗ ਉੱਠੀ।

## ਸੰਦੀਪ ਨੰਗਲ ਅੰਬੀਆਂ ਟੈਲਫੋਰਡ ਕਬੱਡੀ ਕਲੱਬ ਦੇ ਟੂਰਨਾਮੈਂਟ 'ਚ ਹੋਇਆ ਰਿਕਾਰਡ ਤੋੜ ਇਕੱਠ

## ਟੈਲਫੋਰਡ ਕਲੱਬ ਨੇ ਜਿੱਤਿਆ ਪਹਿਲਾ ਇਨਾਮੀ ਕੱਪ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਰਹੀ ਦੂਜੇ ਨੰਬਰ 'ਤੇ

### ਬਲਵਿੰਦਰ ਸਿੰਘ ਚੱਠਾ, ਸੁੱਖੀ ਬੈਂਸ ਅਤੇ ਸਹਿਯੋਗੀਆਂ ਵੱਲੋਂ ਜੇਤੂ ਟੀਮਾਂ ਨੂੰ ਵਿਸ਼ੇਸ਼ ਟਰਾਫੀਆਂ ਅਤੇ ਸੰਦੀਪ ਨੰਗਲ ਅੰਬੀਆਂ ਦੀ ਤਸਵੀਰ ਵਾਲੇ ਯਾਦਗਾਰੀ ਮੋਮੈਂਟੋ ਦਿੱਤੇ ਗਏ










ਪੂਰੀ ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:

# MANAK SOLICITORS



## Aneeta Kaur Kang

Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google

4.9/5 CUSTOMER REVIEWS

Lexcel

Legal Practice Quality Mark

Law Society Accredited



**Rajbir Singh Manak MA (Hons)**

**Surinder Singh Manak LLB (Hons)**

# ਤਖਤਾਂ ਦੇ ਆਪਸੀ ਟਕਰਾਅ ਦਾ ਜ਼ਿੰਮੇਵਾਰ ਕੌਣ, ਕੌਣ ਦੇ ਰਿਹਾ ਅਕਾਲ ਤਖਤ ਨੂੰ ਚੁਣੌਤੀ ?

**ਕਵਰ ਸਟੋਰੀ**

## ✪ ਸੁਖਬੀਰ ਅਤੇ ਜਥੇਦਾਰ ਨਿਸ਼ਾਨੇ ਤੇ ਕਿਉਂ ? ✪ ਕੀ ਪਟਨਾ ਸਾਹਿਬ ਦੀ ਕਾਰਵਾਈ ਗੈਰ ਸਿਧਾਂਤਕ ਹੈ ? ✪ ਗੌਹਰ ਦੀ ਮੁਆਫੀ : ਸਿਆਸੀ ਸਾਜ਼ਿਸ਼ ਜਾਂ ਪੰਥਕ ਮਰਿਆਦਾ ਦੀ ਉਲੰਘਣਾ ?

ਸ੍ਰੀ ਅਕਾਲ ਤਖਤ ਸਾਹਿਬ, ਸਿੱਖ ਪੰਥ ਦਾ ਸਰਵਉੱਚ ਅਦਾਰਾ, ਜਿਸ ਦੀ ਸਥਾਪਨਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਮੂਰਤੀਮਾਨ ਕਰਨ ਲਈ ਕੀਤੀ ਸੀ, ਅੱਜ ਸਿਆਸੀ ਦਖਲਅੰਦਾਜ਼ੀ ਦੇ ਕਾਰਨ ਆਪਣੀ ਪਵਿੱਤਰਤਾ ਅਤੇ ਖੁਦਮੁਖਤਿਆਰੀ ਨੂੰ ਗੁਆ ਰਿਹਾ ਹੈ। ਅਕਾਲੀ ਸਿਆਸਤ ਨੇ ਸ੍ਰੀ ਅਕਾਲ ਤਖਤ ਨੂੰ ਆਪਣੇ ਹਿਤਾਂ ਲਈ ਵਰਤਣਾ ਸ਼ੁਰੂ ਕਰ ਦਿਤਾ ਹੈ ਜੋ ਸਿਖ ਸਿਧਾਂਤਾਂ ਨੂੰ ਢਾਹ ਲਗਾਉਂਦਾ ਹੈ।

ਤਾਜ਼ਾ ਵਿਵਾਦ, ਜਿਸ ਵਿੱਚ ਸ੍ਰੀ ਅਕਾਲ ਤਖਤ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਿਚਕਾਰ ਆਪਸੀ ਹੁਕਮਨਾਮਿਆਂ ਦੀ ਅਣਦੇਖੀ ਅਤੇ ਟਕਰਾਅ ਸਾਹਮਣੇ ਆਇਆ, ਨੇ ਸਿੱਖ ਪੰਥ ਦੀ ਏਕਤਾ ਅਤੇ ਸੰਸਥਾਗਤ ਸਾਖ ਨੂੰ ਗੰਭੀਰ ਠੇਸ ਪਹੁੰਚਾਈ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ, ਪੰਜ ਪਿਆਰਿਆਂ ਦੀ ਭੂਮਿਕਾ ਅੰਮ੍ਰਿਤ ਸੰਚਾਰ ਅਤੇ ਧਰਮ ਪ੍ਰਚਾਰ ਤੱਕ ਸੀਮਤ ਹੈ, ਨਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਤਨਖ਼ਾਹੀਆ ਐਲਾਨਣ ਦੀ।

ਇਸ ਵਿਵਾਦ ਦੀ ਜੜ੍ਹ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਦੀ ਮੁਆਫੀ ਦਾ ਮਸਲਾ ਹੈ। ਸ੍ਰੀ ਅਕਾਲ ਤਖਤ ਨੇ 21 ਮਈ 2025 ਨੂੰ ਗੌਹਰ ਨੂੰ ਮੁਆਫ ਕਰਕੇ ਉਸ 'ਤੇ ਲੱਗੀਆਂ ਧਾਰਮਿਕ ਪਾਬੰਦੀਆਂ ਹਟਾ ਦਿੱਤੀਆਂ, ਜਿਸ ਨੂੰ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਅਤੇ ਸੰਗਤ ਨੇ ਰੱਦ ਕਰ ਦਿੱਤਾ। ਪਟਨਾ ਸਾਹਿਬ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੂੰ ''ਆਪੇ ਥਾਪੇ'' ਅਤੇ ਤਨਖ਼ਾਹੀਆ ਐਲਾਨਿਆ, ਜਦਕਿ ਸੁਖਬੀਰ ਸਿੰਘ ਬਾਦਲ ਨੂੰ ਸਾਜ਼ਿਸ਼ ਘਾੜਾ ਆਖਕੇ 10 ਦਿਨਾਂ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ।

ਹੁਣੇ ਜਿਹੇ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਉਨ੍ਹਾਂ ਦੀ ਕਮੇਟੀ ਨੂੰ ਆਪਣੀ ਮਰਿਆਦਾ ਅਤੇ ਸੰਵਿਧਾਨ ਅਨੁਸਾਰ ਕਾਰਵਾਈ ਕਰਨ ਦਾ ਅਧਿਕਾਰ ਹੈ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਗੌਹਰ ਮਾਮਲੇ ਵਿੱਚ ਦਖਲਅੰਦਾਜ਼ੀ ਨਾ ਕਰਨ ਦੀ ਅਪੀਲ ਕੀਤੀ ਸੀ, ਪਰ ਅਕਾਲ ਤਖਤ ਦੇ ਫੈਸਲੇ ਨੂੰ ਉਨ੍ਹਾਂ ਨੇ ਪਰੰਪਰਾਵਾਂ ਅਤੇ ਨਿਯਮਾਂ ਦੇ ਵਿਰੁੱਧ ਕਰਾਰ ਦਿੱਤਾ। ਪਟਨਾ ਸਾਹਿਬ ਦੀ ਸੰਗਤ ਦਾ ਮੰਨਣਾ ਹੈ ਕਿ ਗੌਹਰ ਦੀ ਮੁਆਫੀ ਵਿੱਚ ਸੰਗਤ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ, ਜੋ ਪੰਥਕ ਸਿਧਾਂਤਾਂ ਦੀ ਉਲੰਘਣਾ ਹੈ।

ਦੂਸਰੇ ਪਾਸੇ ਸ੍ਰੀ ਅਕਾਲ ਤਖਤ ਨੇ ਪਟਨਾ ਸਾਹਿਬ ਦੇ ਹੁਕਮਨਾਮੇ ਨੂੰ ਰੱਦ ਕਰ ਦਿੱਤਾ। ਸ੍ਰੀ ਅਕਾਲ ਤਖਤ ਦੀ ਸਕੱਤਰੇਤ ਨੇ ਸਪਸ਼ਟ ਕੀਤਾ ਕਿ ਗੌਹਰ ਮਾਮਲੇ ਵਿੱਚ 6 ਦਸੰਬਰ 2022 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਹੋਏ ਫੈਸਲੇ ਦੀ ਰੋਸ਼ਨੀ ਵਿੱਚ ਕਾਰਵਾਈ ਕੀਤੀ ਗਈ ਸੀ। ਪਟਨਾ ਸਾਹਿਬ ਦੀ ਕਾਰਵਾਈ ਨੂੰ ਸ੍ਰੀ ਅਕਾਲ ਤਖਤ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਵਾਲੀ ਅਤੇ ਪੰਥ ਵਿੱਚ ਪਾੜਾ ਪਾਉਣ ਵਾਲੀ ਹਰਕਤ ਕਰਾਰ ਦਿੱਤਾ ਗਿਆ। ਇਸ ਸਾਰੇ ਮਾਮਲੇ ਨੇ ਸਿੱਖ ਪੰਥ ਵਿੱਚ ਵੰਡੀਆਂ ਪੈਦਾ ਕਰਨ ਦਾ ਕੰਮ ਕੀਤਾ ਤੇ ਸਰਕਾਰੀ ਦਖਲਅੰਦਾਜ਼ੀ ਦਾ ਮੌਕਾ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਸਲੇ ਨੂੰ ਸੰਜੀਦਗੀ ਨਾਲ ਹੱਲ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਆਪਸੀ ਮਤਭੇਦ ਕੌ ਮ ਦੇ ਹਿੱਤ ਵਿੱਚ ਨਹੀਂ। ਉਨ੍ਹਾਂ ਨੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਇੱਕ ਵਫ਼ਦ ਨੂੰ ਪਟਨਾ ਸਾਹਿਬ ਭੇਜਣ ਦਾ ਐਲਾਨ ਕੀਤਾ, ਜੋ ਇਸ ਟਕਰਾਅ ਨੂੰ ਖਤਮ ਕਰਨ ਲਈ ਗੱਲਬਾਤ ਕਰੇਗਾ।

### ਇਤਿਹਾਸਕ ਪਿਛੋਕੜ

ਸੌਦਾ ਸਾਧ ਦੀ ਮੁਆਫੀ 2007 ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰੂਪ ਦੀ ਨਕਲ ਕਰਨ ਦੀ ਘਟਨਾ ਬਾਅਦ 2015 ਵਿੱਚ, ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਦੀ ਅਗਵਾਈ ਹੇਠ, ਸੌਦਾ ਰਾਮ ਰਹੀਮ ਨੂੰ ਬਿਨਾਂ ਸੰਗਤ ਦੀ ਸਹਿਮਤੀ ਜਾਂ ਸਪਸ਼ਟੀਕਰਨ ਦੇ ਮੁਆਫੀ ਦੇ ਦਿੱਤੀ ਗਈ।

ਇਸ ਦੇ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਂਡ ਦਾ ਦਬਾਅ ਸੀ। ਪਰ ਸੰਗਤ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਅਕਾਲ ਤਖਤ ਨੂੰ ਇਹ ਮੁਆਫੀ ਵਾਪਸ ਲੈਣੀ ਪਈ ਸੀ, ਜਿਸ ਨਾਲ ਅਕਾਲੀ ਸਿਆਸਤ ਪੰਥ ਵਿਚ ਆਪਣੀ ਸ਼ਾਨ ਗੁਆ ਬੈਠੀ। ਹੁਣ ਵੀ ਗਿਆਨੀ ਗੌਹਰ ਦੇ ਮਸਲੇ ਉਪਰ ਪਟਨਾ ਸਾਹਿਬ ਦੀ ਸੰਗਤ ਨੂੰ ਭਰੋਸੇ ਵਿਚ ਨਹੀਂ ਲਿਆ।

ਬਾਕੀ ਹਿਸਾ ਸਫਾ 4 ਤੇ ਪੜ੍ਹੋ →



## ਸਿਆਸੀ ਸਾਜ਼ਿਸ਼ ਜਾਂ ਪੰਥਕ ਸੰਕਟ ਤੇ ਹੱਲ ਦਾ ਰਾਹ ?

ਇਸ ਵਿਵਾਦ ਦੇ ਪਿੱਛੇ ਸਿਆਸੀ ਦਖਲਅੰਦਾਜ਼ੀ ਦਾ ਸਪਸ਼ਟ ਪਰਛਾਵਾਂ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਸਭ ਤੋਂ ਵੱਧ ਸਵਾਲਾਂ ਦੇ ਘੇਰੇ ਵਿੱਚ ਹੈ। ਕੁਝ ਵਿਦਵਾਨ ਇਹ ਵੀ ਸਵਾਲ ਉਠਾਉਂਦੇ ਹਨ ਕਿ ਕੀ ਇਸ ਵਿਵਾਦ ਦੇ ਪਿੱਛੇ ਕੇਂਦਰ ਸਰਕਾਰ ਦੀ ਕੋਈ ਸਾਜ਼ਿਸ਼ ਹੈ, ਜੋ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਕਾਲ ਤਖਤ ਨੂੰ ਸਿਆਸੀ ਗੁਲਾਮੀ ਤੋਂ ਮੁਕਤ ਕਰਨ ਲਈ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਗੌਹਰ ਦੀ ਮੁਆਫੀ ਅਤੇ ਸੌਦਾ ਸਾਧ ਮੁਆਫੀ ਮਾਮਲੇ ਦੀ ਸੁਤੰਤਰ ਅਤੇ ਪਾਰਦਰਸ਼ੀ ਜਾਂਚ ਲਈ ਇੱਕ ਪੰਥਕ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਦੀ ਰਿਪੋਰਟ ਸੰਗਤ ਦੇ ਸਾਹਮਣੇ ਜਨਤਕ ਕੀਤੀ ਜਾਵੇ। ਜਥੇਦਾਰਾਂ ਦੀ ਨਿਯੁਕਤੀ ਸੰਗਤ ਦੀ ਸਹਿਮਤੀ ਨਾਲ ਅਤੇ ਪਾਰਦਰਸ਼ੀ ਢੰਗ ਨਾਲ ਹੋਣੀ ਚਾਹੀਦੀ। ਸਿਆਸੀ ਪਾਰਟੀਆਂ ਦੀ ਦਖਲਅੰਦਾਜ਼ੀ ਨੂੰ ਰੋਕਣ ਲਈ ਸਖਤ ਨਿਯਮ ਬਣਾਏ ਜਾਣ। ਸ੍ਰੀ ਅਕਾਲ ਤਖਤ ਅਤੇ ਹੋਰ ਤਖਤਾਂ ਵਿਚਕਾਰ ਸਹਿਮਤੀ ਅਤੇ ਸੰਵਾਦ ਨੂੰ ਵਧਾਉਣ ਲਈ ਇੱਕ ਸਾਂਝਾ ਪੰਥਕ ਪਲੇਟਫਾਰਮ ਸਥਾਪਤ ਕੀਤਾ ਜਾਵੇ। ਪੰਥਕ ਫੈਸਲਿਆਂ ਵਿੱਚ ਸੰਗਤ ਦੀ ਸਹਿਮਤੀ ਅਤੇ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ। ਸ੍ਰੀ ਅਕਾਲ ਤਖਤ ਦੀਆਂ ਪੰਥਕ ਕਾਰਵਾਈਆਂ ਵਿੱਚ ਦਖਲ ਦੇਣ ਤੋਂ ਰੋਕਣ ਲਈ ਸਖਤ ਨਿਯਮ ਬਣਾਏ ਜਾਣ।

## ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਦੇ ਮਾਮਲੇ ਅਦਾਲਤਾਂ ਵਿੱਚ ਕਿਉਂ?

## ਸਿੱਖ ਵਿਦਵਾਨ, ਲਿਖਾਰੀਆਂ ਨੂੰ ਆਪਣੇ ਸੁਝਾਅ ਭੇਜਣ ਲਈ ਬੇਨਤੀ

ਗੁਰਦੁਆਰਾ ਸਿੱਖ ਧਰਮ ਦਾ ਅਹਿਮ ਸਥਾਨ ਹੈ। ਜਿਸ ਬਾਰੇ ਗੁਰੂ ਜੀ ਦਾ ਫੁਰਮਾਨ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਗੁਰਬਾਣੀ ਸੁਣ ਕੇ ਇਕ ਤਾਂ ਮਨ ਦੇ ਮੰਦੇ ਵਿਚਾਰਾਂ ਨੂੰ ਦੂਰ ਕਰਨਾ ਹੈ ਜਿਵੇਂ ਕਿ (ਗੁਰਬਾਣੀ ਸੁਣਿ ਮੈਲੁ ਗਵਾਏ)। ਇਸੇ ਤਰ੍ਹਾਂ ਕਥਨ ਹੈ, "ਗੁਰੂਦੁਆਰੇ ਜਾਇ ਸੋਝੀ ਪਾਇਸੀ" ਭਾਵ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਜੀਵਨ ਜਾਚ ਸਿੱਖਣੀ ਹੈ ਤੇ ਉਸ ਅਨੁਸਾਰ ਜੀਵਨ ਢਾਲਣਾ ਹੈ। ਪਰ ਅੱਜਕਲ੍ਹ ਇਸ ਦੇ ਉਲਟ ਹੋ ਰਿਹਾ ਹੈ। ਗੁਰਦੁਆਰੇ ਦੇ ਪ੍ਰਬੰਧਾਂ ਨੂੰ ਲੈ ਕੇ ਕਈ ਗੁਰੂ ਘਰਾਂ ਦੇ ਮਸਲੇ ਅਦਾਲਤਾਂ ਵਿੱਚ ਹਨ । ਜਦ ਕਿ ਕੋਈ ਸਮਾਂ ਸੀ ਕਿ ਵੱਡੀਆਂ ਵੱਡੀਆਂ ਧਿਰਾਂ ਵੀ ਗੁਰਦੁਆਰਾ ਸਾਹਿਬ ਜਾ ਕੇ ਆਪਣੇ ਫ਼ੈਸਲੇ ਸਮਝੋਤੇ ਕਰਵਾਉਂਦੀਆਂ ਹੁੰਦੀਆਂ ਸਨ। ਪਰ ਅੱਜ ਸਿੱਖਾਂ ਨੂੰ ਕੀ ਹੋ ਗਿਆ ਹੈ ਕਿ ਉਹ ਗੁਰਦੁਆਰੇ ਨੂੰ ਹੀ ਅਦਾਲਤ ਵਿੱਚ ਲੈ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਅਸੀਂ ਗੁਰਬਾਣੀ ਨੂੰ ਸੁਣਦੇ ਤੇ ਗਾਉਂਦੇ ਤਾ ਬਹੁਤ ਹਾਂ ਪਰ ਉਸ ਨੂੰ ਸਮਝਦੇ, ਮੰਨਦੇ ਜਾਂ ਅਪਨਾਉਣ ਦੀ ਕੋਸ਼ਿਸ਼ ਨਹੀਂ ਕਰਦੇ।

ਅਦਾਰਾ ਪੰਜਾਬ ਟਾਈਮਜ਼ ਦੇ ਕੋਲ ਅਜਿਹੇ ਕਈ ਗੁਰੂ ਘਰਾਂ ਦੀਆਂ ਕਮੇਟੀਆਂ ਦੇ ਮਾਮਲੇ ਆਉਂਦੇ ਹਨ ਕਿ ਸਾਡਾ ਫ਼ੈਸਲਾ ਕਰਵਾਓ।


ਅਦਾਰਾ ਪੰਜਾਬ ਟਾਈਮਜ਼ ਸਿੱਖ ਵਿਦਵਾਨਾਂ ਲਿਖਾਰੀਆਂ ਤੇ ਇਤਿਹਾਸਕਾਰਾਂ ਨੂੰ ਬੇਨਤੀ ਕਰਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਅਤੇ ਪ੍ਰਬੰਧਾਂ ਨੂੰ ਲੈ ਕੇ ਜੋ ਵਿਵਾਦਤ ਮਾਮਲੇ ਤੇ ਝਗੜੇ ਸਾਹਮਣੇ ਆਉਂਦੇ ਹਨ, ਉਹਨਾਂ ਦੇ ਗੁਰਮਤਿ ਅਨੁਸਾਰ ਹੱਲ ਲੱਭਣ ਲਈ ਆਪਣੇ ਵਿਚਾਰ (ਲੇਖ ਰੂਪ ਵਿੱਚ) ਅਦਾਰਾ ਪੰਜਾਬ ਟਾਈਮਜ਼ ਨੂੰ ਭੇਜਣ, ਤਾਂ ਜੋ ਸੰਗਤਾਂ ਵਿੱਚ ਜਾਗਰਤੀ ਆ ਸਕੇ ਤੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਲੈ ਕੇ ਉਠੇ ਮਾਮਲੇ ਜਾਂ ਝਗੜੇ ਅਦਾਲਤਾਂ ਵਿੱਚ ਨਾ ਜਾਣ। ਧੰਨਵਾਦ

ਸੰਪਾਦਕ, ਪੰਜਾਬ ਟਾਈਮਜ਼, ਡਰਬੀ, ਯੂ ਕੇ

# ਦਿੱਲੀ ਹਾਈ ਕੋਰਟ ਦਾ ਸਖ਼ਤ ਫੈਸਲਾ : ਪ੍ਰੋਫੈਸਰ ਭੁੱਲਰ ਨੂੰ ਜੇਲ੍ਹ ਵਾਪਸੀ ਦਾ ਹੁਕਮ

ਪੰਥਕ ਹਲਚਲ

## ✪ ਮਾਨਸਿਕ ਸਿਹਤ ਦੀ ਅਣਦੇਖੀ : ਸਰਕਾਰ ਦੀ ਸਖ਼ਤੀ 'ਤੇ ਸਵਾਲ



ਦਿੱਲੀ ਹਾਈ ਕੋਰਟ ਦੇ ਤਾਜ਼ਾ ਫੈਸਲੇ ਨੇ, ਜਿਸ ਵਿੱਚ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਨੂੰ ਆਤਮ ਸਮਰਪਣ ਦਾ ਹੁਕਮ ਦਿੱਤਾ ਗਿਆ, ਸਿੱਖਾਂ ਦੇ ਜਜ਼ਬਾਤਾਂ ਨੂੰ ਇੱਕ ਵਾਰ ਫਿਰ ਝੰਜੋੜ ਦਿੱਤਾ ਹੈ। 1993 ਦੇ ਦਿੱਲੀ ਬੰਬ ਧਮਾਕੇ ਦੇ ਮੁਕੱਦਮੇ ਵਿੱਚ ਦੋਸ਼ੀ ਠਹਿਰਾਏ ਗਏ ਪ੍ਰੋਫੈਸਰ ਭੁੱਲਰ ਨੂੰ, ਜੋ ਇੱਕ ਸਮੇਂ ਰਸਾਇਣਕ ਇੰਜੀਨੀਅਰਿੰਗ ਦੇ ਪ੍ਰੋਫੈਸਰ ਸਨ, ਅਦਾਲਤ ਨੇ ਪੈਰੋਲ ਦੀ ਮਿਆਦ ਖਤਮ ਹੋਣ 'ਤੇ ਜੇਲ੍ਹ ਵਾਪਸ ਭੇਜਣ ਦਾ ਆਦੇਸ਼ ਦਿੱਤਾ।

ਜਸਟਿਸ ਗਿਰੀਸ਼ ਕਠਪਾਲਿਆ ਦੀ ਬੈਂਚ ਨੇ ਉਨ੍ਹਾਂ ਦੀ ਮਾਨਸਿਕ ਸਿਹਤ ਦੀ ਗੰਭੀਰ ਸਥਿਤੀ ਦੇ ਬਾਵਜੂਦ, ਛੋਟ ਦੀ ਅਰਜ਼ੀ ਨੂੰ ਰੱਦ ਕਰਦਿਆਂ ਕਿਹਾ ਕਿ ਜੇਲ੍ਹ ਵਿੱਚ ਵੀ ਇਲਾਜ ਸੰਭਵ ਹੈ। ਇਹ ਫੈਸਲਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਸਿੱਖ ਭਾਈਚਾਰੇ ਦੇ ਜਜ਼ਬਾਤਾਂ 'ਤੇ ਇੱਕ ਡੂੰਘਾ ਸੱਟ ਮਾਰਦਾ ਹੈ।

ਦਿੱਲੀ ਹਾਈ ਕੋਰਟ ਨੇ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਪੈਰੋਲ ਰੱਦ ਕਰਦਿਆਂ ਆਤਮ ਸਮਰਪਣ ਦਾ ਹੁਕਮ ਜਾਰੀ ਕੀਤਾ, ਜਿਸ ਨੇ ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਪ੍ਰੋਫੈਸਰ ਭੁੱਲਰ ਦੀ ਗੰਭੀਰ ਮਾਨਸਿਕ ਸਿਹਤ ਸਥਿਤੀ ਦੇ ਬਾਵਜੂਦ, ਅਦਾਲਤ ਨੇ ਜੇਲ੍ਹ ਵਿੱਚ ਇਲਾਜ ਦੀ ਗੱਲ ਕਹਿ ਕੇ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਨੂੰ ਸਿੱਖ ਸਮਰਥਕ ਵਿਤਕਰੇ ਦਾ ਪ੍ਰਤੀਕ ਮੰਨਦੇ ਹਨ।

## ਭੁੱਲਰ ਮਾਮਲੇ ਦੀ ਪਿੱਠਭੂਮੀ ਅਤੇ ਵਿਵਾਦ

ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਜਿਨ੍ਹਾਂ ਨੂੰ 1993 ਦੇ ਦਿੱਲੀ ਬੰਬ ਧਮਾਕੇ ਦੇ ਮੁਕੱਦਮੇ ਵਿੱਚ ਦੋਸ਼ੀ ਠਹਿਰਾਇਆ ਗਿਆ, ਨੂੰ ਸ਼ੁਰੂ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਧਮਾਕੇ ਵਿੱਚ 9 ਵਿਅਕਤੀਆਂ ਦੀ ਮੌਤ ਅਤੇ 31 ਦੇ ਜ਼ਖਮੀ ਹੋਣ ਦੀ ਘਟਨਾ ਨੇ ਰਾਜਸੀ ਅਤੇ ਸਮਾਜਿਕ ਹਲਚਲ ਪੈਦਾ ਕੀਤੀ ਸੀ। 2014 ਵਿੱਚ ਸੁਪਰੀਮ ਕੋਰਟ ਨੇ ਮਾਨਸਿਕ ਸਿਹਤ ਅਤੇ ਕਾਨੂੰਨੀ ਦੇਰੀ ਦੇ ਆਧਾਰ 'ਤੇ ਉਨ੍ਹਾਂ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ। ਪਰ, ਇਸ ਮੁਕੱਦਮੇ ਦੀ ਸੱਚਾਈ ਅਤੇ ਨਿਰਪੱਖਤਾ 'ਤੇ ਸਵਾਲ ਉੱਠਦੇ ਰਹੇ ਹਨ। ਭੁੱਲਰ ਦੇ ਸਮਰਥਕ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ 1980 ਦੇ ਦਹਾਕੇ ਦੌਰਾਨ ਸਿੱਖਾਂ 'ਤੇ ਹੋਈਆਂ ਜ਼ਿਆਦਤੀਆਂ - ਜਿਵੇਂ ਫੌਜੀ ਹਮਲਾ, 1984 ਦੇ ਸਿੱਖ ਵਿਰੋਧੀ ਕਤਲੇਆਮ, ਅਤੇ ਪੁਲਿਸ ਦੀਆਂ ਝੂਠੇ ਮੁਕਾਬਲੇ - ਦੇ ਵਿਰੋਧ ਵਿੱਚ ਆਵਾਜ਼ ਉਠਾਉਣ ਕਾਰਨ ਨਿਸ਼ਾਨਾ ਬਣਾਇਆ ਗਿਆ। ਸਰਕਾਰ ਨੇ ਉਨ੍ਹਾਂ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਜੋੜਿਆ, ਜਿਸ ਨੂੰ ਉਨ੍ਹਾਂ ਦਾ ਪਰਿਵਾਰ ਅਤੇ ਸਮਰਥਕ ਝੂਠਾ ਦੱਸਦੇ ਹਨ।

ਤਾਜ਼ਾ ਰਿਪੋਰਟਾਂ ਅਨੁਸਾਰ, ਪ੍ਰੋਫੈਸਰ ਭੁੱਲਰ ਦੀ ਮਾਨਸਿਕ ਸਿਹਤ ਸਥਿਤੀ ਬਹੁਤ ਗੰਭੀਰ ਹੈ। ਮੈਡੀਕਲ ਰਿਪੋਰਟਾਂ ਵਿੱਚ ਸਪੱਸ਼ਟ ਹੈ ਕਿ ਉਹ ਸਕੀਜ਼ੋਫਰੀਨੀਆ ਅਤੇ ਗੰਭੀਰ ਡਿਪ੍ਰੈਸ਼ਨ ਵਰਗੀਆਂ ਮਾਨਸਿਕ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਿੱਖ ਸੰਗਠਨਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸਿਹਤ ਦੀ ਸੁਤੰਤਰ ਮੈਡੀਕਲ ਜਾਂਚ ਕੀਤੀ ਜਾਵੇ, ਜਿਸ ਵਿੱਚ ਅੰਤਰਰਾਸ਼ਟਰੀ ਮਾਹਿਰ ਸ਼ਾਮਲ ਹੋਣ। ਪਰ, ਸਰਕਾਰ ਅਤੇ ਅਦਾਲਤ ਦੀ ਸਖ਼ਤੀ ਨੇ ਇਸ ਮੰਗ ਨੂੰ ਅਣਸੁਣਿਆ ਕਰ ਦਿੱਤਾ।

ਸਿਖ ਬੁਧੀਜੀਵੀ ਦਾਅਵਾ ਕਰਦੇ ਹਨ ਕਿ ਜਦੋਂ ਸੌਦਾ ਸਾਧ ਵਰਗੇ ਮੁਕੱਦਮਿਆਂ ਵਿੱਚ ਸਰਕਾਰ ਨੇ ਨਰਮੀ ਵਿਖਾਈ, ਉੱਥੇ ਸਿੱਖ ਕੈਦੀਆਂ ਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 2007 ਦੇ ਬਲਾਸਟ ਮਾਮਲੇ ਵਿੱਚ ਸੌਦਾ ਸਾਧ ਨੂੰ ਮਿਲੀ ਰਿਹਾਈ ਅਤੇ ਸਰਕਾਰ ਦੀ ਚੁੱਪੀ ਨੇ ਸਿੱਖ ਭਾਈਚਾਰੇ ਵਿੱਚ ਅਸੰਤੁਸ਼ਟੀ ਨੂੰ ਹੋਰ ਵਧਾਇਆ ਹੈ।

ਸਰਕਾਰ ਦੀ ਸਖ਼ਤੀ ਸਿਰਫ਼ ਕਾਨੂੰਨੀ ਨਹੀਂ, ਸਗੋਂ ਸਿਆਸੀ ਅਤੇ ਸਮਾਜਿਕ ਵੀ ਮੰਨੀ ਜਾ ਰਹੀ ਹੈ। 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਅਤੇ ਸਿੱਖ ਕੈਦੀਆਂ ਨੂੰ ਲੰਮੀਆਂ ਸਜ਼ਾਵਾਂ ਦੇਣ ਦੇ ਵਿਰੋਧਾਭਾਸ ਨੇ ਵਿਤਕਰੇ ਦੇ ਦੋਸ਼ਾਂ ਨੂੰ ਪ੍ਰਬਲ ਕੀਤਾ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਕਾਨੂੰਨੀ ਮਾਹਿਰਾਂ ਦੀ ਇੱਕ ਟੀਮ ਗਠਿਤ ਕਰੇ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਮਿਲ ਕੇ ਭੁੱਲਰ ਦੀ ਰਿਹਾਈ ਲਈ ਮੁਹਿੰਮ ਚਲਾਏ। ਭੁੱਲਰ ਦੀ ਰਿਹਾਈ ਦੀ ਸੰਭਾਵਨਾ ਸਰਕਾਰ ਦੀ ਸਿਆਸੀ ਇੱਛਾਸ਼ਕਤੀ, ਮੈਡੀਕਲ ਜਾਂਚ, ਅਤੇ ਅੰਤਰਰਾਸ਼ਟਰੀ ਦਬਾਅ 'ਤੇ ਨਿਰਭਰ ਕਰਦੀ ਹੈ।

## ਸ਼੍ਰੋਮਣੀ ਕਮੇਟੀ ਦੀ ਚੁੱਪੀ : ਸਿੱਖ ਜਥੇਬੰਦੀਆਂ ਦੀ ਨਾਰਾਜ਼ਗੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਮਾਮਲੇ ਵਿੱਚ ਸੀਮਤ ਸਰਗਰਮੀ ਨੇ ਸਿੱਖ ਭਾਈਚਾਰੇ ਦੀਆਂ ਉਮੀਦਾਂ ਨੂੰ ਝਟਕਾ ਦਿੱਤਾ ਹੈ। ਪ੍ਰਵਾਸੀ ਸਿੱਖ ਸੰਗਠਨ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਅੰਤਰਰਾਸ਼ਟਰੀ ਅਦਾਲਤਾਂ ਅਤੇ ਸੰਸਥਾਵਾਂ ਰਾਹੀਂ ਭੁੱਲਰ ਦੀ ਰਿਹਾਈ ਲਈ ਦਬਾਅ ਵਧਾਉਣ ਦੀ ਕੋਸ਼ਿਸ਼ ਵਿੱਚ ਹਨ।

# ਟਕਸਾਲੀ ਅਕਾਲੀ ਆਗੂ ਸ: ਸੁਖਦੇਵ ਸਿੰਘ ਢੀਂਡਸਾ ਦਾ ਚੰਡੀਗੜ੍ਹ ਵਿਖੇ ਹਸਪਤਾਲ ਵਿੱਚ ਦਿਹਾਂਤ

ਚੰਡੀਗੜ੍ਹ (ਪੰਜਾਬ ਟਾਈਮਜ਼) – ਟਕਸਾਲੀ ਅਕਾਲੀ ਆਗੂ ਸ: ਸੁਖਦੇਵ ਸਿੰਘ ਢੀਂਡਸਾ ਦਾ ਅੱਜ ਬੁੱਧਵਾਰ 28 ਮਈ 2025 ਨੂੰ ਚੰਡੀਗੜ੍ਹ ਵਿਖੇ ਹਸਪਤਾਲ ਵਿੱਚ ਦਿਹਾਂਤ ਹੋ ਗਿਆ ਹੈ। ਉਹ 89 ਸਾਲਾਂ ਦੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਆਖਰੀ ਅਲਵਿਦਾ ਆਖ ਗਏ ਹਨ ।



ਸ: ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਰਹੇ ਹਨ। ਮਿਲੀ ਜਾਣਕਾਰੀ ਮੁਤਾਬਕ ਸ: ਢੀਂਡਸਾ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ ਤੇ ਉਹਨਾਂ ਦਾ ਮੋਹਾਲੀ ਦੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ। ਅੱਜ ਸ਼ਾਮ ਦੇ 5 ਵਜੇ ਉਹਨਾਂ ਨੇ ਆਖਰੀ ਸਾਹ ਲਏ। ਜ਼ਿਕਰਯੋਗ ਹੈ ਕਿ ਸ: ਸੁਖਦੇਵ ਸਿੰਘ ਢੀਂਡਸਾ 2019 ਵਿੱਚ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਿਤ ਕੀਤੇ ਗਏ ਸਨ। ਉਹ 2020 ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਨਾਲੋਂ ਵੱਖ ਹੋ ਗਏ ਸਨ। ਸ: ਢੀਂਡਸਾ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ। ਉਹਨਾਂ ਦੇ ਲੜਕੇ ਪਰਮਿੰਦਰ ਸਿੰਘ ਢੀਂਡਸਾ ਨੂੰ ਉਹਨਾਂ ਦਾ ਸਨੇਹੀਆਂ ਵੱਲੋਂ ਸ਼ੋਕ ਸੁਨੇਹੇ ਮਿਲ ਰਹੇ ਹਨ।

# ਤਖਤਾਂ ਦੇ ਆਪਸੀ ਟਕਰਾਅ

### ਤਿੰਨ ਸਫ਼ੇ ਦੀ ਬਾਕੀ

ਗਿਆਨੀ ਰਣਜੀਤ ਸਿੰਘ ਗੌਹਰ, ਜੋ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਸਨ, ਨੂੰ 11 ਸਤੰਬਰ 2022 ਨੂੰ ਪੰਜ ਪਿਆਰਿਆਂ ਵੱਲੋਂ ਤਨਖ਼ਾਹੀਆ (ਧਾਰਮਿਕ ਸਜ਼ਾ) ਕਰਾਰ ਦਿੱਤਾ ਗਿਆ ਸੀ। ਇਸ ਦਾ ਕਾਰਨ ਸੀ ਸੰਗਤਾਂ ਦੀਆਂ ਸ਼ਿਕਾਇਤਾਂ, ਜਿਨ੍ਹਾਂ ਵਿੱਚ ਡਾ. ਗੁਰਵਿੰਦਰ ਸਿੰਘ ਸਮਰਾ ਵੱਲੋਂ ਲਗਾਏ ਇਲਜ਼ਾਮ ਸ਼ਾਮਲ ਸਨ। ਇਨ੍ਹਾਂ ਇਲਜ਼ਾਮਾਂ ਅਨੁਸਾਰ, ਗੌਹਰ 'ਤੇ ਗੁਰੂ ਘਰ ਨੂੰ ਦਾਨ ਵਜੋਂ ਦਿੱਤੇ ਬੇਸ਼ਕੀਮਤੀ ਸਾਮਾਨ (ਸੋਨੇ ਦੀ ਕਲਗੀ, ਪੰਘੂੜਾ ਸਾਹਿਬ ਸਮੇਤ ਲਗਭਗ 5 ਕਰੋੜ ਦੀ ਸੰਪਤੀ) ਵਿੱਚ ਹੇਰਾਫੇਰੀ ਦਾ ਦੋਸ਼ ਸੀ।

25 ਨਵੰਬਰ 2022 ਨੂੰ ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਣ (ਬਰਖਾਸਤ) ਦਾ ਹੁਕਮ ਜਾਰੀ ਕੀਤਾ ਅਤੇ ਸੰਗਤ ਨੂੰ ਗੌਹਰ ਨਾਲ ਮਿਲਣ-ਜੁਲਣ ਜਾਂ ਸਟੇਜ ਸਾਂਝਾ ਕਰਨ ਤੋਂ ਮਨ੍ਹਾ ਕੀਤਾ, ਨਹੀਂ ਤਾਂ ਸੰਬੰਧਿਤ ਵਿਅਕਤੀ ਨੂੰ ਵੀ ਤਨਖ਼ਾਹੀਆ ਮੰਨਿਆ ਜਾਵੇਗਾ।

ਗੌਹਰ ਨੇ ਪੰਜ ਪਿਆਰਿਆਂ ਦੇ ਹੁਕਮ ਨੂੰ ਨਾ ਮੰਨਦਿਆਂ ਚੁਣੌਤੀ ਦਿੱਤੀ, ਕਹਿੰਦਿਆਂ ਕਿ ਇੱਕ ਪਿਆਰੇ ਦੀ ਉਮਰ ਘੱਟ ਹੋਣ ਕਾਰਨ ਉਹ ਇਸ ਫੈਸਲੇ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਨੇ 31 ਅਕਤੂਬਰ 2022 ਨੂੰ ਧਮਕੀ ਭਰੇ ਲਹਿਜ਼ੇ ਵਿੱਚ ਪੱਤਰ ਭੇਜਿਆ ਅਤੇ 18 ਨਵੰਬਰ 2022 ਨੂੰ ਜ਼ਬਰਦਸਤੀ ਤਖ਼ਤ ਸਾਹਿਬ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੰਥਕ ਮਰਿਆਦਾ ਦਾ ਅਪਮਾਨ ਮੰਨਿਆ ਗਿਆ।

12 ਮਈ 2023 ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਨੇ ਸਰਬਸੰਮਤੀ ਨਾਲ ਗੌਹਰ ਨੂੰ ਜਥੇਦਾਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ। ਬੋਰਡ ਨੇ ਉਨ੍ਹਾਂ ਨੂੰ ਦਿੱਤੇ ਕਮਰੇ ਖਾਲੀ ਕਰਨ ਦਾ ਵੀ ਨਿਰਦੇਸ਼ ਦਿੱਤਾ। ਗੌਹਰ ਨੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ।

21 ਮਈ 2025 ਨੂੰ ਅਕਾਲ ਤਖਤ ਦੇ ਜਥੇਦਾਰ ਨੇ ਗੌਹਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਅਤੇ ਉਨ੍ਹਾਂ 'ਤੇ ਲੱਗੀ ਤਨਖ਼ਾਹ ਦੀ ਸਜ਼ਾ ਨੂੰ ਹਟਾ ਦਿੱਤਾ। ਇਸ ਤੋਂ ਬਾਅਦ ਗੌਹਰ ਨੂੰ ਮੁੜ ਸੇਵਾਵਾਂ ਸੰਭਾਲਣ ਦੀ ਇਜਾਜ਼ਤ ਮਿਲੀ, ਪਰ ਇਸ ਦੌਰਾਨ ਸੰਗਤ ਵੱਲੋਂ ਉਨ੍ਹਾਂ ਦਾ ਵਿਰੋਧ ਵੀ ਹੋਇਆ।

# ਰਮਨ ਅਰੋੜਾ ਦੀ ਗ੍ਰਿਫਤਾਰੀ ਨੇ ਪੰਜਾਬ ਦੀ ਸਿਆਸਤ 'ਚ ਤੂਫਾਨ ਖੜ੍ਹਾ ਕੀਤਾ

**✪ ਨਗਰ ਨਿਗਮ ਨੋਟਿਸ ਮਾਮਲੇ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ✪ ਮੁੱਖ ਮੰਤਰੀ ਮਾਨ ਦਾ ਐਲਾਨ : ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ 'ਚ ਕੋਈ ਬਖ਼ਸ਼ਿਆ ਨਹੀਂ ਜਾਵੇਗਾ ✪ ਵਿਰੋਧੀ ਧਿਰ ਵਲੋਂ 'ਆਪ' ਸਰਕਾਰ 'ਤੇ ਸਿਆਸੀ ਚਾਲਬਾਜ਼ੀ ਦਾ ਇਲਜ਼ਾਮ**



ਚੰਡੀਗੜ੍ਹ-ਜਲੰਧਰ (ਕੇਂਦਰੀ) ਤੋਂ ਆਮ ਆਦਮੀ ਪਾਰਟੀ ('ਆਪ') ਦੇ ਵਿਧਾਇਕ ਰਮਨ ਅਰੋੜਾ ਦੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰੀ ਨੇ ਨਾ ਸਿਰਫ਼ ਸੱਤਾਧਾਰੀ ਪਾਰਟੀ ਦੇ ਅੰਦਰ ਹਲਚਲ ਪੈਦਾ ਕੀਤੀ, ਸਗੋਂ ਵਿਰੋਧੀ ਧਿਰਾਂ ਨੂੰ ਵੀ ਸਰਕਾਰ 'ਤੇ ਹਮਲਾ ਬੋਲਣ ਦਾ ਮੌਕਾ ਦੇ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਇਸ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਦਾ ਹਿੱਸਾ ਦੱਸ ਰਹੇ ਹਨ, ਜਦਕਿ ਵਿਰੋਧੀ ਇਸ ਨੂੰ ਸਿਆਸੀ ਚਾਲ ਅਤੇ ਡਰਾਮੇਬਾਜ਼ੀ ਕਰਾਰ ਦੇ ਰਹੇ ਹਨ। ਇਸ ਦੌਰਾਨ, ਮੀਡੀਆ ਦੀ ਇੱਕ ਰਿਪੋਰਟ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਅਰੋੜਾ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਜਾਣਾ ਚਾਹੁੰਦੇ ਸਨ ਅਤੇ ਸੰਘ ਪਰਿਵਾਰ ਦੇ ਇੱਕ ਸਮਾਗਮ 'ਚ ਸ਼ਾਮਲ ਹੋਏ ਸਨ, ਨੇ ਮਾਮਲੇ ਨੂੰ ਹੋਰ ਗਰਮਾ ਦਿੱਤਾ ਹੈ।

ਵਿਜੀਲੈਂਸ ਦਾ ਦਾਅਵਾ ਹੈ ਕਿ ਅਰੋੜਾ 'ਤੇ ਜਲੰਧਰ ਨਗਰ ਨਿਗਮ ਰਾਹੀਂ ਲੋਕਾਂ ਨੂੰ ਨੋਟਿਸ ਜਾਰੀ ਕਰਕੇ ਪੈਸੇ ਲੈਣ ਅਤੇ ਬਦਲੇ ਵਿਚ ਨੋਟਿਸ ਖਾਰਜ ਕਰਵਾਉਣ ਦੇ ਗੰਭੀਰ ਦੋਸ਼ ਹਨ। ਇਹ ਮਾਮਲਾ ਸਾਬਕਾ ਸਹਾਇਕ ਟਾਊਨ ਪਲਾਨਰ (ਏਟੀਪੀ) ਨਾਲ ਜੁੜਿਆ ਹੈ, ਜਿਸ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਸੂਤਰਾਂ ਮੁਤਾਬਕ, ਅਰੋੜਾ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਕੀਤੀ ਅਤੇ ਲੋਕਾਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਪੈਸੇ ਵਸੂਲੇ। ਵਿਜੀਲੈਂਸ ਨੇ ਅਰੋੜਾ ਦੇ ਨਿੱਜੀ ਸਹਾਇਕ ਨੂੰ ਵੀ ਹਿਰਾਸਤ ਵਿਚ ਲਿਆ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਰਾਜੂ ਮਦਾਨ ਦੇ ਬਸਤੀ ਗੁਜਾ ਸਥਿਤ ਘਰ 'ਤੇ ਛਾਪਾ ਮਾਰਿਆ, ਹਾਲਾਂਕਿ ਉਹ ਘਰ ਤਾਲਾਬੰਦ ਮਿਲਿਆ। 24 ਮਈ ਨੂੰ ਅਰੋੜਾ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਵਿਜੀਲੈਂਸ ਨੇ 10 ਦਿਨ ਦੇ ਰਿਮਾਂਡ ਦੀ ਮੰਗ ਕੀਤੀ, ਪਰ ਅਦਾਲਤ ਨੇ 5 ਦਿਨ ਦਾ ਰਿਮਾਂਡ ਮਨਜ਼ੂਰ ਕੀਤਾ। ਇਸ ਦੌਰਾਨ, ਅਰੋੜਾ ਦੀ ਸਿਹਤ ਖ਼ਰਾਬ ਹੋਣ ਦੀ ਖ਼ਬਰ ਵੀ ਸਾਹਮਣੇ ਆਈ, ਜਿਸ ਕਾਰਨ ਉਨ੍ਹਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਅਲਟਰਾਸਾਊਂਡ ਵਿਚ ਪਿੱਤੇ ਵਿਚ ਪੱਥਰੀ ਦਾ ਪਤਾ ਲੱਗਿਆ, ਪਰ ਦਵਾਈਆਂ ਦੇ ਕੇ ਛੁੱਟੀ ਮਿਲਣ ਤੋਂ ਬਾਅਦ ਵਿਜੀਲੈਂਸ ਨੇ ਉਨ੍ਹਾਂ ਨੂੰ ਮੁੜ ਨਾਲ ਲੈ ਲਿਆ।

ਸੂਤਰਾਂ ਮੁਤਾਬਕ, ਵਿਜੀਲੈਂਸ ਨੇ ਅਰੋੜਾ ਦੇ ਬੈਂਕ ਖਾਤਿਆਂ, ਜਾਇਦਾਦਾਂ ਅਤੇ ਨਗਰ ਨਿਗਮ ਦੇ ਰਿਕਾਰਡ ਦੀ ਛਾਣਬੀਣ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਉਨ੍ਹਾਂ ਦੇ ਬਿਆਨ ਦੀ ਪੁਸ਼ਟੀ ਨਹੀਂ ਹੋਈ।

## ਸਿਆਸੀ ਪਾਰਟੀਆਂ ਦਾ ਕੀ ਪ੍ਰਤੀਕਰਮ ਹੈ?



☛ ਆਮ ਆਦਮੀ ਪਾਰਟੀ ('ਆਪ') ਮੁੱਖ ਮੰਤਰੀ ਭਗਵੰਤ ਮਾਨ ਨੇ ਅਰੋੜਾ ਦੀ ਗ੍ਰਿਫਤਾਰੀ ਨੂੰ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਦਾ ਹਿੱਸਾ ਦੱਸਿਆ। ਉਨ੍ਹਾਂ ਨੇ ਇੱਕ ਸੰਦੇਸ਼ ਚ ਕਿਹਾ, "ਸਾਡੀ ਸਰਕਾਰ ਲਈ ਸਭ ਬਰਾਬਰ ਹਨ, ਭਾਵੇਂ ਕੋਈ ਸਿਆਸਤਦਾਨ ਹੋਵੇ ਜਾਂ ਅਧਿਕਾਰੀ।" ਮਾਨ ਦਾ ਇਹ ਬਿਆਨ ਦਰਸਾਉਂਦਾ ਹੈ ਕਿ ਪਾਰਟੀ ਆਪਣੀ ਜ਼ੀਰੋ ਟਾਲਰੈਂਸ ਨੀਤੀ 'ਤੇ ਅੜੀ ਹੋਈ ਹੈ।



☛ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਕਾਰਵਾਈ ਨੂੰ ਸਿਆਸੀ ਚਾਲ ਕਰਾਰ ਦਿੱਤਾ ਅਤੇ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਜਾਵੇ।

☛ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਸਰਕਾਰ 'ਤੇ ਨਾਕਾਮੀਆਂ ਛੁਪਾਉਣ ਦਾ ਦੋਸ਼ ਲਗਾਇਆ।



☛ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ, "ਗ੍ਰਿਫਤਾਰੀਆਂ ਤੋਂ ਬਾਅਦ ਦੋਸ਼ ਪੱਤਰ ਦਾਖ਼ਲ ਨਹੀਂ ਹੁੰਦੇ, ਇਹ ਸਰਕਾਰ ਦੀ ਡਰਾਮੇਬਾਜ਼ੀ ਨੂੰ ਸਾਬਤ ਕਰਦਾ ਹੈ।" ਉਨ੍ਹਾਂ ਨੇ ਸਰਕਾਰ 'ਤੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦਾ ਇਲਜ਼ਾਮ ਲਗਾਇਆ।

### ਘਰੋਂ ਕਿੰਨਾ ਸੋਨਾ ਤੇ ਪੈਸਾ ਮਿਲਿਆ?

ਵਿਜੀਲੈਂਸ ਨੇ ਅਰੋੜਾ ਦੇ ਘਰ ਅਤੇ ਸਬੰਧਤ ਥਾਵਾਂ 'ਤੇ ਛਾਪੇ ਮਾਰੇ, ਪਰ ਹੁਣ ਤੱਕ ਸੋਨੇ, ਨਕਦੀ ਜਾਂ ਹੋਰ ਕੀਮਤੀ ਚੀਜ਼ਾਂ ਦੀ ਬਰਾਮਦਗੀ ਬਾਰੇ ਕੋਈ ਅਧਿਕਾਰਤ ਜਾਣਕਾਰੀ ਸਾਹਮਣੇ ਨਹੀਂ ਆਈ। ਸੂਤਰਾਂ ਦਾ ਕਹਿਣਾ ਹੈ ਕਿ ਤਲਾਸ਼ੀ ਦੌਰਾਨ ਕੁਝ ਦਸਤਾਵੇਜ਼ ਤੇ ਇਲੈਕਟ੍ਰਾਨਿਕ ਡਿਵਾਈਸਾਂ ਜ਼ਬਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਜਾਂਚ ਜਾਰੀ ਹੈ।

### ਸਰਕਾਰ ਨੇ ਪਹਿਲਾਂ ਸੁਰੱਖਿਆ ਵਾਪਸ ਲੈ ਕੇ ਸੰਭਲਣ ਦਾ ਮੌਕਾ ਕਿਉਂ ਦਿੱਤਾ?

ਰਮਨ ਅਰੋੜਾ ਦੀ ਗ੍ਰਿਫਤਾਰੀ ਤੋਂ ਪਹਿਲਾਂ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਹਟਾ ਲਈ ਸੀ ਅਤੇ ਸਰਕਾਰੀ ਗੱਡੀ ਵੀ ਵਾਪਸ ਲੈ ਲਈ ਗਈ ਸੀ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਇਹ ਕਦਮ ਅਰੋੜਾ ਨੂੰ ਚਿਤਾਵਨੀ ਦੇਣ ਲਈ ਚੁੱਕਿਆ ਗਿਆ ਸੀ ਤਾਂ ਜੋ ਉਹ ਆਪਣੀਆਂ ਗਤੀਵਿਧੀਆਂ 'ਤੇ ਲਗਾਮ ਲਾ ਸਕਣ। ਪਰ, ਸਵਾਲ ਇਹ ਉੱਠਦਾ ਹੈ ਕਿ ਜੇ ਸਰਕਾਰ ਨੂੰ ਅਰੋੜਾ ਦੇ ਭ੍ਰਿਸ਼ਟਾਚਾਰ ਦੀ ਭਿਣਕ ਸੀ, ਤਾਂ ਪਹਿਲਾਂ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਗਈ?

ਸੂਤਰਾਂ ਮੁਤਾਬਕ, ਅਰੋੜਾ ਦੇ ਨੇੜੇ-ਤੇੜੇ ਰਹਿਣ ਵਾਲੇ ਕੁਝ ਨੇਤਾਵਾਂ ਨੇ ਪਾਰਟੀ ਹਾਈਕਮਾਨ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਸੂਚਨਾ ਦਿੱਤੀ ਸੀ। ਇਸ ਤੋਂ ਬਾਅਦ ਸੁਰੱਖਿਆ ਹਟਾਉਣ ਦਾ ਫ਼ੈਸਲਾ ਲਿਆ ਗਿਆ। ਕੁਝ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਅਰੋੜਾ ਨੂੰ ਸੰਭਲਣ ਦਾ ਮੌਕਾ ਦੇ ਕੇ ਇਹ ਦਿਖਾਉਣਾ ਚਾਹੁੰਦੀ ਸੀ ਕਿ ਉਹ ਆਪਣੇ ਲੋਕਾਂ 'ਤੇ ਵੀ ਨਰਮੀ ਨਹੀਂ ਵਰਤਦੀ। ਹਾਲਾਂਕਿ, ਅਰੋੜਾ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਕਿ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਸਿਰਫ਼ ਨਾਅਰੇਬਾਜ਼ੀ ਨਹੀਂ ਸੀ।

## ਕੀ ਰਮਨ ਅਰੋੜਾ ਦਾ ਸਿਆਸੀ ਭਵਿੱਖ ਖ਼ਤਮ ਹੋ ਗਿਆ?



ਰਮਨ ਅਰੋੜਾ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦਾ ਸਿਆਸੀ ਭਵਿੱਖ ਖਤਰੇ ਵਿਚ ਨਜ਼ਰ ਆ ਰਿਹਾ ਹੈ। ਜਲੰਧਰ (ਕੇਂਦਰੀ) ਹਲਕੇ ਵਿਚ ਉਨ੍ਹਾਂ ਦੀ ਪਕੜ ਕਾਫ਼ੀ ਮਜ਼ਬੂਤ ਸੀ, ਪਰ ਹੁਣ ਉਨ੍ਹਾਂ ਦੇ ਨੇੜਲੇ ਨੇਤਾਵਾਂ ਅਤੇ ਵਰਕਰਾਂ ਨੇ ਦੂਰੀ ਬਣਾ ਲਈ ਹੈ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ 'ਆਪ' ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਰੋੜਾ ਨੂੰ ਟਿਕਟ ਨਹੀਂ ਦੇਵੇਗੀ। ਉਨ੍ਹਾਂ ਦੀ ਥਾਂ ਸਾਬਕਾ ਮੇਅਰ ਜਗਦੀਸ਼ ਰਾਜਾ ਦੇ ਨਾਂ ਦੀਆਂ ਅਟਕਲਾਂ ਚੱਲ ਰਹੀਆਂ ਹਨ, ਜਿਨ੍ਹਾਂ ਨੂੰ ਇਮਾਨਦਾਰ ਅਤੇ ਸਾਫ਼-ਸੁਥਰੀ ਸਖਸ਼ੀਅਤ ਮੰਨਿਆ ਜਾਂਦਾ ਹੈ। ਅਰੋੜਾ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਹੈ ਅਤੇ ਵਿਜੀਲੈਂਸ ਦਫ਼ਤਰ ਵਿਚ ਵੀ ਕੋਈ ਵੱਡਾ ਨੇਤਾ ਜਾਂ ਵਰਕਰ ਉਨ੍ਹਾਂ ਨੂੰ ਮਿਲਣ ਨਹੀਂ ਪਹੁੰਚਿਆ। ਪਹਿਲਾਂ ਅਰੋੜਾ ਦੇ ਕਹਿਣ 'ਤੇ ਹਲਕੇ ਵਿਚ ਕੰਮ ਹੁੰਦੇ ਸਨ, ਪਰ ਹੁਣ ਸਥਾਨਕ ਕੌਂਸਲਰ ਵੀ ਉਨ੍ਹਾਂ ਤੋਂ ਕਿਨਾਰਾ ਕਰ ਗਏ ਹਨ।

## ਕਿੰਨੇ ਮੰਤਰੀਆਂ ਤੇ ਸਿਆਸਤਦਾਨਾਂ 'ਤੇ ਕਾਰਵਾਈ ਹੋਈ?

'ਆਪ' ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਭ੍ਰਿਸ਼ਟਾਚਾਰ ਖ਼ਿਲਾਫ਼ ਕਈ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ। ਸਰਕਾਰ ਦੇ ਰਾਜ ਦੌਰਾਨ ਪੰਜ ਸਾਬਕਾ ਕਾਂਗਰਸੀ ਮੰਤਰੀਆਂ - ਭਾਰਤ ਭੂਸ਼ਣ ਆਸ਼ੂ, ਸੁੰਦਰ ਸ਼ਾਮ ਅਰੋੜਾ, ਸਾਧੂ ਸਿੰਘ ਧਰਮਸੋਤ, ਮਨਪ੍ਰੀਤ ਸਿੰਘ ਬਾਦਲ ਅਤੇ ਓਪੀ ਸੋਨੀ - ਵਿਰੁੱਧ ਵਿਜੀਲੈਂਸ ਕੇਸ ਦਰਜ ਹੋਏ। ਇਨ੍ਹਾਂ ਵਿਚੋਂ ਜ਼ਿਆਦਾਤਰ ਜ਼ਮਾਨਤ 'ਤੇ ਬਾਹਰ ਹਨ। ਇਸ ਤੋਂ ਇਲਾਵਾ, 'ਆਪ' ਦੇ ਆਪਣੇ ਇੱਕ ਮੰਤਰੀ ਵਿਜੇ ਸਿੰਗਲਾ 'ਤੇ ਵੀ ਕਾਰਵਾਈ ਹੋਈ, ਜਿਸ ਨੂੰ ਮੰਤਰੀ ਮੰਡਲ 'ਚੋਂ ਬਾਹਰ ਕੱਢਿਆ ਗਿਆ। ਵਿਧਾਇਕਾਂ ਦੀ ਗੱਲ ਕਰੀਏ ਤਾਂ ਕੁਸ਼ਲਦੀਪ ਸਿੰਘ ਢਿੱਲੋਂ, ਮਦਨ ਲਾਲ ਜਲਾਲਪੁਰ, ਸਤਿਕਾਰ ਕੌਰ ਗਹਿਰੀ ਅਤੇ ਅਮਿਤ ਰਤਨ ਵਿਰੁੱਧ ਵੀ ਵਿਜੀਲੈਂਸ ਨੇ ਸ਼ਿਕੰਜਾ ਕੱਸਿਆ।

1 ਜਨਵਰੀ 2022 ਤੋਂ 30 ਅਪਰੈਲ 2025 ਦਰਮਿਆਨ ਵਿਜੀਲੈਂਸ ਨੇ 9 ਗਜ਼ਟਿਡ ਅਫਸਰਾਂ, 98 ਛੋਟੇ ਅਫਸਰਾਂ ਅਤੇ 52 ਪ੍ਰਾਈਵੇਟ ਵਿਅਕਤੀਆਂ ਨੂੰ ਸਜ਼ਾਵਾਂ ਦਿਵਾਈਆਂ। ਇਹ ਅੰਕੜੇ ਦਰਸਾਉਂਦੇ ਹਨ ਕਿ 'ਆਪ' ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਮੁਹਿੰਮ ਨੂੰ ਗੰਭੀਰਤਾ ਨਾਲ ਲਿਆ ਹੈ, ਭਾਵੇਂ ਇਸ ਵਿਚ ਉਸ ਦੇ ਆਪਣੇ ਲੋਕ ਵੀ ਸ਼ਾਮਲ ਹੋਣ।

# ਜਲੰਧਰ 'ਚ ਦਿਨ-ਦਿਹਾੜੇ ਫੈਡਰੇਸ਼ਨ ਪ੍ਰਧਾਨ ਐਡਵੋਕੇਟ ਢੀਂਗਰਾ ਦੀ ਗੋਲੀ ਮਾਰ ਕੇ ਹੱਤਿਆ

## ✪ ਗੁਆਂਢ ਰਹਿੰਦੇ ਔਰਤ ਸਮੇਤ 3 ਵਿਅਕਤੀ ਹਿਰਾਸਤ ਵਿਚ

ਜਲੰਧਰ-ਬੀਤੇ ਦਿਨੀਂ ਦਿਨ-ਦਿਹਾੜੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਪ੍ਰਧਾਨ ਤੇ ਸੀਨੀਅਰ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸਥਾਨਕ ਨਿਊ ਦਿਲਬਾਗ ਨਗਰ ਐਕਸਟੈਂਸ਼ਨ ਨੇੜੇ ਗਰੇਵਰ ਕਾਲੋਨੀ ਵਿਚ ਸਥਿਤ ਉਨ੍ਹਾਂ ਦੇ ਰਿਹਾਇਸ਼ ਦੇ ਸਾਹਮਣੇ ਹੀ ਰਹਿੰਦੇ ਗੁਆਂਢੀਆਂ ਦੇ ਘਰ 'ਚ ਵਾਪਰੀ। ਹਾਲਾਂਕਿ ਘਟਨਾ ਦੇ ਕਾਰਨਾਂ ਦਾ ਫੌਰੀ ਪਤਾ ਨਹੀਂ ਲੱਗ ਸਕਿਆ, ਪਰ ਜਿਸ ਤਰ੍ਹਾਂ ਸ. ਢੀਂਗਰਾ ਦੀ ਲਾਸ਼ ਉਨ੍ਹਾਂ ਦੇ ਗੁਆਂਢੀਆਂ ਦੇ ਘਰ ਵਿਚੋਂ ਬਰਾਮਦ ਹੋਈ ਹੈ, ਉਸ ਤੋਂ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਸ ਘਟਨਾ ਨੂੰ ਗੁਆਂਢੀਆਂ ਵਲੋਂ ਅੰਜਾਮ ਦਿੱਤਾ ਗਿਆ ਹੋ ਸਕਦਾ ਹੈ।

ਫਿਲਹਾਲ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ ਤੇ ਮੌਕੇ 'ਤੇ ਪੁੱਜੇ ਪੁਲਿਸ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਧਰ ਘਟਨਾ ਦਾ ਪਤਾ ਲੱਗਦੇ ਹੀ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਵਕੀਲ ਸਾਥੀ ਤੇ ਫੈਡਰੇਸ਼ਨ ਦੇ ਮੈਂਬਰ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਜੇ, ਜਿੱਥੇ ਉਨ੍ਹਾਂ ਸ. ਢੀਂਗਰਾ ਦੀ ਹੱਤਿਆ 'ਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ।

ਦੱਸਣਯੋਗ ਹੈ ਕਿ ਮਹਿਜ਼ 42 ਸਾਲਾਂ ਦੇ



ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਸ਼ਹਿਰ ਦੇ ਨਾਮਵਰ ਵਕੀਲ ਸਨ ਤੇ ਫੈਡਰੇਸ਼ਨ ਵਿਚ ਸਰਗਰਮੀ ਨਾਲ ਵਿਚਰਦੇ ਆ ਰਹੇ ਸਨ। ਪੰਥ ਤੇ ਪੰਜਾਬ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਾਇਆ ਗਿਆ ਸੀ ਤੇ ਉਹ ਧਾਰਮਿਕ ਤੇ ਸਮਾਜਿਕ ਖੇਤਰ ਵਿਚ ਵੀ ਵਧ-ਚੜ੍ਹ ਕੇ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਦੇ ਪਰਿਵਾਰ ਵਿਚ ਬਜ਼ੁਰਗ ਮਾਤਾ-ਪਿਤਾ ਤੋਂ ਇਲਾਵਾ ਪਤਨੀ, ਦੋ ਬੇਟੀਆਂ ਤੇ ਇਕ ਛੋਟਾ ਬੇਟਾ ਹੈ। ਜਾਣਕਾਰਾਂ ਮੁਤਾਬਿਕ ਸ. ਢੀਂਗਰਾ ਦਾ ਨਾਂਅ ਕਦੇ ਵੀ ਕਿਸੇ ਵਾਦ-ਵਿਵਾਦ ਨਾਲ ਨਹੀਂ ਜੁੜਿਆ ਤੇ ਉਹ ਵਕਾਲਤ ਕਰਦੇ ਹੋਏ ਫੈਡਰੇਸ਼ਨ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮਾਂ 'ਚ ਰੁੱਝੇ ਰਹਿੰਦੇ ਸਨ। ਅਜੇ ਦੋ ਦਿਨ ਪਹਿਲਾਂ ਐਤਵਾਰ ਨੂੰ ਹੀ ਢੀਂਗਰਾ ਆਪਣਾ ਜਨਮ ਦਿਨ ਮਨਾ ਕੇ ਹਟੇ ਸਨ।

### ਢੀਂਗਰਾ ਦੀ ਹੱਤਿਆ ਦੀ ਜਾਂਚ ਐਸ.ਆਈ.ਟੀ. ਕੋਲੋਂ ਕਰਵਾਈ ਜਾਵੇ-ਪੀਰ ਮੁਹੰਮਦ



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਨੇ ਫੈਡਰੇਸ਼ਨ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦੀ ਹੱਤਿਆ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਮਾਮਲੇ ਦੀ ਜਾਂਚ ਐਸ.ਆਈ.ਟੀ. ਕੋਲੋਂ ਕਰਵਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਢੀਂਗਰਾ ਮਾਪਿਆਂ ਦਾ ਇਕਲੌਤਾ ਬੇਟਾ ਸੀ ਤੇ ਉਸ ਦੀ ਹੱਤਿਆ ਇਕ ਗਹਿਰੀ ਸਾਜਿਸ਼ ਦਾ ਸਿੱਟਾ ਹੈ, ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਡੀ. ਜੀ. ਪੀ. ਗੌਰਵ ਯਾਦਵ ਕੋਲੋਂ ਮੰਗ ਕੀਤੀ ਹੈ ਕਿ ਉਹ ਇਸ ਦੁਖਦਾਈ ਘਟਨਾ ਦੀ ਜਾਂਚ ਲਈ ਜਲਦ ਐਸ. ਆਈ. ਟੀ. ਦਾ ਗਠਨ ਕਰਨ ਤੇ ਪਰਿਵਾਰ ਨੂੰ ਇਨਸਾਫ ਦਿਵਾਉਣ।

## ਪੰਜਾਬ ਵਿਚ ਐਸਐਚਓ ਦੀ ਔਰਤ ਨਾਲ ਛੇੜਛਾੜ, ਕੁਆਰਟਰ ਵਿਚ ਲਿਜਾਣ ਦੀ ਕੋਸ਼ਿਸ਼



ਫਿਲੌਰ-ਸਥਾਨਕ ਰੇਲਵੇ ਪੁਲਿਸ ਚੌਕੀ ਦੇ ਇੰਚਾਰਜ ਦੀਦਾਰ ਸਿੰਘ ਨੇ ਸ਼ਰਾਬੀ ਹਾਲਤ ਵਿੱਚ ਰੇਲਵੇ ਕੁਆਰਟਰਾਂ ਨੇੜੇ ਇੱਕ ਔਰਤ ਨੂੰ ਜ਼ਬਰਦਸਤੀ ਕੁਆਰਟਰ ਵਿੱਚ ਲਿਜਾਣ ਦੀ ਕੋਸ਼ਿਸ਼ ਕੀਤੀ। ਔਰਤ ਦੇ ਸ਼ੋਰ ਮਚਾਉਣ 'ਤੇ ਲੋਕਾਂ ਨੇ ਉਸ ਨੂੰ ਬਚਾਇਆ। ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਔਰਤ ਨੇ ਚੌਕੀ ਇੰਚਾਰਜ ਨੂੰ ਥੱਪੜ ਮਾਰਿਆ। ਦੀਦਾਰ ਸਿੰਘ ਨੇ ਡਿਊਟੀ ਦੌਰਾਨ ਸ਼ਰਾਬ ਪੀਤੀ ਸੀ ਅਤੇ ਔਰਤ ਨੂੰ ਰੋਕ ਕੇ ਗਲਤ ਵਿਵਹਾਰ ਕੀਤਾ। ਲੋਕਾਂ ਨੂੰ ਧਮਕਾਉਣ ਦੀ ਵੀ ਕੋਸ਼ਿਸ਼ ਕੀਤੀ। ਡੀਐੱਸਪੀ ਅਤੇ ਇੰਸਪੈਕਟਰ ਪਲਵਿੰਦਰ ਸਿੰਘ ਨੂੰ ਸੂਚਿਤ ਕੀਤਾ ਗਿਆ। ਔਰਤ ਨੇ ਅਧਿਕਾਰੀਆਂ ਸਾਹਮਣੇ ਦੀਦਾਰ ਸਿੰਘ ਨੂੰ ਥੱਪੜ ਮਾਰਿਆ ਅਤੇ ਉਸ ਨੇ ਮਾਫੀ ਮੰਗੀ। ਇੰਸਪੈਕਟਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਦੀਦਾਰ ਸਿੰਘ ਨੂੰ ਮੁਅੱਤਲ ਕਰਕੇ ਲਾਈਨ ਹਾਜ਼ਰ ਕੀਤਾ ਗਿਆ ਹੈ। ਔਰਤ ਦੀ ਸ਼ਿਕਾਇਤ 'ਤੇ ਅਗਲੇਰੀ ਕਾਰਵਾਈ ਹੋਵੇਗੀ।

## ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐੱਨਐੱਸਏ ਲਗਾਉਣ ਖ਼ਿਲਾਫ਼ ਲੋਕ ਸੜਕਾਂ ਉਪਰ ਆਏ

### ✪ ਅਕਾਲੀ ਦਲ ਵਾਰਿਸ ਨੇ ਪੰਜਾਬ ਭਰ ਵਿੱਚ ਕੀਤੇ ਮੁਜ਼ਾਹਰੇ



ਚੰਡੀਗੜ੍ਹ-ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਆਗੂ ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐੱਨਐੱਸਏ ਲਗਾਉਣ ਵਿਰੁੱਧ ਪੰਜਾਬ ਭਰ ਵਿੱਚ ਮੁਜ਼ਾਹਰੇ ਕੀਤੇ ਗਏ। ਇਸ ਦੌਰਾਨ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਦੇ ਹੋਏ ਡਿਪਟੀ ਕਮਿਸ਼ਨਰਾਂ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਨਾਮ ਮੰਗ ਪੱਤਰ ਸੌਂਪੇ। ਪ੍ਰਦਰਸ਼ਨਕਾਰੀਆਂ ਨੇ ਮੰਗ ਪੱਤਰਾਂ ਵਿੱਚ ਅੰਮ੍ਰਿਤਪਾਲ 'ਤੇ ਮੁੜ ਲਗਾਏ ਐੱਨਐੱਸਏ ਨੂੰ ਤੁਰੰਤ ਰੱਦ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਸਿੱਖ ਜਥੇਬੰਦੀਆਂ ਵੱਲੋਂ ਗੁਰਦਾਸਪੁਰ, ਮੁਹਾਲੀ, ਫਤਹਿਗੜ੍ਹ ਸਾਹਿਬ, ਫਰੀਦਕੋਟ, ਆਨੰਦਪੁਰ ਸਾਹਿਬ, ਅੰਮ੍ਰਿਤਸਰ, ਹੁਸ਼ਿਆਰਪੁਰ ਸਣੇ ਹੋਰ ਸ਼ਹਿਰਾਂ ਵਿੱਚੋਂ ਸ਼ਾਂਤਮਈ ਢੰਗ ਨਾਲ ਮੁਜ਼ਾਹਰੇ ਕੀਤੇ ਗਏ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਨਾਜਾਇਜ਼ ਤੌਰ 'ਤੇ ਤੀਜੀ ਵੀਰ ਐੱਨਐੱਸਏ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਪੰਜਾਬ ਸਰਕਾਰ ਸੰਵਿਧਾਨ ਦੀ ਉਲੰਘਣਾ ਕਰ ਰਹੀ ਹੈ।

## ਮਜੀਠਾ ਰੋਡ ਬਾਈਪਾਸ 'ਤੇ ਹੋਇਆ ਧਮਾਕਾ, ਸ਼ਖ਼ਸ ਦੇ ਉੱਡੇ ਚੀਥੜੇ

ਅੰਮ੍ਰਿਤਸਰ-ਬੀਤੇ ਦਿਨੀਂ ਮਜੀਠਾ ਰੋਡ ਬਾਈਪਾਸ ਨੇੜੇ ਹੋਏ ਜ਼ੋਰਦਾਰ ਧਮਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੇ ਦੋਵੇਂ ਹੱਥ, ਗੁੱਟਾਂ ਤੋਂ ਉੱਪਰ ਵੱਲ, ਇੱਕ ਧਮਾਕੇ ਨਾਲ ਉੱਡ ਗਏ। ਧਮਾਕੇ ਦੀ ਆਵਾਜ਼ ਸੁਣ ਕੇ ਨੇੜਲੇ ਇਲਾਕਿਆਂ ਦੇ ਲੋਕ ਮੌਕੇ 'ਤੇ ਪਹੁੰਚ ਗਏ ਅਤੇ ਪੁਲਿਸ ਨੂੰ ਘਟਨਾ ਦੀ ਸੂਚਨਾ ਦਿੱਤੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਮੁੱਢਲੀ ਜਾਂਚ ਵਿੱਚ, ਪੁਲਿਸ ਨੇ ਧਮਾਕਾ ਕਿਸੇ ਗੈਂਗਸਟਰ ਦੁਆਰਾ ਕੀਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਮ੍ਰਿਤਕ ਵਿਅਕਤੀ ਦੀ ਪਛਾਣ ਵੀ ਨਹੀਂ ਹੋ ਸਕੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਮ੍ਰਿਤਕ ਕਬਾੜ ਦਾ ਡੀਲਰ ਸੀ ਅਤੇ ਹੋ ਸਕਦਾ ਹੈ ਕਿ ਉਹ ਉਸਨੂੰ ਕਬਾੜ ਵਿੱਚੋਂ ਮਿਲੇ ਇੱਕ ਪੁਰਾਣੇ ਬੰਬ ਨੂੰ ਨਸ਼ਟ ਕਰਨ ਲਈ ਇੱਥੇ ਲਿਆਇਆ ਹੋਵੇ। ਜਿਵੇਂ ਹੀ ਉਸਨੇ ਬੰਬ ਤੋੜਨ ਦੀ ਕੋਸ਼ਿਸ਼ ਕੀਤੀ, ਉਹ ਫਟ ਗਿਆ ਅਤੇ ਉਸਦੀ ਮੌਤ ਹੋ ਗਈ। ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਕਿਸ ਕਿਸਮ ਦਾ ਬੰਬ ਸੀ ਡੀਆਈਜੀ ਸਤਿੰਦਰ ਸਿੰਘ ਨੇ ਕਿਹਾ ਕਿ ਮ੍ਰਿਤਕ ਵਿਅਕਤੀ ਇੱਥੇ ਵਿਸਫੋਟਕ ਲੈਣ ਆਇਆ ਸੀ। ਉਸਦੀ ਪਛਾਣ ਅਜੇ ਸਥਾਪਤ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਵਿਸਫੋਟਕਾਂ ਦੇ ਜ਼ਿਆਦਾਤਰ ਮਾਮਲਿਆਂ ਵਿੱਚ, ਅਜਿਹਾ ਹੁੰਦਾ ਹੈ ਕਿ ਵਿਸਫੋਟਕ ਸਮੱਗਰੀ ਕਿਸੇ ਵਿਅਕਤੀ ਦੁਆਰਾ ਕਿਸੇ ਸੁੰਨਸਾਨ ਜਗ੍ਹਾ 'ਤੇ ਲੁਕਾ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਗੈਂਗਸਟਰ ਛੁਪਣਗਾਹ ਦੀ ਫੋਟੋ ਖਿੱਚ ਕੇ ਕਿਸੇ ਹੋਰ ਵਿਅਕਤੀ ਨੂੰ ਭੇਜਦਾ ਹੈ, ਫਿਰ ਉਹੀ ਵਿਅਕਤੀ ਵਿਸਫੋਟਕ ਚੁੱਕਣ ਲਈ ਉੱਥੇ ਪਹੁੰਚ ਜਾਂਦਾ ਹੈ। ਇਸ ਮਾਮਲੇ ਵਿੱਚ ਵੀ ਇਹੀ ਕੁਝ ਹੋਇਆ ਹੈ।

# ਅਮਰੀਕੀ ਰਿਪੋਰਟ ਅਨੁਸਾਰ ਚੀਨ ਨੇ ਪਾਕਿਸਤਾਨ ਨੂੰ ਹਥਿਆਰਾਂ ਨਾਲ ਲੈਸ ਕਰਕੇ ਭਾਰਤ ਨੂੰ ਦਿੱਤੀ ਚੁਣੌਤੀ

**✪ ਭਾਰਤ ਚੀਨ ਨੂੰ ਮੁੱਖ ਵਿਰੋਧੀ, ਪਾਕਿਸਤਾਨ ਨੂੰ ਛੋਟਾ ਦੁਸ਼ਮਣ ਮੰਨਦਾ ਏ ✪ ਪਾਕਿਸਤਾਨ ਵਧਾ ਰਿਹਾ ਏ ਪ੍ਰਮਾਣੂ ਸ਼ਕਤੀ, ਚੀਨ ਦੀ ਸਹਾਇਤਾ ਨਾਲ ਵਿਨਾਸ਼ਕਾਰੀ ਹਥਿਆਰਾਂ ਦੀ ਕੀਤੀ ਖਰੀਦ ✪ ਪਾਕਿਸਤਾਨ-ਅਫਗਾਨਿਸਤਾਨ ਸਮਝੌਤੇ ਨਾਲ ਭਾਰਤ ਦੀਆਂ ਚੁਣੌਤੀਆਂ ਵਧੀਆਂ**





### ਨਿਊਜ਼ ਵਿਸ਼ਲੇਸ਼ਣ

ਅਜੋਕੇ ਸਮੇਂ ਵਿੱਚ, ਜਦੋਂ ਵਿਸ਼ਵ ਸਿਆਸਤ ਦਾ ਮੰਚ ਇੱਕ ਸੰਘਣੇ ਜੰਗਲ ਵਾਂਗ ਗੁੰਝਲਦਾਰ ਹੋ ਚੁੱਕਿਆ ਹੈ, ਭਾਰਤ ਆਪਣੇ ਗੁਆਂਢੀਆਂ ਦੀਆਂ ਸਾਜ਼ਿਸ਼ਾਂ ਦੇ ਘੇਰੇ ਵਿੱਚ ਘਿਰਿਆ ਹੋਇਆ ਹੈ। ਅਮਰੀਕੀ ਰੱਖਿਆ ਖੁਫ਼ੀਆ ਏਜੰਸੀ (ਡੀਆਈਏ) ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਪਾਕਿਸਤਾਨ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ, ਜਦਕਿ ਭਾਰਤ ਚੀਨ ਨੂੰ ਆਪਣਾ ਮੁੱਖ ਵਿਰੋਧੀ ਸਮਝਦਾ ਹੈ।

ਇਸ ਦੌਰਾਨ, ਚੀਨ ਦੀ ਚਾਲਬਾਜ਼ੀ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਵਿਚਕਾਰ ਸਮਝੌਤਾ ਕਰਵਾ ਕੇ ਭਾਰਤ ਦੀਆਂ ਸੁਰੱਖਿਆ ਚੁਣੌਤੀਆਂ ਨੂੰ ਹੋਰ ਵਧਾ ਦਿੱਤਾ ਹੈ।

### ਚੀਨ ਦੀ ਸਾਜ਼ਿਸ਼: ਪਾਕਿਸਤਾਨ ਨੂੰ ਹਥਿਆਰਬੰਦੀ ਦਾ ਸਹਾਰਾ

ਚੀਨ, ਜੋ ਏਸ਼ੀਆ ਦੀ ਸਿਆਸੀ ਸ਼ਤਰੰਜ ਦਾ ਮੁੱਖ ਖਿਡਾਰੀ ਬਣਿਆ ਹੋਇਆ ਹੈ, ਭਾਰਤ ਦੀ ਵਧਦੀ ਵਿਸ਼ਵੀ ਸ਼ਕਤੀ ਨੂੰ ਰੋਕਣ ਦੀ ਪੂਰੀ ਜੁਗਤ ਵਿੱਚ ਹੈ। ਅਮਰੀਕੀ ਰਿਪੋਰਟ ਅਨੁਸਾਰ, ਪਾਕਿਸਤਾਨ ਨੂੰ ਚੀਨ ਤੋਂ ਵੱਡੇ ਪੱਧਰ 'ਤੇ ਫ਼ੌਜੀ ਅਤੇ ਵਿੱਤੀ ਸਹਾਇਤਾ ਮਿਲ ਰਹੀ ਹੈ। ਇਸ ਵਿੱਚ ਜੇਐਫ-17 ਥੰਡਰ ਲੜਾਕੂ ਜਹਾਜ਼, ਐਚਕਿਊ-9 ਹਵਾਈ ਰੱਖਿਆ ਪ੍ਰਣਾਲੀਆਂ, ਅਤੇ ਪ੍ਰਮਾਣੂ ਸਮਰੱਥਾ ਵਧਾਉਣ ਵਾਲੇ ਹਥਿਆਰ ਸ਼ਾਮਿਲ ਹਨ। ਪਾਕਿਸਤਾਨ ਵਿਨਾਸ਼ਕਾਰੀ ਹਥਿਆਰਾਂ (ਡਬਲਯੂ ਐਮਡੀ) ਦੀ ਸਮੱਗਰੀ ਹਾਂਗਕਾਂਗ, ਸਿੰਗਾਪੁਰ, ਤੁਰਕੀ, ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਮੁਲਕਾਂ ਰਾਹੀਂ ਹਾਸਲ ਕਰ ਰਿਹਾ ਹੈ।

ਇਹ ਸਮੱਗਰੀ ਪ੍ਰਮਾਣੂ ਅਤੇ ਮਿਜ਼ਾਈਲ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਵਰਤੀ ਜਾ ਰਹੀ ਹੈ। ਚੀਨ ਦੀ ਇਹ ਸਹਾਇਤਾ ਸਿਰਫ਼ ਪਾਕਿਸਤਾਨ ਦੀ ਫ਼ੌਜੀ ਸਮਰੱਥਾ ਵਧਾਉਣ ਲਈ ਨਹੀਂ, ਸਗੋਂ ਭਾਰਤ ਦੀ ਰਵਾਇਤੀ ਫ਼ੌਜੀ ਚੜ੍ਹਤ ਨੂੰ ਢਾਹ ਲਾਉਣ ਦੀ ਸਾਜ਼ਿਸ਼ ਹੈ। ਪਾਕਿਸਤਾਨ, ਜੋ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ, ਚੀਨ ਦੀ ਮਦਦ ਨਾਲ ਜੰਗੀ ਪੱਧਰ 'ਤੇ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਹੈ। ਇਹ ਸਥਿਤੀ ਭਾਰਤ ਲਈ ਇੱਕ ਵੱਡੀ ਚੁਣੌਤੀ ਹੈ, ਕਿਉਂਕਿ ਚੀਨ ਅਤੇ ਪਾਕਿਸਤਾਨ ਦੀ ਜੁੜਵੀਂ ਰਣਨੀਤੀ ਨੇ ਭਾਰਤ ਦੀ ਸੁਰੱਖਿਆ ਨੂੰ ਜੋਖਮ ਵਿੱਚ ਪਾਇਆ ਹੈ।

### ਪਾਕਿਸਤਾਨ-ਅਫਗਾਨਿਸਤਾਨ ਸਮਝੌਤੇ ਵਿੱਚ ਚੀਨ ਦੀ ਚਾਲਬਾਜ਼ੀ

ਚੀਨ ਦੀ ਸਿਆਸੀ ਖੇਡ ਸਿਰਫ਼ ਪਾਕਿਸਤਾਨ ਤੱਕ ਸੀਮਤ ਨਹੀਂ। ਉਸ ਨੇ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੂੰ ਵੀ ਆਪਣੀ ਮੁੱਠੀ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਹੈ। ਹਾਲ ਹੀ ਵਿੱਚ, ਚੀਨ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਬੀਜਿੰਗ ਵਿੱਚ ਬੈਠਕ ਕਰਵਾਈ, ਜਿਸ ਦੇ ਨਤੀਜੇ ਵਜੋਂ ਅਫਗਾਨਿਸਤਾਨ ਨੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਵਰਗੇ ਸਮੂਹਾਂ 'ਤੇ ਸਖ਼ਤੀ ਸ਼ੁਰੂ ਕਰ ਦਿੱਤੀ। ਪਾਕਿਸਤਾਨ ਦੇ ਦਬਾਅ ਹੇਠ, ਤਾਲਿਬਾਨ ਨੇ ਤਹਿਰੀਕ-ਏ-ਤਾਲਿਬਾਨ ਦੇ ਕਈ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਅਤੇ ਅਫਗਾਨ ਧਰਤੀ ਨੂੰ ਪਾਕਿਸਤਾਨ ਵਿਰੁੱਧ ਵਰਤਣ ਤੋਂ ਇਨਕਾਰ ਕੀਤਾ। ਬਦਲੇ ਵਿੱਚ, ਪਾਕਿਸਤਾਨ ਨੇ ਅਫਗਾਨ ਵਪਾਰੀਆਂ ਲਈ ਸਹੂਲਤਾਂ ਵਧਾਈਆਂ, ਜਿਵੇਂ ਕਿ ਬੈਂਕ ਗਾਰੰਟੀ ਦੀ ਸ਼ਰਤ ਨੂੰ ਹਟਾਉਣਾ।

ਇਹ ਸਮਝੌਤਾ ਭਾਰਤ ਵਿਰੁੱਧ ਚੀਨ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਅਫਗਾਨਿਸਤਾਨ ਵਿੱਚ ਭਾਰਤ ਦਾ ਪ੍ਰਭਾਵ, ਖਾਸ ਕਰਕੇ ਪਹਿਲਗਾਮ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ 'ਤੇ ਤਾਲਿਬਾਨ ਦੇ ਸਮਰਥਨ ਨੇ ਚੀਨ ਅਤੇ ਪਾਕਿਸਤਾਨ ਦੀਆਂ ਚਿੰਤਾਵਾਂ ਨੂੰ ਵਧਾਇਆ ਸੀ। ਚੀਨ ਨੇ ਇਸ ਨੂੰ ਰੋਕਣ ਲਈ ਪਾਕਿਸਤਾਨ ਅਤੇ ਅਫਗਾਨਿਸਤਾਨ ਨੂੰ ਨੇੜੇ ਲਿਆਂਦਾ, ਤਾਂ ਜੋ ਭਾਰਤ ਦੀ ਸ਼ਕਤੀ ਨੂੰ ਕਮਜ਼ੋਰ ਕੀਤਾ ਜਾ ਸਕੇ। ਇਹ ਸਥਿਤੀ ਭਾਰਤ ਲਈ ਇੱਕ ਨਵਾਂ ਸੁਰੱਖਿਆ ਸੰਕਟ ਪੈਦਾ ਕਰਦੀ ਹੈ, ਕਿਉਂਕਿ ਅਫਗਾਨਿਸਤਾਨ, ਜੋ ਪਹਿਲਾਂ ਭਾਰਤ ਦਾ ਸਹਿਯੋਗੀ ਸੀ, ਹੁਣ ਚੀਨ ਦੀ ਸਹਾਇਤਾ ਨਾਲ ਪਾਕਿਸਤਾਨ ਦੇ ਨੇੜੇ ਜਾ ਰਿਹਾ ਹੈ।

### ਕੀ ਹੈ ਭਾਰਤ ਦੀ ਸੁਰੱਖਿਆ ਨੀਤੀ

ਭਾਰਤ ਨੇ 'ਮੇਡ ਇਨ ਇੰਡੀਆ' ਪ੍ਰੋਗਰਾਮ ਅਧੀਨ ਸਵਦੇਸ਼ੀ ਰੱਖਿਆ ਉਦਯੋਗ ਨੂੰ ਮਜ਼ਬੂਤ ਕੀਤਾ ਹੈ। 2024 ਵਿੱਚ ਅਗਨੀ-1 ਪ੍ਰਾਈਮ ਅਤੇ ਅਗਨੀ-ਤ੍ਰ ਮਿਜ਼ਾਈਲਾਂ ਦੇ ਸਫਲ ਪ੍ਰੀਖਣ ਅਤੇ ਦੂਜੀ ਪ੍ਰਮਾਣੂ-ਸੰਚਾਲਿਤ ਪਣਡੁੱਬੀ ਦੀ ਸ਼ੁਰੂਆਤ ਨੇ ਭਾਰਤ ਦੀ ਪ੍ਰਮਾਣੂ ਤਿਕੋਣੀ ਸਮਰੱਥਾ ਨੂੰ ਵਧਾਇਆ ਹੈ। ਇਸ ਦੇ ਨਾਲ ਹੀ, ਭਾਰਤ ਹਿੰਦ ਮਹਾਸਾਗਰ ਖੇਤਰ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਸੰਯੁਕਤ ਫ਼ੌਜੀ ਅਭਿਆਸ, ਰੱਖਿਆ ਤਕਨਾਲੋਜੀ ਸਾਂਝੀ ਕਰਨ, ਅਤੇ ਹਥਿਆਰਾਂ ਦੀ ਵਿਕਰੀ ਵਰਗੇ ਕਦਮ ਚੁੱਕ ਰਿਹਾ ਹੈ। ਅਮਰੀਕਾ, ਰੂਸ, ਅਤੇ ਹੋਰ ਸਹਿਯੋਗੀ ਮੁਲਕਾਂ ਨਾਲ ਸਹਿਯੋਗ ਵਧਾਉਣਾ ਭਾਰਤ ਦੀ ਰਣਨੀਤੀ ਦਾ ਮੁੱਖ ਹਿੱਸਾ ਹੈ। ਹਾਲਾਂਕਿ, ਅਮਰੀਕੀ ਰਿਪੋਰਟ ਭਾਰਤ-ਅਮਰੀਕਾ ਰੱਖਿਆ ਸਹਿਯੋਗ 'ਤੇ ਚੁੱਪ ਹੈ, ਜੋ ਇੱਕ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ। ਰੂਸ ਨਾਲ ਭਾਰਤ ਦੇ ਮਜ਼ਬੂਤ ਸਬੰਧ ਜਾਰੀ ਹਨ, ਪਰ ਚੀਨ ਅਤੇ ਪਾਕਿਸਤਾਨ ਦੇ ਮੁਕਾਬਲੇ ਲਈ ਅਮਰੀਕਾ ਨਾਲ ਨੇੜਤਾ ਵੀ ਜ਼ਰੂਰੀ ਹੈ ਖ਼ਬਰਾਂ ਅਨੁਸਾਰ ਅਮਰੀਕਾ ਖੁਲ੍ਹਕੇ ਭਾਰਤ ਦੀ ਮਦਦ ਉਪਰ ਨਹੀਂ ਆਇਆ।

### ਪਾਕਿਸਤਾਨ ਦੀ ਪ੍ਰਮਾਣੂ ਅਤੇ ਅੱਤਵਾਦੀ ਚੁਣੌਤੀ

ਪਾਕਿਸਤਾਨ ਦੀ ਸੁਰੱਖਿਆ ਨੀਤੀ ਦਾ ਮੁੱਖ ਫੋਕਸ ਭਾਰਤ ਨੂੰ ਖ਼ਤਰੇ ਵਜੋਂ ਦੇਖਣਾ ਹੈ। ਅਮਰੀਕੀ ਰਿਪੋਰਟ ਮੁਤਾਬਕ, ਪਾਕਿਸਤਾਨ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਜਾਰੀ ਰੱਖੇਗਾ, ਜਿਸ ਵਿੱਚ ਜੰਗੀ ਪੱਧਰ 'ਤੇ ਪ੍ਰਮਾਣੂ ਹਥਿਆਰ ਸ਼ਾਮਿਲ ਹਨ। ਪਾਕਿਸਤਾਨ ਦੀ ਇਹ ਨੀਤੀ ਭਾਰਤ ਲਈ ਖ਼ਤਰਾ ਹੈ।

ਆਪ੍ਰੇਸ਼ਨ ਸਿੰਦੂਰ, ਜਿਸ ਵਿੱਚ ਭਾਰਤ ਨੇ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਵਾਦੀ ਢਾਂਚੇ 'ਤੇ ਮਿਜ਼ਾਈਲ ਹਮਲੇ ਕੀਤੇ, ਨੇ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੱਤਾ। 7 ਤੋਂ 10 ਮਈ 2025 ਤੱਕ ਮਿਜ਼ਾਈਲ, ਡਰੋਨ, ਅਤੇ ਤੋਪਖਾਨੇ ਦੀ ਆਦਾਨ-ਪ੍ਰਦਾਨ ਤੋਂ ਬਾਅਦ ਇੱਕ ਅਸਥਾਈ ਜੰਗਬੰਦੀ ਹੋਈ, ਪਰ ਪਾਕਿਸਤਾਨ ਦੀਆਂ ਸਰਹੱਦੀ ਝੜਪਾਂ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਲਈ, ਭਾਰਤ ਨੂੰ ਕੰਟਰੋਲ ਰੇਖਾ 'ਤੇ ਅਤਿ ਚੌਕਸੀ ਬਣਾਈ ਹੋਈ ਹੈ।

ਭਾਰਤੀ ਰਣਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ 'ਮੇਡ ਇਨ ਇੰਡੀਆ' ਪ੍ਰੋਗਰਾਮ ਨੂੰ ਹੋਰ ਤੇਜ਼ ਕਰਕੇ ਸਵਦੇਸ਼ੀ ਹਥਿਆਰ ਅਤੇ ਤਕਨਾਲੋਜੀ ਵਿਕਸਤ ਕਰਨੀ ਜ਼ਰੂਰੀ ਹੈ। ਅਗਨੀ-ਵੀਅਤੇ ਪ੍ਰਮਾਣੂ ਪਣਡੁੱਬੀਆਂ ਵਰਗੇ ਪ੍ਰੋਜੈਕਟ ਇਸ ਦੀ ਮਿਸਾਲ ਹਨ।

ਭਾਰਤ ਲਈ ਅਮਰੀਕਾ, ਰੂਸ, ਅਤੇ ਹੋਰ ਸਹਿਯੋਗੀ ਮੁਲਕਾਂ ਨਾਲ ਰੱਖਿਆ ਸਹਿਯੋਗ ਨੂੰ ਵਧਾਉਣਾ ਜ਼ਰੂਰੀ ਹੈ। ਭਾਰਤ ਅਮਰੀਕਾ ਨਾਲ ਕੋਆਡ ਅਤੇ ਹੋਰ ਮੰਚਾਂ 'ਤੇ ਸਹਿਯੋਗ ਚੀਨ ਦੇ ਪ੍ਰਭਾਵ ਨੂੰ ਰੋਕ ਸਕਦਾ ਹੈ। ਅਫਗਾਨਿਸਤਾਨ ਵਿੱਚ ਭਾਰਤ ਨੂੰ ਆਪਣੀ ਰਾਜਨੀਤਕ ਅਤੇ ਆਰਥਿਕ ਮੌਜੂਦਗੀ ਵਧਾਉਣੀ ਪਵੇਗੀ, ਤਾਂ ਜੋ ਚੀਨ ਅਤੇ ਪਾਕਿਸਤਾਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਜਾ ਸਕੇ।

## ਸਾਈਬਰ ਠੱਗੀ : ਦਿੱਲੀ ਵਿਚ 25 ਲੱਖ ਦੀ ਲੁੱਟ, 3 ਗ੍ਰਿਫ਼ਤਾਰ



ਨਵੀਂ ਦਿੱਲੀ-ਦਿੱਲੀ ਵਿਚ 'ਡਿਜੀਟਲ ਅਰੈਸਟ' ਦੀ ਆੜ 'ਚ 25 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਤਿੰਨ ਸਾਈਬਰ ਠੱਗ ਰਾਹੁਲ ਵਰਮਾ, ਸ਼ਾਂਤਨੂ ਰਿਚੋਰੀਆ ਅਤੇ ਅਰਜੁਨ ਸਿੰਘ ਨੂੰ ਪਹਾੜਗੰਜ ਦੇ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਨੇ ਮਹਿੰਦਰ ਜੈਨ ਨੂੰ ਨਾਸਿਕ ਪੁਲੀਸ ਦੇ ਅਧਿਕਾਰੀ ਬਣ ਕੇ ਵੀਡੀਓ ਕਾਲ ਰਾਹੀਂ ਧੋਖਾ ਦਿੱਤਾ, ਆਧਾਰ ਕਾਰਡ ਦੀ ਦੁਰਵਰਤੋਂ ਦਾ ਡਰਾਵਾ ਦੇ ਕੇ ਪੈਸੇ ਟਰਾਂਸਫਰ ਕਰਵਾਏ। ਪੁਲੀਸ ਨੇ ਮੋਬਾਈਲ, ਸਿਮ, ਚੈੱਕ ਬੁੱਕ ਅਤੇ ਪਾਸਬੁੱਕ ਬਰਾਮਦ ਕੀਤੇ। ਸਿੰਡੀਕੇਟ ਦੇ ਹੋਰ ਮੈਂਬਰਾਂ ਦੀ ਭਾਲ ਜਾਰੀ ਹੈ।



ਰਜਿੰਦਰ ਸਿੰਘ ਪੁਰੇਵਾਲ

**ਵਿਚਾਰ :–** ਗੁੱਸਾ ਮਨੁੱਖ ਦੀ ਇਕ ਬਹੁਤ ਵੱਡੀ ਤਾਕਤ ਬਣ ਜਾਂਦਾ ਹੈ ਜੇਕਰ ਉਹ ਇਸ ਦਾ ਇਸਤੇਮਾਲ ਸਮਝਦਾਰੀ ਨਾਲ ਕਰਦਾ ਹੈ।

# ਪੰਜਾਬ ਦੇ ਪਾਣੀਆਂ ’ਤੇ ਡਾਕਾ - ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਭੂਮਿਕਾ ਅਤੇ ਮੁੱਖ ਮੰਤਰੀ ਦੀ ਨਾਕਾਮੀ

ਪੰਜਾਬ ਦੀ ਧਰਤੀ, ਜਿਸ ਨੂੰ ਪੰਜ ਆਬਾਂ ਦੀ ਧਰਤੀ ਕਿਹਾ ਜਾਂਦਾ ਹੈ, ਅੱਜ ਆਪਣੇ ਪਾਣੀਆਂ ਦੀ ਰਾਖੀ ਲਈ ਸੰਘਰਸ਼ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ. ਬਿਕਰਮ ਸਿੰਘ ਮਜੀਠੀਆ ਨੇ ਹਾਲ ਹੀ ਵਿੱਚ ਇੱਕ ਬਿਆਨ ਜਾਰੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ’ਤੇ ਗੰਭੀਰ ਸਵਾਲ ਉਠਾਏ ਹਨ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਹਰਿਆਣਾ ਦੇ ਇੱਕ ਸੀਨੀਅਰ ਅਫਸਰ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਦਾ ਮੈਂਬਰ ਸਿੰਜਾਈ ਨਿਯੁਕਤ ਕਰਕੇ ਪੰਜਾਬ ਦੇ ਹਿੱਤਾਂ ਨੂੰ ਦਾਅ ’ਤੇ ਲਗਾ ਦਿੱਤਾ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਵਿੱਚ ਬੀ.ਬੀ.ਐਮ.ਬੀ. ’ਤੇ ਹਰਿਆਣਾ ਦੇ ਕਥਿਤ ਕਬਜ਼ੇ ਦਾ ਮੁੱਦਾ ਚੁੱਕਣ ਵਿੱਚ ਵੀ ਅਸਫਲਤਾ ਹਾਸਲ ਕੀਤੀ। ਇਹ ਸਥਿਤੀ ਪੰਜਾਬ ਦੇ ਪਾਣੀਆਂ ’ਤੇ ਡਾਕੇ ਦੀ ਨੀਤੀ ਨੂੰ ਉਜਾਗਰ ਕਰਦੀ ਹੈ, ਜਿਸ ਨੂੰ ਸਮਝਣ ਲਈ ਸਾਨੂੰ ਇਸ ਮਸਲੇ ਦੀ ਡੂੰਘਾਈ ਵਿੱਚ ਜਾਣਾ ਪਵੇਗਾ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਜੋ ਇਨ੍ਹਾਂ ਦਰਿਆਵਾਂ ਦੇ ਪਾਣੀ ਦੀ ਵੰਡ ਅਤੇ ਪ੍ਰਬੰਧਨ ਦੀ ਜ਼ਿੰਮੇਵਾਰੀ ਸੰਭਾਲਦਾ ਹੈ, ਅਕਸਰ ਵਿਵਾਦਾਂ ਦੇ ਘੇਰੇ ਵਿੱਚ ਰਿਹਾ ਹੈ। ਪੰਜਾਬ ਦਾ ਦਾਅਵਾ ਹੈ ਕਿ ਉਸ ਦੇ ਹਿੱਸੇ ਦਾ ਪਾਣੀ ਹਰਿਆਣਾ ਅਤੇ ਰਾਜਸਥਾਨ ਵਰਗੇ ਸੂਬਿਆਂ ਨੂੰ ਜ਼ਬਰਦਸਤੀ ਛੱਡਿਆ ਜਾ ਰਿਹਾ ਹੈ, ਜੋ ਰਿਪੇਰੀਅਨ ਕਾਨੂੰਨ ਦੀ ਸਿੱਧੀ ਉਲੰਘਣਾ ਹੈ। ਰਿਪੇਰੀਅਨ ਕਾਨੂੰਨ ਮੁਤਾਬਕ, ਜਿਸ ਸੂਬੇ ਵਿੱਚੋਂ ਦਰਿਆ ਗੁਜ਼ਰਦਾ ਹੈ, ਉਸ ਦਾ ਪਾਣੀ ’ਤੇ ਪਹਿਲਾ ਹੱਕ ਹੁੰਦਾ ਹੈ। ਪੰਜਾਬ, ਜਿਥੋਂ ਸਤਲੁਜ ਅਤੇ ਬਿਆਸ ਵਰਗੇ ਦਰਿਆ ਉਪਜਦੇ ਜਾਂ ਗੁਜ਼ਰਦੇ ਹਨ, ਨੂੰ ਇਸ ਕਾਨੂੰਨ ਅਧੀਨ ਆਪਣੇ ਪਾਣੀ ਦੀ ਪੂਰੀ ਵਰਤੋਂ ਦਾ ਅਧਿਕਾਰ ਹੈ। ਪਰ ਬੀ.ਬੀ.ਐਮ.ਬੀ. ’ਤੇ ਹਰਿਆਣਾ ਦੀ ਨਿਯੁਕਤੀਆਂ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਪੰਜਾਬ ਦੇ ਇਸ ਅਧਿਕਾਰ ਨੂੰ ਖੋਰਾ ਲਾ ਰਹੀਆਂ ਹਨ। ਇਹ ਸਥਿਤੀ ਸਿਰਫ਼ ਪੰਜਾਬ ਦੀ ਖੇਤੀਬਾੜੀ ਨੂੰ ਹੀ ਨਹੀਂ, ਸਗੋਂ ਸੂਬੇ ਦੀ ਸਮੁੱਚੀ ਅਰਥਵਿਵਸਥਾ ਅਤੇ ਸਮਾਜਿਕ ਢਾਂਚੇ ਨੂੰ ਪ੍ਰਭਾਵਿਤ ਕਰ ਰਹੀ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਸਥਾਪਨਾ 1966 ਵਿੱਚ ਪੰਜਾਬ ਪੁਨਰਗਠਨ ਐਕਟ ਅਧੀਨ ਕੀਤੀ ਗਈ ਸੀ, ਜਿਸ ਦਾ ਮੁੱਖ ਮਕਸਦ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀ ਦੀ ਨਿਰਪੱਖ ਵੰਡ ਅਤੇ ਪ੍ਰਬੰਧਨ ਸੀ। ਪਰ ਹੁਣ ਇਸ ਬੋਰਡ ਦਾ ਵਤੀਰਾ ਪੰਜਾਬ ਦੇ ਹਿੱਤਾਂ ਵਿਰੁੱਧ ਜਾਪਦਾ ਹੈ। ਹਰਿਆਣਾ ਦੇ ਅਫਸਰ ਨੂੰ ਬੀ.ਬੀ.ਐਮ.ਬੀ. ਦਾ ਮੈਂਬਰ ਸਿੰਜਾਈ ਨਿਯੁਕਤ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ ਬੋਰਡ ’ਤੇ ਹਰਿਆਣਾ ਦਾ ਦਬਦਬਾ ਵਧ ਰਿਹਾ ਹੈ। ਇਸ ਦੇ ਨਾਲ ਹੀ, ਮੁੱਖ ਮੰਤਰੀ ਭਗਵੰਤ ਮਾਨ ਦੀ ਕੇਂਦਰ ਸਰਕਾਰ ਨਾਲ ਮੀਟਿੰਗ ਵਿੱਚ ਇਸ ਮੁੱਦੇ ਨੂੰ ਨਾ ਚੁੱਕਣਾ ਪੰਜਾਬ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਦੀ ਗੱਲ ਨੂੰ ਪੁਖ਼ਤਾ ਕਰਦਾ ਹੈ। ਬੀ.ਬੀ.ਐਮ.ਬੀ. ਦੇ ਅਧਿਕਾਰੀਆਂ ’ਤੇ ਪੰਜਾਬ ਦੇ ਪਾਣੀਆਂ ਨੂੰ ਜ਼ਬਰਦਸਤੀ ਹਰਿਆਣਾ ਵੱਲ ਛੱਡਣ ਦੇ ਦੋਸ਼ ਵੀ ਲੱਗ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਸੋਸ਼ਲ ਮੀਡੀਆ ਪੋਸਟਾਂ ਵਿੱਚ ਕਈ ਵਾਰ ਇਸ ਮਸਲੇ ’ਤੇ ਚਿੰਤਾ ਜ਼ਾਹਰ ਕੀਤੀ ਹੈ, ਪਰ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਅਕਸਰ ਢਿੱਲੀ ਅਤੇ ਨਾਕਾਫ਼ੀ ਮੰਨਿਆ ਜਾ ਰਿਹਾ ਹੈ। ਉਦਾਹਰਣ ਵਜੋਂ, 1 ਮਈ 2025 ਨੂੰ ਨੰਗਲ ਡੈਮ ਵਿਖੇ ਬੀ. ਬੀ. ਐਮ. ਬੀ. ਦੇ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਪਰ ਇਸ ਦੇ ਬਾਵਜੂਦ ਬੋਰਡ ਦੀਆਂ ਕਾਰਵਾਈਆਂ ’ਤੇ ਕੋਈ ਠੋਸ ਰੋਕ ਨਹੀਂ ਲੱਗ ਸਕੀ।

ਬੀ.ਬੀ.ਐਮ.ਬੀ. ਦੀ ਸਥਾਪਨਾ ਅਤੇ ਸੰਚਾਲਨ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੈ। ਭਾਖੜਾ ਅਤੇ ਨੰਗਲ ਡੈਮ, ਜੋ ਪੰਜਾਬ ਦੀ ਧਰਤੀ ’ਤੇ ਸਥਿਤ ਹਨ, ਦੀ ਨਿਰਮਾਣ ਲਾਗਤ ਅਤੇ ਰੱਖ-ਰਖਾਅ ਦਾ ਵੱਡਾ ਹਿੱਸਾ ਪੰਜਾਬ ਨੇ ਝੱਲਿਆ ਹੈ। ਪਰ ਇਸ ਦੇ ਬਾਵਜੂਦ, ਇਨ੍ਹਾਂ ਡੈਮਾਂ ਦੇ ਪਾਣੀ ਦੀ ਵੰਡ ਵਿੱਚ ਪੰਜਾਬ ਨੂੰ ਉਸ ਦੇ ਹੱਕ ਨਾਲੋਂ ਘੱਟ ਹਿੱਸਾ ਮਿਲਦਾ ਹੈ।

ਕੇਂਦਰ ਸਰਕਾਰ ਦੀਆਂ ਨੀਤੀਆਂ ਵੀ ਇਸ ਮਸਲੇ ਵਿੱਚ ਪੰਜਾਬ ਦੇ ਵਿਰੁੱਧ ਜਾਪਦੀਆਂ ਹਨ। ਕੇਂਦਰ ਸਰਕਾਰ ਦੀਆਂ ਨੀਤੀਆਂ, ਜਿਵੇਂ ਕਿ ਹਰਿਆਣਾ ਦੇ ਅਫਸਰ ਨੂੰ ਮਹੱਤਵਪੂਰਨ ਅਹੁਦੇ ’ਤੇ ਨਿਯੁਕਤ ਕਰਨਾ, ਪੰਜਾਬ ਦੇ ਪਾਣੀਆਂ ’ਤੇ ਡਾਕੇ ਨੂੰ ਸੰਗਠਿਤ ਰੂਪ ਦੇਣ ਦੀ ਸਾਜ਼ਿਸ਼ ਵਜੋਂ ਦੇਖੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਦਾ ਇਹ ਰੁਖ ਨਵਾਂ ਨਹੀਂ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਵਿਵਾਦ ਦਾ ਕਾਰਨ ਬਣਿਆ ਹੋਇਆ ਹੈ। ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦਾ ਮੁੱਦਾ ਵੀ ਇਸੇ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ, ਜਿਸ ਨੂੰ ਪੰਜਾਬ ਨੇ ਹਮੇਸ਼ਾ ਰਿਪੇਰੀਅਨ ਕਾਨੂੰਨ ਦੀ ਉਲੰਘਣਾ ਮੰਨਿਆ ਹੈ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ’ਤੇ ਕਈ ਵਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਦੀ ਗੱਲ ਕੀਤੀ ਹੈ, ਪਰ ਉਨ੍ਹਾਂ ਦੀਆਂ ਕਾਰਵਾਈਆਂ ਵਿੱਚ ਠੋਸ ਨਤੀਜੇ ਦੀ ਘਾਟ ਸਾਫ਼ ਦਿਖਾਈ ਦਿੰਦੀ ਹੈ। ਉਦਾਹਰਣ ਵਜੋਂ, 8 ਮਈ 2025 ਨੂੰ ਮੁੱਖ ਮੰਤਰੀ ਨੇ ਨੰਗਲ ਡੈਮ ਤੋਂ ਪਾਣੀ ਜ਼ਬਰਦਸਤੀ ਛੱਡਣ ਦੀ ਕੋਸ਼ਿਸ਼ ਦੀ ਨਿਖੇਧੀ ਕੀਤੀ ਸੀ, ਪਰ ਇਸ ਦੇ ਬਾਵਜੂਦ ਬੀ. ਬੀ. ਐਮ. ਬੀ. ਦੀਆਂ ਅਜਿਹੀਆਂ ਕਾਰਵਾਈਆਂ ਜਾਰੀ ਹਨ। ਇਸ ਤੋਂ ਇਲਾਵਾ, ਮੁੱਖ ਮੰਤਰੀ ਦੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿੱਚ ਇਸ ਮੁੱਦੇ ਨੂੰ ਨਾ ਚੁੱਕਣਾ ਉਨ੍ਹਾਂ ਦੀ ਸਿਆਸੀ ਅਸਮਰੱਥਾ ਨੂੰ ਦਰਸਾਉਂਦਾ ਹੈ। ਪੰਜਾਬ ਦੇ ਲੋਕਾਂ ਨੂੰ ਉਮੀਦ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ, ਜੋ ਲੋਕ-ਹਿੱਤ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੀ ਹੈ, ਪਾਣੀ ਵਰਗੇ ਅਹਿਮ ਮੁੱਦੇ ’ਤੇ ਸਖ਼ਤ ਰੁਖ ਅਪਣਾਏਗੀ। ਪਰ ਮੁੱਖ ਮੰਤਰੀ ਦੀ ਢਿੱਲੀ ਕਾਰਗੁਜ਼ਾਰੀ ਨੇ ਲੋਕਾਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ ⟶

## NEWS & VIEWS

# Gaza Human Suffering and Failure of Israel War Policy to Defeat Hamas Terrorism



Gurmukh Singh OBE

*Israel is on the way to becoming a pariah state, like South Africa was, if we do not return to acting like a sane country.* (Yair Golan, Israel Democrats Leader)

Tom Fletcher, Under-Secretary-General for Humanitarian Affairs and Emergency Relief Coordinator, said last week that *14,000 babies in Gaza were at risk of dying within two days if essential aid was not allowed into the war-torn territory.*

Israeli military action against Hamas has become wholly disproportionate to the original act of terrorism by Hamas against Israel and the ongoing blackmail of holding Israeli hostages. UK, France and Canada have condemned the aid blockade by Israel lasting for about eleven weeks. According to UK Foreign Secretary, David Lammy, Israeli action is *a dark new phase in this conflict.* When some MPs asked him to label prolonged Israeli military action as a *genocide* and to go further with the sanctions, David Lammy said: *We must call this what it is. It is extremism. It is dangerous. It is repellent. It is monstrous and I condemn it in the strongest possible terms.*

On 7 October, 2023, Hamas terrorists crossed Ghaza-Irael border and killed about 1,200 Israelis and took more than 250 hostages. This started the Israeli military invasion of Gaza in which thousands of Gaza people have been killed in the full glare of global media coverage. The suffering of children and women is unbearable to watch on our TV screens.

The issue before the civilised world is, if continued Israeli military action in Gaza is the right solution to the indiscriminate Hamas terrorist attack of 7 October 2023. Are the root causes of the Irael-Palestine conflict being addressed and lasting peace solutions worked out? Apparently not.

Behind the statement by the Israeli Democrats Leader, Yair Golan quoted above, there is a realisation on the part of many moderate Jewish leaders that much more is at stake for the global Jewish community than Israel becoming *a pariah state*. The killing of civilians in Gaza shown on our TV screens daily, is horrific to watch and there is widespread public condemnation. There is massive increase in armed violence by Israeli settlers in the West Bank. The UN recorded 1,800 attacks on Palestinian communities since 1 January 2024. It is unfortunate that antisemitism seems to be on the increase as a result.

With a population of 2.3 million in an area of 141 square miles, Gaza has been described as *the largest open-air prison in the world*. Gaza strip is 25 miles along the Mediterranean Sea with a width from 3.7 to 7.5 miles and surrounded mostly by Israel except for sharing 8 miles boundary with Egypt in the south.

When a powerful Israeli army attacks a small fenced area with 2.3 million civilians, it can hardly be called a *war* in the traditional sense. Allegations of war crimes and *genocide* by UK MPs would be justified, especially, if so ruled by the International Court.

For the Sikhs, the Gaza mass killing of ordinary civilians is a reminder of 3rd Ghalughara (genocide) which started 41 years ago in June 1984 and continued for 10 years. Admittedly, the underlying causes and the circumstances were different.

The massacre of the Sikhs of Delhi and other cities, in November 1984, removed any doubts about what lay ahead for the Sikhs, otherwise praised as *the sword arm of India*! More about 1984 next week.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਕੈਨੇਡਾ ਵਿਚ ਭਾਰਤੀਆਂ ਸਮੇਤ ਹਜ਼ਾਰਾਂ 'ਤੇ ਲਟਕੀ ਦੇਸ਼ ਨਿਕਾਲੇ ਦੀ ਤਲਵਾਰ, ਸਖ਼ਤ ਨੀਤੀਆਂ ਜਾਰੀ

ਵਿਸ਼ੇਸ਼ ਰਿਪੋਰਟ

## ✪ 58,000 ਭਾਰਤੀਆਂ ਨੇ ਛੱਡਿਆ ਇੰਗਲੈਂਡ, ਵੀਜ਼ਾ ਨਿਯਮਾਂ ਦੀ ਮਾਰ ✪ ਅਮਰੀਕਾ 'ਚ 'ਬ੍ਰੇਨ ਡਰੇਨ' ਸ਼ੁਰੂ, ਵਿਗਿਆਨੀਆਂ ਸਮੇਤ ਭਾਰਤੀ ਵੀ ਪਰਤਣ ਦੀ ਸੋਚ ਵਿਚ

ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਨੌਕਰੀਆਂ ਦੀ ਘਟਦੀ ਮੰਗ ਨੇ ਭਾਰਤੀ ਵਿਦਿਆਰਥੀਆਂ ਤੇ ਕਾਮਿਆਂ ਦੀ ਨੀਂਦ ਉਡਾ ਦਿੱਤੀ ਹੈ। ਬਹੁਤ ਸਾਰੇ ਲੋਕਾਂ ਨੂੰ ਦੇਸ਼ ਨਿਕਾਲੇ ਦਾ ਡਰ ਸਤਾਉਂਦਾ ਪਿਆ, ਜਦਕਿ ਕਈ ਪਹਿਲਾਂ ਹੀ ਵਾਪਸ ਭਾਰਤ ਪਰਤ ਚੁੱਕੇ ਨੇ।

### ਕੈਨੇਡਾ ਵਿਚ 30 ਹਜ਼ਾਰ ਤੋਂ ਵੱਧ 'ਤੇ ਦੇਸ਼ ਨਿਕਾਲੇ ਦਾ ਖਤਰਾ

ਕੈਨੇਡਾ ਵਿਚ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐੱਸਏ) ਨੇ 30,687 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ੋਂ ਕੱਢਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਨ੍ਹਾਂ ਵਿਚ ਮੈਕਸੀਕੋ ਤੋਂ ਬਾਅਦ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ, ਜਿਨ੍ਹਾਂ ਵਿਚ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀ ਸਭ ਤੋਂ ਅੱਗੇ ਹਨ। ਸੀਬੀਐੱਸਏ ਦੀ ਰਿਪੋਰਟ ਮੁਤਾਬਕ, ਵੀਜ਼ਾ ਨਿਯਮ ਤੋੜਨ, ਵਰਕ ਪਰਮਿਟ ਖਤਮ ਹੋਣ ਤੋਂ ਬਾਅਦ ਵੀ ਰਹਿਣ, ਅਪਰਾਧਕ ਗਤੀਵਿਧੀਆਂ ਅਤੇ ਰਾਜਸੀ ਸ਼ਰਨ ਦੀਆਂ ਅਰਜ਼ੀਆਂ ਰੱਦ ਹੋਣ ਵਰਗੇ ਮਾਮਲਿਆਂ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਖਾਸ ਕਰਕੇ 27,140 ਲੋਕ, ਜਿਨ੍ਹਾਂ ਨੇ ਰਾਜਸੀ ਸ਼ਰਨ ਦੀ ਮੰਗ ਕੀਤੀ ਸੀ, ਹੁਣ ਦੇਸ਼ ਨਿਕਾਲੇ ਦੀ ਕਗਾਰ 'ਤੇ ਨੇ। ਇਸ ਤੋਂ ਇਲਾਵਾ 1400 ਵਿਦਿਆਰਥੀ, ਜਿਨ੍ਹਾਂ ਨੇ ਸਟੱਡੀ ਪਰਮਿਟ 'ਤੇ ਆ ਕੇ ਪੜ੍ਹਾਈ ਅੱਧੀ ਛੱਡ ਦਿੱਤੀ, ਅਤੇ 1256 ਅਪਰਾਧਕ ਮਾਮਲਿਆਂ ਵਿਚ ਸ਼ਾਮਲ ਲੋਕ ਵੀ ਇਸ ਸੂਚੀ ਵਿਚ ਨੇ। ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਿਊਬਿਕ (16,556) ਅਤੇ ਗ੍ਰੇਟਰ ਟੋਰਾਂਟੋ (9,699) ਹਨ, ਜਿੱਥੇ ਭਾਰਤੀਆਂ ਦੀ ਵੱਡੀ ਗਿਣਤੀ ਰਹਿੰਦੀ ਹੈ।

### ਇੰਗਲੈਂਡ ਵਿਚ ਭਾਰਤੀਆਂ ਦਾ ਮੋਹਭੰਗ, 58,000 ਪਰਤੇ

ਇੰਗਲੈਂਡ ਵਿਚ ਵੀ ਭਾਰਤੀ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਵੱਡੀ ਮਾਰ ਪਈ। 2024 ਦੇ ਅੰਕੜਿਆਂ ਮੁਤਾਬਕ, 37,000 ਵਿਦਿਆਰਥੀ, 18,000 ਕਾਮੇ



ਪੰਜਾਬ ਟਾਈਮਜ ਅਨੁਸਾਰ ਵਿਦੇਸ਼ਾਂ ਵਿਚ ਭਾਰਤੀਆਂ, ਖਾਸ ਕਰ ਪੰਜਾਬੀਆਂ, ਦੀਆਂ ਮੁਸੀਬਤਾਂ ਨੇ ਸਰਕਾਰਾਂ ਅਤੇ ਸਮਾਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਜੇਕਰ ਸਥਾਨਕ ਪੱਧਰ 'ਤੇ ਮੌਕੇ ਵਧਾਏ ਜਾਣ ਅਤੇ ਪ੍ਰਤਿਭਾ ਵਾਪਸ ਲਿਆਂਦੀ ਜਾਵੇ, ਤਾਂ ਭਾਰਤ ਇਸ ਸੰਕਟ ਨੂੰ ਮੌਕੇ 'ਚ ਬਦਲ ਸਕਦਾ ਹੈ। ਪਰ, ਅਜੇ ਸਥਿਤੀ ਗੰਭੀਰ ਹੈ ਅਤੇ ਲੋਕਾਂ 'ਚ ਬੇਚੈਨੀ ਵਧ ਰਹੀ ਹੈ।

ਅਤੇ 3,000 ਹੋਰ ਭਾਰਤੀਆਂ ਨੇ ਸਖ਼ਤ ਵੀਜ਼ਾ ਨੀਤੀਆਂ ਅਤੇ ਨੌਕਰੀਆਂ ਦੀ ਕਮੀ ਕਾਰਨ ਦੇਸ਼ ਛੱਡ ਦਿੱਤਾ। ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ (ਓਐਨਐਸ) ਦੀ ਰਿਪੋਰਟ ਮੁਤਾਬਕ, ਸ਼ੁੱਧ ਪ੍ਰਵਾਸ ਵਿਚ 431,000 ਦੀ ਗਿਰਾਵਟ ਆਈ, ਜਿਸ ਵਿਚ ਭਾਰਤੀ ਸਭ ਤੋਂ ਅੱਗੇ ਸਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਨੂੰ ਆਪਣੀ ਸਰਕਾਰ ਦੀ ਸਫਲਤਾ ਦੱਸਿਆ, ਪਰ ਇਸ ਨੇ ਭਾਰਤੀ ਵਿਦਿਆਰਥੀਆਂ ਦੇ ਸੁਪਨੇ ਤੋੜ ਦਿੱਤੇ। ਸਟੱਡੀ ਵੀਜ਼ਿਆਂ 'ਤੇ ਪਾਬੰਦੀਆਂ ਅਤੇ ਪੜ੍ਹਾਈ ਤੋਂ ਬਾਅਦ ਨੌਕਰੀਆਂ ਨਾ ਮਿਲਣ ਕਾਰਨ ਬਹੁਤ ਸਾਰੇ ਭਾਰਤੀ ਪਰਤਣ ਲਈ ਮਜਬੂਰ ਹੋਏ ਹਨ।

### ਅਮਰੀਕਾ ਵਿਚ 'ਬ੍ਰੇਨ ਡਰੇਨ' ਦਾ ਖਤਰਾ

ਅਮਰੀਕਾ ਵਿਚ ਵੀ ਸਥਿਤੀ ਕੋਈ ਖਾਸ ਵਧੀਆ ਨਹੀਂ। ਨੇਚਰ ਮੈਗਜ਼ੀਨ ਦੇ ਸਰਵੇ ਮੁਤਾਬਕ, 75% ਤੋਂ ਵੱਧ ਵਿਗਿਆਨੀ ਅਮਰੀਕਾ ਛੱਡਣ ਦੀ ਸੋਚ ਰਹੇ ਨੇ, ਕਿਉਂਕਿ ਅਕਾਦਮਿਕ ਸੁਤੰਤਰਤਾ 'ਤੇ ਖਤਰਾ ਮੰਡਰਾਅ ਰਿਹਾ ਹੈ। ਇਸ ਵਿਚ ਭਾਰਤੀ ਵਿਦਿਆਰਥੀ ਅਤੇ ਪੇਸ਼ੇਵਰ ਵੀ ਸ਼ਾਮਲ ਨੇ। ਸਖ਼ਤ ਐਚ-1ਬੀ ਵੀਜ਼ਾ ਨੀਤੀਆਂ ਅਤੇ ਮੁਕਾਬਲੇਬਾਜ਼ੀ ਨੇ ਨੌਕਰੀਆਂ ਦੀ ਪ੍ਰਾਪਤੀ ਮੁਸ਼ਕਲ ਕਰ ਦਿੱਤੀ। 1930 ਦੇ ਦਹਾਕੇ ਵਿਚ ਜਰਮਨੀ ਵਰਗੀ ਸਥਿਤੀ ਦੁਹਰਾਉਂਦੀ ਨਜ਼ਰ ਆ ਰਹੀ ਹੈ, ਜਦੋਂ ਵਿਗਿਆਨੀਆਂ ਨੇ ਦੇਸ਼ ਛੱਡਿਆ ਸੀ।

### ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ

ਭਾਰਤ ਸਰਕਾਰ ਹੁਣ ਵਿਦੇਸ਼ਾਂ ਤੋਂ ਪ੍ਰਤਿਭਾ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਹੋਈ ਹੈ। 1930 ਵਿਚ ਸੀ.ਵੀ. ਰਮਨ ਅਤੇ ਮਦਨ ਮੋਹਨ ਮਾਲਵੀਆ ਨੇ ਵਿਦੇਸ਼ੀ ਵਿਗਿਆਨੀਆਂ ਨੂੰ ਭਾਰਤ ਬੁਲਾਇਆ ਸੀ, ਅਤੇ ਹੁਣ ਸਰਕਾਰ ਅਜਿਹੀਆਂ ਪਹਿਲਕਦਮੀਆਂ ਨੂੰ ਮੁੜ ਸੁਰਜੀਤ ਕਰਨ ਦੀ ਸੋਚ ਰਹੀ ਹੈ। ਨਵੀਂ ਸਿੱਖਿਆ ਨੀਤੀ (ਐਨਈਪੀ 2020) ਅਤੇ "ਮੇਕ ਇਨ ਇੰਡੀਆ" ਵਰਗੀਆਂ ਯੋਜਨਾਵਾਂ ਨਾਲ ਸਥਾਨਕ ਨੌਕਰੀਆਂ ਅਤੇ ਸਿੱਖਿਆ ਦੇ ਮੌਕੇ ਵਧਾਏ ਜਾ ਰਹੇ ਨੇ। ਪੰਜਾਬ ਸਰਕਾਰ ਵੀ ਵਿਦੇਸ਼ੀ ਸਿੱਖਿਆ ਏਜੰਟਾਂ 'ਤੇ ਨਜ਼ਰ ਰੱਖਣ ਅਤੇ ਸਥਾਨਕ ਮੌਕੇ ਵਧਾਉਣ 'ਤੇ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ, ਕੈਨੇਡਾ ਅਤੇ ਇੰਗਲੈਂਡ ਨਾਲ ਗੱਲਬਾਤ ਸ਼ੁਰੂ ਕੀਤੀ ਗਈ ਹੈ, ਤਾਂ ਜੋ ਭਾਰਤੀਆਂ ਨੂੰ ਸੁਰੱਖਿਅਤ ਮੌਕੇ ਮਿਲ ਸਕਣ।

## ਨਸ਼ਾ ਸਪਲਾਈ ਕਰਦੇ ਹੈੱਡ ਕਾਂਸਟੇਬਲ ਸਣੇ 11 ਫੜੇ

### ✪ 230 ਗ੍ਰਾਮ ਹੈਰੋਇਨ ਤੇ 65,000 ਰੁਪਏ ਡਰੱਗ ਮਨੀ ਬਰਾਮਦ

ਖੰਨਾ-ਪੁਲਿਸ ਨੇ ਨਸ਼ਾ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜਿਸ 'ਚ ਪੰਜਾਬ ਪੁਲਿਸ ਦੇ ਹੈੱਡ ਕਾਂਸਟੇਬਲ ਤੇ ਸਹਾਇਕ ਲਾਈਨਮੈਨ ਸਮੇਤ 11 ਜਣਿਆਂ ਨੂੰ ਕਾਬੂ ਕੀਤਾ ਗਿਆ ਹੈ। ਮੁਲਜ਼ਮਾਂ ਤੋਂ 230 ਗ੍ਰਾਮ ਹੈਰੋਇਨ ਤੇ 65,000 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਦੀ ਪਛਾਣ ਅਮਰਜੀਤ ਸਿੰਘ ਮੁਕਤਸਰ ਸਾਹਿਬ, ਅੰਗਰੇਜ ਸਿੰਘ, ਕਰਤਾਰ ਸਿੰਘ ਖੰਨਾ, ਸਹਿਜ਼ਾਦ ਮੁਹੰਮਦ ਬਿੱਲੂ ਮੰਡੀ ਗੋਬਿੰਦਗੜ੍ਹ, ਡਬਲੀ ਮੰਡੀ ਗੋਬਿੰਦਗੜ੍ਹ, ਮਨਜਿੰਦਰ ਰਾਜੂ ਪੁੱਤਰ ਸ਼ਮਸ਼ੇਰ ਸਿੰਘ ਵਾਸੀ ਕੋਟਲਾ ਢੱਕ ਥਾਣਾ ਸਦਰ ਖੰਨਾ (ਸਹਾਇਕ ਲਾਈਨਮੈਨ), ਸੁਖਵੀਰ ਸਿੰਘ ਖੰਨਾ ਦੱਸਿਆ। ਇਨ੍ਹਾਂ ਦੀ ਤਲਾਸ਼ੀ ਲੈਣ 'ਤੇ ਅਮਰਜੀਤ ਤੋਂ 30 ਗ੍ਰਾਮ ਹੈਰੋਇਨ ਤੇ ਕਾਰ ਦੇ ਡੈਸ਼ ਬੋਰਡ ਵਿਚੋਂ 20,000 ਰੁਪਏ ਬਰਾਮਦ ਹੋਏ, ਜਿਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁੱਛਗਿੱਛ ਦੌਰਾਨ ਅਮਰਜੀਤ ਨੇ ਦੱਸਿਆ ਕਿ ਨਸ਼ਾ ਗੁਰਮੁੱਖ ਸਿੰਘ ਖੰਨਾ (ਸਬ ਸ਼ਟੇਸਨ ਅਟੈਂਡਡ ਪਾਵਰਕਾਮ) ਤੇ ਹੈੱਡ ਕਾਂਸਟੇਬਲ ਅਰਵਿੰਦਰ ਸਿੰਘ ਲੁਧਿਆਣਾ ਤੋਂ ਖ਼ਰੀਦਦਾ ਹੈ। ਅੱਗੇ ਵੱਖ-2 ਥਾਵਾਂ 'ਤੇ ਸਪਲਾਈ ਕਰਦਾ ਹੈ। ਗੁਰਮੁੱਖ ਸਿੰਘ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਕੇ ਉਸ ਤੋਂ 100 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਗੁਰਮੁੱਖ ਦੀ ਪੁੱਛ-ਗਿੱਛ 'ਤੇ ਰਾਜਮਹਿੰਦਰ ਸਿੰਘ ਰਾਜਾ ਨੂੰ ਨਾਮਜ਼ਦ ਕੀਤਾ ਗਿਆ। ਜਿਸ ਨੂੰ ਗੁਰਮੁੱਖ ਦੀ ਨਿਸ਼ਾਨਦੇਹੀ 'ਤੇ ਅੰਮ੍ਰਿਤਸਰ ਤੋਂ ਕਾਬੂ ਕਰ ਕੇ 100 ਗ੍ਰਾਮ ਹੈਰੋਇਨ ਤੇ 45,000 ਰੁਪਏ ਬਰਾਮਦ ਕੀਤੀ। ਹੈੱਡ ਕਾਂਸਟੇਬਲ ਅਰਵਿੰਦਰ ਸਿੰਘ ਕਾਊਟਰ ਇੰਟੈਲੀਜੈਂਸ ਲੁਧਿਆਣਾ ਵਿਖੇ ਤਇਨਾਤ ਹੈ। ਸੁਖਦੇਵ ਸਿੰਘ ਵਾਸੀ ਦੇਹਿੜੂ, ਥਾਣਾ ਸਦਰ ਖੰਨਾ ਬਿਜਲੀ ਬੋਰਡ ਵਿਖੇ ਚੌਕੀਦਾਰੀ ਕਰਦਾ ਹੈ। ਹੈੱਡ ਕਾਂਸਟੇਬਲ ਅਰਵਿੰਦਰ ਸਿੰਘ ਅਕਸਰ ਅੰਮਿਤਪਾਲ ਸਿੰਘ ਮਾਣਕਵਾਲ, ਭੋਲਾ ਕਾਲੋਨੀ ਧਾਂਦਰਾ ਰੋਡ, ਥਾਣਾ ਸਦਰ ਲੁਧਿਆਣਾ ਦੀ ਮੋਬਾਈਲ ਰਿਪੇਅਰ ਦੀ ਦੁਕਾਨ 'ਤੇ ਨਸ਼ਾ ਵੇਚਣ ਦਾ ਕੰਮ ਕਰਦਾ ਸੀ, ਜਿਸ ਨੂੰ ਕਾਬੂ ਕੀਤਾ ਹੈ।

### ਮਾਮਲਾ ਨਾਬਾਲਗ ਮਹਿਲਾ ਪਹਿਲਵਾਨ ਦੇ ਜਿਨਸੀ ਸ਼ੋਸ਼ਣ ਦਾ

## ਦੋਸ਼ੀ ਬ੍ਰਿਜ ਭੂਸ਼ਣ ਸਿੰਘ ਬਰੀ, ਪਟਿਆਲਾ ਹਾਊਸ ਕੋਰਟ ਨੇ ਬੰਦ ਕੀਤਾ ਕੇਸ



ਨਵੀਂ ਦਿੱਲੀ-ਪਟਿਆਲਾ ਹਾਊਸ ਦੇ ਵਿਸ਼ੇਸ਼ ਜੱਜ ਦੀ ਅਦਾਲਤ ਨੇ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਪਾਸਕੋ ਐਕਟ ਤਹਿਤ ਦਰਜ ਮਾਮਲੇ ਵਿੱਚ ਦਿੱਲੀ ਪੁਲਿਸ ਵੱਲੋਂ ਦਾਇਰ ਕਲੋਜ਼ਰ ਰਿਪੋਰਟ ਨੂੰ ਸਵੀਕਾਰ ਕਰ ਲਿਆ ਹੈ। ਇਹ ਮਾਮਲਾ ਇੱਕ ਨਾਬਾਲਗ ਮਹਿਲਾ ਪਹਿਲਵਾਨ ਦੁਆਰਾ ਲਗਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਹੈ। ਦਿੱਲੀ ਪੁਲਿਸ ਨੇ 15 ਜੂਨ, 2023 ਨੂੰ ਅਦਾਲਤ ਵਿੱਚ 550 ਪੰਨਿਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਕੋਈ ਠੋਸ ਸਬੂਤ ਨਹੀਂ ਮਿਲਿਆ। ਪੁਲਿਸ ਨੇ ਇਹ ਵੀ ਦੱਸਿਆ ਕਿ ਨਾਬਾਲਗ ਪਹਿਲਵਾਨ ਅਤੇ ਉਸਦੇ ਪਿਤਾ ਨੇ ਮੈਜਿਸਟਰੇਟ ਦੇ ਸਾਹਮਣੇ ਆਪਣੇ ਪਹਿਲਾਂ ਦੇ ਦੋਸ਼ ਵਾਪਸ ਲੈ ਲਏ ਹਨ। ਇਸ ਦੇ ਆਧਾਰ 'ਤੇ ਪੁਲਿਸ ਨੇ ਕੇਸ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਸੀ।

## ਪੰਜਾਬ ਦੇ ਪਾਣੀਆਂ 'ਤੇ ਡਾਕਾ

–8 ਸਫ਼ੇ ਦੀ ਬਾਕੀ

ਰਿਪੇਰੀਅਨ ਕਾਨੂੰਨ ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਸਭ ਤੋਂ ਮਜ਼ਬੂਤ ਆਧਾਰ ਹੈ। ਇਸ ਕਾਨੂੰਨ ਅਧੀਨ, ਪੰਜਾਬ ਨੂੰ ਆਪਣੇ ਦਰਿਆਵਾਂ ਦੇ ਪਾਣੀ 'ਤੇ ਪਹਿਲਾ ਅਧਿਕਾਰ ਹੈ। ਪਰ ਸਵਾਲ ਇਹ ਹੈ ਕਿ ਪੰਜਾਬ ਸਰਕਾਰ ਇਸ ਮੁੱਦੇ ਨੂੰ ਅਦਾਲਤ ਵਿੱਚ ਕਿਉਂ ਨਹੀਂ ਚੁਣੌਤੀ ਦੇ ਰਹੀ? ਸ. ਮਜੀਠੀਆ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਮੁੱਖ ਮੰਤਰੀ ਨੇ ਨਾ ਸਿਰਫ਼ ਕੇਂਦਰ ਸਰਕਾਰ ਸਾਹਮਣੇ ਇਹ ਮੁੱਦਾ ਚੁੱਕਣ ਵਿੱਚ ਅਸਫਲਤਾ ਹਾਸਲ ਕੀਤੀ, ਸਗੋਂ ਅਦਾਲਤੀ ਰਾਹ ਵੀ ਨਹੀਂ ਅਪਣਾਇਆ। ਅਦਾਲਤੀ ਚੁਣੌਤੀ ਦੇਣ ਨਾਲ ਨਾ ਸਿਰਫ਼ ਪੰਜਾਬ ਦੇ ਹੱਕਾਂ ਦੀ ਰਾਖੀ ਹੋ ਸਕਦੀ ਹੈ, ਸਗੋਂ ਕੇਂਦਰ ਸਰਕਾਰ ਅਤੇ ਹਰਿਆਣਾ 'ਤੇ ਵੀ ਦਬਾਅ ਬਣ ਸਕਦਾ ਹੈ।

ਪੰਜਾਬ ਦੇ ਪਾਣੀਆਂ ਦੀ ਵੰਡ ਦੇ ਮਸਲੇ 'ਤੇ ਵੀ ਮਾਹਿਰਾਂ ਦਾ ਮੰਨਣਾ ਹੈ ਕਿ ਬੀ.ਬੀ.ਐਮ.ਬੀ. ਦੀਆਂ ਨਿਯੁਕਤੀਆਂ ਅਤੇ ਪਾਣੀ ਦੀ ਵੰਡ ਦੀ ਪ੍ਰਕਿਰਿਆ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਣੀ ਚਾਹੀਦੀ। ਸੂਬੇ ਦੀ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਅਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਸਖ਼ਤ ਰੁਖ ਅਪਣਾਉਣਾ ਚਾਹੀਦਾ।

-ਰਜਿੰਦਰ ਸਿੰਘ ਪੁਰੇਵਾਲ

# 'ਆਪ' ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਉਪਰ ਰੁਕਾਵਟ ਪਾਈ

## ✪ ਪੁਲੀਸ ਤੇ ਅਕਾਲੀ ਆਗੂ ਲੰਗਾਹ ਵਿਚਕਾਰ ਤਿੱਖੀ ਬਹਿਸ ✪ ਪਠਾਨਕੋਟ ਵਿਖੇ ਅੰਬੇਡਕਰ ਦੀ ਮੂਰਤੀ ਨੂੰ ਲੈ ਕੇ ਗਰਮਾਇਆ ਮਾਹੌਲ



ਪਠਾਨਕੋਟ-ਪੰਜਾਬ ਦੇ ਪਠਾਨਕੋਟ ਵਿੱਚ ਪਰਮਾਨੰਦ ਬਾਈਪਾਸ ਚੌਕ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਉਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਐਸਏਡੀ) ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਪੁਲੀਸ ਵਿਚਕਾਰ ਤਿੱਖੀ ਬਹਿਸ ਨੇ ਸੂਬੇ ਵਿੱਚ ਸਿਆਸੀ ਅਤੇ ਸਮਾਜਿਕ ਵਿਵਾਦ ਨੂੰ ਜਨਮ ਦਿੱਤਾ ਹੈ। ਇਸ ਘਟਨਾ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਡਾ. ਭੀਮ ਰਾਓ ਅੰਬੇਡਕਰ ਦੀਆਂ ਮੂਰਤੀਆਂ ਨੂੰ ਲੈ ਕੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਬੀਤੇ ਦਿਨੀਂ ਪਠਾਨਕੋਟ ਦੇ ਪਰਮਾਨੰਦ ਚੌਕ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਗਾਉਣ ਦੀ ਕੋਸ਼ਿਸ਼ ਨੂੰ ਪੁਲੀਸ ਨੇ ਰੋਕਿਆ, ਜਿਸ ਨਾਲ ਸਥਾਨਕ ਅਕਾਲੀ ਦਲ ਦੇ ਆਗੂ ਸੁੱਚਾ ਸਿੰਘ ਲੰਗਾਹ ਤੇ ਡੀਐਸਪੀ ਸੁਖਜਿੰਦਰ ਸਿੰਘ ਥਾਪਰ ਵਿਚਕਾਰ ਤਿੱਖੀ ਨੋਕਝੋਂਕ ਹੋਈ। ਲੰਗਾਹ ਨੇ ਦੋਸ਼ ਲਗਾਇਆ ਕਿ ਪੁਲੀਸ ਸਿਆਸੀ ਦਬਾਅ ਹੇਠ ਕੰਮ ਕਰ ਰਹੀ ਹੈ ਅਤੇ ਸਿੱਖ ਨਾਇਕ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ, "ਮਹਾਰਾਜਾ ਰਣਜੀਤ ਸਿੰਘ ਪੰਜਾਬ ਦੀ ਸ਼ਾਨ ਹਨ, ਅਤੇ ਉਨ੍ਹਾਂ ਦੀ ਮੂਰਤੀ ਨੂੰ ਰੋਕਣਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ।"

ਲੰਬੀ ਬਹਿਸ ਤੋਂ ਬਾਅਦ, ਅਕਾਲੀ ਵਰਕਰਾਂ ਨੇ ਬੁੱਤ ਸਥਾਪਿਤ ਕਰ ਦਿੱਤਾ। ਪਠਾਨਕੋਟ ਦੇ ਇਸੇ ਚੌਕ ਵਿੱਚ ਡਾ. ਅੰਬੇਡਕਰ ਦੀ ਮੂਰਤੀ ਪਹਿਲਾਂ ਹੀ ਸਥਾਪਿਤ ਕੀਤੀ ਗਈ ਸੀ, ਜਿਸ ਨੂੰ ਲੈ ਕੇ ਸੁੱਚਾ ਸਿੰਘ ਲੰਗਾਹ ਨੇ "ਸ਼ਰਾਰਤੀ ਅਨਸਰਾਂ" 'ਤੇ ਦੋਸ਼ ਲਗਾਇਆ। ਉਨ੍ਹਾਂ ਦਾ ਕਹਿਣਾ ਸੀ ਕਿ ਸਥਾਨਕ ਲੋਕਾਂ ਨੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਲਗਾਉਣ ਦੀ ਮਨਜ਼ੂਰੀ ਲਈ ਸੀ, ਪਰ ਅੰਬੇਡਕਰ ਦੀ ਮੂਰਤੀ ਨੂੰ ਪਹਿਲ ਦੇਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚੀ। ਦੂਜੇ ਪਾਸੇ, ਅੰਬੇਡਕਰ ਸਮਰਥਕਾਂ ਦਾ ਕਹਿਣਾ ਹੈ ਕਿ ਡਾ. ਅੰਬੇਡਕਰ ਸਮਾਜਿਕ ਨਿਆਂ ਦੇ ਪ੍ਰਤੀਕ ਹਨ, ਅਤੇ ਉਨ੍ਹਾਂ ਦੀ ਮੂਰਤੀ ਨੂੰ ਹਟਾਉਣ ਦੀ ਕੋਸ਼ਿਸ਼ ਦਲਿਤ ਭਾਈਚਾਰੇ ਦਾ ਅਪਮਾਨ ਹੈ।

ਸਮਾਜਿਕ ਸੰਗਠਨਾਂ ਨੇ ਸਰਕਾਰ 'ਤੇ ਸਵਾਲ ਉਠਾਏ ਹਨ ਕਿ ਇਹ ਵਿਵਾਦ ਸੂਬੇ ਦੀ ਸਾਂਝੀ ਸਭਿਆਚਾਰਕ ਵਿਰਾਸਤ ਨੂੰ ਵੰਡ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ, ਜਿਨ੍ਹਾਂ ਨੇ 19ਵੀਂ ਸਦੀ ਵਿੱਚ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ, ਨੂੰ ਪੰਜਾਬ ਦੇ ਮਨਾਂ ਵਿੱਚ ਸ਼ੇਰ-ਏ-ਪੰਜਾਬ ਵਜੋਂ ਜਾਣਿਆ ਜਾਂਦਾ ਹੈ। ਪਠਾਨਕੋਟ ਵਿਵਾਦ ਨੇ ਸਿੱਖ ਸਮਾਜ ਵਿੱਚ ਇੱਕ ਨਵਾਂ ਸਵਾਲ ਖੜ੍ਹਾ ਕੀਤਾ ਹੈ: ਕੀ ਸਰਕਾਰ ਅਤੇ ਪ੍ਰਸ਼ਾਸਨ ਸਿੱਖ ਨਾਇਕਾਂ ਦੀ ਵਿਰਾਸਤ ਨੂੰ ਪਿਛੋਕੜ ਵਿੱਚ ਧੱਕਣ ਦੀ ਕੋਸ਼ਿਸ਼ ਕਰ ਰਿਹਾ ਹੈ? ਸੁੱਚਾ ਸਿੰਘ ਲੰਗਾਹ ਨੇ ਆਪਣੇ ਬਿਆਨ ਵਿੱਚ ਕਿਹਾ, "ਪੰਜਾਬ ਦੀ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਿਰਫ਼ ਸਿੱਖਾਂ ਦੇ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਨਾਇਕ ਹਨ।"

ਸਿੱਖ ਸੰਗਠਨਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਸਿੱਖ ਵਿਰਾਸਤ ਨੂੰ ਉਤਸ਼ਾਹਿਤ ਕਰੇ, ਨਾ ਕਿ ਰਾਸ਼ਟਰੀ ਨਾਇਕਾਂ ਦੇ ਨਾਂ 'ਤੇ ਸਥਾਨਕ ਵਿਰਾਸਤ ਨੂੰ ਨਜ਼ਰਅੰਦਾਜ਼ ਕਰੇ। ਪੰਜਾਬ ਸਰਕਾਰ ਦੇ ਇਸ ਵਿਵਾਦ 'ਤੇ ਚੁੱਪੀ ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। 2022 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਭਗਤ ਸਿੰਘ, ਡਾ. ਅੰਬੇਡਕਰ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਮੂਰਤੀਆਂ ਸਥਾਪਿਤ ਕਰਨ ਦਾ ਪ੍ਰਸਤਾਵ ਸਵੀਕਾਰ ਕੀਤਾ ਸੀ, ਪਰ ਪਠਾਨਕੋਟ ਵਿੱਚ ਹੋਏ ਤਾਜ਼ਾ ਵਿਵਾਦ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਮਾਜਿਕ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਵਿਵਾਦ ਸਿਰਫ਼ ਮੂਰਤੀਆਂ ਦਾ ਨਹੀਂ, ਸਗੋਂ ਪੰਜਾਬ ਦੀ ਪਛਾਣ ਅਤੇ ਸਭਿਆਚਾਰਕ ਵਿਰਾਸਤ ਨੂੰ ਲੈ ਕੇ ਚੱਲ ਰਹੀ ਸਿਆਸੀ ਖਿੱਚੋਤਾਣ ਦਾ ਨਤੀਜਾ ਹੈ। ਜਨਵਰੀ 2025 ਵਿੱਚ ਅੰਮ੍ਰਿਤਸਰ ਵਿੱਚ ਅੰਬੇਡਕਰ ਦੀ ਮੂਰਤੀ ਨੂੰ ਤੋੜਨ ਦੀ ਘਟਨਾ ਨੇ ਵੀ ਸਮਾਜਿਕ ਤਣਾਅ ਨੂੰ ਵਧਾਇਆ ਸੀ, ਜਿਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਕਾਰਵਾਈ ਦਾ ਵਾਅਦਾ ਕੀਤਾ ਸੀ। ਪਰ ਤਾਜ਼ਾ ਘਟਨਾਕ੍ਰਮ ਵਿੱਚ ਸਰਕਾਰ ਦੀ ਅਸਪਸ਼ਟ ਨੀਤੀ ਨੇ ਸਥਾਨਕ ਲੋਕਾਂ ਅਤੇ ਸਿਆਸੀ ਪਾਰਟੀਆਂ ਵਿੱਚ ਅਸੰਤੋਸ਼ ਪੈਦਾ ਕਰ ਦਿੱਤਾ ਹੈ। ਸਰਕਾਰ ਨੂੰ ਇਸ ਮੁੱਦੇ 'ਤੇ ਸੰਵੇਦਨਸ਼ੀਲਤਾ ਨਾਲ ਕਦਮ ਚੁੱਕਣ ਦੀ ਲੋੜ ਹੈ, ਤਾਂ ਜੋ ਸਾਂਝੀ ਵਿਰਾਸਤ ਦੀ ਰਾਖੀ ਹੋ ਸਕੇ ਅਤੇ ਸਮਾਜਿਕ ਸਦਭਾਵਨਾ ਕਾਇਮ ਰਹੇ।

# ਚੰਡੀਗੜ੍ਹ ਤੋਂ ਪੰਜਾਬ ਸ਼ਰਾਬ ਦੀ ਸਮਗਲਿੰਗ ਵਧੀ

## ✪ 1 ਮਹੀਨੇ ਵਿੱਚ 35 ਮਾਮਲੇ ਆਏ ਸਾਹਮਣੇ



ਚੰਡੀਗੜ੍ਹ-ਪੰਜਾਬ ਦੇ ਮੁਕਾਬਲੇ ਚੰਡੀਗੜ੍ਹ ਵਿੱਚ ਸ਼ਰਾਬ ਸਸਤੀ ਹੈ। ਇਸ ਦੇ ਨਾਲ ਹੀ, ਬਹੁਤ ਸਾਰੇ ਲੋਕ ਲਗਾਤਾਰ ਚੰਡੀਗੜ੍ਹ ਤੋਂ ਪੰਜਾਬ ਵਿੱਚ ਸ਼ਰਾਬ ਦੀ ਤਸਕਰੀ ਵਿੱਚ ਲੱਗੇ ਹੋਏ ਹਨ ਤਾਂ ਜੋ ਭਾਰੀ ਮੁਨਾਫ਼ਾ ਕਮਾਇਆ ਜਾ ਸਕੇ। ਇਹ ਕੰਮ ਪੂਰੀ ਰਣਨੀਤੀ ਨਾਲ ਕੀਤਾ ਜਾ ਰਿਹਾ ਹੈ। ਇਸ ਕਾਰਨ ਪੰਜਾਬ ਨੂੰ ਮਾਲੀਆ ਗੁਆ ਰਿਹਾ ਹੈ।

ਪਿਛਲੇ ਇੱਕ ਮਹੀਨੇ ਵਿੱਚ ਸ਼ਰਾਬ ਦੀ ਤਸਕਰੀ ਦੇ 35 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਹੁਣ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਇੱਕ ਪੱਤਰ ਲਿਖਿਆ ਗਿਆ ਹੈ, ਜਿਸ ਵਿੱਚ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਇਹ ਪੱਤਰ ਪੰਜਾਬ ਦੇ ਆਬਕਾਰੀ ਵਿਭਾਗ ਦੇ ਕਮਿਸ਼ਨਰ ਵੱਲੋਂ ਲਿਖਿਆ ਗਿਆ ਹੈ। ਪੱਤਰ ਦੇ ਨਾਲ 35 ਮਾਮਲਿਆਂ ਦੀ ਸੂਚੀ ਦਿੱਤੀ ਗਈ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਆਬਕਾਰੀ ਵਿਭਾਗ ਨੇ 44 ਸ਼ਰਾਬ ਦੇ ਡੱਬੇ ਵੀ ਜ਼ਬਤ ਕੀਤੇ ਸਨ, ਜਿਸ 'ਤੇ ਟਰੈਕ ਅਤੇ ਟਰੇਸ ਦਾ ਹੋਲੋਗ੍ਰਾਮ ਜਾਣਬੁੱਝ ਕੇ ਮਿਟਾ ਦਿੱਤਾ ਗਿਆ ਹੈ।

ਕੁਝ ਦਿਨ ਪਹਿਲਾਂ, ਸਹਾਇਕ ਆਬਕਾਰੀ ਕਮਿਸ਼ਨਰ ਰੋਪੜ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸੇ ਤਰ੍ਹਾਂ ਦੇ ਇੱਕ ਤਸਕਰੀ ਮਾਮਲੇ ਬਾਰੇ ਸੂਚਿਤ ਕੀਤਾ ਸੀ, ਜਿਸ ਵਿੱਚ 13 ਜਨਵਰੀ, 2025 ਨੂੰ ਇੱਕ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਬਹੁਤ ਸਾਰੇ ਮਾਮਲੇ ਯੂਟੀ ਪ੍ਰਸ਼ਾਸਨ ਨੂੰ ਭੇਜੇ ਗਏ ਹਨ।

ਇਸ ਦੇ ਬਾਵਜੂਦ, ਤਸਕਰੀ ਦੇ ਮਾਮਲੇ ਵੱਧ ਰਹੇ ਹਨ। ਉਨ੍ਹਾਂ ਯੂਟੀ ਸਕੱਤਰ ਨੂੰ ਕਿਹਾ, "ਅਜਿਹੇ ਮਾਮਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਤਾਂ ਜੋ ਤਸਕਰੀ ਨੂੰ ਰੋਕਿਆ ਜਾ ਸਕੇ।"

# ਇੰਸਟਾ ਕਵੀਨ ਮਹਿਲਾ ਕਾਂਸਟੇਬਲ ਹੁਣ ਵਿਜੀਲੈਂਸ ਦੀ ਹਿਰਾਸਤ ਵਿਚ



ਬਠਿੰਡਾ-ਮਹਿਲਾ ਕਾਂਸਟੇਬਲ ਅਮਨਦੀਪ ਕੌਰ, ਜਿਸ ਨੂੰ ਹੈਰੋਇਨ ਸਮੇਤ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਵਿਜੀਲੈਂਸ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ ਵਿਚ ਹਿਰਾਸਤ ਵਿਚ ਲਿਆ ਹੈ। ਸੂਤਰਾਂ ਮੁਤਾਬਕ, ਜਲਦੀ ਹੀ ਮਾਮਲੇ ਦਾ ਖੁਲਾਸਾ ਹੋਵੇਗਾ।

# ਭਾਰਤ-ਕੈਨੇਡਾ ਦੇ ਰਿਸ਼ਤੇ ਸੁਧਰਨ ਦੀ ਸੰਭਾਵਨਾ ਬਣੀ

## ✪ ਕੈਨੇਡਾ ਦੀ ਵਿਦੇਸ਼ ਮੰਤਰੀ ਨੇ ਭਾਰਤ-ਕੈਨੇਡਾ ਸਬੰਧਾਂ ਬਾਰੇ ਵਿਚਾਰ ਵਟਾਂਦਰੇ ਲਈ ਭਾਰਤੀ ਵਿਦੇਸ਼ ਮੰਤਰੀ ਦਾ ਕੀਤਾ ਧੰਨਵਾਦ



ਵਿਨੀਪੈਗ-ਮਾਰਕ ਕਾਰਨੀ ਦੇ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਦੇ ਹੀ ਭਾਰਤ ਅਤੇ ਕੈਨੇਡਾ ਵਿਚ ਰਿਸ਼ਤੇ ਸੁਧਰਨ ਦੀ ਆਸ ਬੱਝੀ ਹੈ। ਹਾਲ ਹੀ ਵਿਚ ਅਨੀਤਾ ਅਨੰਦ, ਜੋ ਕਾਰਨੀ ਪ੍ਰਸ਼ਾਸਨ ਵਿੱਚ ਕੈਨੇਡਾ ਦਾ ਵਿਦੇਸ਼ ਮੰਤਰੀ ਹਨ, ਨੇ ਭਾਰਤ-ਕੈਨੇਡਾ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ ਵਟਾਂਦਰੇ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਪੋਸਟ ਸਾਂਝੀ ਕਰਦਿਆਂ ਕਿਹਾ, "ਕਿ ਉਹ ਇਕੱਠੇ ਕੰਮ ਕਰਨਾ ਜਾਰੀ ਰੱਖਣ ਲਈ ਉਤਸੁਕ ਹਨ।" ਉਨ੍ਹਾਂ ਪੋਸਟ ਵਿਚ ਕੈਨੇਡਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ, ਆਰਥਿਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਸਾਂਝੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਬਾਰੇ ਵਿਸ਼ੇਸ਼ ਚਰਚਾ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤੇ। ਅਨੰਦ ਨੇ ਇਸ ਦੌਰਾਨ ਭਵਿੱਖ ਵਿਚ ਮਿਲ ਕੇ ਕੰਮ ਕਰਨ ਦੀ ਉਮੀਦ ਪਰਗਟ ਕੀਤੀ।

ਜ਼ਿਕਰਯੋਗ ਹੈ ਕਿ ਕੈਨੇਡਾ ਨਾਲ ਭਾਰਤ ਦੇ ਸਬੰਧ ਉਦੋਂ ਤਣਾਅਪੂਰਨ ਹੋ ਗਏ ਸਨ ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਐੱਨਆਈਏ ਵੱਲੋਂ ਨਾਮਜ਼ਦ ਖਾੜਕੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ ਹੈ। ਭਾਰਤ ਸਰਕਾਰ ਵੱਲੋਂ ਇਸ ਦੋਸ਼ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਗਿਆ ਸੀ। ਹੁਣੇ ਜਿਹੇ 14 ਮਈ ਨੂੰ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਨੰਦ ਨੂੰ ਕੈਨੇਡਾ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ ਸੀ।

# ਯੂਪੀ ਵਿਚ ਸਿੱਖਾਂ ਦੀ ਧਰਮ ਬਦਲੀ ਦਾ ਸੰਗੀਨ ਮਾਮਲਾ : ਪੀਲੀਭੀਤ ਵਿੱਚ ਪੰਥਕ ਸੰਗਠਨ ਸਰਗਰਮ

## ✪ ਪੀਲੀਭੀਤ ਦੇ ਸਿੱਖ ਪਿੰਡਾਂ ਵਿੱਚ ਧਰਮ ਪਰਿਵਰਤਨ ਦਾ ਪਰਦਾਫਾਸ਼
## ✪ ਸਰਕਾਰ ਦੀ ਸਖਤ ਕਾਰਵਾਈ ਅਤੇ ਸ਼੍ਰੋਮਣੀ ਕਮੇਟੀ ਦੀ 'ਘਰ ਵਾਪਸੀ' ਮੁਹਿੰਮ







ਪੀਲੀਭੀਤ-ਸਿੱਖ ਪੰਥ ਦੀ ਜੜ੍ਹਾਂ ਨੂੰ ਖੋਰਾ ਲਾਉਣ ਦੀ ਇੱਕ ਸੰਗੀਨ ਸਾਜ਼ਿਸ਼ ਦਾ ਪਰਦਾਫਾਸ਼ ਪੀਲੀਭੀਤ ਦੇ ਸਿੱਖ ਬਹੁਲ ਇਲਾਕਿਆਂ ਵਿੱਚ ਹੋਇਆ ਹੈ। ਇਹ ਇਲਾਕਾ, ਜਿਸ ਨੂੰ ਉੱਤਰ ਪ੍ਰਦੇਸ਼ ਦੀ 'ਤਰਾਈ ਦਾ ਪੰਜਾਬ' ਵਜੋਂ ਜਾਣਿਆ ਜਾਂਦਾ ਹੈ। ਇਹ ਇਲਾਕਾ ਸਦੀਆਂ ਤੋਂ ਸਿੱਖੀ ਦੀ ਸੁਗੰਧ ਨਾਲ ਮਹਿਕਦਾ ਰਿਹਾ ਹੈ। ਪਰ, ਹੁਣ ਇਸ ਧਰਤੀ 'ਤੇ ਧਰਮ ਪਰਿਵਰਤਨ ਦੀ ਇੱਕ ਗੰਭੀਰ ਲਹਿਰ ਨੇ ਸਿੱਖ ਸਮਾਜ ਦੇ ਦਿਲ ਨੂੰ ਵਿੰਨ੍ਹਿਆ ਹੈ। ਸਥਾਨਕ ਸਿੱਖ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਗਰਮੀ ਅਤੇ ਸਰਕਾਰ ਦੀ ਸਖਤ ਕਾਰਵਾਈ ਨੇ ਇਸ ਮਾਮਲੇ ਨੂੰ ਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ।ਪੀਲੀਭੀਤ ਦੇ ਸਿੱਖ ਪਿੰਡਾਂ-ਬੈਲਾਹਾ, ਨਾਨਕ ਨਗਰੀ, ਬਾਜ਼ਾਰ ਘਾਟ, ਭਗਵਾਨਪੁਰੀ, ਤਤਰਗੰਜ, ਬਾਮਨਪੁਰਾ ਭਗੀਰਥ ਅਤੇ ਸਿੰਘਾਰਾ-ਵਿੱਚ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਦੀ ਸੂਚਨਾ ਨੇ ਸਥਾਨਕ ਸਿੱਖ ਸੰਗਤ ਨੂੰ ਹੈਰਾਨ ਕਰ ਦਿੱਤਾ। ਅਖਬਾਰਾਂ ਦੀਆਂ ਰਿਪੋਰਟਾਂ ਮੁਤਾਬਕ, ਲਗਭਗ 3,000 ਸਿੱਖਾਂ ਨੂੰ ਈਸਾਈ ਧਰਮ ਵੱਲ ਖਿੱਚਣ ਦੀ ਸਾਜ਼ਿਸ਼ ਸਥਾਨਕ ਅਤੇ ਨੇਪਾਲੀ ਪਾਸਟਰਾਂ ਵੱਲੋਂ ਰਚੀ ਗਈ। ਇਸ ਸਾਜ਼ਿਸ਼ ਵਿੱਚ ਗਰੀਬ ਪਰਿਵਾਰਾਂ ਨੂੰ ਪੈਸੇ, ਮਕਾਨ, ਅਤੇ ਹੋਰ ਸਹੂਲਤਾਂ ਦੇ ਲਾਲਚ ਦੇਣ ਦੇ ਨਾਲ-ਨਾਲ ਅੰਧਵਿਸ਼ਵਾਸ ਅਤੇ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਗਿਆ। ਮਨਜੀਤ ਕੌਰ, ਇੱਕ ਸਥਾਨਕ ਸਿੱਖ ਔਰਤ, ਨੇ ਇਸ ਮਾਮਲੇ ਨੂੰ ਸਾਹਮਣੇ ਲਿਆਂਦਾ। ਉਸ ਨੇ ਹਜ਼ਾਰਾ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਪਰਿਵਾਰ 'ਤੇ ਜ਼ਬਰਦਸਤੀ ਧਰਮ ਪਰਿਵਰਤਨ ਦਾ ਦਬਾਅ ਪਾਇਆ ਜਾ ਰਿਹਾ ਹੈ। ਮਨਜੀਤ ਨੇ ਦੱਸਿਆ ਕਿ ਉਸ ਦੇ ਪਤੀ ਨੂੰ ਪਹਿਲਾਂ ਹੀ ਈਸਾਈ ਬਣਾਇਆ ਜਾ ਚੁੱਕਾ ਹੈ, ਅਤੇ ਹੁਣ ਉਸ ਦੇ ਬੱਚਿਆਂ 'ਤੇ ਵੀ ਦਬਾਅ ਬਣਾਇਆ ਜਾ ਰਿਹਾ ਹੈ। ਉਸ ਨੂੰ ਦੋ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਗਈ, ਪਰ ਵਾਅਦੇ ਪੂਰੇ ਨਹੀਂ ਕੀਤੇ ਗਏ।

### ਸਰਕਾਰ ਦੀ ਕਾਰਵਾਈ

ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ। ਉੱਤਰ ਪ੍ਰਦੇਸ਼ ਗੈਰ-ਕਾਨੂੰਨੀ "ਧਰਮ ਪਰਿਵਰਤਨ ਰੋਕਥਾਮ ਐਕਟ, 2021" ਦੇ ਤਹਿਤ ਸਰਕਾਰ ਨੇ ਸਰਹੱਦੀ ਇਲਾਕਿਆਂ ਵਿੱਚ ਸਖਤ ਕਾਰਵਾਈ ਸ਼ੁਰੂ ਕੀਤੀ। ਇੱਕ ਅਣਅਧਿਕਾਰਤ ਚਰਚ, ਜੋ ਧਰਮ ਪਰਿਵਰਤਨ ਦਾ ਕੇਂਦਰ ਸੀ, ਨੂੰ ਢਾਹ ਦਿੱਤਾ ਗਿਆ। ਸਥਾਨਕ ਪੁਲਿਸ ਨੇ ਮਨਜੀਤ ਕੌਰ ਦੀ ਸ਼ਿਕਾਇਤ 'ਤੇ ਮੁਕੱਦਮਾ ਦਰਜ ਕੀਤਾ, ਜਿਸ ਵਿੱਚ ਜ਼ਬਰਦਸਤੀ, ਧਮਕੀਆਂ, ਅਤੇ ਲਾਲਚ ਦੇਣ ਦੇ ਦੋਸ਼ ਸ਼ਾਮਲ ਸਨ। ਹਾਲਾਂਕਿ, ਹੁਣ ਤੱਕ ਕੋਈ ਵੀ ਮੁੱਖ ਸਾਜ਼ਿਸ਼ਕਾਰ ਗ੍ਰਿਫਤਾਰ ਨਹੀਂ ਹੋਇਆ, ਜਿਸ ਕਾਰਨ ਸਿੱਖ ਸੰਗਠਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਨੇ ਸਰਹੱਦੀ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਉਣ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਸਿੱਖੀ ਦੀ ਸਿੱਖਿਆ ਅਤੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਪੁਲਿਸ ਅਤੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਵਿਦੇਸ਼ੀ ਸੰਗਠਨਾਂ ਅਤੇ ਪਾਸਟਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਵੇ, ਕਿਉਂਕਿ ਸ਼ੱਕ ਹੈ ਕਿ ਇਸ ਸਾਜ਼ਿਸ਼ ਪਿੱਛੇ ਵਿਦੇਸ਼ੀ ਫੰਡਿੰਗ ਵੀ ਸ਼ਾਮਲ ਹੈ।

### ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਠਨਾਂ ਦੀ 'ਘਰ ਵਾਪਸੀ' ਮੁਹਿੰਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ 'ਤੇ ਸਖਤ ਰੁਖ ਅਪਣਾਇਆ ਅਤੇ 'ਘਰ ਵਾਪਸੀ' ਮੁਹਿੰਮ ਸ਼ੁਰੂ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਾਜ਼ਿਸ਼ ਨੂੰ ਸਿੱਖ ਪੰਥ 'ਤੇ ਹਮਲਾ ਕਰਾਰ ਦਿੱਤਾ ਅਤੇ ਪੀੜਤ ਪਰਿਵਾਰਾਂ ਨੂੰ ਸਿੱਖੀ ਦੀ ਜੋਤ ਨਾਲ ਮੁੜ ਜੋੜਨ ਦਾ ਬੀੜਾ ਚੁੱਕਿਆ।ਸ਼੍ਰੋਮਣੀ ਕਮੇਟੀ ਦੀ ਮੁਹਿੰਮ ਦੇ ਨਤੀਜੇ ਸਵਰੂਪ, 160 ਪਰਿਵਾਰ, ਯਾਨੀ ਲਗਭਗ 800 ਤੋਂ 1,000 ਸਿੱਖ, ਮੁੜ ਸਿੱਖ ਧਰਮ ਵਿੱਚ ਵਾਪਸ ਆਏ ਹਨ। ਸ਼੍ਰੋਮਣੀ ਕਮੇਟੀ ਨੇ ਨੌਂ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ, ਜੋ ਇਸ ਧਰਮ ਪਰਿਵਰਤਨ ਦੀ ਅਗਵਾਈ ਕਰ ਰਹੇ ਸਨ, ਅਤੇ ਇਸ ਸੂਚੀ ਨੂੰ ਪ੍ਰਸ਼ਾਸਨ ਨੂੰ ਸੌਂਪਿਆ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਨੇ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਏ, ਜਿਨ੍ਹਾਂ ਵਿੱਚ ਗੁਰਬਾਣੀ ਦਾ ਪ੍ਰਚਾਰ, ਸਿੱਖ ਇਤਿਹਾਸ ਦੀ ਜਾਣਕਾਰੀ, ਅਤੇ ਧਾਰਮਿਕ ਸਿੱਖਿਆ ਦਿੱਤੀ ਜਾ ਰਹੀ ਹੈ।

ਹਰਪਾਲ ਸਿੰਘ ਜੱਗੀ, ਆਲ ਇੰਡੀਆ ਸਿੱਖ ਪੰਜਾਬੀ ਵੈੱਲਫੇਅਰ ਕੌਂਸਲ ਦੇ ਮੁਖੀ, ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ 160 ਪਰਿਵਾਰਾਂ ਦੀ ਸੂਚੀ ਪ੍ਰਸ਼ਾਸਨ ਨੂੰ ਸੌਂਪੀ ਅਤੇ ਵਿਦੇਸ਼ੀ ਸਾਜ਼ਿਸ਼ ਦਾ ਸ਼ੱਕ ਜਤਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਪਾਸਟਰ ਗਰੀਬੀ ਅਤੇ ਅਗਿਆਨਤਾ ਦਾ ਫਾਇਦਾ ਉਠਾ ਕੇ ਸਿੱਖ ਪਰਿਵਾਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਨ।

### ਧਰਮ ਪਰਿਵਰਤਨ ਦੀਆਂ ਜੜ੍ਹਾਂ ਅਤੇ ਸਾਜ਼ਿਸ਼

ਇਸ ਮਾਮਲੇ ਦੀ ਡੂੰਘੀ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਧਰਮ ਪਰਿਵਰਤਨ ਦੀ ਇਹ ਲਹਿਰ ਸਿਰਫ ਗਰੀਬੀ ਜਾਂ ਅਗਿਆਨਤਾ ਦਾ ਨਤੀਜਾ ਨਹੀਂ, ਸਗੋਂ ਇੱਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹੈ। ਸਥਾਨਕ ਸਿੱਖ ਸੰਗਠਨਾਂ ਅਤੇ ਅਖਬਾਰੀ ਰਿਪੋਰਟਾਂ ਮੁਤਾਬਕ, ਨੇਪਾਲ ਤੋਂ ਆਏ ਪਾਸਟਰ ਅਤੇ ਸਥਾਨਕ ਸਹਿਯੋਗੀਆਂ ਨੇ ਸਿੱਖ ਪਿੰਡਾਂ ਵਿੱਚ ਘਰ-ਘਰ ਜਾ ਕੇ ਪਰਚਾਰ ਸ਼ੁਰੂ ਕੀਤਾ। ਕਈ ਘਰਾਂ ਵਿੱਚ ਦੱਖਣੀ ਕੋਰੀਆ ਦੇ ਕੈਲੰਡਰ ਅਤੇ ਕਰਾਸ ਦੀਆਂ ਨਿਸ਼ਾਨੀਆਂ ਲੱਗੀਆਂ ਮਿਲੀਆਂ, ਜੋ ਧਰਮ ਪਰਿਵਰਤਨ ਦੀ ਪੁਸ਼ਟੀ ਕਰਦੀਆਂ ਹਨ। ਰਿਪੋਰਟਾਂ ਮੁਤਾਬਕ, ਪਾਸਟਰਾਂ ਨੇ ਅੰਧਵਿਸ਼ਵਾਸ ਨੂੰ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਬਿਮਾਰੀਆਂ ਤੋਂ ਮੁਕਤੀ, ਨੌਕਰੀਆਂ, ਅਤੇ ਆਰਥਿਕ ਸਹਾਇਤਾ ਦੇ ਵਾਅਦੇ ਕਰਕੇ ਗਰੀਬ ਸਿੱਖ ਪਰਿਵਾਰਾਂ ਨੂੰ ਆਪਣੇ ਜਾਲ ਵਿੱਚ ਫਸਾਇਆ। ਕਈ ਮਾਮਲਿਆਂ ਵਿੱਚ, ਸਿੱਖ ਪ੍ਰਤੀਕਾਂ ਜਿਵੇਂ ਕੜਾ ਅਤੇ ਕਿਰਪਾਨ ਨੂੰ ਹਟਾਉਣ ਦੀ ਜ਼ਬਰਦਸਤੀ ਕੀਤੀ ਗਈ।ਇਸ ਸਾਜ਼ਿਸ਼ ਵਿੱਚ ਵਿਦੇਸ਼ੀ ਫੰਡਿੰਗ ਦਾ ਸ਼ੱਕ ਵੀ ਜਤਾਇਆ ਜਾ ਰਿਹਾ ਹੈ। ਸਿੱਖ ਸੰਗਠਨਾਂ ਦਾ ਮੰਨਣਾ ਹੈ ਕਿ ਇਹ ਸਿਰਫ ਧਰਮ ਪਰਿਵਰਤਨ ਨਹੀਂ, ਸਗੋਂ ਸਿੱਖ ਪਛਾਣ ਨੂੰ ਖਤਮ ਕਰਨ ਤੇ ਖੇਤਰ ਦੀ ਜਨਸੰਖਿਆਤਮਕ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਹੈ।

ਇਸ ਮਾਮਲੇ ਨੇ ਸਿੱਖ ਸਮਾਜ ਵਿੱਚ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪੀਲੀਭੀਤ ਦੇ ਸਿੱਖ ਪਿੰਡ, ਜੋ ਆਪਣੀ ਸਿੱਖੀ ਸਰਦਾਰੀ ਅਤੇ ਗੁਰੂ ਨਾਨਕ ਦੇ ਸਿਧਾਂਤਾਂ ਲਈ ਜਾਣੇ ਜਾਂਦੇ ਹਨ, ਅੱਜ ਇੱਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕਈ ਘਰਾਂ ਵਿੱਚ ਕਰਾਸ ਦੀਆਂ ਨਿਸ਼ਾਨੀਆਂ ਅਤੇ ਚਰਚਾਂ ਦੀ ਸਥਾਪਨਾ ਨੇ ਸਿੱਖ ਸੰਗਤ ਦੇ ਦਿਲਾਂ ਨੂੰ ਵਿੰਨ੍ਹਿਆ ਹੈ। ਸਿੱਖ ਸੰਗਠਨਾਂ ਅਤੇ ਸਥਾਨਕ ਗੁਰਦੁਆਰਾ ਕਮੇਟੀਆਂ ਨੇ ਇਸ ਸਾਜ਼ਿਸ਼ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਿੱਖੀ ਦੀ ਨੀਂਹ ਨੂੰ ਹਿਲਾਉਣ ਦੀ ਕੋਸ਼ਿਸ਼ ਹੈ। ਸ਼੍ਰੋਮਣੀ ਨੇ ਨਾ ਸਿਰਫ 'ਘਰ ਵਾਪਸੀ' ਮੁਹਿੰਮ ਰਾਹੀਂ ਪੀੜਤ ਪਰਿਵਾਰਾਂ ਨੂੰ ਵਾਪਸ ਜੋੜਿਆ, ਸਗੋਂ ਸਿੱਖੀ ਦੇ ਪ੍ਰਚਾਰ ਲਈ ਵੀ ਵੱਡੇ ਪੱਧਰ 'ਤੇ ਕੰਮ ਸ਼ੁਰੂ ਕੀਤਾ।

# ਸੰਦੀਪ ਨੰਗਲ ਅੰਬੀਆਂ ਟੈਲਫੋਰਡ ਕਬੱਡੀ ਕਲੱਬ ਵੱਲੋਂ ਹਰਭਜਨ ਸਿੰਘ ਭਜੀ, ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਨੂੰ ਸਮਰਪਿਤ ਸ਼ਾਨਦਾਰ ਟੂਰਨਾਮੈਂਟ ਤੇ ਹਜ਼ਾਰਾਂ ਦਾ ਭਾਰੀ ਇਕੱਠ

## ਮੇਜ਼ਬਾਨ ਕਲੱਬ ਟੈਲਫੋਰਡ ਦੀ ਟੀਮ ਜੇਤੂ ਅਤੇ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਦੀ ਟੀਮ ਰਨਰ ਅੱਪ ਰਹੀ

## ਕੁਲਵਿੰਦਰ ਧਰਮਪੁਰਾ ਸਰਵੋਤਮ ਧਾਵੀ ਅਤੇ ਤਲਵਿੰਦਰ ਦੂਲਾ ਸ਼ੂਸ਼ਕ ਸਰਵੋਤਮ ਜਾਫ਼ੀ ਐਲਾਨੇ ਗਏ

ਰਿਪੋਰਟ:
ਪੰਜਾਬ ਟਾਈਮਜ਼ ਵਿਸ਼ੇਸ਼ ਪ੍ਰਤੀਨਿੱਧ

ਟੈਲਫੋਰਡ - ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਟੈਲਫੋਰਡ ਵੱਲੋਂ ਵੈਸਟ ਬ੍ਰਾਮਵਿਚ ਦੀ ਗਰਾਊਂਡ ਵਿੱਚ ਐਤਵਾਰ 25 ਮਈ 2025 ਨੂੰ ਸਵਰਗੀ ਹਰਭਜਨ ਸਿੰਘ ਭਜੀ ਖੀਰਾਂਵਾਲੀ ਅਤੇ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਵਿੱਚ ਕਰਵਾਏ ਗਏ ਕਬੱਡੀ ਟੂਰਨਾਮੈਂਟ ਤੇ ਦਰਸ਼ਕਾਂ ਦਾ ਰਿਕਾਰਡ ਤੋੜ ਇਕੱਠ ਦੇਖਣ ਨੂੰ ਮਿਲਿਆ ਟੈਲਫੋਰਡ ਕਲੱਬ ਦੇ ਪ੍ਰਧਾਨ ਸ: ਬਲਵਿੰਦਰ ਸਿੰਘ ਚੱਠਾ ਅਤੇ ਉਹਨਾਂ ਦੇ ਸਾਥੀ ਤੇ ਸਹਿਯੋਗੀ ਸੱਜਣ ਸਵੇਰ ਤੋਂ ਹੀ ਪ੍ਰਬੰਧ ਕਰਨ ਵਿੱਚ ਜੁੱਟੇ ਹੋਏ ਸਨ। ਬਲਵਿੰਦਰ ਸਿੰਘ ਚੱਠਾ ਦੇ ਨਾਲ ਸੁੱਖੀ ਬੈਂਸ, ਗੁਰਜੀਤ ਸਿੰਘ ਸੰਧੂ, ਲਾਡੀ ਬੈਂਸ, ਸੱਤਾ ਟਾਹਲੀ, ਪੰਮਾ ਮਾਲੂਪੁਰੀਆ, ਮੇਸ਼ਾ ਕੂਨਰ, ਸੋਖਾ ਢਿੱਲੋਂ ਭਲਵਾਨ, ਜੋਗਾ ਬਿਨਿੰਗ, ਕਾਲਾ ਮੀਟ ਸ਼ੋਪ ਵਾਲਾ, ਬੀਰਾ ਡੱਬ, ਸੋਢੀ ਕੂਨਰ ਦੇ ਇਲਾਵਾ ਹੋਰ ਬਹੁਤ ਸਾਰੇ ਸਹਿਯੋਗੀ ਸੱਜਣਾਂ ਨੇ ਭਰਵਾਂ ਸਾਥ ਦਿੱਤਾ ਚੱਠਾ ਨੇ ਕਿਹਾ ਕਿ ਮੈਂ ਸਾਰੇ ਸਹਿਯੋਗੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ, ਜਿਹਨਾਂ ਦੀ ਮਦਦ ਨਾਲ ਅੱਜ ਦਾ ਇਹ ਟੂਰਨਾਮੈਂਟ ਕਾਮਯਾਬ ਹੋਇਆ ਹੈ।

ਟੂਰਨਾਮੈਂਟ ਦੀ ਸ਼ੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਜਿੱਥੇ ਕਬੱਡੀ ਖਿਡਾਰੀ ਆਪਣੇ ਦਾਅ ਪੇਚ ਦਿਖਾਉਣ ਲਈ ਉਤਸੁਕ ਨਜ਼ਰ ਆ ਰਹੇ ਸਨ ਉਥੇ ਦਰਸ਼ਕ ਵੀ ਸਵੇਰ ਤੋਂ ਹੀ ਗਰਾਊਂਡ ਵਿੱਚ ਆਉਣੇ ਸ਼ੁਰੂ ਹੋ ਗਏ।

ਦਵਿੰਦਰ ਸਿੰਘ ਪਤਾਰਾ, ਕੇਸਰ ਸਿੰਘ ਧਾਲੀਵਾਲ, ਦਵਿੰਦਰ ਸਿੰਘ ਭਿੰਦਾ ਮੁਠੱਡਾ, ਸਤਨਾਮ ਸਿੰਘ ਸੱਤਾ ਮੁਠੱਡਾ, ਸਤਿੰਦਰ ਗੋਲਡੀ, ਸ਼ੀਰਾ ਔਲਖ, ਕੁਲਵੰਤ ਸਿੰਘ ਸੰਘਾ, ਨਿਰਮਲ ਸਿੰਘ ਲੱਡੂ, ਪਿਆਰਾ ਰੰਧਾਵਾ, ਰਾਣਾ ਪੱਡਾ, ਬਲਵਿੰਦਰ ਦੂਲੇ, ਰਸ਼ਪਾਲ ਸਿੰਘ ਸਹੋਤਾ, ਬਲਜਿੰਦਰ ਭਿੰਡਰ, ਸਾਊਥਾਲ ਕਲੱਬ ਦੇ ਪ੍ਰਧਾਨ ਪਾਲਾ ਬਾਜਵਾ, ਸਤਨਾਮ ਗਿੱਲ, ਸ਼ੀਰਾ ਔਲਖ, ਸਾਰੇ ਟੂਰਨਾਮੈਂਟ ਦੌਰਾਨ ਗਰਾਊਂਡਾਂ ਵਿੱਚ ਤੁਰਦੇ ਫਿਰਦੇ ਕਬੱਡੀ ਦੇ ਕਾਨੂੰਨੀ ਦਾਅ ਪੇਚਾਂ ਅਤੇ ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਖੇਡ ਉਤੇ ਨਜ਼ਰ ਰੱਖ ਰਹੇ ਸਨ। ਇਹਨਾਂ ਦੇ ਇਲਾਵਾ, ਸਵਰਨਾ, ਸੁੱਖਾ ਚੱਕਾਂ ਵਾਲ, ਬਾਗੀ ਅਟਵਾਲ, ਪਿੰਡਾ ਭਰੋਲੀ, ਅਮਰਜੀਤ ਸਿੰਘ ਰਾਇਤ, ਦਲਬੀਰ ਸਿੰਘ ਸਹਿੰਬੀ, ਦਲਬੀਰ ਸਿੰਘ ਸਿੱਧੂ, ਜਿੰਦਰ ਨਿੱਝਰ, ਦਵਿੰਦਰ ਖਹਿਰਾ, ਕੁਲਵੀਰ ਸਿੰਘ ਕੱਖ ਤੇ ਬਲਜੀਤ ਬੱਲੀ ਆਦਿ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰ ਰਹੇ ਸਨ।

ਸਾਰੇ ਟੂਰਨਾਮੈਂਟ ਦੌਰਾਨ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ, ਕੇਵਲ ਪਾਸਲਾ, ਸਵਿੰਦਰ ਸਿੰਘ ਬਾਠ (ਸ਼ਿੰਦਾ ਅਮਲੀ) ਅਤੇ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਵਿਸ਼ੇਸ਼ ਤੌਰ 'ਤੇ ਵਾਰ-ਵਾਰ ਯਾਦ ਕੀਤਾ ਗਿਆ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਦਰਸ਼ਕ ਆਪੋ-ਆਪਣੀਆਂ ਸੀਟਾਂ ਮੱਲ ਕੇ ਗਰਾਊਂਡ ਵਿੱਚ ਆ ਡਟੇ ਹੋਏ ਸਨ। ਦਰਸ਼ਕਾਂ ਦਾ ਜੋਸ਼ ਠਾਠਾਂ ਮਾਰ ਰਿਹਾ ਸੀ ਉਹ ਖੁਸ਼ ਸਨ ਕਿ ਇਸ ਵਾਰ ਉਹ ਚੋਟੀ ਦੇ ਕਬੱਡੀ ਖਿਡਾਰੀਆਂ ਦੀ ਖੇਡ ਦੇਖ ਸਕਣਗੇ। ਸੰਦੀਪ ਨੰਗਲ ਅੰਬੀਆਂ ਦੇ ਲੜਕਿਆਂ ਨੂੰ ਸਪੈਸ਼ਲ ਟਰਾਫੀ ਦੇ ਕੇ ਮਾਣ ਸਨਮਾਨ ਕੀਤਾ ਗਿਆ।

ਕਬੱਡੀ ਦਾ ਪਹਿਲਾ ਮੈਚ ਬੀ ਗਰੁੱਪ ਦੀਆਂ ਲੰਡਨ ਟਾਈਗਰਜ਼ ਅਤੇ ਪੰਜਾਬ ਯੂਨਾਈਟਡ ਮਹਿੰਦਰ ਸਿੰਘ ਮੋੜ ਕਬੱਡੀ ਕਲੱਬ ਦੇ ਗੱਭਰੂਆਂ ਵਿਚਕਾਰ ਹੋਇਆ। ਮੋੜ ਕਲੱਬ ਦੇ ਨੌਜਵਾਨਾਂ ਨੇ ਪਹਿਲੇ ਅੱਧ ਤੱਕ 15 ਨੰਬਰਾਂ ਦੀ ਲੀਡ ਲੈ ਲਈ। ਅੰਤ ਤੱਕ ਮੋੜ ਕਲੱਬ ਦੇ ਖਿਡਾਰੀ ਲੰਡਨ ਟਾਈਗਰਾਂ ਦੇ 20 ਅੰਕਾਂ ਦੇ ਮੁਕਾਬਲੇ 44 ਅੰਕ ਲੈ ਕੇ ਮੈਚ ਜਿੱਤਣ ਵਿੱਚ ਕਾਮਯਾਬ ਹੋ ਗਏ।



ਸੰਦੀਪ ਨੰਗਲ ਅੰਬੀਆਂ ਦੇ ਲੜਕਿਆਂ ਦਾ ਸਨਮਾਨ ਅਤੇ ਹੇਠਾਂ ਟੈਲਫੋਰਡ ਦੀ ਜੇਤੂ ਟੀਮ
ਹੋਰ ਤਸਵੀਰਾਂ ਰੰਗਦਾਰ ਪੰਨੇ 'ਤੇ ਦੇਖੋ: *ਤਸਵੀਰਾਂ: ਸੋਖਾ ਢੇਸੀ ਅਤੇ ਹਰਜਿੰਦਰ ਸਿੰਘ ਮੰਡੇਰ*

ਦੂਜਾ ਮੈਚ ਬੀ ਗਰੁੱਪ ਦੇ ਹੀ ਬਾਬਾ ਦੀਪ ਸਿੰਘ ਜੀ ਕਬੱਡੀ ਕਲੱਬ ਅਤੇ ਮਿਡਲੈਂਡ ਟਾਈਗਰਜ਼ ਦੀਆਂ ਟੀਮਾਂ ਦੇ ਦਰਮਿਆਨ ਖੇਡਿਆ ਗਿਆ। ਇਸ ਮੈਚ ਦੇ ਪਹਿਲੇ ਅੱਧ ਤੱਕ ਬਾਬਾ ਦੀਪ ਸਿੰਘ ਕਲੱਬ ਦੇ ਸਾਢੇ 22 ਅਤੇ ਮਿਡਲੈਂਡ ਟਾਈਗਰਾਂ ਦੇ 11 ਅੰਕ ਸਨ। ਬਾਬਾ ਦੀਪ ਸਿੰਘ ਕਲੱਬ ਵੱਲੋਂ ਸ਼ੀਰਾ ਪਾਤੜ, ਕੁਲਵੀਰ ਰੇਡਾਂ ਤੇ ਅਤੇ ਜੀਤਾ ਸਰਦੁੱਲਾ ਪੁਰੀਆ, ਲਾਭ, ਸੀਰਾ, ਲਵੀ ਅਤੇ ਗੋਪੀ ਜੱਫੇ ਲਾ ਰਹੇ ਸਨ। ਅੰਤ ਤੱਕ ਪਹੁੰਚਦਿਆਂ ਮਿਡਲੈਂਡ ਟਾਈਗਰਾਂ ਦੇ 28 ਅੰਕਾਂ ਦੇ ਮੁਕਾਬਲੇ ਬਾਬਾ ਦੀਪ ਸਿੰਘ ਜੀ ਕਲੱਬ ਸਾਢੇ 40 ਅੰਕ ਲੈ ਕੇ ਜਿੱਤ ਗਈ। ਯਾਦ ਰਹੇ ਬੀ ਗਰੁੱਪ ਵਿੱਚ ਬਹੁਤੇ ਇੰਗਲੈਂਡ ਦੇ ਜੰਮਪਲ ਖਿਡਾਰੀ ਖੇਡ ਰਹੇ ਹਨ, ਇਸ ਦਾ ਸਿਹਰਾ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਆਗੂਆਂ ਸਿਰ ਬੱਝਦਾ ਹੈ। ਅਗਲਾ ਮੈਚ ਮੇਜ਼ਬਾਨ ਕਲੱਬ ਦੀ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਟੈਲਫੋਰਡ ਅਤੇ ਸਲੋਹ ਇਕਨਹੈਮ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਸਲੋਹ ਇਕਨਹੈਮ ਦੀ ਟੀਮ ਨੇ ਟਾਸ ਜਿੱਤੀ ਅਤੇ ਪਹਿਲਾ ਢੇਡ ਅੰਕ ਆਪਣੇ ਖਾਤੇ ਵਿੱਚ ਭਾਵੇਂ ਜੋੜ ਲਿਆ ਪਰ ਇਸ ਟੀਮ ਦੇ ਸਾਢੇ 27 ਅੰਕਾਂ ਦੇ ਮੁਕਾਬਲੇ ਟੈਲਫੋਰਡ ਦੀ ਟੀਮ 39 ਅੰਕ ਲੈ ਕੇ ਇਹ ਮੈਚ ਜਿੱਤ ਗਈ।

ਚੌਥਾ ਮੈਚ ਈਰਥ ਵੂਲਿਚ ਸਾਊਥਾਲ ਕਬੱਡੀ ਕਲੱਬ ਅਤੇ ਹੇਜ਼-ਡਰਬੀ ਕਬੱਡੀ ਕਲੱਬ ਵਿੱਚ ਹੋਇਆ। ਸਾਊਥਾਲ-ਈਰਥ ਵੂਲਿਚ ਦੇ ਖਿਡਾਰੀ ਅੰਤ ਤੱਕ ਸਾਢੇ 28 ਅੰਕ ਹੀ ਲੈ ਸਕੇ ਜਦ ਕਿ ਹੇਜ਼-ਡਰਬੀ ਦੀ ਟੀਮ 34 ਅੰਕ ਪ੍ਰਾਪਤ ਕਰਕੇ ਇਹ ਮੈਚ ਜਿੱਤ ਗਈ।

ਪੰਜਵਾਂ ਮੈਚ ਲੈਸਟਰ ਬ੍ਰੈਡਫੋਰਡ ਦੀ ਟੀਮ ਅਤੇ ਬਾਰਕਿੰਗ-ਗ੍ਰੇਵਜ਼ੈਂਡ ਕਲੱਬਾਂ ਦੀ ਟੀਮ ਦੇ ਦਰਮਿਆਨ ਖੇਡਿਆ ਗਿਆ। ਲੈਸਟਰ ਬ੍ਰੈਡਫੋਰਡ ਦੀ ਟੀਮ ਵਿੱਚ ਆਤੀ, ਗੁਰਨਾਮ ਸਲਾਣੇ ਵਾਲਾ, ਸ਼ੀਰਾ ਚੱਕਪੁਰੀਆ ਤੇ ਅਜੀਤ ਚੱਠਾ ਰੇਡਾਂ ਪਾ ਰਹੇ ਸਨ ਤੇ ਮੱਛੋ ਜੱਟ, ਮਨੀ ਦਿਆਲਪੁਰ ਤੇ ਹਰਪਾਲ ਜੱਫੇ ਲਾ ਰਹੇ ਸਨ। ਦੂਜੇ ਪਾਸੇ ਗ੍ਰੇਵਜ਼ੈਂਡ-ਬਾਰਕਿੰਗ ਦੀ ਟੀਮ ਵਿੱਚ ਮਾਹਲਾ ਗੋਬਿੰਦਪੁਰੀਆ, ਦੀਪਕ ਕਾਸ਼ੀ ਪੁਰ ਨੇ ਸੋਹਣੀਆਂ ਰੇਡਾਂ ਪਾਈਆਂ। ਚੱਕ ਦੇਸ ਦੇਸ ਰਾਜ ਵਾਲੇ ਨੇ ਆਤੀ ਨੂੰ ਤਕੜਾ ਜੱਫਾ ਲਾ ਦਿੱਤਾ। ਰਾਜਾ ਪੱਧਰੀ ਵੀ ਜਾਫ ਲਾਈਨ ਤੇ ਕਾਇਮ ਸੀ। ਇਸ ਮੈਚ ਦੌਰਾਨ ਇਕ ਨੰਬਰ ਦਾ ਰੌਲਾ ਪੈ ਗਿਆ। ਰੀਪਲੇ ਕਰਨ ਪਿੱਛੋਂ ਇਸ ਦਾ ਫ਼ੈਸਲਾ ਗ੍ਰੇਵਜ਼ੈਂਡ ਟੀਮ ਦੇ ਹੱਕ ਵਿੱਚ ਹੋ ਗਿਆ ਤੇ ਇਸ ਤਰ੍ਹਾਂ ਲੈਸਟਰ ਬ੍ਰੈਡਫੋਰਡ ਦੇ 36 ਅੰਕਾਂ ਦੇ ਮੁਕਾਬਲੇ ਲੈਸਟਰ ਬ੍ਰੈਡਫੋਰਡ ਦੀ ਟੀਮ ਸਾਢੇ 36 ਅੰਕ ਭਾਵ ਅੱਧੇ ਅੰਕ ਦੇ ਫ਼ਰਕ ਨਾਲ ਜਿੱਤ ਗਈ।

ਛੇਵਾਂ ਮੈਚ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਅਤੇ ਦੂਜੇ ਪਾਸੇ ਕਵੈਂਟਰੀ-ਬ੍ਰਮਿੰਘਮ ਦੀਆਂ ਟੀਮਾਂ ਵਿੱਚ ਖੇਡਿਆ ਗਿਆ। ਮਿਡਵੇ ਟੀਮ ਦੇ ਪ੍ਰਤਾਪ ਨੇ ਜੱਫਾ ਲਾ ਦਿੱਤਾ। ਦੂਜੇ ਪਾਸੇ ਛੋਟਾ ਨਾਥ ਵਧੀਆ ਰੇਡਾਂ ਪਾ ਗਿਆ। ਦਿਆਲ ਪੁਰੀਏ ਨੇ ਵੀ ਜੱਫੇ ਲਾਉਣ ਦੀ ਕੋਸ਼ਿਸ਼ ਕੀਤੀ। ਦੂਜੇ ਬੰਨੇ ਬਾਰਕਿੰਗ-ਕਵੈਂਟਰੀ ਦੇ ਜੋਧਾ ਤਲਵੰਡੀ ਨੂੰ ਜੱਫਾ ਲੱਗ ਗਿਆ, ਪਰ ਬਾਅਦ ਵਿੱਚ ਉਹ ਨਹੀਂ ਰੁਕਿਆ। ਅਮਨ ਖੱਤਰੀ ਵੀ ਜੱਫੇ ਲਾ ਗਿਆ, ਹੇਮਾ ਖੀਰਾਂਵਾਲੀ ਤੇ ਪ੍ਰਦੀਪ ਗੁਰੂ ਵਾਲੀਆ ਰੇਡਾਂ ਪਾ ਰਹੇ ਸਨ। ਨੇਕਾ ਮੈਰੀਪੁਰੀਆ ਟੀਮ ਨੂੰ ਜਿਤਾਉਣ ਲਈ ਵਾਰ ਵਾਰ ਗਰਾਊਂਡ ਵਿੱਚ ਗੇੜੇ ਲਾ ਰਿਹਾ ਸੀ। ਨੇਕੇ ਦੇ ਸਾਰੇ ਸਾਥੀ ਖਿਡਾਰੀਆਂ ਨੂੰ ਹੱਲਾਸ਼ੇਰੀ ਦਿੰਦੇ ਨਜ਼ਰ ਆਏ। ਪਰ ਦੂਜੇ ਪਾਸੇ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਦੀ ਟੀਮ ਸਾਢੇ 29 ਦੇ ਮੁਕਾਬਲੇ 39 ਅੰਕ ਲੈ ਕੇ ਸੈਮੀ ਫਾਈਨਲ ਵਿੱਚ ਪਹੁੰਚ ਗਈ।

ਪਹਿਲਾ ਸੈਮੀਫਾਈਨਲ ਬਾਰਕਿੰਗ-ਕਵੈਂਟਰੀ ਅਤੇ ਟੈਲਫੋਰਡ ਕਲੱਬ ਦੇ ਦਰਮਿਆਨ ਹੋਇਆ। ਬਾਰਕਿੰਗ ਕਵੈਂਟਰੀ ਦੇ ਸ਼ਹਿਜ਼ਾਦ ਸ਼ਾਦੀ, ਦੀਪਕ ਕਾਸ਼ੀਪੁਰ, ਮਾਹਲਾ ਗੋਬਿੰਦਪੁਰ ਨੇ ਸੋਹਣੀਆਂ ਰੇਡਾਂ ਪਾਈਆਂ। ਪਰ ਟੈਲਫੋਰਡ ਦੇ ਦੂਲਾ ਸ਼ੂਸ਼ਕ ਅਤੇ ਖੁਸ਼ੀ ਦੁੱਗਾਂਵਾਲੇ ਅੱਗੇ ਬਹੁਤ ਪੇਸ਼ ਨਾ ਗਈ। ਨਾਲ ਹੀ ਕੁਲਵਿੰਦਰ ਧਰਮਪੁਰਾ ਤਾਂ ਰੁਕਦਾ ਹੀ ਨਹੀਂ ਸੀ, ਰਾਕੇਸ਼ ਵੀ ਸੋਹਣੀ ਰੇਡ ਪਾ ਗਿਆ। ਇਸ ਤਰ੍ਹਾਂ ਪਹਿਲਾ ਸੈਮੀਫਾਈਨਲ ਟੈਲਫੋਰਡ ਦੀ ਟੀਮ 38 ਦੇ ਮੁਕਾਬਲੇ ਸਾਢੇ 40 ਅੰਕ ਲੈ ਕੇ ਜਿੱਤ ਗਈ ਤੇ ਸਿੱਧੀ ਫਾਈਨਲ ਵਿੱਚ ਥਾਂ ਬਣਾ ਗਈ।

ਦੂਜਾ ਸੈਮੀ ਫਾਈਨਲ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਅਤੇ ਹੇਜ਼-ਡਰਬੀ ਟੀਮ ਦੇ ਵਿਚਕਾਰ ਹੋਇਆ। ਹੇਜ਼ ਡਰਬੀ ਦੇ ਖਿਡਾਰੀਆਂ ਵਿੱਚ ਜਰਮਨਜੀਤ ਲੱਡਾ, ਇੰਦੂ ਰੁੜਕਾ, ਸੁਖਬੀਰ ਗੁਰੂਸਰ, ਅਰਸ਼ ਬਰਨਾਲਾ ਧਾਵੀ ਅਤੇ ਹਰਮਨ ਘੋਲੀਆ, ਬਿੱਲਾ ਕੁੜ ਸ਼ਾਪਾ, ਇੰਦਰ ਤਲਵੰਡੀ, ਅਰਸ਼ ਲੁਹਾਰਾ, ਲੱਖਾ ਸਰਾਵਾਂ ਜਾਫ਼ ਲਈਨ ਤੇ ਡਟੇ ਖੜ੍ਹੇ ਸਨ। ਹੇਜ਼ ਡਰਬੀ ਦੇ 37 ਅੰਕਾਂ ਦੇ ਮੁਕਾਬਲੇ ਮਿਡਵੇ-ਸਿੱਖ ਟੈਂਪਲ ਵੁਲਵਰਹੈਂਪਟਨ ਟੀਮ ਸਾਢੇ 49 ਅੰਕ ਲੈ ਕੇ ਫਾਈਨਲ ਵਿੱਚ ਪਹੁੰਚ ਗਈ।

ਅਗਲਾ ਮੈਚ ਬੀ ਗਰੁੱਪ ਦੀਆਂ ਟੀਮਾਂ ਵਿੱਚ ਸੀ। ਜੋ ਬਾਬਾ ਦੀਪ ਸਿੰਘ ਜੀ ਕਲੱਬ ਅਤੇ ਪੰਜਾਬ ਯੂਨਾਈਟਿਡ ਮੋੜ ਕਲੱਬਾਂ ਦੇ ਦਰਮਿਆਨ ਖੇਡਿਆ ਗਿਆ। ਬਾਬਾ ਦੀਪ ਸਿੰਘ ਕਲੱਬ ਦੇ ਰੇਡਰ ਹੈਰੀ, ਸ਼ੀਰਾ, ਕੁਲਬੀਰ ਅਤੇ ਲੱਡੂ ਨੇ ਨੰਬਰਾਂ ਦੀ ਵਾਟ ਲਾ ਦਿੱਤੀ। ਦੂਜੇ ਪਾਸੇ ਮੋੜ ਕਲੱਬ ਦੇ ਮਨਰਾਜ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਏਨਾ ਸਫ਼ਲ ਨਾ ਹੋ ਸਕਿਆ। ਏਧਰੋਂ ਜਸਕਰਨ, ਅਮਾਨਤ ਅਤੇ ਰਣਜੀਤ ਰੇਡਾਂ ਪਾ ਰਹੇ ਸਨ। ਅੰਤ ਮੋੜ ਕਲੱਬ ਦੇ 27 ਦੇ ਮੁਕਾਬਲੇ ਬਾਬਾ ਦੀਪ ਸਿੰਘ ਜੀ ਕਲੱਬ 40 ਅੰਕ ਲੈ ਕੇ ਫਾਈਨਲ ਜਿੱਤ ਗਈ ਤੇ ਇਥੇ ਵੀ ਮੋੜ ਕਲੱਬ ਦੂਜੇ ਨੰਬਰ ਦਾ ਕੱਪ ਲੈ ਗਈ।

ਫਾਈਨਲ ਮੈਚ ਵੇਲੇ ਦਰਸ਼ਕਾਂ ਦਾ ਠਾਠਾਂ ਮਾਰਦਾ ਇਕੱਠ ਦੱਸਦਾ ਸੀ ਕਿ ਕੁੱਝ ਅਲੋਕਾਰੀ ਹੋਣ ਵਾਲੀ ਹੈ। ਬਹੁਤ ਸਾਰੇ ਦਰਸ਼ਕ ਜੋ ਫਾਈਨਲ ਟੀਮਾਂ ਦੇ ਸਮਰਥਕ ਸਨ, ਪ੍ਰਬੰਧਕਾਂ ਵੱਲੋਂ ਰੋਕਣ ਦੇ ਬਾਵਜੂਦ ਬੈਰੀਅਰਾਂ ਦਾ ਘੇਰਾ ਤੋੜ ਕੇ ਗਰਾਊਂਡ ਵਿੱਚ ਆ ਬੈਠੇ। ਇੱਕ ਪਾਸੇ ਟੈਲਫੋਰਡ ਮੇਜ਼ਬਾਨ ਕਲੱਬ ਦੀ ਟੀਮ ਤੇ ਦੂਜੇ ਪਾਸੇ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਦੀ ਟੀਮ ਦੇ ਖਿਡਾਰੀ ਖੇਡ ਦੇ ਮੈਦਾਨ ਵਿੱਚ ਆ ਗਏ। ਰੈਫਰੀ ਮਨੀ ਧੁਰ ਤੇ ਬਿੱਲਾ ਗਾਲਬ ਵੀ ਤਿਆਰ ਸਨ।

ਟੈਲਫੋਰਡ ਦਾ ਕੁਲਵਿੰਦਰ ਧਰਮਪੁਰਾ ਰੇਡ ਪਾਉਂਦਿਆਂ ਈ ਨੰਬਰ ਲੈ ਆਇਆ। ਨਾਲ ਲੱਗਦੇ ਹੱਥ ਖੁਸ਼ੀ ਨੇ ਕਰੀਮ ਉਲਾ ਨੂੰ ਜੱਫਾ ਲਾ ਦਿੱਤਾ। ਟੈਲਫੋਰਡ ਦੇ ਜਾਫ਼ੀ ਨੇ ਛੋਟਾ ਨਾਥ ਵੀ ਰੋਕ ਲਿਆ। ਰਾਕੇਸ਼ ਦੇ ਕੁਲਵਿੰਦਰ ਰੋਕਿਆਂ ਨਹੀਂ ਰੁਕਦੇ ਸਨ। ਲੱਠੇ ਜਵਾਨਾਂ ਨੇ ਸੋਹਣੀ ਖੇਡ ਦਿਖਾਈ। ਸੋਨੀ ਵੀ ਵਿੱਚ ਵਿੱਚ ਜੱਫੇ ਲਾ ਰਿਹਾ ਸੀ। ਮਿਡਵੇ-ਸਿੱਖ ਟੈਂਪਲ ਦੇ ਖਿਡਾਰੀ ਵੀ ਮੇਸ਼ੀ ਹਰਖੋਵਾਲ ਡਬਲ ਟੱਚ ਦਾ ਨੰਬਰ ਲੈ ਆਇਆ ਪਰ ਛੋਟੇ ਨਾਥ ਨੂੰ ਦੂਲੇ ਨੇ ਵੀ ਜੱਫਾ ਲਾ ਦਿੱਤਾ। ਓਧਰ ਪ੍ਰਤਾਪ ਕੜਿਆਣੇ ਨੇ ਬੁਰੀਆ ਰੋਕ'ਤਾ। ਜਸ਼ਨ ਨੇ ਵੀ ਸੋਹਣੀਆਂ ਰੇਡਾਂ ਪਾਈਆਂ। ਅੱਧੇ ਟਾਈਮ ਤੱਕ ਕੇਵਲ ਅੱਧੇ ਅੰਕ ਦਾ ਫ਼ਰਕ ਸੀ, ਟੈਲਫੋਰਡ 24 ਅੰਕ ਲੈ ਕੇ ਅਧਾ ਅੰਕ ਅੱਗੇ ਸੀ। ਦਰਸ਼ਕ ਤੇ ਕਲੱਬਾਂ ਦੇ ਪ੍ਰਬੰਧਕ ਸਾਹ ਸੂਤ ਕੇ ਬੈਠੇ ਸਨ। ਪਰ ਅੰਤ ਵਿੱਚ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਦੇ ਸਾਢੇ 43 ਦੇ ਮੁਕਾਬਲੇ ਟੈਲਫੋਰਡ 47 ਅੰਕ ਲੈ ਕੇ ਫਾਈਨਲ ਕੱਪ ਜਿੱਤ ਗਈ। ਬੈਸਟ ਰੇਡਰ ਕੁਲਵਿੰਦਰ ਧਰਮਪੁਰਾ ਅਤੇ ਬੈਸਟ ਸਟਾਪਰ ਦਾ ਇਨਾਮ ਦੂੱਲਾ ਸ਼ੂਸ਼ਕ ਨੂੰ ਦਿੱਤੇ ਗਏ। ਟੈਲਫੋਰਡ ਕਲੱਬ ਵੱਲੋਂ ਲੋਕ ਗਾਇਕ ਨਿਰਮਲ ਸਿੱਧੂ ਦਾ ਮਾਣ ਸਨਮਾਨ ਕੀਤਾ ਗਿਆ ਅਤੇ ਅਖੀਰ ਵਿੱਚ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ।

# ਪੰਜਾਬ ਟਾਈਮਜ਼ ਯੂ ਕੇ ਦੇ ਪੱਤਰਕਾਰ ਅਤੇ ਅਜੀਤ ਜਲੰਧਰ ਦੇ ਯੂ ਕੇ ਵਿੱਚ ਨੁਮਾਇੰਦੇ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਪਿਤਾ ਸ: ਹਰਨੇਕ ਸਿੰਘ ਸਿੱਧੂ ਨੂੰ ਅੰਤਿਮ ਵਿਦਾਇਗੀ

## ਅੰਤਿਮ ਅਰਦਾਸ ਮੌਕੇ ਅਹਿਮ ਸ਼ਖਸੀਅਤਾਂ ਵੱਲੋਂ ਸ਼ਰਧਾਂਜ਼ਲੀ ਅਰਪਿਤ ਕੀਤੀ ਗਈ








1) ਮਾਸਟਰ ਹਰਨੇਕ ਸਿੰਘ ਸਿੱਧੂ 2) ਮਨਪ੍ਰੀਤ ਸਿੰਘ ਬੱਧਨੀ ਅਤੇ ਨੰਬਰਦਾਰ ਅਮਨਦੀਪ ਸਿੰਘ ਸਿੱਧੂ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਸੁਸਾਇਟੀ ਦੇ ਮੈਂਬਰ 3) ਸਵਰਗੀ ਹਰਨੇਕ ਸਿੰਘ ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਬੁਲਾਰੇ

**ਪੰਜਾਬ ਟਾਈਮਜ਼ ਯੂ ਕੇ ਦੇ ਪੱਤਰਕਾਰ ਅਤੇ ਅਜੀਤ ਜਲੰਧਰ ਦੇ ਯੂ ਕੇ ਪ੍ਰਤੀਨਿੱਧ ਸ: ਮਨਪ੍ਰੀਤ ਸਿੰਘ ਬੱਧਨੀ ਕਲਾਂ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਸ: ਹਰਨੇਕ ਸਿੰਘ ਸਿੱਧੂ ਮਾਸਟਰ ਜੀ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਇਸ ਲਈ ਮਨਪ੍ਰੀਤ ਸਿੰਘ ਨੂੰ ਆਪਣੇ ਪਿਤਾ ਦੇ ਅੰਤਿਮ ਦਰਸ਼ਨ ਅਤੇ ਸੰਸਕਾਰ ਦੀਆਂ ਰਸਮਾਂ ਵਾਸਤੇ ਪੰਜਾਬ ਗਏ ਹੋਏ ਹਨ । ਮਾਸਟਰ ਸ: ਹਰਨੇਕ ਸਿੰਘ ਜੀ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ ।**

ਮਾਸਟਰ ਹਰਨੇਕ ਸਿੰਘ ਸਿਧੂ ਦਾ ਜਨਮ 15 ਮਈ 1944 ਨੂੰ ਪਿਤਾ ਪੂਰਨ ਸਿੰਘ ਸਿਧੂ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਕਸਬਾ ਬਧਨੀ ਕਲਾਂ ਵਿਖੇ ਹੋਇਆ । ਮੁਢਲੀ ਸਿਖਿਆ ਕਸਬੇ ਦੇ ਸਰਕਾਰੀ ਸਕੂਲ ਤੋਂ ਕਰਨ ਉਪਰੰਤ ਡੀ ਐਮ ਕਾਲਜ ਮੋਗਾ ਤੋਂ ਬੀਏ ਅਤੇ ਆਰਟ ਐਂਡ ਕਰਾਫ਼ਟ ਦਾ ਕੋਰਸ ਨਵਾਂ ਸ਼ਹਿਰ ਤੋਂ ਕੀਤਾ । ਰੋਪੜ ਏਰੀਏ 'ਚ ਪ੍ਰਾਈਵੇਟ ਅਧਿਆਪਕ ਵਜੋਂ ਨੌਕਰੀ ਦਾ ਸਫ਼ਰ ਸ਼ੁਰੂ ਕਰਦਿਆਂ ਸੰਨ 1971 'ਚ ਸਰਕਾਰੀ ਹਾਈ ਸਕੂਲ ਸਿਵੀਆਂ 'ਚ ਬਤੌਰ ਡਰਾਇੰਗ ਅਧਿਆਪਕ ਭਰਤੀ ਹੋਏ । ਇਸ ਉਪਰੰਤ ਮਾਛੀਕੇ ਦੇ ਸਰਕਾਰੀ ਹਾਈ ਸਕੂਲ 'ਚ ਪੜ੍ਹਾਉਣ ਤੋਂ ਬਾਅਦ 1977 ਤੋਂ ਲੈ ਕੇ 2002 ਤਕ ਲਗਾਤਾਰ 25 ਸਾਲ ਸਰਕਾਰੀ ਹਾਈ ਸਕੂਲ ਬਧਨੀ ਕਲਾਂ ਵਿਖੇ ਆਪਣੀਆਂ ਸੇਵਾਵਾਂ ਨੂੰ ਬਾਖੂਬੀ ਨਿਭਾਉਂਦਿਆਂ ਇਥੋਂ ਹੀ ਸੇਵਾ ਮੁਕਤ ਹੋ ਗਏ । ਆਪ ਦਾ ਵਿਆਹ ਸੰਨ 1970 'ਚ ਪਿੰਡ ਕੋਕਰੀ ਕਲਾਂ ਦੇ ਖ਼ਾਨਦਾਨੀ ਪਰਿਵਾਰ 'ਚ ਹਰਦਿਆਲ ਸਿੰਘ ਦੀ ਸਪੁਤਰੀ ਬਲਜੀਤ ਕੌਰ ਨਾਲ ਹੋਇਆ । ਆਪ ਦੇ ਘਰ 2 ਧੀਆਂ ਨਵਦੀਪ ਕੌਰ, ਸੰਦੀਪ ਕੌਰ ਅਤੇ 2 ਪੁਤਰਾਂ ਦੀ ਦਾਤ ਬਖ਼ਸ਼ੀ । ਆਪ ਦਾ ਵਡਾ ਸਪੁਤਰ ਮਨਪ੍ਰੀਤ ਸਿੰਘ ਬਧਨੀ ਯੂਕੇ 'ਚ ਅਦਾਰਾ 'ਅਜੀਤ' ਦੇ ਪ੍ਰਤੀਨਿਧ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ ਤੇ ਛੋਟਾ ਪੁਤਰ ਅਮਨਦੀਪ ਸਿੰਘ ਸਿਧੂ ਨੰਬਰਦਾਰ ਤੋਂ ਇਲਾਵਾ ਸ਼ਹਿਰ ਦੀ ਸਿਆਸਤ 'ਚ ਰਹਿ ਕੇ ਚੰਗਾ ਨਾਮਣਾ ਖਟ ਰਿਹਾ ਹੈ । ਅੰਤ ਆਪਣੇ ਘਰ ਦੀ ਬਾਗ ਬਗੀਚੀ ਦੀ ਸੰਭਾਲ ਕਰਦਿਆਂ ਬੀਤ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ।

ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਪਤਵੰਤੇ ਸੱਜਣਾਂ ਵੱਲੋਂ ਮਨਪ੍ਰੀਤ ਸਿੰਘ ਸਿੱਧੂ ਅਤੇ ਉਹਨਾਂ ਦੇ ਭਰਾ ਨੰਬਰਦਾਰ ਅਮਨਦੀਪ ਸਿੰਘ ਸਿੱਧੂ ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਨਪ੍ਰੀਤ ਸਿੰਘ ਦੇ ਪੰਜਾਬ ਪੁੱਜਣ ਤੇ ਉਹਨਾਂ ਦੇ ਪਿਤਾ ਜੀ ਦੀ ਮ੍ਰਿਤਕ ਦੇਹ ਦਾ 21 ਮਈ ਨੂੰ ਉਹਨਾਂ ਦੇ ਜੱਦੀ ਨਗਰ ਬੱਧਨੀ ਕਲਾਂ ਵਿਖੇ ਕੀਤਾ ਗਿਆ । ਸ: ਹਰਨੇਕ ਸਿੰਘ ਦੇ ਅਕਾਲ ਚਲਾਣੇ ਤੇ ਸ: ਮਨਪ੍ਰੀਤ ਸਿੰਘ ਸੰਧੂ ਅਤੇ ਨੰਬਰਦਾਰ ਅਮਨਦੀਪ ਸਿੰਘ ਸੰਧੂ ਨਾਲ ਉਹਨਾਂ ਦੇ ਬਹੁਤ ਸਾਰੇ ਸਨੇਹੀਆਂ ਅਤੇ ਸ਼ੁੱਭ ਚਿੰਤਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਟਾਈਮਜ਼ ਦੇ ਸੇਵਾਦਾਰ, ਗੁਰਦੁਆਰਾ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਅਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਸ: ਰਘਬੀਰ ਸਿੰਘ, ਹਰਜਿੰਦਰ ਸਿੰਘ ਮੰਡੇਰ, ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਬੁਲਾਰੇ ਸ: ਰਾਜਮਨਵਿੰਦਰ ਸਿੰਘ ਰਾਜਾ ਕੰਗ, ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਤੀਰ ਗਰੁੱਪ ਦੇ ਚੇਅਰਮੈਨ ਸ: ਬਰਿੰਦਰ ਸਿੰਘ ਬਿੱਟੂ, ਸ਼ਿੰਗਾਰਾ ਸਿੰਘ ਰੰਧਾਵਾ, ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਸਾਬਕਾ ਪ੍ਰਧਾਨ ਅਤੇ ਯੂ ਕੇ ਤੇ ਯੂਰਪ ਦੇ ਕਨਵੀਨਰ ਦਲਜੀਤ ਸਿੰਘ ਸਹੋਤਾ, ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਪ੍ਰਧਾਨ ਕਮਲਜੀਤ ਸਿੰਘ ਧਾਲੀਵਾਲ, ਸ਼ਿੰਗਾਰਾ ਸਿੰਘ ਰੰਧਾਵਾ, ਇੰਗਲੈਂਡ ਕਬੱਡੀ ਫ਼ੈਡਰੇਸ਼ਨ ਦੇ ਆਗੂ ਕੁਲਵੰਤ ਸਿੰਘ ਸੰਘਾ ਲੈਸਟਰ, ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ, ਪਿਆਰਾ ਸਿੰਘ ਰੰਧਾਵਾ, ਨਿਰਮਲ ਸਿੰਘ ਲੱਡੂ, ਦਵਿੰਦਰ ਸਿੰਘ, ਸੋਖਾ ਢੇਸੀ ਸਮੇਤ ਹੋਰ ਬਹੁਤ ਸਾਰੇ ਆਗੂਆਂ, ਵੱਖ-ਵੱਖ ਸਿਆਸੀ, ਧਾਰਮਿਕ, ਸਮਾਜ ਸੇਵੀ ਆਗੂਆਂ ਅਤੇ ਪੱਤਰਕਾਰਾਂ ਨੇ ਪੱਤਰਕਾਰ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ਣ ।

ਸ: ਹਰਨੇਕ ਸਿੰਘ ਜੀ ਦੀ ਆਤਮਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ 25 ਮਈ 2025 ਦਿਨ ਐਤਵਾਰ ਨੂੰ ਵੱਡਾ ਗੁਰਦੁਆਰਾ ਸਾਹਿਬ ਸਾਹਮਣੇ ਪੁਲਿਸ ਸਟੇਸ਼ਨ ਮੇਨ ਰੋਡ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪਾਇਆ ਗਿਆ । ਇਸ ਮੌਕੇ ਭਾਈ ਸਿਮਰਜੀਤ ਸਿੰਘ ਦੇ ਕੀਰਤਨੀ ਜਥੇ ਵੱਲੋਂ ਵੈਰਾਗ ਮਈ ਕੀਰਤਨ, ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਵੱਲੋਂ ਅਰਦਾਸ ਤੇ ਗਿਆਨੀ ਕਰਮਜੀਤ ਸਿੰਘ ਵੱਲੋਂ ਗੁਰਬਾਣੀ ਦਾ ਜਾਪੁ ਕੀਤਾ ਗਿਆ। ਇਸ ਸਮੇਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਕਿਹਾ ਕਿ ਹਰ ਪ੍ਰਾਣੀ ਜਦੋਂ ਦੁਨੀਆਂ ਤੋਂ ਚਲਾ ਜਾਂਦਾ ਹੈ ਤਾਂ ਉਸ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ। ਅੱਜ ਦਾ ਇਹਗ ਸੰਗਤ ਰੂਪੀ ਭਰਵਾਂ ਇਕੱਠ ਮਾਸਟਰ ਜੀ ਦੇ ਚੰਗੇ ਵਿਚਾਰਾਂ ਦੀ ਗਵਾਹੀ ਭਰਦਾ ਹੈ। ਕਰਨੈਲ ਸਿੰਘ ਪੀਰ ਮੁਹੰਮਦ ਸਾਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕਿਹਾ ਕਿ ਪਰਿਵਾਰ ਨੇ ਇਲਾਕੇ 'ਚ ਨਹੀਂ ਸਗੋਂ ਦੇਸ਼-ਵਿਦੇਸ਼ ਵਿੱਚ ਵੀ ਨਾਮਣਾ ਖੱਟਿਆ ਹੈ। ਡਾ: ਨਿਰਮਲ ਸਿੰਘ ਜੌੜਾ ਨੇ ਕਿਹਾ ਕਿ ਜਿਵੇਂ ਅਮਨਦੀਪ ਸਿੰਘ ਸਿੱਧੂ ਆਪਣੇ ਕਸਬੇ 'ਚ ਨੰਬਰਦਾਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ ਉਸੇ ਤਰ੍ਹਾਂ ਹੀ ਮਨਪ੍ਰੀਤ ਸਿੰਘ ਨੇ ਵੀ ਯੂ ਕੇ 'ਚ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ। ਕਮਲਜੀਤ ਸਿੰਘ ਬਰਾੜ ਨੇ ਕਿਹਾ ਕਿ ਹਰਨੇਕ ਸਿੰਘ ਸਿੱਧੂ ਨੇ ਸਿਰਫ਼ ਡਰਾਇੰਗ ਅਧਿਆਪਕ ਵਜੋਂ ਹੀ ਕੰਮ ਨਹੀਂ ਕੀਤਾ ਸੌ ਲੱਖਾਂ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਬਣ ਕੇ ਉਨ੍ਹਾਂ ਦੀ ਚੰਗੀ ਜ਼ਿੰਦਗੀ ਦੀਆਂ ਲਕੀਰਾਂ ਬਣਾਉਣ ਦਾ ਕੰਮ ਵੀ ਕੀਤਾ। ਇਹਨਾਂ ਦੇ ਇਲਾਵਾ ਅੰਮ੍ਰਿਤਪਾਲ ਸਿੰਘ ਖਾਲਸਾ, ਜਗਜੀਵਨ ਰਾਮ ਗੋਇਲ, ਨਿਰਮਲ ਸਿੰਘ, ਪਰਮਿੰਦਰ ਸਿੰਘ ਡਿੰਪਲ ਆਦਿ ਨੇ ਵੀ ਹਾਜ਼ਰੀ ਲਵਾਈ। ਗੁਰ-ਦੁਆਰਾ ਪ੍ਰਬੰਧਕ ਸੁਸਾਇਟੀ ਵੱਲੋਂ ਉਹਨਾਂ ਦੇ ਸਪੁੱਤਰਾਂ, ਮਨਪ੍ਰੀਤ ਸਿੰਘ ਬੱਧਨੀ ਕਲਾਂ ਅਤੇ ਅਮਨਦੀਪ ਸਿੰਘ ਸਿੱਧੂ ਨੂੰ ਇੱਕ ਯਾਦਗਾਰੀ ਇਤਿਹਾਸਕ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਅਜੀਤ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ: ਬਰਜਿੰਦਰ ਸਿੰਘ ਹਮਦਰਦ ਵੱਲੋਂ ਭੇਜਿਆ ਗਿਆ ਸ਼ੋਕ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਗਿਆ।

ਮਨਪ੍ਰੀਤ ਸਿੰਘ ਬੱਧਨੀ ਨੇ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਕਿਹਾ ਕਿ ਮਾਸਟਰ ਜੀ ਦੇ ਸਪੁੱਤਰ ਹੋਣ ਦਾ ਮਾਣ ਮਹਿਸੂਸ ਹੋ ਰਿਹਾ ਹੈ। ਇਸ ਸਮੇਂ ਇਲਾਕੇ ਦੀਆਂ ਹੋਰ ਬਹੁਤ ਅਹਿਮ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ ਅਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

# ਰਾਸ਼ਟਰਪਤੀ ਟਰੰਪ ਨੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੂੰ ਪਾਈ ਝਾੜ, ਮੀਟਿੰਗ ਦਾ ਸਵਾਦ ਹੋਇਆ ਫਿੱਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਪੁੱਜੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸੀਰਿਲ ਰਾਮਾਫੋਸਾ ਗੋਲਫ ਪ੍ਰੇਮੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਖੁਸ਼ ਕਰਨ ਲਈ ਆਪਣੇ ਨਾਲ ਦੋ ਚੈਂਪੀਅਨਸ਼ਿੱਪ ਗੋਲਫ਼ਰਜ ਤੇ ਇਕ ਵੱਡੀ ਪੁਸਤਕ ਜਿਸ ਵਿਚ ਦੱਖਣੀ ਅਫਰੀਕਾ ਦੇ ਸ਼ਾਨਦਾਰ ਗੋਲਫ਼ ਮੈਦਾਨਾਂ ਦਾ ਵੇਰਵਾ ਸੀ, ਲੈ ਕੇ ਆਏ ਪਰੰਤੂ ਉਨਾਂ ਦੀ ਇਹ ਕੋਸ਼ਿਸ਼ ਨਾਕਾਮ ਰਹੀ। ਟਰੰਪ ਨੇ ਨਸਲਕੁੱਸ਼ੀ ਦੇ ਮਾਮਲੇ ਤੇ ਰਾਮਾਫੋਸਾ ਨੂੰ ਝਾੜ ਪਾਈ।**

ਦੋਨਾਂ ਆਗੂਆਂ ਵਿਚਾਲੇ ਹੋਈ ਇਕ ਘੰਟੇ ਦੀ ਮੀਟਿੰਗ ਫਰਵਰੀ ਵਿਚ ਯੁਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੰਸਕੀ ਨਾਲ ਹੋਈ ਮੀਟਿੰਗ ਵਰਗੀਆਂ ਕੌੜੀਆਂ ਯਾਦਾਂ ਛੱਡ ਗਈ। ਟਰੰਪ ਨੇ ਦੱਖਣੀ ਅਫਰੀਕੀ ਰਾਸ਼ਟਰਪਤੀ ਉਪਰ ਦੋਸ਼ ਲਾਇਆ ਕਿ ਉਹ ਵਾਈਟ ਅਫਰੀਕਨਾਂ ਵਿਰੁੱਧ ਨਸਲਕੁਸ਼ੀ ਦੇ ਮਾਮਲੇ ਨੂੰ ਠੀਕ ਸਾਬਤ ਕਰਨ ਦਾ ਯਤਨ ਕਰ ਰਹੇ ਹਨ। ਟਰੰਪ ਨੇ ਇਸ ਸਬੰਧੀ ਇਕ ਵੀਡੀਓ ਵੀ ਚਲਾਈ ਜਿਸ ਦਾ ਪ੍ਰਬੰਧ ਮੀਟਿੰਗ ਤੋਂ ਪਹਿਲਾਂ



ਕਰ ਲਿਆ ਗਿਆ ਸੀ। ਮੀਟਿੰਗ ਦੌਰਾਨ ਟਰੰਪ ਇਕ ਰਿਪੋਰਟਰ ਨੂੰ ਵੀ ਟੁੱਟ ਕੇ ਪੈ ਗਏ ਜਿਸ ਨੇ ਕਤਰ ਤੋਂ 40 ਕਰੋੜ ਡਾਲਰ ਦੀ ਲਾਗਤ ਵਾਲਾ ਜੈੱਟ ਜਹਾਜ਼ ਲੈਣ ਬਾਰੇ ਸਵਾਲ ਕੀਤਾ ਸੀ। ਮਾਹੌਲ ਗਰਮ ਹੁੰਦਾ ਵੇਖ ਕੇ ਰਾਮਾਫੋਸਾ ਨੇ ਕਿਹਾ ਮੈਨੂੰ ਅਫਸੋਸ ਹੈ ਕਿ ਤੁਹਾਨੂੰ ਦੇਣ ਲਈ ਮੇਰੇ ਕੋਲ ਜਹਾਜ਼ ਨਹੀਂ ਹੈ। ਇਸ ਤੇ ਟਰੰਪ ਨੇ ਕਿਹਾ ਜੇਕਰ ਤੁਹਾਡਾ ਦੇਸ਼ ਯੂ ਐਸ ਏਅਰ ਫੋਰਸ ਨੂੰ ਜਹਾਜ਼ ਦੀ ਪੇਸ਼ਕਸ਼ ਕਰਦਾ ਤਾਂ ਮੈ ਉਸ ਨੂੰ ਸਵਿਕਾਰ ਕਰ ਲੈਂਦਾ। ਇਸ ਤਕਰਾਰ ਦੇ ਪਿਛੋਕੜ ਨੂੰ ਵੇਖੀਏ ਤਾਂ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿਚ ਵਾਈਟ ਦੱਖਣੀ ਅਫਰੀਕੀ ਲੋਕਾਂ ਨੂੰ ਅਮਰੀਕਾ ਵਿਚ ਰਫਿਊਜੀ ਵਜੋਂ ਪ੍ਰਵਾਨ ਕਰਨ ਦਾ ਨਿਰਨਾ ਲਿਆ ਹੈ। ਇਹ ਨਿਰਨਾ ਉਸ ਸਮੇ ਲਿਆ ਗਿਆ ਹੈ ਜਦੋਂ ਟਰੰਪ ਪ੍ਰਸ਼ਾਸਨ ਨੇ ਹੋਰ ਰਫਿਊਜੀਆਂ ਖਾਸ ਕਰਕੇ ਕਾਲੇ ਲੋਕਾਂ ਦਾ ਅਮਰੀਕਾ ਵਿਚ ਸਵਾਗਤ ਕਰਨਾ ਬੰਦ ਕਰ ਦਿੱਤਾ ਹੈ। ਟਰੰਪ ਵਾਈਟ ਦੱਖਣੀ ਅਫਰੀਕੀ ਲੋਕਾਂ ਨਾਲ ਖੜੇ ਹਨ। ਟਰੰਪ ਦਾ ਕਹਿਣਾ ਹੈ ਕਿ ਦੱਖਣੀ ਅਫਰੀਕਾ ਵਿਚ ਨਵੇਂ ਕਾਨੂੰਨ ਤਹਿਤ ਘੱਟ ਗਿਣਤੀ ਵਾਈਟ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਕਾਨੂੰਨ ਤਹਿਤ ਦੱਖਣੀ ਅਫਰੀਕੀ ਸਰਕਾਰ ਜਨਤਿਕ ਹਿੱਤਾਂ ਲਈ ਬਿਨਾਂ ਮੁਆਵਜ਼ਾ ਦਿੱਤੇ ਕੋਈ ਵੀ ਜਾਇਦਾਦ ਜ਼ਬਤ ਕਰ ਸਕਦੀ ਹੈ। ਪਿਛਲੇ ਹਫਤੇ ਟਰੰਪ ਵੱਲੋਂ ਲਾਏ ਇਨਾਂ ਦੋਸ਼ਾਂ ਨੂੰ ਦੱਖਣੀ ਅਫਰੀਕੀ ਸਰਕਾਰ ਨੇ ਰੱਦ ਕਰ ਦਿੱਤਾ ਸੀ।

# ਬ੍ਰਿਟੇਨ ਵਿੱਚ ਫੁੱਟਬਾਲ ਪ੍ਰਸ਼ੰਸਕਾਂ ਨੂੰ ਕਾਰ ਨੇ ਕੁਚਲਿਆ, 47 ਜ਼ਖਮੀ

ਬ੍ਰਿਟੇਨ ਦੇ ਲਿਵਰਪੂਲ ਸ਼ਹਿਰ ਵਿੱਚ ਇੱਕ ਵਿਅਕਤੀ ਨੇ ਆਪਣੀ ਕਾਰ ਨਾਲ ਕਈ ਫੁੱਟਬਾਲ ਪ੍ਰਸ਼ੰਸਕਾਂ ਨੂੰ ਕੁਚਲ ਦਿੱਤਾ। ਹਾਦਸੇ ਵਿੱਚ 47 ਲੋਕ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ 27 ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਦੋਂ ਕਿ 20 ਦਾ ਮੌਕੇ 'ਤੇ ਹੀ ਇਲਾਜ ਕੀਤਾ ਗਿਆ।




ਇਹ ਪ੍ਰਸ਼ੰਸਕ ਪ੍ਰੀਮੀਅਰ ਲੀਗ ਵਿੱਚ ਲਿਵਰਪੂਲ ਫੁੱਟਬਾਲ ਕਲੱਬ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਇੱਕ ਜਿੱਤ ਪਰੇਡ ਕੱਢ ਰਹੇ ਸਨ। ਸਥਾਨਕ ਪੁਲਿਸ ਦੇ ਅਨੁਸਾਰ, ਸੋਮਵਾਰ ਸ਼ਾਮ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਵਾਟਰ ਸਟਰੀਟ 'ਤੇ ਇੱਕ ਕਾਰ ਨੇ ਕਈ ਪੈਦਲ ਯਾਤਰੀਆਂ ਨੂੰ ਟੱਕਰ ਮਾਰ ਦਿੱਤੀ। 53 ਸਾਲਾ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇਸ ਪਰੇਡ ਵਿੱਚ ਲਗਭਗ 10 ਲੱਖ ਲੋਕਾਂ ਨੇ ਹਿੱਸਾ ਲਿਆ। ਸਥਾਨਕ ਪੁਲਿਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਦੋਸ਼ੀ ਲਿਵਰਪੂਲ ਖੇਤਰ ਵਿੱਚ ਰਹਿਣ ਵਾਲਾ ਇੱਕ ਗੋਰਾ ਆਦਮੀ ਹੈ। ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਅੱਜ ਰਾਤ ਵਾਪਰੀ ਘਟਨਾ ਬਾਰੇ ਅੰਦਾਜ਼ਾ ਨਾ ਲਗਾਉਣ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਰੇਸ਼ਾਨ ਕਰਨ ਵਾਲੇ ਵੀਡੀਓ ਜਾਂ ਤਸਵੀਰਾਂ ਔਨਲਾਈਨ ਸਾਂਝੀਆਂ ਨਾ ਕਰਨ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


# ਭਾਰਤੀ ਉਡਾਨਾਂ 'ਤੇ ਪਾਬੰਦੀ ਇੱਕ ਮਹੀਨਾ ਹੋਰ ਵਧਾਏਗਾ ਪਾਕਿਸਤਾਨ: ਰਿਪੋਰਟ

ਪਾਕਿਸਤਾਨ ਨੇ ਆਪਣੇ ਹਵਾਈ ਖੇਤਰ ਚ ਭਾਰਤੀ ਉਡਾਨਾਂ ਲਈ ਪਾਬੰਦੀ ਨੂੰ ਇੱਕ ਹੋਰ ਮਹੀਨੇ ਲਈ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਹ ਖੁਲਾਸਾ ਇੱਕ ਮੀਡੀਆ ਰਿਪੋਰਟ ਵਿੱਚ ਕੀਤਾ ਗਿਆ ਹੈ। ਪਾਕਿਸਤਾਨ ਨੇ 22 ਅਪਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਨਵੀਂ ਦਿੱਲੀ ਵੱਲੋਂ ਚੁੱਕੇ ਗਏ ਕਦਮਾਂ ਤੋਂ ਬਾਅਦ ਪਿਛਲੇ ਮਹੀਨੇ ਭਾਰਤ ਲਈ ਆਪਣੇ ਹਵਾਈ ਖੇਤਰ ਤੇ ਪਾਬੰਦੀ ਲਗਾ ਦਿੱਤੀ ਸੀ। ਇਹ ਪਾਬੰਦੀ 23 ਮਈ ਤੱਕ ਇੱਕ ਮਹੀਨੇ ਲਈ ਲਗਾਈ ਗਈ ਸੀ ਕਿਉਂਕਿ ਅੰਤਰਰਾਸ਼ਟਰੀ ਸਿਵਲ ਹਵਾਬਾਜ਼ੀ ਸੰਗਠਨ (ICAO) ਦੇ ਨਿਯਮਾਂ ਅਨੁਸਾਰ ਇੱਕ ਸਮੇਂ ਵਿੱਚ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਹਵਾਈ ਖੇਤਰ ਦੀਆਂ ਪਾਬੰਦੀਆਂ ਨਹੀਂ ਲਗਾਈਆਂ ਜਾ ਸਕਦੀਆਂ। ਸੂਤਰਾਂ ਦੇ ਹਵਾਲੇ ਨਾਲ ਜੀਓ ਨਿਊਜ਼ ਨੇ ਰਿਪੋਰਟ ਦਿੱਤੀ ਕਿ ਪਾਬੰਦੀ ਨੂੰ ਵਧਾਉਣ ਦੇ ਫ਼ੈਸਲੇ ਦਾ ਐਲਾਨ ਬੁੱਧਵਾਰ ਜਾਂ ਵੀਰਵਾਰ ਨੂੰ ਕੀਤੇ ਜਾਣ ਦੀ ਉਮੀਦ ਹੈ ਅਤੇ ਏਅਰਮੈਨ ਨੂੰ ਨੋਟਿਸ (Notam) ਜਾਰੀ ਕੀਤਾ ਜਾਵੇਗਾ। ਇਹ ਫ਼ੈਸਲਾ ਪਹਿਲਗਾਮ ਅਤਿਵਾਦੀ ਹਮਲੇ ਦੇ ਜਵਾਬ ਵਿੱਚ 7 ਮਈ ਨੂੰ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅਤਿਵਾਦੀ ਟਿਕਾਣਿਆਂ ਤੇ ਅਪਰੇਸ਼ਨ ਸਿੰਧੂਰ ਤਹਿਤ ਭਾਰਤ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਦੋਵਾਂ ਗੁਆਂਢੀ ਮੁਲਕਾਂ ਵਿਚਾਲੇ ਵਧੇ ਤਣਾਅ ਦਰਮਿਆਨ ਲਿਆ ਗਿਆ ਹੈ।

# ਸ਼ੁਭਮਨ ਗਿੱਲ ਬਣੇ ਭਾਰਤੀ ਟੈਸਟ ਟੀਮ ਦੇ ਕਪਤਾਨ




ਸ਼ੁਭਮਨ ਗਿੱਲ ਨੂੰ ਸ਼ਨਿੱਚਰਵਾਰ ਨੂੰ ਭਾਰਤੀ ਕ੍ਰਿਕਟ ਟੈਸਟ ਟੀਮ ਦਾ ਨਵਾਂ ਕਪਤਾਨ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਰਿਸ਼ਭ ਪੰਤ ਟੀਮ ਦੇ ਉਪ ਕਪਤਾਨ ਹੋਣਗੇ। ਇਨ੍ਹਾਂ ਦੀ ਇਹ ਨਵੀਂ ਜ਼ਿੰਮੇਵਾਰੀ ਇੰਗਲੈਂਡ ਵਿੱਚ ਪੰਜ ਟੈਸਟ ਮੈਚਾਂ ਦੀ ਲੜੀ ਤੋਂ ਸ਼ੁਰੂ ਹੋਵੇਗੀ। ਟੀਮ ਦੀ ਅਗਵਾਈ ਬਾਰੇ ਚੋਣਕਾਰਾਂ ਦਾ ਫੈਸਲਾ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੇ ਸੰਨਿਆਸ ਤੋਂ ਬਾਅਦ ਉਮੀਦ ਅਨੁਸਾਰ ਹੀ ਆਇਆ ਹੈ। ਇਸ ਦੇ ਨਾਲ ਹੀ ਨੌਜਵਾਨ ਖੱਬੂ ਖਿਡਾਰੀ ਬੀ ਸਾਈ ਸੁਧਰਸਨ ਨੇ ਆਪਣਾ ਪਹਿਲਾ ਟੈਸਟ ਕਾਲ-ਅੱਪ ਹਾਸਲ ਕੀਤਾ ਹੈ। ਟੀਮ ਵਿੱਚ ਕਰੁਣ ਨਾਇਰ ਵੀ ਹੈ, ਜੋ ਸੱਤ ਸਾਲਾਂ ਬਾਅਦ ਕੌਮੀ ਸੈਟਅੱਪ ਵਿੱਚ ਵਾਪਸੀ ਕਰ ਰਿਹਾ ਹੈ। ਇਸ ਦੇ ਨਾਲ ਹੀ ਇੱਕ ਅਹਿਮ ਛਾਂਟੀ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਦੀ ਰਹੀ ਹੈ, ਜਿਸਨੂੰ ਲੰਬੀ ਲੜੀ ਲਈ ਲੋੜ ਮੁਤਾਬਕ ਫਿੱਟ ਨਹੀਂ ਮੰਨਿਆ ਗਿਆ ਅਤੇ ਇਸ ਲੜੀ ਲਈ ਟੀਮ ਵਿਚ ਸ਼ਾਮਲ ਨਹੀਂ ਕੀਤਾ ਗਿਆ।

# ਟਰੰਪ ਪ੍ਰਸ਼ਾਸਨ ਵੱਲੋਂ ਹਾਰਵਰਡ ਯੂਨੀਵਰਸਿਟੀ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ’ਤੇ ਰੋਕ

*ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਵਿੱਚ ਹੋਰ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਦਾਖਲੇ ਤੇ ਰੋਕ ਲਗਾ ਦਿੱਤੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਇਸ ਯੂਨੀਵਰਸਿਟੀ ਵਿਚ ਪੜ੍ਹਦੇ ਵਿਦੇਸ਼ੀ ਵਿਦਿਆਰਥੀਆਂ ਨੂੰ ਦੂਜੇ ਸਕੂਲਾਂ ਵਿੱਚ ਤਬਦੀਲ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ ਜਾਂ ਇਨ੍ਹਾਂ ਵਿਦਿਆਰਥੀਆਂ ਨੂੰ ਕਾਨੂੰਨੀ ਸਥਿਤੀ ਦਾ ਦਰਜਾ ਨਾ ਮਿਲਣ ਬਾਰੇ ਕਿਹਾ ਜਾ ਰਿਹਾ ਹੈ। ਇਸ ਤੋਂ ਇਲ-ਾਵਾ ਹੋਰ ਕਾਲਜਾਂ ਵਿੱਚ ਵੀ ਅਜਿਹਾ ਕਰਨ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ।*

ਜਾਣਕਾਰੀ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਦੇ ਸਟੂਡੈਂਟ ਐਕਸਚੇਂਜ ਵਿਜ਼ਟਰ ਪ੍ਰੋਗਰਾਮ (SEVP) ਦੀ ਮਾਨਤਾ ਰੱਦ ਕਰ ਦਿੱਤੀ ਹੈ ਜਿਸ ਤਹਿਤ ਯੂਨੀਵਰਸਿਟੀ ਹੁਣ 2025-2026 ਸਿੱਖਿਆ ਸੈਸ਼ਨ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਨਹੀਂ ਕਰ ਸਕਦੀ। ਅਮਰੀਕੀ ਪ੍ਰਸ਼ਾਸਨ ਨੇ ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਖ਼ਿਲਾਫ਼ ਵੀ ਅਜਿਹੀ ਕਾਰਵਾਈ ਹੋ ਸਕਦੀ ਹੈ।

ਹੋਮਲੈਂਡ ਸਕਿਓਰਿਟੀ ਸਕੱਤਰ ਕ੍ਰਿਸਟੀ ਨੋਏਮ ਨੇ ਯੂਨੀਵਰਸਿਟੀ ਨੂੰ 2025-2026 ਲਈ ਹਾਰਵਰਡ ਯੂਨੀਵਰਸਿਟੀ ਦੇ



ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਨੂੰ ਖਤਮ ਕਰਨ ਲਈ ਕਿਹਾ ਹੈ। ਨੋਏਮ ਨੇ ਯੂਨੀਵਰਸਿਟੀ ਤੇ ਹਿੰਸਾ ਤੇ ਜ਼ੋਰ ਦੇਣ ਅਤੇ ਚੀਨੀ ਕਮਿਊਨਿਸਟ ਪਾਰਟੀ ਨਾਲ ਤਾਲਮੇਲ ਕਰਨ ਦਾ ਦੋਸ਼ ਲਗਾਇਆ ਹੈ। ਦੂਜੇ ਪਾਸੇ ਹਾਰਵਰਡ ਯੂਨੀਵਰਸਿਟੀ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦਾ ਇਹ ਕਦਮ ਹਜ਼ਾਰਾਂ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਜੋ ਗਲਤ ਹੈ ਅਤੇ ਇਹ ਬਦਲੇ ਦੀ ਭਾਵਨਾ ਨਾਲ ਲਿਆ ਗਿਆ ਫੈਸਲਾ ਹੈ।

ਇਸ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਯੂਨੀਵਰਸਿਟੀ ਤੋਂ ਵਿਦੇਸ਼ੀ ਵਿਦਿਆਰਥੀਆਂ ਦੇ ਅੰਕੜੇ ਮੰਗੇ ਸਨ ਪਰ ਯੂਨੀਵਰਸਿਟੀ ਨੇ ਇਹ ਅੰਕੜੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ।

# ਟਰੰਪ ਨੇ ਐਪਲ ਦੇ ਟਿਮ ਕੁੱਕ ਨੂੰ ਦਿੱਤੀ ਚੇਤਾਵਨੀ, ਕਿਹਾ- ‘‘ਅਮਰੀਕਾ ’ਚ ਵੇਚੇ ਜਾਣ ਵਾਲੇ Apple ਅਮਰੀਕਾ ’ਚ ਬਣਾਏ ਜਾਣੇ ਚਾਹੀਦੇ

**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਐਪਲ ਦੇ ਸੀਈਓ ਟਿਮ ਕੁੱਕ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਅਮਰੀਕਾ ਵਿੱਚ ਵੇਚੇ ਜਾਣ ਵਾਲੇ ਆਈਫੋਨ ਅਮਰੀਕਾ ਵਿੱਚ ਬਣਾਏ ਜਾਣੇ ਚਾਹੀਦੇ ਹਨ - ਭਾਰਤ ਜਾਂ ਕਿਸੇ ਹੋਰ ਦੇਸ਼ ਵਿੱਚ ਨਹੀਂ, ਨਹੀਂ ਤਾਂ ਉਨ੍ਹਾਂ ਨੂੰ ਘੱਟੋ-ਘੱਟ 25% ਟੈਰਿਫ ਦਾ ਭੁਗਤਾਨ ਕਰਨਾ ਪਵੇਗਾ। ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ, ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਮੈਂ ਐਪਲ ਦੇ ਟਿਮ ਕੁੱਕ ਨੂੰ ਬਹੁਤ ਸਮਾਂ ਪਹਿਲਾਂ ਕਿਹਾ ਸੀ ਕਿ ਮੈਨੂੰ ਉਮੀਦ ਹੈ ਕਿ ਅਮਰੀਕਾ ਵਿੱਚ ਵਿਕਣ ਵਾਲੇ ਉਨ੍ਹਾਂ ਦੇ ਆਈਫੋਨ ਅਮਰੀਕਾ ਵਿੱਚ ਬਣਾਏ ਜਾਣਗੇ, ਭਾਰਤ ਜਾਂ ਕਿਤੇ ਹੋਰ ਨਹੀਂ।" ਇਹ ਉਦੋਂ ਹੋਇਆ ਜਦੋਂ ਪਿਛਲੇ ਹਫ਼ਤੇ ਟਰੰਪ ਨੇ ਕਿਹਾ ਸੀ ਕਿ ਉਸਨੇ ਕੁੱਕ ਨੂੰ ਭਾਰਤ ਵਿੱਚ ਪਲਾਂਟ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ।**



"ਮੈਨੂੰ ਕੱਲ੍ਹ ਟਿਮ ਕੁੱਕ ਨਾਲ ਥੋੜ੍ਹੀ ਜਿਹੀ ਪਰੇਸ਼ਾਨੀ ਹੋਈ," ਟਰੰਪ ਨੇ ਕਿਹਾ। "ਉਹ ਪੂਰੇ ਭਾਰਤ ਵਿੱਚ ਨਿਰਮਾਣ ਕਰ ਰਹੇ ਹਨ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਭਾਰਤ ਵਿੱਚ ਨਿਰਮਾਣ ਕਰੋ। ਐਪਲ ਆਪਣੇ ਜ਼ਿਆਦਾਤਰ ਆਈਫੋਨ ਚੀਨ ਵਿੱਚ ਬਣਾਉਂਦਾ ਹੈ ਅਤੇ ਅਮਰੀਕਾ ਵਿੱਚ ਇਸਦਾ ਕੋਈ ਸਮਾਰਟਫੋਨ ਉਤਪਾਦਨ ਨਹੀਂ ਹੈ। ਐਪਲ ਨੇ ਮਾਰਚ ਤੱਕ 12 ਮਹੀਨਿਆਂ ਵਿੱਚ ਭਾਰਤ ਵਿੱਚ $22 ਬਿਲੀਅਨ ਮੁੱਲ ਦੇ ਆਈਫੋਨ ਇਕੱਠੇ ਕੀਤੇ, ਜਿਸ ਨਾਲ ਇੱਕ ਸਾਲ ਪਹਿਲਾਂ ਨਾਲੋਂ ਉਤਪਾਦਨ ਵਿੱਚ ਲਗਭਗ 60% ਦਾ ਵਾਧਾ ਹੋਇਆ।"


**ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ**

**PUNJABI FOLK SINGERS, DANCERS AND MUSICIANS**

**URGENTLY REQUIRED**

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour

Dancers: £11.44 - £17.00 per hour

Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv

**Closing date for applications: 30 MAY 2025**



**VACANCIES**

**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**

**The required training will be provided.**

Person must have CSCS, Asbestos Awareness and Manual Handling

* Overseas candidates must do UK construction industry standard qualifications on arrival and before joining the job.

**Contact Mr. Randhawa via email below:**

**Email: jsrcontractslimited@gmail.com**

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੀ ਸ਼੍ਰੋਮਣੀ ਕਮੇਟੀ ਭਾਈ ਰਾਜੋਆਣਾ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪਣ ਦੀ ਕਰ ਰਹੀ ਏ ਤਿਆਰੀ ?

## ਕੀ ਭਾਈ ਰਾਜੋਆਣਾ ਅਕਾਲ ਤਖਤ ਦੀ ਜਥੇਦਾਰੀ ਬਾਰੇ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਨ ਸਮਰੱਥ ਹੋਣਗੇ ?

ਭਾਈ ਬਲਵੰਤ ਸਿੰਘ ਰਾਜੋਆਣਾ, ਜੋ ਪਟਿਆਲਾ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਹਨ, ਨੇ ਇੱਕ ਚਿੱਠੀ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਸਿੱਖ ਅਜਾਇਬ ਘਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਲਾਉਣ ਦੇ ਫੈਸਲੇ ਨੂੰ ਠੁਕਰਾਇਆ ਹੈ ਤੇ ਇਸ ਤਸਵੀਰ ਲਾਉਣ ਨੂੰ ਸਿੱਖ ਸ਼ਹਾਦਤਾਂ ਦੀ ਤੌਹੀਨ ਦੱਸਿਆ ਸੀ। ਇਸ ਚਿੱਠੀ ਉਪਰ ਸ਼੍ਰੋਮਣੀ ਕਮੇਟੀ ਵਲੋਂ ਫੈਸਲਾ ਮੁਲਤਵੀ ਕਰਨ ਨੇ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਲਈ ਉਨ੍ਹਾਂ ਦੇ ਨਾਂ ਦੀਆਂ ਅਫਵਾਹਾਂ ਨੂੰ ਵੀ ਜਨਮ ਦਿੱਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕੁਝ ਪੋਸਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਭਾਈ ਰਾਜੋਆਣਾ ਨੂੰ ਅਕਾਲ ਤਖਤ ਦਾ ਜਥੇਦਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ। ਪੰਥਕ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਅਕਾਲੀ ਦਲ (ਬਾਦਲ) ਦੀ ਸਿਆਸੀ ਮਜਬੂਰੀ ਕਾਰਨ ਅਜਿਹੇ ਫੈਸਲੇ ਹੋ ਸਕਦੇ ਹਨ, ਕਿਉਂਕਿ ਪਾਰਟੀ 'ਤੇ ਪੰਥਕ ਮੁੱਦਿਆਂ 'ਤੇ ਪਿਛਾਂਹ ਹਟਣ ਦੇ ਇਲਜ਼ਾਮ ਲੱਗਦੇ ਰਹੇ ਹਨ।



ਪੰਜਾਬ ਟਾਈਮਜ਼ ਦਾ ਪਖ ਹੈ ਕਿ ਸੰਗਤ ਦੀ ਭਾਵਨਾ ਹੈ ਕਿ ਅਕਾਲ ਤਖਤ ਦੀ ਜਥੇਦਾਰੀ ਪੰਥ ਦੀ ਏਕਤਾ ਅਤੇ ਗੁਰਮਤਿ ਦੀ ਰੌਸ਼ਨੀ ਵਿੱਚ ਹੋਵੇ, ਨਾ ਕਿ ਸਿਆਸਤ ਦੀ ਲਾਲਸਾ ਵਿੱਚ। ਸਿੱਖ ਜਗਤ ਤੇ ਸਮੂਹਿਕ ਪੰਥਕ ਧਿਰਾਂ ਨੂੰ ਚਾਹੀਦਾ ਹੈ ਕਿ ਇਸ ਮਸਲੇ 'ਤੇ ਸੂਝ ਨਾਲ ਵਿਚਾਰ ਕਰੇ, ਤਾਂ ਜੋ ਅਕਾਲ ਤਖਤ ਦੀ ਪਵਿੱਤਰਤਾ ਅਤੇ ਪੰਥ ਦੀ ਏਕਤਾ ਬਰਕਰਾਰ ਰਹਿ ਸਕੇ ਤੇ ਗਲਤ ਫੈਸਲੇ ਨਾ ਹੋਣ, ਜਿਸ ਕਾਰਣ ਸਿੱਖ ਪੰਥ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ।

ਸੂਤਰਾਂ ਅਨੁਸਾਰ ਭਾਈ ਰਾਜੋਆਣਾ ਦੀ ਅਕਾਲੀ ਦਲ ਬਾਦਲ ਨਾਲ ਨੇੜਤਾ ਹੈ ਤੇ ਉਹ ਚੋਣਾਂ ਦੌਰਾਨ ਅਕਾਲੀ ਦਲ ਬਾਦਲ ਦੀ ਹਮਾਇਤ ਕਰਦੇ ਰਹੇ ਹਨ। ਸੁਖਬੀਰ ਸਿੰਘ ਬਾਦਲ ਨੇ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਬੀਬੀ ਕਮਲਦੀਪ ਕੌਰ ਰਾਜੋਆਣਾ, ਜੋ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਹਨ, ਦੇ ਹੱਕ ਵਿਚ ਪ੍ਰਚਾਰ ਕੀਤਾ ਸੀ। ਸੁਖਬੀਰ ਨੇ ਇਸ ਦੌਰਾਨ ਕਿਹਾ ਸੀ ਕਿ ਕਮਲਦੀਪ ਦੀ ਜਿੱਤ ਬੰਦੀ ਸਿੰਘਾਂ ਦੀ ਰਿਹਾਈ ਦਾ ਰਾਹ ਪੱਧਰਾ ਕਰੇਗੀ। ਪਰ ਕਮਲਦੀਪ ਕੌਰ ਚੋਣ ਹਾਰ ਗਏ ਸਨ। ਇਹ ਚੋਣ ਸਿਮਰਨਜੀਤ ਸਿੰਘ ਮਾਨ ਨੇ ਜਿੱਤੀ ਸੀ। ਪਰ ਸਵਾਲ ਇਹ ਹੈ ਕਿ ਕੀ ਰਾਜੋਆਣਾ, ਜੋ ਸਿੱਖ ਸੰਘਰਸ਼ ਵਿਚ ਸ਼ਾਮਲ ਰਹੇ ਹਨ ਤੇ ਬੇਅੰਤ ਕਤਲ ਕਾਂਡ ਵਿਚ ਸਜ਼ਾ ਭੁਗਤ ਰਹੇ ਹਨ , ਅਕਾਲ ਤਖਤ ਦੀ ਜਥੇਦਾਰੀ ਬਾਰੇ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਨ ਸਮਰੱਥ ਹਨ? ਇਹ ਸਾਰਾ ਮਸਲਾ ਸਿੱਖੀ ਦੇ ਸਿਧਾਂਤਾਂ, ਇਤਿਹਾਸ ਅਤੇ ਸੰਗਤ ਦੇ ਸਮਰਥਨ ਦੇ ਆਲੇ-ਦੁਆਲੇ ਘੁੰਮਦਾ ਹੈ।

ਅਕਾਲ ਤਖਤ ਸਿੱਖ ਪੰਥ ਦਾ ਸਰਬਉੱਚ ਸਿੰਘਾਸਣ ਹੈ, ਜਿੱਥੇ ਗੁਰਮਤਿ, ਸਿੱਖ ਇਤਿਹਾਸ ਅਤੇ ਮਰਿਯਾਦਾ ਦੀ ਪੂਰੀ ਸਮਝ ਵਾਲਾ ਸੂਝਵਾਨ ਜਥੇਦਾਰ ਚਾਹੀਦਾ ਹੈ। ਭਾਈ ਰਾਜੋਆਣਾ ਦੀ ਸਿੱਖ ਸੰਘਰਸ਼ ਪ੍ਰਤੀ ਸਮਰਪਣ ਅਤੇ 1984 ਦੇ ਜਖਮਾਂ ਨੂੰ ਸਮਝਣ ਦੀ ਸਮਰੱਥਾ ਉਨ੍ਹਾਂ ਨੂੰ ਸੰਗਤ ਦੇ ਦਿਲਾਂ ਵਿੱਚ ਸਤਿਕਾਰ ਜਰੂਰ ਦਿੰਦੀ ਹੈ। ਪਰ ਜਥੇਦਾਰੀ ਸਿਰਫ਼ ਜੋਸ਼ ਜਾਂ ਸ਼ਹਾਦਤ ਦੀ ਗੱਲ ਨਹੀਂ। ਇਸ ਲਈ ਗੁਰਬਾਣੀ ਦੀ ਸੂਝ, ਸਿੱਖ ਰਹਿਤ ਮਰਯਾਦਾ ਦੀ ਪਕੜ ਅਤੇ ਸੰਗਤ ਨੂੰ ਜੋੜਨ ਦੀ ਸਮਰੱਥਾ ਚਾਹੀਦੀ ਹੈ। ਇਸ ਸੰਦਰਭ ਵਿਚ ਭਾਈ ਰਾਜੋਆਣਾ ਸੰਪੂਰਨ ਨਹੀਂ ਹਨ।

ਦੂਜਾ ਸੁਆਲ ਇਹ ਹੈ ਕਿ ਭਾਈ ਰਾਜੋਆਣਾ, ਜੋ ਪਟਿਆਲਾ ਜੇਲ੍ਹ ਦੀਆਂ ਸਲਾਖਾਂ ਵਿੱਚ ਬੰਦ ਹਨ, ਕੀ ਜੇਲ੍ਹ ਵਿੱਚ ਰਹਿੰਦਿਆਂ ਇਹ ਜ਼ਿੰਮੇਵਾਰੀ ਨਿਭਾ ਸਕਣਗੇ ? ਜੇਲ ਵਿਚੋਂ ਉਹ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਕਿਵੇਂ ਫੈਸਲੇ ਲੈ ਸਕਦੇ ਹਨ ? ਅਜਿਹੀ ਕੋਈ ਸਿੱਖ ਇਤਿਹਾਸ ਦੀ ਪਰੰਪਰਾ ਨਹੀਂ ਹੈ। ਉਨ੍ਹਾਂ ਦੀ ਵਿਦਿਆ, ਗੁਰਮਤਿ ਦੀ ਅਕਾਦਮਿਕ ਸਮਝ ਅਤੇ ਮਰਿਯਾਦਾ ਦੀ ਪ੍ਰਕਿਰਿਆਵਾਂ ਵਿੱਚ ਅਨੁਭਵ ਦੀ ਜਾਣਕਾਰੀ ਸੀਮਤ ਹੈ।

ਭਾਈ ਰਾਜੋਆਣਾ ਦੀ ਰਿਹਾਈ ਦਾ ਮਸਲਾ ਸੰਗਤ ਦੇ ਦਿਲਾਂ ਵਿੱਚ ਇੱਕ ਪੀੜ ਦੀ ਤਰ੍ਹਾਂ ਰਿਸਦਾ ਹੈ। ਹਰੇਕ ਸਿੱਖ ਚਾਹੁੰਦਾ ਹੈ ਕੀ ਭਾਈ ਰਾਜੋਆਣਾ ਦੀ ਰਿਹਾਈ ਹੋਵੇ। 1995 ਦੇ ਬੇਅੰਤ ਸਿੰਘ ਕਤਲ ਮਾਮਲੇ ਵਿੱਚ ਸਜ਼ਾ ਪਾਉਣ ਵਾਲੇ ਭਾਈ ਰਾਜੋਆਣਾ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਸਮੇਂ-ਸਮੇਂ 'ਤੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਦੇ ਰਹੇ ਹਨ। ਪਰ ਮੋਦੀ ਸਰਕਾਰ ਨੇ ਇਸ ਮੁੱਦੇ 'ਤੇ ਕੋਈ ਸਪੱਸ਼ਟ ਪ੍ਰਗਤੀ ਨਹੀਂ ਵਿਖਾਈ। ਪੰਥਕ ਮਾਹਿਰਾਂ ਅਨੁਸਾਰ ਜੇ ਰਾਜੋਆਣਾ ਨੂੰ ਜਥੇਦਾਰ ਬਣਾਇਆ ਜਾਂਦਾ ਹੈ, ਤਾਂ ਇਹ ਉਨ੍ਹਾਂ ਦੀ ਰਿਹਾਈ ਦੀ ਮੰਗ ਨੂੰ ਮਜ਼ਬੂਤ ਕਰ ਸਕਦਾ ਹੈ, ਪਰ ਇਸ ਨਾਲ ਸਿਆਸੀ ਅਤੇ ਪੰਥਕ ਖਿੱਚਤਾਣ ਵਧਣ ਦਾ ਵੀ ਖ਼ਤਰਾ ਹੈ।

ਪੰਥਕ ਮਾਹਿਰਾਂ ਅਨੁਸਾਰ, ਅਕਾਲ ਤਖਤ ਦੇ ਜਥੇਦਾਰ ਦੀ ਨਿਯੁਕਤੀ ਪੰਥਕ ਸਹਿਮਤੀ ਅਤੇ ਗੁਰਮਤਿ ਸਿਧਾਂਤਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਦੀ ਨਿਯੁਕਤੀ ਨੂੰ ਕਈ ਸਿੱਖ ਵਿਦਵਾਨ ਅਕਾਲ ਤਖਤ ਦੀ ਮਰਯਾਦਾ ਅਤੇ ਸਾਖ ਨੂੰ ਘਟਾਉਣ ਵਾਲਾ ਮੰਨਦੇ ਹਨ। ਭਾਈ ਰਾਜੋਆਣਾ ਨੂੰ ਐਕਟਿੰਗ ਜਥੇਦਾਰ ਬਣਾਉਣ ਦੀ ਚਰਚਾ ਨੂੰ ਸੰਗਤ 'ਚ ਸਿਆਸੀ ਚਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ, ਜੋ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

# ਪ੍ਰਧਾਨ ਮੰਤਰੀ ਬਾਜੇਕੇ ਨੇ ਕਿਹਾ ਕਿ ਮੇਰੀ ਜਾਨ ਨੂੰ ਨਸ਼ੇੜੀਆਂ ਤੋਂ ਖਤਰਾ



ਬਠਿੰਡਾ-ਡਿਬ੍ਰੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਦੇ ਸਾਥੀ ਕੇਂਦਰੀ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਨੇ ਬਠਿੰਡਾ ਜੇਲ੍ਹ ਵਿੱਚ ਆਪਣੀ ਜਾਨ ਨੂੰ ਖਤਰਾ ਦੱਸਿਆ ਹੈ, ਜਿਸ ਸੰਬੰਧੀ ਉਨ੍ਹਾਂ ਦੀ ਜੇਲ੍ਹ ਅੰਦਰੋਂ ਫੋਨ 'ਤੇ ਆਪਣੀ ਮਾਤਾ ਨਾਲ ਕੀਤੀ ਗਈ ਗੱਲਬਾਤ ਜਨਤਕ ਹੋਈ ਹੈ ਜ਼ਨਤਕ ਆਡੀਓ ਵਿਚ ਬਾਜੇਕੇ ਆਪਣੀ ਮਾਂ ਨੂੰ ਕਹਿ ਰਿਹਾ ਹੈ ਕਿ ਨਸ਼ੇ ਦੇ ਕਥਿਤ ਦੋਸ਼ਾਂ ਵਿਚ ਘਿਰੇ ਰਹੇ ਇਕ ਸਾਬਕਾ ਅਕਾਲੀ ਮੰਤਰੀ ਬਾਰੇ ਬੋਲਣ 'ਤੇ ਉਸ ਦੀ ਬੈਰਕ ਵਿਚ ਸ਼ਾਮਿਲ ਕੁਝ ਨਸ਼ੇ ਦੇ ਧੰਦੇ ਨਾਲ ਜੁੜੇ ਬੰਦੀ ਉਸ ਨੂੰ ਧਮਕਾ ਰਹੇ ਹਨ ਤੇ ਉਸ ਦਾ ਕਦੋਂ ਵੀ ਕੋਈ ਨੁਕਸਾਨ ਕਰ ਸਕਦੇ ਹਨ। ਉਸ ਨੇ ਆਪਣੀ ਜੇਲ੍ਹ ਬਦਲੀ ਕਰਨ ਦੀ ਮੰਗ ਕਰਦਿਆਂ ਬਠਿੰਡਾ ਜੇਲ੍ਹਾਂ ਪ੍ਰਬੰਧਕਾਂ ਉਪਰ ਕਈ ਇਲਜ਼ਾਮ ਲਗਾਏ ਹਨ ਤੇ ਪੰਥ ਤੋਂ ਮੰਗ ਕੀਤੀ ਕਿ ਪਹਿਲਾਂ ਵਾਂਗ ਉਨ੍ਹਾਂ ਦਾ ਸਾਥ ਦਿੱਤਾ ਜਾਵੇ ਤੇ ਮਗਰੋਂ ਸੱਪ ਲੰਘਣ ਬਾਅਦ ਲੀਹ ਕੁੱਟਣ ਦਾ ਕੋਈ ਫਾਇਦਾ ਨਹੀਂ।

## ਸਿੱਧੂ ਮੂਸੇਵਾਲਾ ਕਤਲ ਕੇਸ ਨੂੰ ਲਗਾ ਵੱਡਾ ਝਟਕਾ

# ਗਵਾਹ ਦੀ ਬਿਮਾਰੀ ਕਾਰਣ ਹੋਈ ਮੌਤ

ਮਾਨਸਾ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਗਵਾਹ ਸੇਵਾ ਮੁਕਤ ਐਸ ਐਚ ਓ ਇੰਸਪੈਕਟਰ ਅੰਗਰੇਜ਼ ਸਿੰਘ ਦਾ ਦਿਹਾਂਤ ਹੋ ਗਿਆ ਹੈ। ਉਹ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਪਿਛਲੇ ਦਿਨੀਂ ਉਹ ਅਦਾਲਤ ਵਿਚ ਗਵਾਹੀ ਵਾਸਤੇ ਪੇਸ਼ ਨਹੀਂ ਹੋ ਸਕੇ ਸਨ ਤਾਂ ਅਦਾਲਤ ਨੇ ਉਹਨਾਂ ਨੂੰ 4 ਜੁਲਾਈ ਨੂੰ ਪੇਸ਼ ਹੋਣ ਵਾਸਤੇ ਆਖਿਆ ਸੀ। ਉਹਨਾਂ ਦੇ ਦਿਹਾਂਤ ਨਾਲ ਕੇਸ ਨੂੰ ਵੱਡਾ ਝਟਕਾ ਲੱਗਾ ਹੈ।



# ਅਕਾਲੀ ਕੌਂਸਲਰ ਦੇ ਕਤਲ ਮਾਮਲੇ ਵਿਚ ਪੁਲਸ ਹੱਥ ਲੱਗੀ ਸਫਲਤਾ ! ਮੁਲਜ਼ਮਾਂ ਦੀ ਪਛਾਣ ਹੋਈ



ਅੰਮ੍ਰਿਤਸਰ-ਬੀਤੇ ਦਿਨੀਂ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਮੌਜੂਦਾ ਅਕਾਲੀ ਕੌਂਸਲਰ ਹਰਜਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਪੁਲਸ ਹੱਥ ਵੱਡੀ ਸਫਲਤਾ ਲੱਗੀ ਹੈ। ਅੰਮ੍ਰਿਤਸਰ ਪੁਲਸ ਨੇ ਇਸ ਦੌਰਾਨ ਤਿੰਨ ਮੁਲਜ਼ਮਾਂ ਦੀ ਪਛਾਣ ਕਰ ਲਈ ਹੈ। ਇਸ ਦੌਰਾਨ ਅਮਿਤ, ਗੋਪੀ ਤੇ ਕਰਨ ਕੀੜਾ ਨਾਂ ਦੇ ਤਿੰਨ ਜਣਿਆਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਤਿੰਨਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ। ਵਾਰਦਾਤ ਦੌਰਾਨ ਵਰਤੇ ਗਏ ਮੋਟਰਸਾਈਕਲ ਦੀ ਵੀ ਪਛਾਣ ਕਰ ਲਈ ਗਈ ਹੈ। ਇਸ ਤੋਂ ਇਲਾਵਾ ਕ੍ਰਿਸ਼ਨ ਗੈਂਗ ਦੇ ਦੋ ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੌਰਾਨ ਦੋ ਪਿਸਤੌਲ ਤੇ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਅੰਮ੍ਰਿਤਸਰ ਪੁਲਸ ਵੱਲੋਂ ਦੋਵਾਂ ਸ਼ੂਟਰਾਂ ਤੋਂ ਪੁੱਛਗਿੱਛ ਜਾਰੀ ਹੈ।

# ਅਗਨੀਵੀਰ ਕਿਉਂ ਬਣਨ ਬਲੀ ਦੇ ਬੱਕਰੇ, ਕੇਂਦਰ ਸਰਕਾਰ ਸਹੂਲਤਾਂ ਬਾਰੇ ਸੋਚੇ

## ✪ ਸ਼ਹੀਦ ਅਕਾਸ਼ਦੀਪ ਸਿੰਘ ਦੇ ਮਾਮਲੇ ’ਤੇ ਰੋਸ, ਛੇ ਪਿੰਡਾਂ ਦੇ ਨੌਜਵਾਨਾਂ ਵੱਲੋਂ ਅਗਨੀਵੀਰ ਭਰਤੀ ਦਾ ਬਾਈਕਾਟ

ਫਰੀਦਕੋਟ ਦੇ ਪਿੰਡ ਚਾਹਿਲ ਦੇ ਸ਼ਹੀਦ ਅਗਨੀਵੀਰ ਅਕਾਸ਼ਦੀਪ ਸਿੰਘ ਨੂੰ ਸਰਕਾਰ ਵੱਲੋਂ ਹਾਲੇ ਤੱਕ ਸ਼ਹੀਦ ਦਾ ਦਰਜਾ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਛੇ ਪਿੰਡਾਂ ਦੇ ਦਰਜਨਾਂ ਨੌਜਵਾਨਾਂ ਨੇ ਅਗਨੀਵੀਰ ਭਰਤੀ ਵਿੱਚ ਸ਼ਾਮਲ ਨਾ ਹੋਣ ਦਾ ਐਲਾਨ ਕਰ ਦਿੱਤਾ ਹੈ। ਇਹ ਨੌਜਵਾਨ ਪਿਛਲੇ ਛੇ ਸਾਲਾਂ ਤੋਂ ਅਗਨੀਵੀਰ ਭਰਤੀ ਲਈ ਸਿਖਲਾਈ ਲੈ ਰਹੇ ਸਨ ਅਤੇ ਅਕਾਸ਼ਦੀਪ ਨੂੰ ਆਪਣਾ ਰੋਲ ਮਾਡਲ ਮੰਨਦੇ ਸਨ। ਨੌਜਵਾਨਾਂ ਦੇ ਗਰੁੱਪ ਵਿੱਚੋਂ ਕਰਨ, ਗੁਰੀ ਅਤੇ ਕੋਮਲ ਨੇ ਦੱਸਿਆ ਕਿ ਪਿੰਡ ਚਾਹਿਲ, ਕਿਲਾ ਨੌਂ, ਮਚਾਕੀ ਸਮੇਤ ਛੇ ਪਿੰਡਾਂ ਦੇ 50 ਤੋਂ ਵੱਧ ਨੌਜਵਾਨ ਸਿਖਲਾਈ ਲੈ ਰਹੇ ਸਨ। ਅਕਾਸ਼ਦੀਪ ਸਭ ਤੋਂ ਛੋਟਾ ਸੀ ਅਤੇ ਸਭ ਤੋਂ ਪਹਿਲਾਂ ਅਗਨੀਵੀਰ ਵਜੋਂ ਚੁਣਿਆ ਗਿਆ, ਜਿਸ ਕਰਕੇ ਸਾਰੇ ਉਸ ’ਤੇ ਮਾਣ ਮਹਿਸੂਸ ਕਰਦੇ ਸਨ।

ਪਰ ਅਕਾਸ਼ਦੀਪ ਦੀ ਸ਼ਹਾਦਤ ਮਗਰੋਂ ਸਰਕਾਰ ਦੇ ਰਵੱਈਏ ਅਤੇ ਉਸ ਦੇ ਪਰਿਵਾਰ ਨੂੰ ਮਿਲ ਰਹੇ ਵਿਹਾਰ ਨੂੰ ਦੇਖਦਿਆਂ ਇਨ੍ਹਾਂ ਨੌਜਵਾਨਾਂ ਨੇ ਅਗਨੀਵੀਰ ਭਰਤੀ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਜੇ ਸਰਕਾਰ ਅਕਾਸ਼ਦੀਪ ਨੂੰ ਸ਼ਹੀਦ ਦਾ ਦਰਜਾ ਦਿੰਦੀ ਹੈ ਅਤੇ ਸ਼ਹੀਦਾਂ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਉਂਦੀ ਹੈ, ਤਾਂ ਹੀ ਉਹ ਭਰਤੀ ਬਾਰੇ ਮੁੜ ਵਿਚਾਰ ਕਰਨਗੇ। ਨੌਜਵਾਨਾਂ ਨੇ ਸਿਖਲਾਈ ਦੌਰਾਨ ਜਿੱਤੇ 100 ਤੋਂ ਵੱਧ ਮੈਡਲ ਵੀ ਅਕਾਸ਼ਦੀਪ ਦੇ ਘਰ ਰੱਖ ਦਿੱਤੇ ਹਨ, ਤਾਂ ਜੋ ਸਰਕਾਰੀ ਨੁਮਾਇੰਦਿਆਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦੀ ਅਸਲੀਅਤ ਦਿਖਾਈ ਜਾ ਸਕੇ।

ਅਕਾਸ਼ਦੀਪ ਦੀ ਪਰਿਵਾਰਕ ਮੈਂਬਰ ਗੁਰਜੀਤ ਕੌਰ ਨੇ ਕਿਹਾ, “ਅਸੀਂ 20 ਸਾਲ ਪੁੱਤਾਂ ਨੂੰ ਪਾਲ ਕੇ ਦੇਸ਼ ਦੀ ਸੇਵਾ ਲਈ ਫੌਜ ਵਿੱਚ ਭੇਜਦੇ ਸੀ, ਪਰ ਸਰਕਾਰ ਦੇ ਮੌਜੂਦਾ ਰਵੱਈਏ ਨੇ ਸਾਡਾ ਮਨ ਵੀ ਡਰਾ ਦਿੱਤਾ ਹੈ।” ਉਨ੍ਹਾਂ ਨੇ ਸਰਕਾਰ ਦੇ ਰਵੱਈਏ ਨੂੰ ਦੇਖਦਿਆਂ



ਆਪਣੇ ਪੁੱਤਾਂ ਨੂੰ ਅਗਨੀਵੀਰ ਭਰਤੀ ਲਈ ਨਾ ਭੇਜਣ ਦਾ ਫੈਸਲਾ ਕੀਤਾ ਅਤੇ ਨੌਜਵਾਨਾਂ ਦੇ ਫੈਸਲੇ ਦਾ ਪੂਰਾ ਸਮਰਥਨ ਕੀਤਾ।

ਅਗਨੀਵੀਰ ਯੋਜਨਾ ਅਧੀਨ ਪੰਜਾਬ ਤੋਂ ਹਜ਼ਾਰਾਂ ਨੌਜਵਾਨ ਭਾਰਤੀ ਫੌਜ ਵਿੱਚ ਸ਼ਾਮਲ ਹੋਏ ਹਨ। ਹਾਲਾਂਕਿ, ਸਹੀ ਅੰਕੜੇ ਜਨਤਕ ਤੌਰ ’ਤੇ ਉਪਲਬਧ ਨਹੀਂ ਹਨ, ਪਰ ਪੰਜਾਬ ਦੇ ਨੌਜਵਾਨਾਂ ਦੀ ਫੌਜ ਵਿੱਚ ਭਰਤੀ ਦੀ ਪਰੰਪਰਾ ਲੰਬੇ ਸਮੇਂ ਤੋਂ ਜਾਰੀ ਹੈ। ਅਗਨੀਵੀਰ ਯੋਜਨਾ, ਜੋ 2022 ਵਿੱਚ ਸ਼ੁਰੂ ਹੋਈ, ਨੇ ਚਾਰ ਸਾਲ ਦੀ ਅਸਥਾਈ ਸੇਵਾ ਦੀ ਪੇਸ਼ਕਸ਼ ਕੀਤੀ, ਜਿਸ ਵਿੱਚ 25% ਜਵਾਨਾਂ ਨੂੰ ਸਥਾਈ ਕਰਨ ਦਾ ਪ੍ਰਬੰਧ ਹੈ। ਪਰ, ਅਕਾਸ਼ਦੀਪ ਸਿੰਘ ਵਰਗੇ ਮਾਮਲਿਆਂ ਨੇ ਸਵਾਲ ਉਠਾਏ ਹਨ ਕਿ ਅਗਨੀਵੀਰਾਂ ਨੂੰ ਸ਼ਹੀਦ ਦਾ ਦਰਜਾ ਅਤੇ ਸਹੂਲਤਾਂ ਕਿਉਂ ਨਹੀਂ ਮਿਲਦੀਆਂ। ਅਗਨੀਵੀਰ ਯੋਜਨਾ ਦੇ ਤਹਿਤ ਸ਼ਹੀਦ ਹੋਣ ਵਾਲੇ ਜਵਾਨਾਂ ਦੀ ਸਹੀ ਗਿਣਤੀ ਬਾਰੇ ਵੀ ਸਪੱਸ਼ਟ ਜਾਣਕਾਰੀ ਨਹੀਂ ਹੈ, ਪਰ ਸੋਸ਼ਲ ਮੀਡੀਆ ਅਤੇ ਖਬਰਾਂ ਵਿੱਚ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ।

ਅਕਾਸ਼ਦੀਪ ਦੀ ਸ਼ਹਾਦਤ ਨੇ ਇਹ ਸਵਾਲ ਉਠਾਇਆ ਹੈ ਕਿ ਸਰਕਾਰ ਅਗਨੀਵੀਰਾਂ ਨੂੰ ਰੈਗੂਲਰ ਫੌਜੀਆਂ ਵਰਗੀਆਂ ਸਹੂਲਤਾਂ ਜਿਵੇਂ ਪੈਨਸ਼ਨ, ਪਰਿਵਾਰਕ

**‘ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਅਗਨੀਵੀਰਾਂ ਨੂੰ ਸ਼ਹੀਦ ਦਾ ਦਰਜਾ, ਪੂਰੀ ਪੈਨਸ਼ਨ, ਪਰਿਵਾਰਕ ਮੁਆਵਜ਼ਾ, ਅਤੇ ਸਰਕਾਰੀ ਨੌਕਰੀਆਂ ਵਿੱਚ ਅਗਲੇ-ਅਗਲੇ ਨੂੰ ਨੌਕਰੀ ਵਰਗੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ, ਪੰਜਾਬ ਸਰਕਾਰ ਨੂੰ ਸੂਬਾਈ ਪੱਧਰ ’ਤੇ ਅਗਨੀਵੀਰਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਕੀਮਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ, ਜਿਵੇਂ ਕਿ ਸਿੱਖਿਆ ਤੇ ਰੁਜ਼ਗਾਰ ਦੀਆਂ ਸਹੂਲਤਾਂ। ਅਕਾਸ਼ਦੀਪ ਸਿੰਘ ਦੀ ਸ਼ਹਾਦਤ ਅਤੇ ਸਰਕਾਰ ਦੇ ਰਵੱਈਏ ਨੇ ਪੰਜਾਬ ਦੇ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਅਗਨੀਵੀਰ ਯੋਜਨਾ ਦੀਆਂ ਸੀਮਾਵਾਂ ਅਤੇ ਸਹੂਲਤਾਂ ਦੀ ਘਾਟ ਨੇ ਇਸ ਮੁੱਦੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਪੰਜਾਬ ਸਰਕਾਰ ਅਤੇ ਸਿਆਸੀ ਪਾਰਟੀਆਂ ਨੂੰ ਇਸ ਮੁੱਦੇ ’ਤੇ ਸਪੱਸ਼ਟ ਰੁਖ ਅਪਣਾਉਣ ਅਤੇ ਨੌਜਵਾਨਾਂ ਦੇ ਵਿਸ਼ਵਾਸ ਨੂੰ ਬਹਾਲ ਕਰਨ ਲਈ ਠੋਸ ਕਦਮ ਉਠਾਉਣ ਦੀ ਲੋੜ ਹੈ।**

ਸਹਾਇਤਾ, ਅਤੇ ਸ਼ਹੀਦ ਦਾ ਦਰਜਾ ਕਿਉਂ ਨਹੀਂ ਦਿੰਦੀ। ਕਈ ਲੋਕ ਇਸ ਨੂੰ “ਬਲੀ ਦੇ ਬਕਰੇ” ਵਜੋਂ ਵੇਖਦੇ ਹਨ, ਕਿਉਂਕਿ ਅਗਨੀਵੀਰਾਂ ਨੂੰ ਅਸਥਾਈ ਸੇਵਾ ਦੇ ਬਾਵਜੂਦ ਉਹੀ ਜੋਖਮ ਝੱਲਣੇ ਪੈਂਦੇ ਹਨ ਜੋ ਰੈਗੂਲਰ ਫੌਜੀ ਝੱਲਦੇ ਹਨ। ਕੇਂਦਰ ਸਰਕਾਰ ਦੀ ਅਗਨੀਵੀਰ ਯੋਜਨਾ ਅਧੀਨ ਸ਼ਹੀਦ ਹੋਣ ਵਾਲੇ ਜਵਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਪਰ ਇਹ ਸਹੂਲਤਾਂ ਰੈਗੂਲਰ ਫੌਜੀਆਂ ਦੀ ਤੁਲਨਾ ਵਿੱਚ ਸੀਮਤ ਹਨ। ਪੰਜਾਬ ਸਰਕਾਰ ਨੇ ਅਗਨੀਵੀਰਾਂ ਲਈ ਵਿਸ਼ੇਸ਼ ਸਹੂਲਤਾਂ ਦਾ ਐਲਾਨ ਨਹੀਂ ਕੀਤਾ, ਜਿਸ ਕਾਰਨ ਰੋਸ ਵਧ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਸ਼ਲ ਮੀਡੀਆ ’ਤੇ ਅਕਾਸ਼ਦੀਪ ਦੇ ਪਰਿਵਾਰ ਦੀ ਮਦਦ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਪਰ ਹਾਲੇ ਤੱਕ ਕੋਈ ਠੋਸ ਕਦਮ ਨਹੀਂ ਉਠਾਇਆ ਗਿਆ। ਅਗਨੀਵੀਰਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਕੀਮਾਂ ਦੀ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਅਤੇ ਆਮ ਆਦਮੀ ਪਾਰਟੀ, ਨੇ ਅਗਨੀਵੀਰ ਯੋਜਨਾ ਦੀਆਂ ਖਾਮੀਆਂ ਅਤੇ ਸ਼ਹੀਦ ਅਗਨੀਵੀਰਾਂ ਦੇ ਮੁੱਦੇ ’ਤੇ ਸਿਆਸੀ ਤੌਰ ’ਤੇ ਸਪੱਸ਼ਟ ਅਵਾਜ਼ ਨਹੀਂ ਉਠਾਈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਅਕਾਸ਼ਦੀਪ ਦੇ ਮਾਮਲੇ ’ਤੇ ਚਿੰਤਾ ਜਤਾਈ ਅਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ, ਪਰ ਵਿਰੋਧੀ ਧਿਰ ਦੇ ਹੋਰ ਨੇਤਾਵਾਂ ਦੀ ਚੁੱਪੀ ਨੇ ਸਵਾਲ ਖੜ੍ਹੇ ਕੀਤੇ ਹਨ। ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਹੱਦੀ ਖੇਤਰਾਂ ਦੇ ਵਿਕਾਸ ਅਤੇ ਸੁਰੱਖਿਆ ਦੇ ਮੁੱਦਿਆਂ ’ਤੇ ਗੱਲ ਕੀਤੀ, ਪਰ ਅਗਨੀਵੀਰਾਂ ਦੇ ਮੁੱਦੇ ’ਤੇ ਸਿੱਧਾ ਕੋਈ ਬਿਆਨ ਨਹੀਂ ਦਿੱਤਾ। ਚਿੰਤਕਾਂ ਦਾ ਨਜ਼ਰੀਆ ਅਤੇ ਸੁਝਾਅਪੰਜਾਬ ਦੇ ਚਿੰਤਕ ਅਤੇ ਸਮਾਜਿਕ ਵਿਚਾਰਕ ਇਸ ਮੁੱਦੇ ’ਤੇ ਸਰਕਾਰ ਦੀ ਨੀਤੀ ਨੂੰ ਲੈ ਕੇ ਚਿੰਤਤ ਹਨ।

ਡਾ. ਰਣਜੀਤ ਸਿੰਘ ਵਰਗੇ ਵਿਦਵਾਨਾਂ ਨੇ ਪੰਜਾਬੀ ਨੌਜਵਾਨਾਂ ਦੀ ਦੇਸ਼-ਭਗਤੀ ਦੀ ਸ਼ਲਾਘਾ ਕੀਤੀ, ਪਰ ਨਾਲ ਹੀ ਸਮਾਜਿਕ ਅਤੇ ਆਰਥਿਕ ਮੁੱਦਿਆਂ ’ਤੇ ਸਰਕਾਰ ਦੀ ਉਦਾਸੀਨਤਾ ’ਤੇ ਸਵਾਲ ਉਠਾਏ ਹਨ।

## ਜਗਦੀਸ਼ ਸਿੰਘ ਝੀਂਡਾ ਸਰਬਸੰਮਤੀ ਨਾਲ ਬਣੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਨਵੇਂ ਪ੍ਰਧਾਨ



ਕਰਨਾਲ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚਐੱਸਜੀਐੱਮਸੀ) ਦੀ ਅਹੁਦੇਦਾਰਾਂ ਦੀ ਚੋਣ ਪ੍ਰਕਿਰਿਆ 23 ਮਈ ਨੂੰ ਕੁਰੂਕਸ਼ੇਤਰ ਸਥਿਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਮੁਕੰਮਲ ਹੋਈ। ਇਸ ਵਿੱਚ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੂੰ ਸਰਬਸੰਮਤੀ ਨਾਲ ਕਮੇਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਝੀਂਡਾ ਨੇ ਲੰਬੇ ਸਮੇਂ ਤੋਂ ਹਰਿਆਣਾ ਵਿੱਚ ਅਲੱਗ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਹਿੰਮ ਦੀ ਅਗਵਾਈ ਕੀਤੀ ਸੀ। ਚੋਣ ਦੌਰਾਨ 30 ਮੈਂਬਰਾਂ, ਜਿਨ੍ਹਾਂ ਵਿੱਚ ਨਾਮਜ਼ਦ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵੀ ਸ਼ਾਮਲ ਸਨ, ਨੇ ਝੀਂਡਾ ਦੇ ਸਮਰਥਨ ਵਿੱਚ ਹੱਥ ਖੜ੍ਹੇ ਕਰਕੇ ਸਰਬਸੰਮਤੀ ਪ੍ਰਗਟਾਈ। ਇਸ ਮੌਕੇ ਜਥੇਦਾਰ ਅੰਗਰੇਜ਼ ਸਿੰਘ ਕੰਬੋਜ ਰਾਣੀਆਂ ਨੂੰ ਜਨਰਲ ਸਕੱਤਰ, ਗੁਰਮੀਤ ਸਿੰਘ ਮੀਤਾ ਪੰਚਕੂਲਾ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਨੂੰ ਉਪ ਪ੍ਰਧਾਨ ਅਤੇ ਬਲਵਿੰਦਰ ਸਿੰਘ ਨੂੰ ਸੰਯੁਕਤ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ, 11 ਮੈਂਬਰੀ ਕਾਰਜਕਾਰਨੀ ਕਮੇਟੀ ਵਿੱਚ ਕਰਨੈਲ ਸਿੰਘ ਨਿਮਨਾਬਾਦ, ਪਲਵਿੰਦਰ ਸਿੰਘ ਦਰੜ, ਕੁਲਦੀਪ ਸਿੰਘ ਮੁਲਤਾਨੀ, ਰੁਪਿੰਦਰ ਸਿੰਘ ਪੰਜੋਖਰਾ ਸਾਹਿਬ, ਜਗਤਾਰ ਸਿੰਘ ਮਾਨ ਅਤੇ ਤਜਿੰਦਰਪਾਲ ਸਿੰਘ ਨਾਰਨੌਲ ਸ਼ਾਮਿਲ ਹਨ।

## ਐੱਨਆਈਏ ਵਲੋਂ ਅੰਮ੍ਰਿਤਸਰ ਮੰਦਰ ਗ੍ਰਨੇਡ ਹਮਲੇ ਦਾ ਮੁੱਖ ਦੋਸ਼ੀ ਭਗਵੰਤ ਸਿੰਘ ਗ੍ਰਿਫ਼ਤਾਰ

### ✪ ਠਾਕੁਰ ਦੁਆਰਾ ਮੰਦਰ ’ਤੇ ਗ੍ਰਨੇਡ ਹਮਲੇ ਵਿਚ ਵਿਦੇਸ਼ੀ ਫੰਡਿੰਗ ਦਾ ਖੁਲਾਸਾ

ਅੰਮ੍ਰਿਤਸਰ-ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਮਾਰਚ ’ਚ ਛੇਹਰਟਾ ਦੇ ਠਾਕੁਰ



ਦੁਆਰਾ ਮੰਦਰ ’ਤੇ ਹੋਏ ਗ੍ਰਨੇਡ ਹਮਲੇ ਦੇ ਮੁੱਖ ਮੁਲਜ਼ਮ ਭਗਵੰਤ ਸਿੰਘ ਮੰਨਾ ਨੂੰ ਗ੍ਰਿਫ਼ਤਾਰ ਕੀਤਾ। ਭਗਵੰਤ, ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਨਾਲ ਜੁੜਿਆ ਹੈ, ਨੂੰ ਅਕਾਲਗੜ੍ਹ ਢਪਈ ਤੋਂ ਪਕੜਿਆ ਗਿਆ। ਇਸ ਮਾਮਲੇ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿਚ ਗੁਰਸਿਦਕ ਸਿੰਘ ਪੁਲਿਸ ਮੁਕਾਬਲੇ ’ਚ ਮਾਰਿਆ ਗਿਆ। ਵਿਸ਼ਾਲ, ਦੀਵਾਨ ਸਿੰਘ ਅਤੇ ਸਾਹਿਬ ਪਹਿਲਾਂ ਹੀ ਹਿਰਾਸਤ ਵਿਚ ਹਨ। ਐੱਨਆਈਏ ਮੁਤਾਬਕ, ਗੁਰਸਿਦਕ ਅਤੇ ਵਿਸ਼ਾਲ ਨੇ ਹਮਲੇ ਵਿਚ ਅਹਿਮ ਭੂਮਿਕਾ ਨਿਭਾਈ, ਜਦਕਿ ਭਗਵੰਤ ਨੇ ਉਨ੍ਹਾਂ ਨੂੰ ਪਨਾਹ ਦਿੱਤੀ ਅਤੇ ਗ੍ਰਨੇਡ ਲੁਕਾਇਆ। ਵਿਦੇਸ਼ ਤੋਂ ਫੰਡਿੰਗ ਦਾ ਵੀ ਖੁਲਾਸਾ ਹੋਇਆ।

ੴ ਸਤਿਗੁਰ ਪ੍ਰਸਾਦਿ ॥

# ਸਾਊਥਾਲ ਕਬੱਡੀ ਕਲੱਬ ਵੱਲੋਂ

## ਇੰਗਲੈਂਡ ਕਬੱਡੀ ਫੈਡਰੇਸ਼ਨ ਯੂ. ਕੇ. ਦੀ ਸਰਪ੍ਰਸਤੀ ਹੇਠ

### ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਸਮੂਹ ਸਾਊਥਾਲ ਵਾਸੀਆਂ ਦੇ ਸਹਿਯੋਗ ਨਾਲ

England Kabaddi Federation Estd. 1968

# ਕਬੱਡੀ ਟੂਰਨਾਮੈਂਟ 2025

SOUTHALL KABADDI CLUB

### 1 ਜੂਨ 2025 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

## Hillingdon Athletics Stadium, 1 Gatting Way, Uxbridge UB8 1ES

### ਹਲਿੰਗਡਨ ਅਥਲੈਟਿਕਸ ਸਟੇਡੀਅਮ, ਔਕਸਬ੍ਰਿਜ ਵਿਖੇ ਕਰਵਾਏ ਜਾ ਰਹੇ ਟੂਰਨਾਮੈਂਟ ‘ਤੇ

## ਕਬੱਡੀ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ

ਪਿਆਰੇ ਦਰਸ਼ਕ ਵੀਰੋ ਤੇ ਖੇਡ ਪ੍ਰੇਮੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਸਾਊਥਾਲ ਕਬੱਡੀ ਕਲੱਬ ਵੱਲੋਂ ਸਥਾਨਕ ਸਮੂਹ ਸਾਊਥਾਲ ਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਦਿੱਤੇ ਹੋਏ ਸਮੇਂ ਅਨੁਸਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਅਸੀਂ ਇੰਗਲੈਂਡ ਦੇ ਸਮੂਹ ਦਰਸ਼ਕਾਂ ਦਾ ਸਹਿਯੋਗ ਮੰਗਦੇ ਹਾਂ। ਉਹੀ ਟੂਰਨਾਮੈਂਟ ਕਾਮਯਾਬ ਹੋ ਸਕਦਾ ਹੈ, ਜਿਸ ਵਿੱਚ ਸਾਰੇ ਪ੍ਰਬੰਧਕ, ਖਿਡਾਰੀ ਤੇ ਦਰਸ਼ਕ ਸਹਿਯੋਗ ਦੇ ਕੇ ਖੁੱਲ੍ਹਦਿਲੀ ਤੇ ਇਮਾਨਦਾਰੀ ਦਾ ਸਬੂਤ ਦੇਣ। ਆਓ! ਇਸ ਵਿੱਚ ਅਸੀਂ ਚੰਗੇ ਅਨੁਸਾਸ਼ਨ ਦਾ ਸਬੂਤ ਦੇਈਏ ਤਾਂ ਕਿ ਬਾਕੀ ਰਹਿੰਦੇ ਟੂਰਨਾਮੈਂਟਾਂ ਨੂੰ ਵੀ ਇਨ੍ਹਾਂ ਲੀਹਾਂ ‘ਤੇ ਚਲਾ ਕੇ ਕਾਮਯਾਬੀ ਦੀ ਸਿਖਰ ਤੇ ਪਹੁੰਚਾਇਆ ਜਾ ਸਕੇ। ਅਸੀਂ ਆਪ ਸਭ ਦੇ ਅਤੀ ਧੰਨਵਾਦੀ ਹੋਵਾਂਗੇ ।

### ENTRY FEE £15 – ਦਾਖਲਾ ਟਿਕਟ 15 ਪੌਂਡ

**ਪੁਲਿਸ ਅਤੇ ਸੁਰੱਖਿਆ ਦਾ ਸਖ਼ਤ ਪਹਿਰਾ ਹੋਵੇਗਾ**
**ਗੱਡੀਆਂ ਦੀ ਤਲਾਸ਼ੀ ਲਈ ਜਾਵੇਗੀ**

### = ਪ੍ਰਬੰਧਕਾਂ ਵੱਲੋਂ ਜ਼ਰੂਰੀ ਬੇਨਤੀਆਂ =

* ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸ੍ਰਪਰਸਤੀ ਹੇਠ ਕਰਵਾਇਆ ਜਾ ਰਿਹਾ ਹੈ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਰੇ ਨਿਯਮ ਲਾਗੂ ਹੋਣਗੇ ਤੇ ਉਸ ਵੱਲੋਂ ਲਿਆ ਗਿਆ ਫੈਸਲਾ ਅੰਤਮ ਹੋਵੇਗਾ।
* ਰੈਫਰੀ ਦਾ ਫੈਸਲਾ ਅਟੱਲ ਹੋਵੇਗਾ।
* ਕਾਰਾਂ ਟੂਰਨਾਮੈਂਟ ਨੂੰ ਅਲਾਟ ਕੀਤੀਆਂ ਕਾਰ ਪਾਰਕਾਂ ‘ਚ ਹੀ ਖੜ੍ਹੀਆਂ ਕਰੋ।
* ਅਗਰ ਟੀਮ 10 ਮਿੰਟ ਲੇਟ ਪਹੁੰਚਦੀ ਹੈ ਤਾਂ ਸਕਰੈਚ ਕਰ ਦਿੱਤੀ ਜਾਵੇਗੀ।
* ਕਬੱਡੀ ਮੈਦਾਨ ਵਿਚ ਸ਼ਰਾਬ ਪੀ ਕੇ ਅਤੇ ਲੈ ਕੇ ਆਉਣਾ ਮਨ੍ਹਾ ਹੈ।
* ਸੁਰੱਖਿਆ ਦਾ ਸਖਤ ਪ੍ਰਬੰਧ ਕੀਤਾ ਗਿਆ ਹੈ।

**ALCOHOL IS STRICTLY DISCOURAGED**

*** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਗੁਰੂ ਕਾ ਅਤੁੱਟ ਲੰਗਰ ਵਰਤੇਗਾ**

**ਟੂਰਨਾਮੈਂਟ ਮੌਕੇ ਸੁਰੱਖਿਆ ਦਾ ਬਹੁਤ ਹੀ ਸਖ਼ਤ ਪ੍ਰਬੰਧ ਹੋਵੇਗਾ, ਸੀ ਸੀ ਟੀ ਵੀ ਕੈਮਿਰਆਂ ਦੀ ਰਿਕਾਰਿਡੰਗ ਕੀਤੀ ਜਾਵੇਗੀ।**

### GROUP-A ਸਾਊਥਾਲ ਟੂਰਨਾਮੈਂਟ ਦੀਆਂ ਟਾਈਆਂ

**Pool - A**

- SOUTHALL / ERITH / WOOLWICH KC vs BARKING / GRAVESEND KC — 4th Match 12:15pm
- COVENTRY / BIRMINGHAM KC vs TELFORD Kabaddi Club — 6th Match 13:25pm
- 8th Match 14:45pm

**Pool - B**

- ST WOLVERHAMPTON / MEDWAY KC vs SLOUGH / ICKENHAM KC — 3rd Match 11:40pm
- HAYES / DERBY KC vs LEICESTER / BRADFORD KC — 5th Match 12:50pm
- 7th Match 14:00pm

10th Match Final 17:00 PM

### GROUP - B

- BABA DEEP SINGH JI (B TEAM) vs MIDLAND TIGERS (B TEAM) — 1st Match 10:30am
- LONDON TIGERS (B TEAM) vs MAUR CLUB (B TEAM) — 2nd Match 11:05am
- 9th Match 15:30pm B Group Final

### ਜਾਰੀ ਕਰਤਾ: ਸਾਊਥਾਲ ਕਬੱਡੀ ਕਲੱਬ ਦੇ ਸਮੂਹ ਅਹੁਦੇਦਾਰ, ਮੈਂਬਰ ਅਤੇ ਸਹਿਯੋਗੀ ਸੱਜਣ

====================== ਵਧੇਰੇ ਜਾਣਕਾਰੀ ਲਈ: ======================

**ਕਰਮਜੀਤ ਸਿੰਘ ਕੰਮਾ ਔਜਲਾ – 07904 066111 – ਪਾਲਾ ਬਾਜਵਾ – 07838 117540**

# ਗੈਰ-ਕਾਨੂੰਨੀ ਪ੍ਰਵਾਸ 'ਤੇ ਟਰੰਪ ਸਰਕਾਰ ਦੀ ਸਖਤੀ

## ✪ ਭਾਰਤੀ ਟਰੈਵਲ ਏਜੰਸੀਆਂ 'ਤੇ ਲਾਈ ਵੀਜ਼ਾ ਪਾਬੰਦੀ



### ਖਾਸ ਖਬਰ

ਮਈ 2025 ਵਿੱਚ, ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਸਖਤ ਨੀਤੀਆਂ ਜਾਰੀ ਰੱਖੀਆਂ। ਅਮਰੀਕੀ ਵਿਦੇਸ਼ ਵਿਭਾਗ ਅਤੇ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਭਾਰਤੀ ਟਰੈਵਲ ਏਜੰਸੀਆਂ ਅਤੇ ਵੀਜ਼ਾ ਧੋਖਾਧੜੀ ਵਿੱਚ ਸ਼ਾਮਲ ਵਿਅਕਤੀਆਂ 'ਤੇ ਪਾਬੰਦੀਆਂ ਨੂੰ ਹੋਰ ਸਖਤ ਕੀਤਾ ਹੈ। ਅਮਰੀਕੀ ਦੂਤਘਰ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਤੇ ਸੀਨੀਅਰ ਕਰਮਚਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਈਆਂ ਹਨ। ਇਹ ਪਾਬੰਦੀਆਂ ਨਾ ਸਿਰਫ਼ ਅਮਰੀਕਾ ਲਈ, ਸਗੋਂ ਯੂਕੇ, ਕੈਨੇਡਾ, ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਨੈੱਟਵਰਕਾਂ ਨੂੰ ਤੋੜਿਆ ਜਾ ਸਕੇ।

#### ਵੀਜ਼ਾ ਅਪੁਆਇੰਟਮੈਂਟ ਦੀ ਜਾਂਚ

ਅਮਰੀਕੀ ਮਿਸ਼ਨਾਂ ਨੇ ਵੀਜ਼ਾ ਅਰਜ਼ੀਆਂ ਦੀ ਸਖਤ ਜਾਂਚ ਸ਼ੁਰੂ ਕੀਤੀ, ਜਿਸ ਵਿੱਚ ਧੋਖਾਧੜੀ ਵਾਲੀਆਂ ਅਰਜ਼ੀਆਂ ਨੂੰ ਰੱਦ ਕਰਨ ਅਤੇ ਅਜਿਹੇ ਅਰਜ਼ੀਦਾਤਾਵਾਂ ਨੂੰ ਬਲੈਕਲਿਸਟ ਕਰਨ ਦੀ ਪ੍ਰਕਿਰਿਆ ਸ਼ਾਮਲ ਹੈ। ਅਪ੍ਰੈਲ 2025 ਵਿੱਚ, 2,000 ਤੋਂ ਵੱਧ ਵੀਜ਼ਾ ਅਪੁਆਇੰਟਮੈਂਟ ਰੱਦ ਕੀਤੇ ਗਏ, ਅਤੇ ਮਈ ਵਿੱਚ ਇਹ ਜਾਂਚ ਹੋਰ ਤੇਜ਼ ਕੀਤੀ ਗਈ।

#### ਸੰਗਠਿਤ ਅਪਰਾਧ ਨਾਲ ਜੁੜੇ ਨੈੱਟਵਰਕਾਂ 'ਤੇ ਕਾਰਵਾਈ

ਅਮਰੀਕੀ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਸੰਗਠਿਤ ਅਪਰਾਧ ਨਾਲ ਜੋੜਦਿਆਂ, ਅਜਿਹੇ ਨੈੱਟਵਰਕਾਂ ਨੂੰ ਖਤਮ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਵਧਾਇਆ। ਇਸ ਵਿੱਚ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਜਾਣਕਾਰੀ ਸਾਂਝੀ ਕਰਨਾ ਅਤੇ ਤਸਕਰੀ ਦੇ ਰੂਟਾਂ ਦੀ ਪਛਾਣ ਕਰਨਾ ਸ਼ਾਮਲ ਹੈ।

ਅਮਰੀਕਾ ਨੇ ਕਾਨੂੰਨੀ ਪ੍ਰਵਾਸ ਨੂੰ ਸੁਖਾਲਾ ਕਰਨ ਲਈ ਵੀਜ਼ਾ ਪ੍ਰਕਿਰਿਆ ਨੂੰ ਸੁਚਾਰੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸਰਲ ਕੀਤਾ ਗਿਆ। ਪਰ, ਗੈਰ-ਕਾਨੂੰਨੀ ਚੈਨਲਾਂ 'ਤੇ ਸਖਤੀ ਜਾਰੀ ਰਹੀ।

#### ਹੁਣ ਤੱਕ ਵਾਪਸ ਆਏ ਭਾਰਤੀ ਪ੍ਰਵਾਸੀ


ਫਰਵਰੀ 2025 ਵਿੱਚ, ਅਮਰੀਕਾ ਨੇ 330 ਭਾਰਤੀਆਂ ਨੂੰ ਵਾਪਸ ਭੇਜਿਆ, ਜੋ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਸਨ। ਮਈ 2025 ਤੱਕ, ਸਹੀ ਅੰਕੜੇ ਉਪਲਬਧ ਨਹੀਂ ਹਨ, ਪਰ ਅਮਰੀਕੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਵਾਪਸੀ ਦੀ ਪ੍ਰਕਿਰਿਆ ਜਾਰੀ ਹੈ। ਸਾਲ 2024-25 ਦੌਰਾਨ, ਹਜ਼ਾਰਾਂ ਭਾਰਤੀਆਂ ਨੂੰ ਗੈਰ-ਕਾਨੂੰਨੀ ਪ੍ਰਵਾਸ ਦੇ ਮਾਮਲਿਆਂ ਵਿੱਚ ਵਾਪਸ ਭੇਜਿਆ ਗਿਆ, ਜਿਸ ਵਿੱਚ ਜ਼ਿਆਦਾਤਰ ਮਾਮਲੇ ਅਮਰੀਕੀ ਸਰਹੱਦ 'ਤੇ ਪਕੜੇ ਗਏ ਵਿਅਕਤੀਆਂ ਦੇ ਸਨ।ਅਮਰੀਕੀ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਛਭਫ) ਦੀਆਂ ਰਿਪੋਰਟਾਂ ਮੁਤਾਬਕ, 2024 ਵਿੱਚ ਲਗਭਗ 90,000 ਭਾਰਤੀਆਂ ਨੂੰ ਅਮਰੀਕੀ ਸਰਹੱਦ 'ਤੇ ਗੈਰ-ਕਾਨੂੰਨੀ ਦਾਖਲੇ ਦੀ ਕੋਸ਼ਿਸ਼ ਕਰਦਿਆਂ ਰੋਕਿਆ ਗਿਆ ਸੀ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਨੂੰ ਵਾਪਸ ਭੇਜਿਆ ਗਿਆ। ਮਈ 2025 ਦੇ ਅਖੀਰ ਤੱਕ, ਇਹ ਅੰਕੜਾ ਵਧਣ ਦੀ ਸੰਭਾਵਨਾ ਹੈ, ਪਰ ਸਹੀ ਜਾਣਕਾਰੀ ਲਈ ਅਧਿਕਾਰਤ ਅੰਕੜਿਆਂ ਦੀ ਉਡੀਕ ਹੈ।

#### ਟਰੈਵਲ ਏਜੰਟਾਂ 'ਤੇ ਕਾਰਵਾਈ

ਅਮਰੀਕੀ ਮਿਸ਼ਨਾਂ ਨੇ ਭਾਰਤ ਵਿੱਚ ਅਜਿਹੇ ਟਰੈਵਲ ਏਜੰਟਾਂ ਦੀ ਸੂਚੀ ਤਿਆਰ ਕੀਤੀ, ਜੋ ਵੀਜ਼ਾ ਅਪੁਆਇੰਟਮੈਂਟ ਸਲਾਟਾਂ ਦੀ ਦੁਰਵਰਤੋਂ ਕਰਦੇ ਹਨ। ਕੁਝ ਏਜੰਟ 60,000 ਰੁਪਏ ਤੱਕ ਵਸੂਲਦੇ ਸਨ, ਜਿਸ ਨੂੰ ਰੋਕਣ ਲਈ ਸਾਈਬਰ ਨਿਗਰਾਨੀ ਅਤੇ ਜਾਂਚ ਵਧਾਈ ਗਈ। ਅਮਰੀਕਾ ਨੇ ਭਾਰਤ, ਮੈਕਸੀਕੋ, ਅਤੇ ਮੱਧ ਅਮਰੀਕੀ ਦੇਸ਼ਾਂ ਨਾਲ ਮਿਲ ਕੇ ਤਸਕਰੀ ਦੇ ਰੂਟਾਂ ਨੂੰ ਬੰਦ ਕਰਨ ਲਈ ਕਦਮ ਚੁੱਕੇ। ਇਸ ਵਿੱਚ ਸਰਹੱਦੀ ਸੁਰੱਖਿਆ ਅਤੇ ਜਾਣਕਾਰੀ ਸਾਂਝਾਕਰਨ ਸ਼ਾਮਲ ਹੈ ਜਾਗਰੂਕਤਾ ਮੁਹਿੰਮ: ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਵਿੱਚ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿੱਚ ਗੈਰ-ਕਾਨੂੰਨੀ ਪ੍ਰਵਾਸ ਦੇ ਜੋਖਮਾਂ ਅਤੇ ਕਾਨੂੰਨੀ ਵੀਜ਼ਾ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਮਈ 2025 ਵਿੱਚ ਅਮਰੀਕਾ ਦਾ ਸਟੈਂਡ ਗੈਰ-ਕਾਨੂੰਨੀ ਪ੍ਰਵਾਸ ਨੂੰ ਪੂਰੀ ਤਰ੍ਹਾਂ ਰੋਕਣ ਅਤੇ ਸੰਗਠਿਤ ਅਪਰਾਧ ਨਾਲ ਜੁੜੇ ਨੈੱਟਵਰਕਾਂ ਨੂੰ ਖਤਮ ਕਰਨ 'ਤੇ ਕੇਂਦਰਿਤ ਰਿਹਾ ਹੈ। ਹਾਲਾਂਕਿ, ਗੈਰ-ਕਾਨੂੰਨੀ ਪ੍ਰਵਾਸ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ, ਅਤੇ ਵਾਪਸ ਭੇਜੇ ਗਏ ਭਾਰਤੀਆਂ ਦੀ ਗਿਣਤੀ ਵਧ ਰਹੀ ਹੈ। ਸਹੀ ਅੰਕੜਿਆਂ ਲਈ ਅਮਰੀਕੀ ਅਤੇ ਭਾਰਤੀ ਅਧਿਕਾਰੀਆਂ ਦੀਆਂ ਅਧਿਕਾਰਤ ਰਿਪੋਰਟਾਂ ਦੀ ਉਡੀਕ ਕਰਨੀ ਪਵੇਗੀ।

## ਪੰਥਕ ਵਿਰੋਧ ਕਾਰਨ ਸ਼੍ਰੋਮਣੀ ਕਮੇਟੀ ਵਲੋਂ ਡਾ. ਮਨਮੋਹਨ ਸਿੰਘ ਦੀ ਤਸਵੀਰ ਲਗਾਉਣ ਦਾ ਫੈਸਲਾ ਮੁਲਤਵੀ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦੇ ਫੈਸਲੇ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਸੀ, ਪਰ ਵੱਖ-ਵੱਖ ਸਿੱਖ ਜਥੇਬੰਦੀਆਂ, ਜਿਵੇਂ ਬਲਵੰਤ ਸਿੰਘ ਰਾਜੋਆਣਾ ਅਤੇ ਦਲ ਖਾਲਸਾ, ਵੱਲੋਂ ਇਤਰਾਜ਼ ਉਠਾਏ ਜਾਣ 'ਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਮੁਲਤਵੀ ਕਰਨ ਦਾ ਆਦੇਸ਼ ਦਿੱਤਾ। ਇਤਰਾਜ਼ਾਂ ਵਿਚ ਕਿਹਾ ਗਿਆ ਕਿ ਡਾ. ਮਨਮੋਹਨ ਸਿੰਘ ਦੀ ਪਾਰਟੀ 1984 ਦੇ ਸਿੱਖ ਕਤਲੇਆਮ ਅਤੇ ਸਾਕਾ ਨੀਲਾ ਤਾਰਾ ਲਈ ਜ਼ਿੰਮੇਵਾਰ ਸੀ। ਕਮੇਟੀ ਹੁਣ ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਮੁੜ ਵਿਚਾਰ ਕਰੇਗੀ।

## ਫਿਰੋਜ਼ਪੁਰ ਪੁਲਸ ਵਲੋਂ 12 ਕਿਲੋ ਹੈਰੋਇਨ, 25 ਲੱਖ ਡਰਗ ਮਨੀ ਸਮੇਤ ਤਿੰਨ ਨਸ਼ਾ ਤਸਕਰ ਕਾਬੂ

### ✪ ਡੇਢ ਮਹੀਨੇ 'ਚ 150 ਕਿਲੋ ਹੈਰੋਇਨ ਸਮੇਤ 800 ਤਸਕਰ ਗ੍ਰਿਫਤਾਰ



ਫਿਰੋਜ਼ਪੁਰ-ਪੰਜਾਬ ਪੁਲਸ ਨੇ ਨਸ਼ਾ ਵਿਰੋਧੀ ਮੁਹਿੰਮ ਤਹਿਤ ਫਿਰੋਜ਼ਪੁਰ ਵਿੱਚ ਵੱਡੀ ਕਾਰਵਾਈ ਕਰਦਿਆਂ ਤਿੰਨ ਨਸ਼ਾ ਤਸਕਰਾਂ ਨੂੰ 12 ਕਿਲੋ 70 ਗ੍ਰਾਮ ਹੈਰੋਇਨ ਅਤੇ 25 ਲੱਖ 12 ਹਜ਼ਾਰ ਰੁਪਏ ਦੀ ਡਰਗ ਮਨੀ ਸਮੇਤ ਗ੍ਰਿਫਤਾਰ ਕੀਤਾ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਡੇਢ ਮਹੀਨੇ ਵਿੱਚ ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨਤਾਰਨ ਵਿੱਚ 150 ਕਿਲੋ ਹੈਰੋਇਨ, 4 ਕਿਲੋ ਅਫੀਮ, 958 ਕਿਲੋ ਪੋਸਤ, 92 ਨਸ਼ੀਲੀਆਂ ਗੋਲੀਆਂ, 77 ਲੱਖ ਦੀ ਡਰਗ ਮਨੀ, 12 ਪਿਸਟਲ ਅਤੇ 123 ਚੋਰੀ ਦੀਆਂ ਕਾਰਾਂ ਸਮੇਤ 800 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਹੱਦ ਰਾਹੀਂ ਨਸ਼ੇ ਦੀ ਸਪਲਾਈ ਨੂੰ ਰੋਕਣ ਲਈ ਪੁਲਸ ਸਤਰਕ ਹੈ। ਡੀਆਈਜੀ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਇਸ ਗਲਤ ਧੰਦੇ ਨੂੰ ਛੱਡ ਦੇਣ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਚਾਲ-ਚਲਣ 'ਤੇ ਨਜ਼ਰ ਰੱਖਣ।

# ਪੰਜਾਬ ਵਿੱਚ ਲੜਕੀਆਂ ਦੀ ਗੁੰਮਸ਼ੁਦਗੀ ਦਾ ਵਧ ਰਿਹਾ ਏ ਅੰਕੜਾ

**✪ 2019-2021 ਦੇ ਵਿਚਕਾਰ, ਪੰਜਾਬ ਵਿੱਚ ਲਗਭਗ 15,000 ਔਰਤਾਂ ਅਤੇ ਲੜਕੀਆਂ ਗਾਇਬ ਹੋਈਆਂ ✪ 2023 ਅਤੇ 2024 ਦੇ ਅੰਕੜਿਆਂ ਬਾਰੇ ਐਨਸੀਆਰਬੀ ਦੀ ਰਿਪੋਰਟ ਅਜੇ ਪੂਰੀ ਤਰ੍ਹਾਂ ਜਨਤਕ ਨਹੀਂ ਹੋਈ ✪ ਪੁਲਿਸ ਤੇ ਅਦਾਲਤਾਂ ਨਹੀਂ ਦੇ ਰਹੀਆਂ ਧਿਆਨ**



**ਵਿਸ਼ੇਸ਼ ਰਿਪੋਟ**

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ 2022 ਦੇ ਅੰਕੜਿਆਂ ਮੁਤਾਬਕ, ਪੰਜਾਬ ਵਿੱਚ ਸਾਲਾਨਾ ਹਜ਼ਾਰਾਂ ਔਰਤਾਂ ਅਤੇ ਨਾਬਾਲਗ ਲੜਕੀਆਂ ਲਾਪਤਾ ਹੋ ਰਹੀਆਂ ਹਨ। 2019-2021 ਦੇ ਵਿਚਕਾਰ, ਪੰਜਾਬ ਵਿੱਚ ਲਗਭਗ 15,000 ਔਰਤਾਂ ਅਤੇ ਲੜਕੀਆਂ ਦੇ ਗੁੰਮ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ ਸਿਰਫ 30-35% ਮਾਮਲਿਆਂ ਵਿੱਚ ਹੀ ਲੜਕੀਆਂ ਨੂੰ ਬਰਾਮਦ ਕੀਤਾ ਜਾ ਸਕਿਆ। ਇਹ ਅੰਕੜੇ ਸਰਕਾਰੀ ਰਿਕਾਰਡਾਂ 'ਤੇ ਆਧਾਰਿਤ ਹਨ, ਪਰ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ, ਕਿਉਂਕਿ ਬਹੁਤ ਸਾਰੇ ਮਾਮਲੇ ਸਮਾਜਿਕ ਡਰ ਅਤੇ ਇੱਜ਼ਤ ਦੇ ਨਾਂ 'ਤੇ ਦਰਜ ਨਹੀਂ ਹੁੰਦੇ।

ਸਰਕਾਰੀ ਰਿਕਾਰਡ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ 2022 ਦੇ ਅੰਕੜਿਆਂ ਮੁਤਾਬਕ, ਪੰਜਾਬ ਵਿੱਚ 8,432 ਨਾਬਾਲਗ ਬੱਚੇ (2013-2022) ਦੇ ਵਿਚਕਾਰ ਗੁੰਮ ਹੋਏ, ਜਿਨ੍ਹਾਂ ਵਿੱਚੋਂ 75% ਲੜਕੀਆਂ ਸਨ। 2022 ਵਿੱਚ, ਪੰਜਾਬ ਵਿੱਚੋਂ ਲਗਭਗ 2,000 ਲੜਕੀਆਂ ਦੇ ਗੁੰਮ ਹੋਣ ਦੀਆਂ ਰਿਪੋਰਟਾਂ ਦਰਜ ਹੋਈਆਂ। 2023 ਅਤੇ 2024 ਦੇ ਅੰਕੜਿਆਂ ਬਾਰੇ ਐਨਸੀਆਰਬੀ ਦੀ ਵਿਸਥਾਰਤ ਰਿਪੋਰਟ ਅਜੇ ਪੂਰੀ ਤਰ੍ਹਾਂ ਜਨਤਕ ਨਹੀਂ ਹੋਈ, ਪਰ 2024 ਵਿੱਚ ਮੱਧ ਪ੍ਰਦੇਸ਼ ਵਰਗੇ ਸੂਬਿਆਂ ਦੇ ਅੰਕੜਿਆਂ ਦੇ ਅਧਾਰ 'ਤੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਸਾਲਾਨਾ 1,500-2,000 ਲੜਕੀਆਂ ਦੀ ਗੁੰਮਸ਼ੁਦਗੀ ਦਾ ਸਿਲਸਿਲਾ ਜਾਰੀ ਹੈ।

2025 ਦੇ ਅੰਕੜੇ ਅਜੇ ਅਧਿਕਾਰਤ ਤੌਰ 'ਤੇ ਜਾਰੀ ਨਹੀਂ ਹੋਏ, ਪਰ ਸਥਾਨਕ ਅਖਬਾਰਾਂ ਅਤੇ ਆਰਟੀ ਆਈ ਰਿਪੋਰਟਾਂ ਮੁਤਾਬਕ, ਲੁਧਿਆਣਾ, ਪਟਿਆਲਾ, ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਗੁੰਮਸ਼ੁਦਗੀ ਦੇ ਮਾਮਲੇ ਵਧੇ ਹਨ। ਸਰਕਾਰੀ ਰਿਕਾਰਡਾਂ ਵਿੱਚ ਸਿਰਫ 40% ਮਾਮਲਿਆਂ ਦੀ ਬਰਾਮਦਗੀ ਦਰਜ ਹੈ, ਜੋ ਸਿਸਟਮ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ।

ਨੈਸ਼ਨਲ ਅਤੇ ਇੰਟਰਨੈਸ਼ਨਲ ਅਖਬਾਰਾਂ ਦੀਆਂ ਰਿਪੋਰਟਾਂ ਨੈਸ਼ਨਲ ਅਖਬਾਰਾਂ ਜਿਵੇਂ ਕਿ ਦਿ ਹਿੰਦੂ, ਇੰਡੀਅਨ ਐਕਸਪ੍ਰੈਸ, ਅਤੇ ਟਾਈਮਜ਼ ਆਫ ਇੰਡੀਆ ਨੇ 2022-2024 ਦੌਰਾਨ ਭਾਰਤ ਵਿੱਚ ਔਰਤਾਂ ਅਤੇ ਲੜਕੀਆਂ ਦੀ ਗੁੰਮਸ਼ੁਦਗੀ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।

ਦਿ ਹਿੰਦੂ (2023) ਮੁਤਾਬਕ, 2019-2021 ਦੇ ਵਿਚਕਾਰ ਪੰਜਾਬ ਸਮੇਤ ਭਾਰਤ ਵਿੱਚ 13.13 ਲੱਖ ਔਰਤਾਂ ਅਤੇ ਲੜਕੀਆਂ ਗੁੰਮ ਹੋਈਆਂ, ਜਿਨ੍ਹਾਂ ਵਿੱਚੋਂ 2.03 ਲੱਖ ਅਜੇ ਵੀ ਲਾਪਤਾ ਹਨ। ਟਾਈਮਜ਼ ਆਫ ਇੰਡੀਆ (2024) ਨੇ ਰਿਪੋਰਟ ਕੀਤਾ ਕਿ 2022 ਵਿੱਚ ਹਰ ਰੋਜ਼ 172 ਲੜਕੀਆਂ ਗੁੰਮ ਹੋਈਆਂ ਅਤੇ 170 ਲੜਕੀਆਂ ਦਾ ਅਗਵਾ ਹੋਇਆ।

ਇੰਟਰਨੈਸ਼ਨਲ ਮੀਡੀਆ, ਜਿਵੇਂ ਕਿ ਬੀਬੀਸੀ ਅਤੇ ਗਾਰਡੀਅਨ (2024), ਨੇ ਭਾਰਤ ਵਿੱਚ ਮਨੁੱਖੀ ਤਸਕਰੀ ਅਤੇ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸਰਕਾਰੀ ਨੀਤੀਆਂ ਦੀ ਅਲੋਚਨਾ ਕੀਤੀ, ਖਾਸਕਰ ਪੰਜਾਬ ਵਰਗੇ ਸੂਬਿਆਂ ਵਿੱਚ ਸਰਹੱਦੀ ਖੇਤਰਾਂ ਨੂੰ ਤਸਕਰੀ ਦਾ ਕੇਂਦਰ ਦੱਸਿਆ।

ਈਟੀਵੀ ਭਾਰਤ (2024) ਨੇ ਪੰਜਾਬ ਵਿੱਚ 8,342 ਨਾਬਾਲਗ ਬੱਚਿਆਂ (ਜਿਨ੍ਹਾਂ ਵਿੱਚ ਜ਼ਿਆਦਾਤਰ ਲੜਕੀਆਂ) ਦੇ ਗੁੰਮ ਹੋਣ ਦੀ ਪੁਸ਼ਟੀ ਕੀਤੀ ਸੀ।

ਡੇਲੀ ਪਾਇਨੀਅਰ (15 ਮਈ 2025) ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ ਹਰ ਸਾਲ ਲੱਖਾਂ ਲੋਕ, ਖਾਸਕਰ ਲੜਕੀਆਂ ਅਤੇ ਬੱਚੇ, ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ 2022 ਦੀ ਰਿਪੋਰਟ ਅਨੁਸਾਰ, ਪੰਜਾਬ ਸਮੇਤ ਭਾਰਤ ਵਿੱਚ 2,250 ਮਨੁੱਖੀ ਤਸਕਰੀ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 6,036 ਪੀੜਤ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 2,878 ਬੱਚੇ ਅਤੇ 3,158 ਬਾਲਗ ਸਨ। ਪੰਜਾਬ ਵਿੱਚ 2022-2024 ਦੌਰਾਨ ਲਗਭਗ 5,500-6,000 ਲੜਕੀਆਂ ਦੇ ਗੁੰਮ ਹੋਣ ਦਾ ਅੰਦਾਜ਼ਾ ਹੈ, ਜਿਨ੍ਹਾਂ ਵਿੱਚੋਂ ਸਿਰਫ 35-40% (2,000-2,400) ਨੂੰ ਬਰਾਮਦ ਕੀਤਾ ਜਾ ਸਕਿਆ। 2025 ਦੇ ਅਧੂਰੇ ਅੰਕੜਿਆਂ ਮੁਤਾਬਕ, ਲੁਧਿਆਣਾ, ਅੰਮ੍ਰਿਤਸਰ, ਅਤੇ ਪਟਿਆਲਾ ਵਿੱਚ ਗੁੰਮਸ਼ੁਦਗੀ ਦੇ ਮਾਮਲੇ ਵਧ ਰਹੇ ਹਨ। 2024 ਦੀ ਰਿਪੋਰਟ ਮੁਤਾਬਕ, 44% ਪੀੜਤ ਔਰਤਾਂ ਹਨ, ਜਿਨ੍ਹਾਂ ਨੂੰ ਜਿਨਸੀ ਸ਼ੋਸ਼ਣ, ਜਬਰੀ ਮਜ਼ਦੂਰੀ, ਅਤੇ ਜਬਰੀ ਵਿਆਹ ਲਈ ਤਸਕਰੀ ਕੀਤਾ ਜਾਂਦਾ ਹੈ। ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਤਸਕਰੀ ਦੇ ਜਾਲ ਸਰਗਰਮ ਹਨ, ਜਿੱਥੇ ਲੜਕੀਆਂ ਨੂੰ ਵੇਸਵਾਗਮਨੀ, ਜਬਰੀ ਵਿਆਹ, ਜਾਂ ਬੰਧੂਆ ਮਜ਼ਦੂਰੀ ਵਿੱਚ ਧੱਕਿਆ ਜਾਂਦਾ ਹੈ।

## ਲੜਕੀਆਂ ਦੇ ਗੁੰਮ ਹੋਣ ਦੇ ਪਿੱਛੇ ਕਈ ਗੰਭੀਰ ਕਾਰਨ

ਪੰਜਾਬ ਵਿੱਚ, ਖਾਸ ਤੌਰ 'ਤੇ ਸਰਹੱਦੀ ਖੇਤਰਾਂ ਅਤੇ ਸ਼ਹਿਰੀ ਸਲਮ ਖੇਤਰਾਂ ਵਿੱਚ, ਲੜਕੀਆਂ ਨੂੰ ਅਗਵਾ ਕਰਕੇ ਮਨੁੱਖੀ ਤਸਕਰੀ ਦੇ ਜਾਲ ਵਿੱਚ ਫਸਾਇਆ ਜਾਂਦਾ ਹੈ। ਕਈ ਮਾਮਲਿਆਂ ਵਿੱਚ, ਇਹ ਲੜਕੀਆਂ ਨੂੰ ਵੇਸਵਾਗਮਨੀ, ਜਬਰੀ ਵਿਆਹ, ਜਾਂ ਬੰਧੂਆ ਮਜ਼ਦੂਰੀ ਵਿੱਚ ਧੱਕਿਆ ਜਾਂਦਾ ਹੈ।

## ਪੁਲੀਸ ਅਤੇ ਅਦਾਲਤਾਂ ਦੀ ਲਾਪਰਵਾਹੀ

ਪੰਜਾਬ ਵਿੱਚ ਗੁੰਮਸ਼ੁਦਗੀ ਦੇ ਮਾਮਲਿਆਂ ਵਿੱਚ ਪੁਲੀਸ ਦੀ ਪਹੁੰਚ ਸਕਾਰਾਤਮਕ ਨਹੀਂ ਹੈ। ਸਮਾਜਿਕ ਦਬਾਅ ਅਤੇ ਇੱਜ਼ਤ ਦੇ ਨਾਂ 'ਤੇ ਮਾਪੇ ਸ਼ਿਕਾਇਤ ਕਰਨ ਤੋਂ ਕਤਰਾਉਂਦੇ ਹਨ, ਅਤੇ ਜੇਕਰ ਸ਼ਿਕਾਇਤ ਦਰਜ ਵੀ ਹੁੰਦੀ ਹੈ, ਤਾਂ ਪੁਲੀਸ ਅਕਸਰ ਇਸ ਨੂੰ "ਘਰੇਲੂ ਮਾਮਲਾ" ਜਾਂ "ਭੱਜ ਜਾਣ" ਦੀ ਘਟਨਾ ਕਹਿ ਕੇ ਰਫਾ-ਦਫਾ ਕਰ ਦਿੰਦੀ ਹੈ। ਸਾਲ 2022 ਵਿੱਚ, ਪੰਜਾਬ ਵਿੱਚ ਗੁੰਮਸ਼ੁਦਗੀ ਦੇ 5,000 ਤੋਂ ਵੱਧ ਮਾਮਲੇ ਦਰਜ ਹੋਏ, ਪਰ ਸਿਰਫ 1,800 ਦੇ ਕਰੀਬ ਮਾਮਲਿਆਂ ਵਿੱਚ ਬਰਾਮਦਗੀ ਹੋਈ। ਅਦਾਲਤਾਂ ਵੀ ਇਸ ਮੁੱਦੇ ਨੂੰ ਸੰਜੀਦਗੀ ਨਾਲ ਨਹੀਂ ਲੈਂਦੀਆਂ। ਹਾਈਕੋਰਟ ਵੱਲੋਂ ਕੁਝ ਮਾਮਲਿਆਂ ਵਿੱਚ ਸਵੈ-ਪ੍ਰੇਰਿਤ ਨੋਟਿਸ ਲਏ ਗਏ ਹਨ, ਪਰ ਜ਼ਮੀਨੀ ਪੱਧਰ 'ਤੇ ਕੋਈ ਠੋਸ ਨਤੀਜੇ ਨਹੀਂ ਨਿਕਲਦੇ। ਮਨੁੱਖੀ ਤਸਕਰੀ ਦੇ ਮਾਮਲਿਆਂ ਵਿੱਚ ਸਜ਼ਾਵਾਂ ਦੀ ਦਰ 20% ਤੋਂ ਵੀ ਘੱਟ ਹੈ, ਜੋ ਸਿਸਟਮ ਦੀ ਨਾਕਾਮੀ ਨੂੰ ਦਰਸਾਉਂਦੀ ਹੈ।

## ਪੰਜਾਬ ਸਰਕਾਰ ਦੇ ਯਤਨ

ਪੰਜਾਬ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਲਈ ਕੁਝ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਵੇਂ ਕਿ 'ਸ਼ਕਤੀ' ਸਕੀਮ ਅਤੇ ਮਹਿਲਾ ਹੈਲਪਲਾਈਨ (181), ਪਰ ਇਹਨਾਂ ਦੀ ਪਹੁੰਚ ਅਤੇ ਪ੍ਰਭਾਵਸ਼ੀਲਤਾ ਸੀਮਤ ਹੈ। ਸਪੈਸ਼ਲ ਸਾਈਬਰ ਸੈੱਲ ਅਤੇ ਮਨੁੱਖੀ ਤਸਕਰੀ ਵਿਰੋਧੀ ਯੂਨਿਟ ਦੀ ਸਥਾਪਨਾ ਤਾਂ ਹੋਈ ਹੈ, ਪਰ ਸਰੋਤਾਂ ਦੀ ਘਾਟ ਅਤੇ ਸਿਖਲਾਈ ਦੀ ਕਮੀ ਕਾਰਨ ਇਹ ਅਸਰਦਾਰ ਨਹੀਂ। ਸਰਕਾਰ ਨੂੰ ਸਖ਼ਤ ਕਾਨੂੰਨੀ ਕਾਰਵਾਈ, ਤਸਕਰੀ ਦੇ ਜਾਲਾਂ 'ਤੇ ਨਕੇਲ, ਅਤੇ ਸਮਾਜਿਕ ਜਾਗਰੂਕਤਾ ਮੁਹਿੰਮਾਂ 'ਤੇ ਜ਼ੋਰ ਦੇਣ ਦੀ ਲੋੜ ਹੈ। ਸਮਾਜ ਨੂੰ ਵੀ ਆਪਣੀ ਮਰਦ ਪ੍ਰਧਾਨ ਸਮਾਜ ਸੋਚ ਨੂੰ ਬਦਲਣਾ ਹੋਵੇਗਾ, ਜਿਸ ਵਿੱਚ ਔਰਤ ਨੂੰ ਇੱਕ ਸਮਾਨ ਸਥਾਨ ਦਿੱਤਾ ਜਾਵੇ। ਸਕੂਲਾਂ ਅਤੇ ਕਮਿਊਨਿਟੀ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ, ਮਹਿਲਾ ਸੁਰੱਖਿਆ ਸੈੱਲਾਂ ਦੀ ਮਜ਼ਬੂਤੀ, ਅਤੇ ਤਸਕਰੀ ਨੂੰ ਰੋਕਣ ਲਈ ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਵਧਾਉਣ ਦੀ ਲੋੜ ਹੈ।

ਅਦਾਲਤਾਂ ਨੇ ਕੁਝ ਮਾਮਲਿਆਂ ਵਿੱਚ ਸਵੈ-ਪ੍ਰੇਰਿਤ ਨੋਟਿਸ ਲਏ, ਪਰ ਮਨੁੱਖੀ ਤਸਕਰੀ ਦੀ ਸਜ਼ਾ ਦਰ 20% ਤੋਂ ਘੱਟ ਹੈ। ਸਰਕਾਰ ਨੇ 'ਸ਼ਕਤੀ' ਸਕੀਮ ਅਤੇ ਮਹਿਲਾ ਹੈਲਪਲਾਈਨ (181) ਸ਼ੁਰੂ ਕੀਤੀਆਂ, ਪਰ ਇਹਨਾਂ ਦੀ ਪਹੁੰਚ ਸੀਮਤ ਹੈ। ਸਰਕਾਰ ਨੂੰ ਸਖ਼ਤ ਕਾਨੂੰਨੀ ਕਾਰਵਾਈ, ਸਰਹੱਦੀ ਸੁਰੱਖਿਆ, ਅਤੇ ਜਾਗਰੂਕਤਾ ਮੁਹਿੰਮਾਂ 'ਤੇ ਜ਼ੋਰ ਦੇਣ ਦੀ ਲੋੜ ਹੈ।

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੇ ਚੁੱਕਿਆ ਦਵਿੰਦਰ ਸਿੰਘ ਦਾ ਮੁੱਦਾ, ਮੰਗੀ ਨਿਰਪੱਖ ਜਾਂਚ

## ✪ ਪਾਕਿਸਤਾਨ ਗੁਰਦੁਆਰਾ ਯਾਤਰਾ 'ਤੇ ਪਾਬੰਦੀਆਂ, ਸਿੱਖਾਂ ਵਿਚ ਸਰਕਾਰ ਵਿਰੁੱਧ ਰੋਸ





ਕੈਥਲ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਸਤਗੜ੍ਹ ਪਿੰਡ ਦੇ ਦਵਿੰਦਰ ਸਿੰਘ ਦੇ ਹੱਕ ਵਿੱਚ ਆਉਂਦਿਆਂ ਸਰਕਾਰ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਦਵਿੰਦਰ ਸਿੰਘ, ਜਿਸ ਨੂੰ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਦੇ ਮਾਮਲੇ ਦੀ ਪੜਤਾਲ ਲਈ ਕਮੇਟੀ ਨੇ ਪੰਜ ਮੈਂਬਰੀ ਜਾਂਚ ਟੀਮ ਬਣਾਈ ਹੈ। ਇਸ ਟੀਮ ਦੀ ਅਗਵਾਈ ਸਾਬਕਾ ਚੇਅਰਮੈਨ ਜਗਦੀਸ਼ ਸਿੰਘ ਝੀਂਡਾ ਕਰ ਰਹੇ ਨੇ। ਝੀਂਡਾ ਨੇ ਕੈਥਲ ਦੀ ਐਸਐਸਪੀ ਆਸਥਾ ਨਾਲ ਮੁਲਾਕਾਤ ਕਰਕੇ ਦਵਿੰਦਰ ਦੇ ਮਾਮਲੇ ਵਿਚ ਸੁਤੰਤਰ ਜਾਂਚ ਦੀ ਅਪੀਲ ਕੀਤੀ। ਝੀਂਡਾ ਨੇ ਦੱਸਿਆ ਕਿ ਦਵਿੰਦਰ ਸਿਰਫ਼ ਪਾਕਿਸਤਾਨ ਵਿਚ ਸਿੱਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਗਿਆ ਸੀ, ਪਰ ਸਰਕਾਰ ਨੇ ਉਸ 'ਤੇ ਜਾਸੂਸੀ ਦਾ ਝੂਠਾ ਇਲਜ਼ਾਮ ਲਾਇਆ। ਉਨ੍ਹਾਂ ਕਿਹਾ ਕਿ ਓਹ ਅਜੇ ਬਹੁਤ ਛੋਟਾ ਹੈ, ਪਾਕਿਸਤਾਨ ਵਿਚ ਕੌਣ ਕਿਸ ਨਾਲ ਮਿਲਦਾ, ਇਹ ਸਮਝਣਾ ਮੁਸ਼ਕਿਲ ਹੈ। ਸਾਈਬਰ ਟੀਮ ਨੇ ਦਵਿੰਦਰ ਦੇ ਮੋਬਾਈਲ 'ਚੋਂ ਡਾਟਾ ਜੁਟਾਇਆ ਹੈ, ਜਿਸ ਦੇ ਆਧਾਰ 'ਤੇ ਪੁਲਿਸ ਨੇ ਉਸ 'ਤੇ ਜਾਸੂਸੀ ਦਾ ਦੋਸ਼ ਲਾਇਆ।

ਡੀਐਸਪੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਐਸਆਈਟੀ ਦਵਿੰਦਰ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕਰ ਰਹੀ ਹੈ।

### ਕਰਤਾਰਪੁਰ ਲਾਂਘਾ ਬੰਦ ਅਤੇ ਸਿੱਖਾਂ ਵਿਚ ਰੋਸ

ਕਰਤਾਰਪੁਰ ਸਾਹਿਬ ਲਾਂਘੇ ਦੇ ਬੰਦ ਹੋਣ ਨਾਲ ਸਿੱਖ ਭਾਈਚਾਰੇ 'ਚ ਸਰਕਾਰ ਵਿਰੁੱਧ ਗੁੱਸਾ ਵਧ ਰਿਹਾ ਹੈ। ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਪਾਕਿਸਤਾਨ 'ਚ ਸਿੱਖ ਗੁਰਦੁਆਰਿਆਂ ਦੀ ਯਾਤਰਾ 'ਤੇ ਸ਼ੱਕ ਕਰਨਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ। ਕਰਤਾਰਪੁਰ ਲਾਂਘਾ, ਜੋ ਸਿੱਖਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਧਰਤੀ 'ਤੇ ਜਾਣ ਦਾ ਮੌਕਾ ਦਿੰਦਾ ਸੀ, ਬੰਦ ਕਰਨ ਦਾ ਕਾਰਨ ਸਰਕਾਰ ਨੇ ਸੁਰੱਖਿਆ ਮੁੱਦੇ ਦੱਸੇ ਹਨ। ਪਰ ਸਿੱਖ ਜਥੇਬੰਦੀਆਂ, ਜਿਨ੍ਹਾਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ), ਦਮਦਮੀ ਟਕਸਾਲ ਅਤੇ ਹੋਰ ਨਿਹੰਗ ਸਿੰਘ ਜਥੇਬੰਦੀਆਂ ਸ਼ਾਮਲ ਨੇ, ਇਸ ਦਾ ਸਖ਼ਤ ਵਿਰੋਧ ਕੀਤਾ।

ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ, "ਸਰਕਾਰ ਸਿੱਖਾਂ ਦੇ ਧਾਰਮਿਕ ਅਧਿਕਾਰਾਂ 'ਤੇ ਰੋਕ ਲਾਉਣ ਦੀ ਸਾਜ਼ਿਸ਼ ਕਰ ਰਹੀ ਹੈ। ਕਰਤਾਰਪੁਰ ਲਾਂਘਾ ਬੰਦ ਕਰਨਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ।"

# ਭਾਰਤ ਵਿਚ 20 ਸਾਲਾਂ ਦੌਰਾਨ ਹੀਟਵੇਵ ਕਾਰਨ 20 ਹਜ਼ਾਰ ਹੋਈਆਂ ਮੌਤਾਂ

## ✪ ਦਲਿਤ ਤੇ ਮਜ਼ਦੂਰ ਭਾਈਚਾਰੇ ਸਭ ਤੋਂ ਵੱਧ ਪ੍ਰਭਾਵਿਤ

ਨਵੀਂ ਦਿੱਲੀ-2001 ਤੋਂ 2019 ਦੇ ਵਿਚਕਾਰ ਭਾਰਤ ਵਿੱਚ ਹੀਟਵੇਵ (ਲੂ) ਕਾਰਨ ਲਗਭਗ 20,000 ਲੋਕਾਂ ਦੀ ਮੌਤ ਹੋਈ ਹੈ। ਇੱਕ ਤਾਜ਼ਾ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਮਰਦਾਂ ਨੂੰ ਹੀਟ ਸਟਰੋਕ ਦਾ ਵੱਧ ਖ਼ਤਰਾ ਰਿਹਾ। ਇਸ ਦੇ ਨਾਲ ਹੀ, ਹਾਸ਼ੀਏ 'ਤੇ ਰਹਿੰਦੇ ਜਾਤੀ ਸਮੂਹਾਂ ਨੂੰ ਵੀ ਇਸ ਦਾ ਜ਼ਿਆਦਾ ਨੁਕਸਾਨ ਝੱਲਣਾ ਪਿਆ। ਜਾਤੀ ਅਧਾਰਤ 'ਥਰਮਲ ਅਨਜਸਟਿਸ' ਦਾ ਸੰਕਟ ਰਿਪੋਟਾਂ ਦੱਸਦੀਆਂ ਹਨ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਲੋਕਾਂ ਦੀਆਂ ਮੌਤਾਂ ਦਰ ਦੂਜੇ ਸਮੂਹਾਂ ਨਾਲੋਂ ਕਿਤੇ ਜ਼ਿਆਦਾ ਰਹੀ। ਸੋਧਕਰਤਾਵਾਂ ਨੇ ਇਸ ਨੂੰ 'ਥਰਮਲ ਅਨਜਸਟਿਸ' (ਗਰਮੀ ਨਾਲ ਜੁੜਿਆ ਅਨਿਆਂ) ਦਾ ਨਾਂ ਦਿੱਤਾ ਹੈ। ਅਧਿਐਨ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਸਰਕਾਰ ਨੂੰ ਜਾਤੀ ਨੂੰ ਧਿਆਨ ਵਿੱਚ ਰੱਖਦਿਆਂ ਸਮਾਜਿਕ ਸੁਰੱਖਿਆ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

### ਮਰਦ ਅਤੇ ਮਜ਼ਦੂਰ ਵਰਗ ਸਭ ਤੋਂ ਵੱਧ ਪ੍ਰਭਾਵਿਤ

ਹਰਿਆਣਾ ਦੀ ਓਪੀ ਜਿੰਦਲ ਗਲੋਬਲ ਯੂਨੀਵਰਸਿਟੀ ਦੀ ਖੋਜ ਟੀਮ ਨੇ ਪਾਇਆ ਕਿ 45-60 ਸਾਲ ਦੇ ਲੋਕ ਹੀਟ ਸਟਰੋਕ ਅਤੇ ਅੱਤ ਦੀ ਠੰਢ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ। ਮਰਦਾਂ ਦੀਆਂ ਮੌਤਾਂ ਔਰਤਾਂ ਨਾਲੋਂ 3 ਤੋਂ 5 ਗੁਣਾ ਜ਼ਿਆਦਾ ਸਨ, ਕਿਉਂਕਿ ਮਰਦ ਜ਼ਿਆਦਾਤਰ ਸਮਾਂ ਬਾਹਰ ਕੰਮ ਕਰਦੇ ਹਨ।



> ਪੰਜਾਬ ਟਾਈਮਜ਼ ਅਨੁਸਾਰ ਭਾਵੇਂ ਭਾਰਤ ਸਰਕਾਰ ਨੇ ਹੀਟਵੇਵ ਨਾਲ ਨਜਿੱਠਣ ਲਈ ਕੁਝ ਕਦਮ ਚੁੱਕੇ ਹਨ, ਪਰ ਜਾਤੀ-ਆਧਾਰਿਤ ਸੁਰੱਖਿਆ ਨੀਤੀਆਂ ਅਤੇ ਅਸੰਗਠਿਤ ਮਜ਼ਦੂਰਾਂ ਲਈ ਵਿਸ਼ੇਸ਼ ਸਕੀਮਾਂ ਦੀ ਘਾਟ ਅਜੇ ਵੀ ਇੱਕ ਵੱਡੀ ਚੁਣੌਤੀ ਹੈ। ਜਲਵਾਯੂ ਪਰਿਵਰਤਨ ਦੇ ਵਧਦੇ ਪ੍ਰਭਾਵ ਨੂੰ ਵੇਖਦਿਆਂ, ਸਰਕਾਰ ਨੂੰ ਹਾਸ਼ੀਏ ਵਾਲੇ ਭਾਈਚਾਰਿਆਂ ਦੀ ਸੁਰੱਖਿਆ ਲਈ ਵਧੇਰੇ ਪ੍ਰਭਾਵੀ ਅਤੇ ਉਚ ਪਧਰ ਦੀਆਂ ਨੀਤੀਆਂ ਬਣਾਉਣ ਦੀ ਲੋੜ ਹੈ।

### ਜਲਵਾਯੂ ਪਰਿਵਰਤਨ ਅਤੇ ਵਧਦੀਆਂ ਚੁਣੌਤੀਆਂ

ਸੰਯੁਕਤ ਰਾਸ਼ਟਰ ਦੀ 2021 ਦੀ ਇੱਕ ਰਿਪੋਰਟ ਅਤੇ ਹੋਰ ਅਧਿਐਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਭਾਰਤ ਸਮੇਤ ਏਸ਼ੀਆ ਦੇ ਕਈ ਹਿੱਸਿਆਂ ਵਿੱਚ ਅਗਲੇ ਸਾਲਾਂ ਵਿੱਚ ਹੀਟਵੇਵ ਵਰਗੀਆਂ ਅੱਤ ਦੀਆਂ ਮੌਸਮੀ ਘਟਨਾਵਾਂ ਵਧਣਗੀਆਂ। ਭਾਰਤੀ ਮੌਸਮ ਵਿਭਾਗ ਮੁਤਾਬਕ, ਫਰਵਰੀ 2025 ਪਿਛਲੇ 125 ਸਾਲਾਂ ਵਿੱਚ ਸਭ ਤੋਂ ਗਰਮ ਫਰਵਰੀ ਸੀ। ਸੋਧਕਰਤਾਵਾਂ ਨੇ ਸਰਕਾਰ ਨੂੰ ਬਾਹਰੀ ਮਜ਼ਦੂਰਾਂ, ਖ਼ਾਸਕਰ ਘੱਟ ਆਮਦਨ ਵਾਲੇ ਅਤੇ ਦਿਹਾੜੀ ਮਜ਼ਦੂਰਾਂ ਲਈ ਸਮਾਜਿਕ ਸੁਰੱਖਿਆ ਸਕੀਮਾਂ 'ਤੇ ਵਿਚਾਰ ਕਰਨ ਦੀ ਸਲਾਹ ਦਿੱਤੀ ਹੈ। ਇਸ ਅਧਿਐਨ ਵਿੱਚ ਸੈਟੇਲਾਈਟ ਡੇਟਾ ਅਤੇ ਪੀਰੀਓਡਿਕ ਲੇਬਰ ਫੋਰਸ ਸਰਵੇ (ਫਲ਼ਦਸ਼) ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਪਤਾ ਲੱਗਿਆ ਕਿ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਲੋਕ 43-49% ਸਮਾਂ ਬਾਹਰੀ ਕੰਮਾਂ ਵਿੱਚ ਬਤੀਤ ਕਰਦੇ ਹਨ, ਜਦਕਿ ਉੱਚ ਜਾਤੀਆਂ ਦੇ ਲੋਕ 27-28% ਸਮਾਂ ਹੀ ਬਾਹਰ ਕੰਮ ਕਰਦੇ ਹਨ। ਇਹ ਅਸਮਾਨਤਾ 'ਥਰਮਲ ਅਨਜਸਟਿਸ' ਦੀ



ਸਥਿਤੀ ਨੂੰ ਦਰਸਾਉਂਦੀ ਹੈ, ਜਿਸ ਨੂੰ ਦੂਰ ਕਰਨ ਲਈ ਜਾਤੀ-ਅਧਾਰਤ ਸੁਰੱਖਿਆ ਨੀਤੀਆਂ ਦੀ ਲੋੜ ਹੈ।

### ਮਾਹਿਰਾਂ ਵਲੋਂ ਸੁਝਾਅ ਅਤੇ ਸਿਫਾਰਸ਼ਾਂ

ਸੋਧਕਰਤਾਵਾਂ ਨੇ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਦਲਿਤ ਅਤੇ ਜਨਜਾਤੀ ਭਾਈਚਾਰਿਆਂ ਲਈ ਵਿਸ਼ੇਸ਼ ਸੁਰੱਖਿਆ ਸਕੀਮਾਂ ਬਣਾਈਆਂ ਜਾਣ, ਜਿਵੇਂ ਕਿ ਸਸਤੀ ਸਿਹਤ ਸੰਭਾਲ, ਬੀਮਾ, ਅਤੇ ਗਰਮੀ ਦੇ ਸਮੇਂ ਆਰਥਿਕ ਸਹਾਇਤਾ। ਅੱਤ ਦੀ ਗਰਮੀ ਦੇ ਸਮੇਂ ਮਜ਼ਦੂਰਾਂ ਦੇ ਕੰਮ ਦੇ ਸਮੇਂ ਨੂੰ ਸਵੇਰ ਜਾਂ ਸ਼ਾਮ ਤੱਕ ਸੀਮਤ ਕਰਨ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਜਨਤਕ ਸਥਾਨਾਂ 'ਤੇ ਪੀਣ ਵਾਲੇ ਪਾਣੀ ਅਤੇ ਛਾਂ ਵਾਲੀਆਂ ਥਾਵਾਂ ਦੀ ਸਹੂਲਤ ਵਧਾਈ ਜਾਵੇ। ਹੀਟ ਸਟਰੋਕ ਦੇ ਮਰੀਜ਼ਾਂ ਲਈ ਪੇਂਡੂ ਖੇਤਰਾਂ ਵਿੱਚ ਸਿਹਤ ਸੰਭਾਲ ਸਹੂਲਤਾਂ ਨੂੰ ਮਜ਼ਬੂਤ ਕੀਤਾ ਜਾਵੇ।

## ਕਰਾਈਮ ਨਿਊਜ਼

# ਫਿਰੋਜ਼ਪੁਰ ਪੁਲਸ ਵਲੋਂ 12 ਕਿਲੋ ਹੈਰੋਇਨ, 25 ਲੱਖ ਡਰਗ ਮਨੀ ਸਮੇਤ ਤਿੰਨ ਨਸ਼ਾ ਤਸਕਰ ਕਾਬੂ

### ✪ ਡੇਢ ਮਹੀਨੇ ਵਿਚ 150 ਕਿਲੋ ਹੈਰੋਇਨ ਸਮੇਤ 800 ਤਸਕਰ ਗ੍ਰਿਫਤਾਰ

ਫਿਰੋਜ਼ਪੁਰ-ਪੰਜਾਬ ਪੁਲਸ ਨੇ ਨਸ਼ਾ ਵਿਰੋਧੀ ਮੁਹਿੰਮ ਤਹਿਤ ਫਿਰੋਜ਼ਪੁਰ ਵਿੱਚ ਵੱਡੀ ਕਾਰਵਾਈ ਕਰਦਿਆਂ ਤਿੰਨ ਨਸ਼ਾ ਤਸਕਰਾਂ ਨੂੰ 12 ਕਿਲੋ 70 ਗ੍ਰਾਮ ਹੈਰੋਇਨ ਅਤੇ 25 ਲੱਖ 12 ਹਜ਼ਾਰ ਰੁਪਏ ਦੀ ਡਰਗ ਮਨੀ ਸਮੇਤ ਗ੍ਰਿਫਤਾਰ ਕੀਤਾ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਡੇਢ ਮਹੀਨੇ ਵਿੱਚ ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨਤਾਰਨ ਵਿੱਚ 150 ਕਿਲੋ ਹੈਰੋਇਨ, 4 ਕਿਲੋ ਅਫੀਮ, 958 ਕਿਲੋ ਪੋਸਤ, 92 ਨਸ਼ੀਲੀਆਂ ਗੋਲੀਆਂ, 77 ਲੱਖ ਦੀ ਡਰਗ ਮਨੀ, 12 ਪਿਸਟਲ ਅਤੇ 123 ਚੋਰੀ ਦੀਆਂ ਕਾਰਾਂ ਸਮੇਤ 800 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਹੱਦ ਰਾਹੀਂ ਨਸ਼ੇ ਦੀ ਸਪਲਾਈ ਨੂੰ ਰੋਕਣ ਲਈ ਪੁਲਸ ਸਤਰਕ ਹੈ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ। ਡੀਆਈਜੀ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਇਸ ਗਲਤ ਧੰਦੇ ਨੂੰ ਛੱਡ ਦੇਣ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਚਾਲ-ਚਲਣ 'ਤੇ ਨਜ਼ਰ ਰੱਖਣ।

# ਅਮਰੀਕਾ ਦੇ ਵਰਜੀਨੀਆ ਵਿੱਚ ਪੰਜਾਬੀ ਸਿੱਖ ਦੇ ਸਟੋਰ 'ਤੇ ਫਾਇਰ ਬੰਬ ਨਾਲ ਹਮਲਾ

### ✪ ਸਿੰਘ ਨੇ ਕੀਤਾ ਹਮਲਾਵਰ ਦਾ ਮੁਕਾਬਲਾ, ਜ਼ਖਮੀ ਹਾਲਤ ਵਿਚ ਹਮਲਾਵਰ ਫਰਾਰ, ਫਿਰ ਗ੍ਰਿ.ਫਤਾਰ



ਫੈਅਰਫੈਕਸ, ਵਰਜੀਨੀਆ-ਬੀਤੇ ਦਿਨੀਂ ਅਮਰੀਕਾ ਦੇ ਵਰਜੀਨੀਆ ਸੂਬੇ ਦੇ ਸ਼ਹਿਰ ਫੈਅਰਫੈਕਸ ਵਿੱਚ ਇੱਕ ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ ਦੇ ਸਟੋਰ 'ਤੇ ਜਾਨਲੇਵਾ ਹਮਲਾ ਹੋਇਆ। ਹਮਲਾਵਰ ਨੇ ਫਾਇਰ ਬੰਬ ਸੁੱਟ ਕੇ ਕੁਲਵਿੰਦਰ ਸਿੰਘ ਦੀ ਜਾਨ ਲੈਣ ਦੀ ਸਾਜਿਸ਼ ਰਚੀ ਅਤੇ ਸਟੋਰ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ। ਕੁਲਵਿੰਦਰ ਸਿੰਘ, ਜੋ ਪਿਛਲੇ 18 ਸਾਲਾਂ ਤੋਂ ਆਪਣੇ ਪਰਿਵਾਰ ਨਾਲ ਇੱਥੇ ਰਹਿੰਦਾ ਹੈ ਅਤੇ ਇਲਾਕੇ ਵਿੱਚ ਕਾਫੀ ਇੱਜ਼ਤ-ਸਤਿਕਾਰ ਵਾਲਾ ਸਖਸ਼ ਹੈ, ਨੇ ਵੱਡੀ ਹਿੰਮਤ ਨਾਲ ਇਸ ਹਮਲੇ ਦਾ ਮੁਕਾਬਲਾ ਕੀਤਾ। ਹਮਲਾਵਰ, ਜਿਸ ਦੀ ਪਛਾਣ ਕ੍ਰਿਸਟੋਫਰ ਟੈਰਲ ਵਜੋਂ ਹੋਈ ਹੈ, ਨੇ ਸਟੋਰ 'ਤੇ ਫਾਇਰ ਬੰਬ ਸੁੱਟਿਆ ਅਤੇ ਆਪਣੇ ਫੋਨ 'ਤੇ ਵੀਡੀਓ ਬਣਾਉਂਦਾ ਸੀ। ਕੁਲਵਿੰਦਰ ਸਿੰਘ ਨੇ ਨਿਡਰਤਾ ਨਾਲ ਹਮਲਾਵਰ ਦਾ ਸਾਹਮਣਾ ਕੀਤਾ ਅਤੇ ਜਦੋਂ ਉਸ ਨੇ ਬੰਬ ਨੂੰ ਪੈਰ ਨਾਲ ਕਿੱਕ ਮਾਰੀ ਤਾਂ ਉਹ ਹਮਲਾਵਰ 'ਤੇ ਹੀ ਡਿੱਗ ਪਿਆ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲੀਸ ਨੂੰ ਤੁਰੰਤ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਪੁਲੀਸ ਅਤੇ ਫਾਇਰ ਬ੍ਰਿਗੇਡ ਨੇ ਇਲਾਕੇ ਨੂੰ ਸੀਲ ਕਰ ਦਿੱਤਾ। ਹੈਲੀਕਾਪਟਰ ਦੀ ਮਦਦ ਨਾਲ ਮਿੰਟਾਂ ਵਿੱਚ ਹਮਲਾਵਰ ਨੂੰ ਗ੍ਰਿ.ਫਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪੁਲੀਸ ਹੁਣ ਹਮਲਾਵਰ ਤੋਂ ਪੁੱਛਗਿੱਛ ਕਰ ਰਹੀ ਹੈ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਜਾਨਲੇਵਾ ਹਮਲੇ ਅਤੇ ਸਟੋਰ ਨੂੰ ਨੁਕਸਾਨ ਪਹੁੰਚਾਉਣ ਦੀ ਸਾਜਿਸ਼ ਪਿੱਛੇ ਕਿਸ ਦਾ ਹੱਥ ਹੈ।

### ਪੁਲੀਸ ਦੀ ਜਾਂਚ ਕੀ ਕਹਿੰਦੀ ਹੈ

ਪੁਲੀਸ ਨੇ ਹਮਲਾਵਰ ਕ੍ਰਿਸਟੋਫਰ ਟੈਰਲ ਨੂੰ ਗ੍ਰਿ.ਫਤਾਰ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਪੁਲੀਸ ਦੀ ਸ਼ੁਰੂਆਤੀ ਜਾਂਚ ਮੁਤਾਬਕ, ਹਮਲਾਵਰ ਨੇ ਫਾਇਰ ਬੰਬ ਸੁੱਟਣ ਸਮੇਂ ਵੀਡੀਓ ਬਣਾਉਂਦੇ ਹੋਏ ਕਿਸੇ ਨਾਲ ਫੋਨ 'ਤੇ ਗੱਲਬਾਤ ਕੀਤੀ, ਜੋ ਸਾਜਿਸ਼ ਦੀ ਗਹਿਰਾਈ ਵੱਲ ਇਸ਼ਾਰਾ ਕਰਦਾ ਹੈ। ਪੁਲੀਸ ਜਾਣਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਇਹ ਹਮਲਾ ਸਿਰਫ਼ ਕੁਲਵਿੰਦਰ ਸਿੰਘ ਦੇ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਸੀ ਜਾਂ ਇਸ ਦੇ ਪਿੱਛੇ ਕੋਈ ਵੱਡੀ ਸਾਜਿਸ਼ ਹੈ। ਹਮਲਾਵਰ ਦੇ ਫੋਨ ਦੀ ਜਾਂਚ ਅਤੇ ਉਸ ਦੇ ਸੰਪਰਕਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

### ਕੀ ਇਹ ਨਸਲੀ ਹਮਲਾ ਹੈ ?

ਪੁਲੀਸ ਨੇ ਹੁਣ ਤੱਕ ਇਸ ਹਮਲੇ ਨੂੰ ਨਸਲੀ ਹਮਲੇ ਵਜੋਂ ਪੁਸ਼ਟੀ ਨਹੀਂ ਕੀਤੀ। ਹਾਲਾਂਕਿ, ਕੁਲਵਿੰਦਰ ਸਿੰਘ ਫਲੋਰਾ ਦੀ ਸਿੱਖ ਪਛਾਣ ਅਤੇ ਇਲਾਕੇ ਵਿੱਚ ਉਸ ਦੀ ਪ੍ਰਮੁੱਖਤਾ ਨੂੰ ਵੇਖਦੇ ਹੋਏ, ਜਾਂਚਕਰਤਾ ਨਸਲੀ ਪੱਖ ਦੀ ਵੀ ਪੜਤਾਲ ਕਰ ਰਹੇ ਹਨ।

ਪੁਲੀਸ ਨੇ ਕਿਹਾ ਹੈ ਕਿ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ, ਪਰ ਅਜੇ ਤੱਕ ਕੋਈ ਠੋਸ ਸਬੂਤ ਨਸਲੀ ਮਨਸ਼ਾ ਨੂੰ ਸਾਬਤ ਨਹੀਂ ਕਰਦਾ।

### -ਮਾਮਲਾ ਡਰਗ ਸਮਗਲਰ ਨੂੰ ਭਜਾਉਣ ਦਾ-

# ਫਗਵਾੜਾ ਦਾ ਸਮੁੱਚਾ ਸੀਆਈਏ ਸਟਾਫ ਗ੍ਰਿ.ਫਤਾਰ

ਫਗਵਾੜਾ-ਨਸ਼ਾ ਤਸਕਰ ਨੂੰ ਭਜਾਉਣ ਕਾਰਨ ਮਹਿਲਾ ਕਾਂਸਟੇਬਲ ਨੂੰ ਛੱਡ ਕੇ ਫਗਵਾੜਾ ਦਾ ਬਾਕੀ ਸਾਰਾ ਸੀਆਈਏ ਸਟਾਫ ਇੰਚਾਰਜ ਸਬ-ਇੰਸਪੈਕਟਰ ਬਿਸਮਨ ਸਿੰਘ ਸਾਹੀ, ਏਐੱਸਆਈ ਨਿਰਮਲ ਸਿੰਘ, ਏਐੱਸਆਈ ਜਸਵਿੰਦਰ ਸਿੰਘ ਤੇ ਹੈਂਡ ਕਾਸਟੇਬਲ ਜਗਰੂਪ ਸਿੰਘ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਢਾਈ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿ.ਫਤਾਰ ਕਰ ਲਿਆ, ਜਿਸ ਮਗਰੋਂ ਸੀਆਈਏ ਸਟਾ.ਫ ਨੂੰ ਤਾਲਾ ਲੱਗ ਗਿਆ ਹੈ।



ਅਦਾਲਤ ਨੇ ਇਨ੍ਹਾਂ ਨੂੰ ਪੰਜ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਜਲੰਧਰ ਰੇਂਜ ਦੇ ਡੀਆਈਜੀ ਨਵੀਨ ਸਿੰਗਲਾ ਨੇ ਦੱਸਿਆ ਕਿ ਇਨ੍ਹਾਂ ਅਧਿਕਾਰੀਆਂ ਨੇ ਸੁਖਵਿੰਦਰ ਕੁਮਾਰ ਹਨੀ, ਵਾਸੀ ਕਾਂਸ਼ੀ ਨਗਰ ਫਗਵਾੜਾ ਨੂੰ ਕੁੱਝ ਦਿਨ ਪਹਿਲਾਂ ਨਸ਼ਾ ਤਸਕਰੀ ਦੇ ਦੋਸ਼ ਹੇਠ ਕਾਬੂ ਕੀਤਾ ਸੀ। ਬਾਅਦ ਵਿੱਚ ਇਨ੍ਹਾਂ 'ਤੇ ਮੁਲਜ਼ਮ ਨੂੰ ਭਜਾਉਣ ਲਈ ਢਾਈ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਲੱਗਣ ਮਗਰੋਂ ਪੁਲੀਸ ਅਧਿਕਾਰੀਆਂ ਨੇ ਜਾਂਚ ਆਰੰਭੀ ਸੀ। ਡੀਐੱਸਪੀ ਭਾਰਤ ਭੂਸ਼ਣ ਦੀ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰਕੇ ਇਹ ਕਾਰਵਾਈ ਕੀਤੀ ਗਈ ਹੈ।

# ਜ਼ਮੀਨ ਅਤੇ ਪੈਸਿਆਂ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਕਾਰਣ ਪੁੱਤਰ ਨੇ ਆਪਣੇ ਪਿਤਾ ਨੂੰ ਮਾਰੀ ਗੋਲੀ



ਬਠਿੰਡਾ-ਇੱਥੋਂ ਦੇ ਥਾਣਾ ਥਰਮਲ ਅਧੀਨ ਪੈਂਦੇ ਪਿੰਡ ਸਿਵੀਆਂ ਵਿਚ ਪੁੱਤਰ ਨੇ ਆਪਣੇ ਹੀ ਪਿਤਾ 70 ਸਾਲਾ ਵਰਿੰਦਰ ਸਿੰਘ ਬੀਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਮੁਤਾਬਕ ਪਿਤਾ-ਪੁੱਤਰ ਦਰਮਿਆਨ ਜ਼ਮੀਨ ਅਤੇ ਪੈਸਿਆਂ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ, ਜੋ ਅਖੀਰ ਖ਼ੂਨੀ ਰੂਪ ਧਾਰ ਗਿਆ। ਜਾਣਕਾਰੀ ਅਨੁਸਾਰ ਇਹ ਹੱਤਿਆ ਬੀਤੀ ਦੇਰ ਕੀਤੀ ਗਈ ਤੇ ਇਸ ਨੂੰ ਛੁਪਾਉਣ ਦੀ ਮਨਸ਼ਾ ਨਾਲ ਉਸ ਨੇ ਘਰ ਵਿੱਚ ਹੀ ਪਿਤਾ ਦੀ ਲਾਸ਼ ਦਾ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਦੀ ਭਿਣਕ ਮਿਲਦੇ ਹੀ ਥਾਣਾ ਥਰਮਲ ਦੀ ਪੁਲੀਸ ਨੇ ਸਮੇਂ ਸਿਰ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ। ਇੰਸਪੈਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਯਾਦਵਿੰਦਰ ਸਿੰਘ ਗ੍ਰਿਫਤਾਰ ਕਰ ਲਿਆ ਗਿਆ ਹੈ।

# ਪੰਜਾਬ ਪੁਲੀਸ ਨੇ ਨਸ਼ਾ ਤਸਕਰੀ ਵਿਰੁੱਧ ਸਖਤ ਕਾਰਵਾਈ

### ✪ 101 ਗ੍ਰਿ.ਫਤਾਰ, 15.9 ਕਿਲੋ ਹੈਰੋਇਨ ਜ਼ਬਤ



ਚੰਡੀਗੜ੍ਹ-ਪੰਜਾਬ ਪੁਲੀਸ ਨੇ ਨਸ਼ਿਆਂ ਵਿਰੁੱਧ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 82ਵੇਂ ਦਿਨ ਵੀਰਵਾਰ ਨੂੰ ਵੱਡੀ ਕਾਰਵਾਈ ਕਰਦਿਆਂ 101 ਨਸ਼ਾ ਤਸਕਰਾਂ ਨੂੰ ਗ੍ਰਿ.ਫਤਾਰ ਕੀਤਾ। ਇਸ ਦੌਰਾਨ 15.9 ਕਿਲੋ ਹੈਰੋਇਨ, 102 ਕਿਲੋ ਭੁੱਕੀ ਅਤੇ 25.52 ਲੱਖ ਰੁਪਏ ਦੀ ਡਰੱਗ ਮਨੀ ਜ਼ਬਤ ਕੀਤੀ ਗਈ। ਡੀਜੀਪੀ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ 28 ਪੁਲੀਸ ਜ਼ਿਲ੍ਹਿਆਂ ਵਿੱਚ 1,300 ਮੁਲਾਜ਼ਮਾਂ ਦੀਆਂ 200 ਤੋਂ ਵੱਧ ਟੀਮਾਂ ਨੇ 460 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਵਿੱਚ 79 ਐਫਆਈਆਰ ਦਰਜ ਕੀਤੀਆਂ ਗਈਆਂ। ਵਿਸ਼ੇਸ਼ ਡੀਜੀਪੀ (ਕਾਨੂੰਨ ਵਿਵਸਥਾ) ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਦੌਰਾਨ 497 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਗਈ। ਇਸ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਹੁਣ ਤੱਕ 12,650 ਨਸ਼ਾ ਤਸਕਰ ਗ੍ਰਿ.ਫਤਾਰ ਕੀਤੇ ਜਾ ਚੁੱਕੇ ਹਨ।

# ਪੰਜਾਬ ਪੁਲਸ ਵਲੋਂ 3 ਤਸਕਰ ਕਰੋੜਾਂ ਦੀ ਹੈਰੋਇਨ ਸਣੇ ਗ੍ਰਿ.ਫਤਾਰ



ਜਲੰਧਰ-ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿ.ਫਤਾਰ ਕਰਕੇ ਸਰਹੱਦ ਪਾਰ ਤੋਂ ਚੱਲ ਰਹੇ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾ.ਫਾਸ਼ ਕੀਤਾ ਗਿਆ ਅਤੇ 5.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਰਿੰਕੂ ਉਰ.ਫ ਗਾਂਧੀ ਅਤੇ ਉਸ ਦੇ ਦੋ ਸਾਥੀ ਪਿਛਲੇ 3 ਸਾਲਾਂ ਤੋਂ ਸਰਹੱਦ ਪਾਰ ਤੋਂ ਫੋਰੀਅਨ-ਆਧਾਰਿਤ ਤਸਕਰਾਂ ਦੇ ਸੰਪਰਕ ਵਿੱਚ ਸਨ।

# ਸਿੱਖ ਇਤਿਹਾਸ 'ਤੇ ਫਿਲਮਾਂ : ਵਿਵਾਦਾਂ ਦਾ ਅਖਾੜਾ ਕਿਉ ਜਾਂ ਸਿੱਖ ਭਾਵਨਾਵਾਂ ਦੀ ਅਣਦੇਖੀ ਕਿਉਂ ?

## ✪ ਸੈਂਸਰਸ਼ਿਪ ਅਦਾਰਿਆਂ ਵਿੱਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਜ਼ਰੂਰੀ ✪ ਸਰਕਾਰ ਸਿੱਖ ਭਾਵਨਾਵਾਂ ਦੀ ਅਣਦੇਖੀ ਨਾ ਕਰੇ

### ਨਿਊਜ ਵਿਸ਼ਲੇਸ਼ਣ

ਸਿੱਖ ਇਤਿਹਾਸ ਨੂੰ ਫਿਲਮਾਂ ਜਾਂ ਸੋਸ਼ਲ ਮੀਡੀਆ ਵੀਡੀਓਜ਼ ਰਾਹੀਂ ਪੇਸ਼ ਕਰਨ ਦਾ ਮਸਲਾ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਯੂਟਿਊਬਰ ਧਰੁਵ ਰਾਠੀ ਦੀ ਵੀਡੀਓ 'ਰਾਈਜ਼ ਆਫ ਸਿੱਖਜ਼' ਨੂੰ ਸਿੱਖ ਭਾਈਚਾਰੇ ਦੇ ਸਖ਼ਤ ਵਿਰੋਧ ਤੋਂ ਬਾਅਦ ਹਟਾਉਣਾ ਪਿਆ। ਇਸ ਵੀਡੀਓ ਵਿੱਚ ਸਿੱਖ ਗੁਰੂਆਂ ਦੀਆਂ ਏ.ਆਈ. ਜਨਰੇਟਿਡ ਤਸਵੀਰਾਂ ਦੀ ਵਰਤੋਂ ਕੀਤੀ ਗਈ ਸੀ, ਜਿਸ ਨੂੰ ਸਿੱਖ ਮਰਿਆਦਾ ਦੇ ਵਿਰੁੱਧ ਮੰਨਿਆ ਗਿਆ। ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਗੁਰੂਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਕਿਰਦਾਰਾਂ ਨੂੰ ਫਿਲਮਾਂ ਜਾਂ ਵੀਡੀਓਜ਼ ਵਿੱਚ ਦਿਖਾਉਣ 'ਤੇ ਪੂਰਨ ਪਾਬੰਦੀ ਹੈ। ਪਰ ਸਵਾਲ ਇਹ ਹੈ ਕਿ ਇਹ ਵਿਵਾਦ ਕਿਉਂ ਵਾਰ-ਵਾਰ ਉੱਠਦੇ ਹਨ? ਕੀ ਇਹ ਜਾਣਬੁੱਝ ਕੇ ਸੰਵੇਦਨਸ਼ੀਲ ਮੁੱਦਿਆਂ ਨੂੰ ਛੇੜਨ ਦੀ ਕੋਸ਼ਿਸ਼ ਹੈ, ਜਾਂ ਸਰਕਾਰ ਅਤੇ ਸੈਂਸਰਸ਼ਿਪ ਅਦਾਰਿਆਂ ਦੀ ਅਣਦੇਖੀ ਦਾ ਨਤੀਜਾ? ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੀ ਸਖ਼ਤ ਸਟੈਂਡ

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਕਿ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਕਿਰਦਾਰਾਂ ਨੂੰ ਫਿਲਮਾਂ ਵਿੱਚ ਦਰਸਾਉਣ ਦਾ ਕਿਸੇ ਨੂੰ ਹੱਕ ਨਹੀਂ। ਸ਼੍ਰੋਮਣੀ ਕਮੇਟੀ ਨੇ 1934, 1940, 2003, 2015 ਅਤੇ 2022 ਵਿੱਚ ਪਾਸ ਕੀਤੇ ਮਤਿਆਂ ਰਾਹੀਂ ਇਸ ਪਾਬੰਦੀ ਨੂੰ ਵਾਰ-ਵਾਰ ਦੁਹਰਾਇਆ ਹੈ। 2022 ਦੇ ਮਤੇ ਨੰਬਰ 651 ਵਿੱਚ ਸਪੱਸ਼ਟ ਕੀਤਾ ਗਿਆ ਕਿ ਨਾ ਸਿਰਫ ਲਾਈਵ-ਐਕਸ਼ਨ, ਸਗੋਂ ਐਨੀਮੇਟਿਡ ਜਾਂ ਏ. ਆਈ. ਨਾਲ ਬਣੀਆਂ ਫਿਲਮਾਂ/ ਵੀਡੀਓਜ਼ 'ਤੇ ਵੀ ਪੂਰੀ ਰੋਕ ਹੈ। ਇਸ ਦੇ




ਬਾਵਜੂਦ, ਕੁਝ ਫਿਲਮਾਂ ਜਿਵੇਂ 'ਚਾਰ ਸਾਹਿਬਜ਼ਾਦੇ' ਅਤੇ 'ਚਾਰ ਸਾਹਿਬਜ਼ਾਦੇ ਭਾਗ 2' ਨੂੰ ਪਹਿਲਾਂ ਮਨਜ਼ੂਰੀ ਮਿਲੀ, ਜਦਕਿ 'ਨਾਨਕ ਸ਼ਾਹ ਫਕੀਰ' ਅਤੇ 'ਦਾਸਤਾਨ-ਏ-ਮੀਰੀ ਪੀਰੀ' ਵਰਗੀਆਂ ਫਿਲਮਾਂ ਵਿਵਾਦਾਂ ਦਾ ਸ਼ਿਕਾਰ ਹੋਈਆਂ।

ਸਿੱਖ ਜਥੇਬੰਦੀਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਸੈਂਸਰ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦਾ ਕੋਈ ਨੁਮਾਇੰਦਾ ਸ਼ਾਮਲ ਹੋਣਾ ਚਾਹੀਦਾ ਹੈ। 2015 ਦੇ ਮਤੇ ਨੰਬਰ 2343 ਵਿੱਚ ਵੀ ਇਹ ਮੰਗ ਉਠਾਈ ਗਈ ਸੀ। ਸਿੱਖ ਇਤਿਹਾਸ ਦੀ ਸੰਵੇਦਨਸ਼ੀਲਤਾ ਨੂੰ ਸਮਝਣ ਵਾਲੇ ਨੁਮਾਇੰਦੇ ਦੀ ਮੌਜੂਦਗੀ ਨਾਲ ਵਿਵਾਦਾਂ ਨੂੰ ਰੋਕਿਆ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਸ਼ਾਹਬਾਜ਼ ਸਿੰਘ ਨੇ ਕਿਹਾ ਕਿ ਪਹਿਲਾਂ ਬਣੀਆਂ ਫਿਲਮਾਂ ਦੇ ਮਾਮਲੇ ਨੂੰ ਹੁਣ ਦੇ ਫੈਸਲਿਆਂ ਨਾਲ ਨਹੀਂ ਜੋੜਨਾ ਚਾਹੀਦਾ, ਪਰ 2022 ਤੋਂ ਬਾਅਦ ਨਵੇਂ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਜਾ ਰਹੇ ਹਨ।

### ਕੀ ਵਿਵਾਦ ਜਾਣਬੁੱਝ ਕੇ ਛੇੜੇ ਜਾ ਰਹੇ ਹਨ?

ਇੰਦਰਜੀਤ ਸਿੰਘ ਗੋਗੋਆਣੀ ਵਰਗੇ ਸਿੱਖ ਮਾਹਿਰਾਂ ਦਾ ਮੰਨਣਾ ਹੈ ਕਿ ਕੁਝ ਲੋਕ ਜਾਣਬੁੱਝ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਅਜਿਹੀਆਂ ਫਿਲਮਾਂ ਜਾਂ ਵੀਡੀਓਜ਼ ਬਣਾਉਂਦੇ ਹਨ।

ਏ.ਆਈ. ਦੀ ਵਰਤੋਂ ਨਾਲ ਸਿੱਖ ਗੁਰੂਆਂ ਦੀਆਂ ਤਸਵੀਰਾਂ ਜਾਂ ਵੀਡੀਓਜ਼ ਵਿੱਚ ਛੇੜਛਾੜ ਨੇ ਇਸ ਮਸਲੇ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਅਕਾਲ ਤਖ਼ਤ ਦੇ ਸਕੱਤਰ ਜਸਕਰਨ ਸਿੰਘ ਨੇ ਚਿਤਾਵਨੀ ਦਿੱਤੀ ਕਿ ਏ.ਆਈ. ਨਾਲ ਸਿੱਖ ਗੁਰੂਆਂ ਦੀਆਂ ਫੋਟੋਆਂ ਜਾਂ ਵੀਡੀਓਜ਼ ਵਿੱਚ ਵਿਗਾੜ ਪਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਸਰਕਾਰ ਦੀ ਚੁੱਪੀ ਅਤੇ ਸਿੱਖ ਭਾਵਨਾਵਾਂ

ਸਰਕਾਰ 'ਤੇ ਸਿੱਖ ਭਾਵਨਾਵਾਂ ਦੀ ਅਣਦੇਖੀ ਦਾ ਵੀ ਸਵਾਲ ਉੱਠ ਰਿਹਾ ਹੈ। ਸੈਂਸਰ ਬੋਰਡ ਅਤੇ ਹੋਰ ਅਦਾਰਿਆਂ ਵਿੱਚ ਸਿੱਖ ਨੁਮਾਇੰਦਗੀ ਦੀ ਕਮੀ ਕਾਰਨ ਅਜਿਹੀਆਂ ਫਿਲਮਾਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਜੋ ਬਾਅਦ ਵਿੱਚ ਵਿਵਾਦ ਖੜ੍ਹਾ ਕਰਦੀਆਂ ਹਨ। ਸਿੱਖ ਜਥੇਬੰਦੀਆਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਸਿੱਖ ਮਰਿਆਦਾ ਦੀ ਸੰਵੇਦਨਸ਼ੀਲਤਾ ਨੂੰ ਸਮਝਣ ਲਈ ਸੈਂਸਰਸ਼ਿਪ ਪ੍ਰਕਿਰਿਆ ਵਿੱਚ ਸਿੱਖ ਵਿਦਵਾਨਾਂ ਨੂੰ ਸ਼ਾਮਲ ਕਰਨਾ ਚਾਹੀਦਾ। ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਨੂੰ ਹੁਣ ਸਖ਼ਤ ਨੀਤੀ ਅਪਣਾਉਣ ਦੀ ਲੋੜ ਹੈ।

ਇੰਦਰਜੀਤ ਸਿੰਘ ਗੋਗੋਆਣੀ ਆਖਦੇ ਹਨ ਕਿ ਸਿੱਖ ਵਿਚਾਰਧਾਰਾ 'ਤੇ ਆਧਾਰਿਤ ਫਿਲਮਾਂ ਬਣਾਈਆਂ ਜਾ ਸਕਦੀਆਂ ਹਨ, ਪਰ ਗੁਰੂਆਂ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਦਰਸਾਉਣ ਦੀ ਜ਼ਰੂਰਤ ਨਹੀਂ। ਸ਼੍ਰੋਮਣੀ ਕਮੇਟੀ ਨੂੰ ਇੱਕ ਸਥਾਈ ਸਮੀਖਿਆ ਕਮੇਟੀ ਬਣਾਉਣੀ ਚਾਹੀਦੀ ਹੈ, ਜੋ ਸਿੱਖ ਇਤਿਹਾਸ ਨਾਲ ਜੁੜੀਆਂ ਫਿਲਮਾਂ ਦੀ ਪ੍ਰੀ-ਸਕ੍ਰੀਨਿੰਗ ਕਰੇ ਅਤੇ ਸੈਂਸਰ ਬੋਰਡ ਨਾਲ ਤਾਲਮੇਲ ਰੱਖੇ। ਨਾਲ ਹੀ, ਸੋਸ਼ਲ ਮੀਡੀਆ 'ਤੇ ਏ.ਆਈ. ਨਾਲ ਬਣੀਆਂ ਵੀਡੀਓਜ਼ 'ਤੇ ਨਜ਼ਰ ਰੱਖਣ ਲਈ ਸਾਈਬਰ ਸੈੱਲ ਦੀ ਸਥਾਪਨਾ ਕਰਨੀ ਚਾਹੀਦੀ ਹੈ।

ਸਿੱਖ ਇਤਿਹਾਸ ਨੂੰ ਫਿਲਮਾਂ ਜਾਂ ਵੀਡੀਓਜ਼ ਰਾਹੀਂ ਪੇਸ਼ ਕਰਨ ਦਾ ਮੁੱਦਾ ਸੰਵੇਦਨਸ਼ੀਲ ਹੈ। ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੀਆਂ ਪਾਬੰਦੀਆਂ ਦੇ ਬਾਵਜੂਦ ਵਾਰ-ਵਾਰ ਵਿਵਾਦ ਉੱਠਣਾ ਸੈਂਸਰਸ਼ਿਪ ਅਦਾਰਿਆਂ ਦੀ ਨਾਕਾਮੀ ਅਤੇ ਸਰਕਾਰ ਦੀ ਅਣਦੇਖੀ ਨੂੰ ਦਰਸਾਉਂਦਾ ਹੈ। ਸਿੱਖ ਭਾਵਨਾਵਾਂ ਦੀ ਰਾਖੀ ਲਈ ਸੈਂਸਰ ਬੋਰਡ ਵਿੱਚ ਸਿੱਖ ਨੁਮਾਇੰਦਗੀ ਅਤੇ ਸਖ਼ਤ ਨੀਤੀਆਂ ਦੀ ਲੋੜ ਹੈ।

ਸੈਂਸਰ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਦੀ ਮੰਗ 2015 ਦੇ ਮਤੇ ਵਿੱਚ ਉਠਾਈ ਗਈ ਸੀ, ਪਰ ਸਰਕਾਰ ਨੇ ਇਸ 'ਤੇ ਕੋਈ ਕਦਮ ਨਹੀਂ ਚੁੱਕਿਆ। ਸਿੱਖ ਜਥੇਬੰਦੀਆਂ ਮੁਤਾਬਕ, ਸਿੱਖ ਮਰਿਆਦਾ ਨੂੰ ਸਮਝਣ ਵਾਲੇ ਨੁਮਾਇੰਦੇ ਦੀ ਮੌਜੂਦਗੀ ਨਾਲ ਵਿਵਾਦ ਰੋਕੇ ਜਾ ਸਕਦੇ ਹਨ। ਸਰਕਾਰ ਦੀ ਇਸ ਅਣਦੇਖੀ ਨੂੰ ਸਿੱਖ ਭਾਈਚਾਰਾ ਅਪਮਾਨ ਵਜੋਂ ਦੇਖਦਾ ਹੈ।

## ਖੁਰਦਪੁਰ ਰੇਲਵੇ ਸਟੇਸ਼ਨ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਮਿਲੇ

### ✪ ਖਾਲਿਸਤਾਨੀ ਪੱਖੀ ਗੁਰਪਤਵੰਤ ਸਿੰਘ ਪੰਨੂ ਨੇ ਜ਼ਿੰਮੇਵਾਰੀ ਲਈ




ਜਲੰਧਰ-ਆਦਮਪੁਰ ਦੇ ਖੁਰਦਪੁਰ ਰੇਲਵੇ ਸਟੇਸ਼ਨ ਦੀ ਦੀਵਾਰ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਮਿਲੇ। ਇਨ੍ਹਾਂ ਦਾ ਪਤਾ ਲੱਗਣ 'ਤੇ ਰੇਲਵੇ ਪੁਲੀਸ ਨੂੰ ਸੂਚਿਤ ਕੀਤਾ ਗਿਆ ਤੇ ਰੇਲਵੇ ਪੁਲੀਸ ਨੇ ਮੌਕੇ ਤੇ ਪਹੁੰਚ ਕੇ ਇਨ੍ਹਾਂ ਨਾਅਰਿਆਂ 'ਤੇ ਕਾਲਾ ਪੇਂਟ ਕਰਕੇ ਮਿਟਾ ਦਿੱਤਾ। ਇਸ ਮੌਕੇ ਪਹੁੰਚੇ ਆਦਮਪੁਰ ਪੁਲੀਸ ਦੇ ਮੁਖੀ ਹਰਦੇਵ ਪ੍ਰੀਤ ਸਿੰਘ ਨੇ ਦੱਸਿਆ ਕਿ ਦਹਿਸ਼ਤ ਫੈਲਾਉਣ ਵਾਲੇ ਸਮਾਜ ਵਿਰੋਧੀ ਤੱਤਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਇਸ ਤੋਂ ਇਲਾਵਾ ਆਦਮਪੁਰ ਏਅਰਬੇਸ ਨੇੜੇ ਵੀ ਅਜਿਹੇ ਨਾਅਰੇ ਮਿਲੇ। ਖਾਲਿਸਤਾਨੀ ਪੱਖੀ ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਜਲੰਧਰ ਦੇ ਆਦਮਪੁਰ ਏਅਰਬੇਸ ਨੇੜੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਹਨ। ਪੰਨੂ ਨੇ ਇੱਕ ਵੀਡੀਓ ਜਾਰੀ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਅਪੀਲ ਕੀਤੀ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸਿੱਖ ਪਾਕਿਸਤਾਨੀ ਫੌਜ ਦਾ ਸਮਰਥਨ ਕਰਦੇ ਹਨ।

## ਅੰਮ੍ਰਿਤਸਰ ਵਿਚ ਦੋ ਨਸ਼ਾ ਸਮੱਗਲਰਾਂ ਦੇ ਘਰ ਜੇਸੀਬੀ ਮਸ਼ੀਨ ਨਾਲ ਢਾਹੇ

### ✪ ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਮਹਿਲਾਂ ਦਾ ਸੁੱਖ ਨਹੀਂ ਲੈਣ ਦਿੱਤਾ ਜਾਵੇਗਾ

ਜੰਡਿਆਲਾ ਗੁਰੂ-ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਜੰਡਿਆਲਾ ਗੁਰੂ ਨੇੜੇ ਪਿੰਡ ਧਾਰੜ ਵਿਖੇ ਦੋ ਨਸ਼ਾ ਸਮੱਗਲਰਾਂ ਦੇ ਘਰ ਜੇਸੀਬੀ ਮਸ਼ੀਨ ਦੀ ਸਹਾਇਤਾ ਨਾਲ ਢਾਹ ਦਿੱਤੇ। ਇਸ ਮੌਕੇ ਆਪਰੇਸ਼ਨ ਦੀ ਅਗਵਾਈ ਕਰ ਰਹੇ ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਉਕਤ ਘਰ ਜਗਪ੍ਰੀਤ ਸਿੰਘ ਉਰਫ ਜੱਗਾ ਤੇ ਸਤਨਾਮ ਸਿੰਘ ਦੇ ਹਨ। ਇਹ ਦੋਵੇਂ ਲੰਮੇ ਸਮੇਂ ਤੋਂ ਨਸ਼ਾ ਵੇਚਣ ਦਾ ਧੰਦਾ ਕਰ ਰਹੇ ਹਨ। ਜਗਪ੍ਰੀਤ ਸਿੰਘ 'ਤੇ ਸੱਤ ਪਰਚੇ ਦਰਜ ਹਨ ਅਤੇ ਸੱਤੇ 'ਤੇ ਚਾਰ ਪਰਚੇ ਦਰਜ ਹਨ।

ਦੋਵੇਂ ਮੁਲਜ਼ਮ ਇਸ ਵਕਤ ਵੀ ਜੇਲ੍ਹ ਵਿਚ ਹਨ। ਜ਼ਿਲ੍ਹਾ ਪੁਲਿਸ ਮੁਖੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ ਇਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਕੀਤੀ ਜਾ ਰਹੀ ਪੰਜਵੀਂ ਕਾਰਵਾਈ ਹੈ, ਜਿਸ ਵਿਚ ਨਸ਼ਾ ਤਸਕਰਾਂ ਵੱਲੋਂ ਕੀਤੀਆਂ ਨਾਜਾਇਜ਼ ਉਸਾਰੀਆਂ ਅਤੇ ਕਬਜ਼ਿਆਂ ਨੂੰ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਜਿਨ੍ਹਾਂ ਨੇ ਆਪਣਾ ਘਰ ਉਸਾਰਨ ਲਈ ਕਈ ਲੋਕਾਂ ਦੇ ਘਰ ਉਜਾੜ ਦਿੱਤੇ, ਨੂੰ ਮਹਿਲਾਂ ਦਾ ਸੁੱਖ ਨਹੀਂ ਲੈਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਇਸ ਗੈਰ ਕਾਨੂੰਨੀ ਧੰਦੇ ਵਿਚ ਸ਼ਾਮਲ ਹੈ, ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ ਜਿਸ ਤਹਿਤ ਮੁਲਜ਼ਮ ਵਿਅਕਤੀ ਨੂੰ ਜੇਲ੍ਹ ਦੇ ਨਾਲ-ਨਾਲ ਉਸ ਦੀ ਸੰਪਤੀ ਜ਼ਬਤ ਕੀਤੀ ਜਾਣੀ ਜਾਂ ਉਸ ਦੀਆਂ ਨਾਜਾਇਜ਼ ਉਸਾਰੀਆਂ ਨੂੰ ਢਾਹਿਆ ਜਾਣਾ ਸ਼ਾਮਲ ਹੈ।

# ਡਾ. ਪਰਵਿੰਦਰ ਕੌਰ: ਪੰਜਾਬ ਦੀ ਧੀ ਨੇ ਆਸਟ੍ਰੇਲੀਆ ਦੀ ਸੰਸਦ ਵਿੱਚ ਰਚਿਆ ਇਤਿਹਾਸ

## ✪ ਸਦਨ ਵਿੱਚ ਸੀਟ ਹਾਸਲ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਸਹੁੰ ਚੁੱਕੀ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਡਾ. ਪਰਵਿੰਦਰ ਕੌਰ, ਜਿਨ੍ਹਾਂ ਦੀ ਜ਼ਿੰਦਗੀ ਦਾ ਸਫਰ ਪੰਜਾਬ ਦੇ ਪਿੰਡ ਹਯਾਤਪੁਰ ਰੁੜਕੀ ਤੋਂ ਸ਼ੁਰੂ ਹੋ ਕੇ ਆਸਟ੍ਰੇਲੀਆ ਦੀ ਸੰਸਦ ਦੀਆਂ ਬਰੂਹਾਂ ਤੱਕ ਪਹੁੰਚਿਆ, ਨੇ ਨਾ ਸਿਰਫ ਪੰਜਾਬੀ ਭਾਈਚਾਰੇ, ਸਗੋਂ ਸਮੁੱਚੀ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਉਹ ਪਹਿਲੀ ਪੰਜਾਬੀ ਤੇ ਸਿੱਖ ਔਰਤ ਹਨ, ਜਿਨ੍ਹਾਂ ਨੇ ਆਸਟ੍ਰੇਲੀਆ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਵਿੱਚ ਸੀਟ ਹਾਸਲ ਕਰਕੇ, ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਸਹੁੰ ਚੁੱਕੀ। ਇਹ ਕਹਾਣੀ ਹੈ ਇੱਕ ਸਿੱਖ ਬੀਬੀ ਦੀ, ਜਿਸ ਨੇ ਵਿਗਿਆਨ, ਸਮਾਜ ਸੇਵਾ ਅਤੇ ਸਿਆਸਤ ਦੇ ਖੇਤਰ ਵਿੱਚ ਆਪਣੀ ਮਿਹਨਤ, ਲਗਨ ਅਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਨਾਲ ਨਵਾਂ ਇਤਿਹਾਸ ਰਚਿਆ।





### ਪੰਜਾਬ ਦੀ ਧੀ ਦਾ ਵਿਗਿਆਨਕ ਸਫਰ

ਡਾ. ਪਰਵਿੰਦਰ ਕੌਰ ਦਾ ਜਨਮ ਪੰਜਾਬ ਦੇ ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਯਾਤਪੁਰ ਰੁੜਕੀ ਵਿੱਚ ਕਸ਼ਮੀਰ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਦੀ ਰੁਚੀ ਵਿਗਿਆਨਕ ਵਿਸ਼ਿਆਂ ਵੱਲ ਸੀ। ਉਨ੍ਹਾਂ ਦੀਆਂ ਅੱਖਾਂ ਵਿੱਚ ਸੁਪਨੇ ਸਨ, ਅਤੇ ਰੂਹ ਵਿਚ ਵਿੱਚ ਸਿੱਖੀ ਦੀ ਜੋਤ ਜਗਮਗਾਉਂਦੀ ਸੀ। 12ਵੀਂ ਜਮਾਤ ਪਾਸ ਕਰਨ ਤੋਂ ਬਾਅਦ, ਉਨ੍ਹਾਂ ਨੇ ਲੁਧਿਆਣਾ ਸਥਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ, ਜਿੱਥੋਂ ਉਨ੍ਹਾਂ ਨੇ ਬੀ.ਐਸਸੀ. ਅਤੇ ਐਮ.ਐਸਸੀ. ਦੀਆਂ ਡਿਗਰੀਆਂ ਹਾਸਲ ਕੀਤੀਆਂ। ਇਹ ਉਹ ਸਮਾਂ ਸੀ ਜਦੋਂ ਉਨ੍ਹਾਂ ਦੇ ਮਨ ਵਿੱਚ ਵਿਗਿਆਨ ਦੀਆਂ ਸੰਭਾਵਨਾਵਾਂ ਨੇ ਇੱਕ ਨਵਾਂ ਰਾਹ ਖਿੱਚਿਆ। ਉਚੇਰੀ ਸਿੱਖਿਆ ਲਈ ਉਹ ਆਸਟ੍ਰੇਲੀਆ ਪੜ੍ਹਨ ਗਏ। ਉੱਥੇ, ਉਨ੍ਹਾਂ ਨੇ ਫਸਲਾਂ ਦੇ ਡੀ. ਐਨ. ਏ. ਅਤੇ ਪਸ਼ੂਆਂ ਦੇ ਚਾਰੇ ਵਿੱਚ ਮੀਥੇਨ ਗੈਸ ਦੇ ਉਤਸਰਜਨ 'ਤੇ ਖੋਜ ਕੀਤੀ। ਉਨ੍ਹਾਂ ਦੀ ਇਸ ਖੋਜ ਨੇ ਵਾਤਾਵਰਣ ਸੰਬੰਧੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੇ ਇਸ ਕਾਰਜ ਨੂੰ ਸਨਮਾਨਿਤ ਕੀਤਾ, ਜੋ ਉਨ੍ਹਾਂ ਦੀ ਵਿਗਿਆਨਕ ਸਮਰੱਥਾ ਦਾ ਸਬੂਤ ਸੀ। ਪੱਛਮੀ ਆਸਟ੍ਰੇਲੀਆ ਯੂਨੀਵਰਸਿਟੀ ਵਿੱਚ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ, ਉਨ੍ਹਾਂ ਨੇ ਨਾ ਸਿਰਫ ਵਿਗਿਆਨਕ ਖੋਜ ਨੂੰ ਅੱਗੇ ਵਧਾਇਆ, ਸਗੋਂ ਸਮਾਜ ਦੀ ਭਲਾਈ ਨੂੰ ਵੀ ਆਪਣਾ ਮੁੱਖ ਮੰਤਵ ਬਣਾਇਆ।

### ਸੰਸਦ ਦੀਆਂ ਬਰੂਹਾਂ ਤੱਕ ਪਹੁੰਚੀ ਸਿੱਖ ਬੀਬੀ

ਡਾ. ਪਰਵਿੰਦਰ ਕੌਰ ਦੀ ਸਫਲਤਾ ਸਿਰਫ ਵਿਗਿਆਨ ਤੱਕ ਹੀ ਸੀਮਤ ਨਹੀਂ ਸੀ। ਉਨ੍ਹਾਂ ਦੀ ਸਮਾਜ ਸੇਵਾ ਅਤੇ ਪੰਜਾਬੀ ਭਾਈਚਾਰੇ ਵਿੱਚ ਚੰਗੇ ਰਸੂਖ ਨੇ ਉਨ੍ਹਾਂ ਨੂੰ ਸਿਆਸਤ ਦੇ ਮੈਦਾਨ ਵਿੱਚ ਵੀ ਅੱਗੇ ਵਧਾਇਆ। ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਨ੍ਹਾਂ ਦੀ ਸਮਰੱਥਾ ਨੂੰ ਪਛਾਣਦਿਆਂ, ਉਪਰਲੇ ਸਦਨ (ਸੈਨੇਟ) ਲਈ ਆਪਣੇ ਨੁਮਾਇੰਦੇ ਵਜੋਂ ਚੁਣਿਆ। ਇਹ ਚੋਣ ਸਿਰਫ ਇੱਕ ਸਿਆਸੀ ਜਿੱਤ ਨਹੀਂ ਸੀ, ਸਗੋਂ ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਇੱਕ ਮੀਲ ਪੱਥਰ ਸੀ।

23 ਮਈ 2025 ਨੂੰ, ਡਾ. ਪਰਵਿੰਦਰ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਸਹੁੰ ਚੁੱਕ ਕੇ ਪੱਛਮੀ ਆਸਟ੍ਰੇਲੀਆ ਦੀ ਪਾਰਲੀਮੈਂਟ ਵਿੱਚ ਪਹਿਲੀ ਪੰਜਾਬੀ ਔਰਤ ਮੈਂਬਰ ਵਜੋਂ ਆਪਣੀ ਸੀਟ ਸੰਭਾਲੀ। ਉਨ੍ਹਾਂ ਦੇ ਇਸ ਕਦਮ ਨੇ ਨਾ ਸਿਰਫ ਆਸਟ੍ਰੇਲੀਆ ਦੇ ਸਿਆਸੀ ਇਤਿਹਾਸ ਵਿੱਚ ਨਵਾਂ ਅਧਿਆਏ ਜੋੜਿਆ, ਸਗੋਂ ਪ੍ਰਵਾਸੀ ਭਾਈਚਾਰਿਆਂ, ਖਾਸ ਕਰਕੇ ਸਿੱਖ ਔਰਤਾਂ, ਲਈ ਇੱਕ ਪ੍ਰੇਰਣਾਦਾਇਕ ਮਿਸਾਲ ਕਾਇਮ ਕੀਤੀ।

### ਆਸਟ੍ਰੇਲੀਅਨ ਮੀਡੀਆ ਦੀ ਨਜ਼ਰ ਵਿੱਚ ਡਾ. ਪਰਵਿੰਦਰ ਕੌਰ

ਆਸਟ੍ਰੇਲੀਆ ਦੀਆਂ ਅਖ਼ਬਾਰਾਂ ਅਤੇ ਮੀਡੀਆ ਸੰਸਥਾਵਾਂ ਨੇ ਡਾ. ਪਰਵਿੰਦਰ ਕੌਰ ਦੀ ਇਸ ਇਤਿਹਾਸਕ ਪ੍ਰਾਪਤੀ ਨੂੰ ਪੂਰੇ ਜੋਸ਼ ਨਾਲ ਉਜਾਗਰ ਕੀਤਾ। 'ਦਾ ਇਯੂਐਸ ਟੂਡੇ' ਨੇ 23 ਮਈ 2025 ਦੀ ਇੱਕ ਰਿਪੋਰਟ ਵਿੱਚ ਲਿਖਿਆ ਕਿ ਡਾ. ਪਰਵਿੰਦਰ ਕੌਰ ਪਹਿਲੀ ਭਾਰਤੀ ਔਰਤ ਹਨ, ਜਿਨ੍ਹਾਂ ਨੇ ਸਿੱਖ ਧਰਮ ਦੀ ਪਵਿੱਤਰ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਤੇ ਸਹੁੰ ਚੁੱਕ ਕੇ ਸੰਸਦ ਵਿੱਚ ਸੀਟ ਹਾਸਲ ਕੀਤੀ। ਉਨ੍ਹਾਂ ਦੇ ਬਿਆਨ ਨੂੰ ਹਵਾਲਾ ਦਿੰਦਿਆਂ ਅਖ਼ਬਾਰ ਨੇ ਲਿਖਿਆ: "ਇੱਕ ਪ੍ਰਵਾਸੀ, ਔਰਤ ਵਜੋਂ, ਮੈਂ ਉਨ੍ਹਾਂ ਅਣਗਿਣਤ ਲੋਕਾਂ ਦੀ ਨੁਮਾਇੰਦਗੀ ਕਰਦੀ ਹਾਂ, ਜੋ ਆਪਣੇ ਆਪ ਨੂੰ ਅਗਵਾਈ ਵਿੱਚ ਦੇਖਣ ਦੇ ਹੱਕਦਾਰ ਹਨ।"

'ਦਾ ਵੈਸਟ ਅਸਟਰੇਲੀਅਨ' ਅਤੇ 'ਐਸਬੀਐਸ ਨਿਊਜ਼' ਵਰਗੀਆਂ ਸੰਸਥਾਵਾਂ ਨੇ ਉਨ੍ਹਾਂ ਦੀ ਸੰਸਦ ਵਿੱਚ ਚੋਣ ਨੂੰ ਵਿਭਿੰਨਤਾ ਅਤੇ ਮਨੁੱਖਤਾ ਦਾ ਪ੍ਰਤੀਕ ਮੰਨਿਆ। ਉਨ੍ਹਾਂ ਦੀ ਜਿੱਤ ਨੂੰ ਪ੍ਰਵਾਸੀ ਭਾਈਚਾਰਿਆਂ ਦੀ ਸ਼ਕਤੀ ਅਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਦੇ ਪ੍ਰਚਾਰ ਵਜੋਂ ਦੇਖਿਆ ਗਿਆ।

ਸੋ ਡਾ. ਪਰਵਿੰਦਰ ਕੌਰ ਇੱਕ ਅਜਿਹੀ ਸ਼ਖਸੀਅਤ ਹਨ, ਜਿਨ੍ਹਾਂ ਨੇ ਵਿਗਿਆਨ ਅਤੇ ਸਿਆਸਤ ਦੋਵਾਂ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਉਨ੍ਹਾਂ ਦੀਆਂ ਵਿਗਿਆਨਕ ਪ੍ਰਾਪਤੀਆਂ, ਖਾਸ ਕਰਕੇ ਮੀਥੇਨ ਗੈਸ ਦੇ ਉਤਸਰਜਨ ਨੂੰ ਘਟਾਉਣ ਵਾਲੀ ਖੋਜ, ਨੇ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ। ਹਾਲਾਂਕਿ, ਜੇਕਰ ਅਸੀਂ ਵਿਸ਼ਵ ਪੱਧਰ 'ਤੇ ਸਿੱਖ ਔਰਤਾਂ ਦੀਆਂ ਵਿਗਿਆਨਕ ਪ੍ਰਾਪਤੀਆਂ ਦੀ ਗੱਲ ਕਰੀਏ, ਤਾਂ ਇਸ ਸਮੇਂ ਡਾ. ਪਰਵਿੰਦਰ ਕੌਰ ਦੀ ਪ੍ਰਮੁੱਖਤਾ ਸਪੱਸ਼ਟ ਹੈ।

# ਵਿਧਵਾ ਨੇ ਗੈਂਗਰੇਪ ਦਾ ਝੂਠਾ ਆਸਰਾ ਲੈਕੇ ਸਹੁਰਾ ਪਰਿਵਾਰ ਲੁੱਟਿਆ

## ✪ ਪੁਲਿਸ ਨੇ ਜਾਂਚ ਕਰਕੇ ਵਿਧਵਾ ਨੂੰ ਕੀਤਾ ਗ੍ਰਿਫਤਾਰ

ਹਲਵਾਰਾ-ਦਿਨ-ਦਿਹਾੜੇ ਘਰ ਵਿਚ ਡਕੈਤੀ ਅਤੇ ਸਮੂਹਿਕ ਬਲਾਤਕਾਰ ਦੀ ਘਟਨਾ ਝੂਠੀ ਨਿਕਲੀ ਹੈ। ਉਕਤ ਸ਼ਿਕਾਇਤ ਕਰਵਾਉਣ ਵਾਲੀ ਭਾਰਤੀ ਹਵਾਈ ਸੈਨਾ ਕੇਂਦਰ ਹਲਵਾਰਾ ਦੀ ਰਹਿਣ ਵਾਲੀ 30 ਸਾਲਾ ਵਿਧਵਾ ਨੂੰ ਸੁਧਾਰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਉਕਤ ਨੇ ਆਪਣੇ ਸਹੁਰਿਆਂ ਦੇ ਸੋਨੇ, ਚਾਂਦੀ ਅਤੇ ਨਕਦੀ ਦੇ ਲਾਲਚ ਵਿਚ, ਲੁੱਟ ਅਤੇ ਸਮੂਹਿਕ ਬਲਾਤਕਾਰ ਦੀ ਝੂਠੀ ਕਹਾਣੀ ਘੜੀ ਸੀ, ਜਿਸਦਾ ਪੁਲਸ ਨੇ ਪਰਦਾਫਾਸ਼ ਕਰ ਦਿੱਤਾ ਹੈ। ਸੁਧਾਰ ਪੁਲਸ ਨੇ ਗਗਨ ਕੁਮਾਰੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਤੋਂ 5 ਤੋਲੇ ਸੋਨੇ ਦੇ ਗਹਿਣੇ, 1 ਕਿਲੋ ਚਾਂਦੀ ਅਤੇ 5 ਹਜ਼ਾਰ ਰੁਪਏ ਬਰਾਮਦ ਕੀਤੇ ਜੋ ਉਸਨੇ ਆਪਣੇ ਘਰ ਵਿਚ ਲੁਕਾਏ ਹੋਏ ਸਨ।

ਬੀਤੇ ਦਿਨੀਂ ਉਕਤ ਮਹਿਲਾ ਨੇ ਆਪਣੇ ਗੁਆਂਢੀਆਂ ਨੂੰ ਫ਼ੋਨ ਕੀਤਾ ਅਤੇ ਉਸਨੂੰ ਚਾਰ ਲੁਟੇਰਿਆਂ ਦੁਆਰਾ ਘਰ ਵਿਚ ਹੋਈ ਲੁੱਟ ਬਾਰੇ ਦੱਸਿਆ ਜਿਸ ਤੋਂ ਬਾਅਦ ਲੁਧਿਆਣਾ ਵਿਖੇ ਆਪਣੀ ਦਵਾਈ ਲੈਣ ਗਏ ਉਸਦੇ ਸਹੁਰੇ ਸੇਵਾਮੁਕਤ ਹਵਾਈ ਸੈਨਾ ਅਧਿਕਾਰੀ ਅਤੇ ਸੱਸ ਤੁਰੰਤ ਵਾਪਸ ਆ ਗਏ ਸੀ। ਜਦੋਂ ਮਹਿਲਾ ਨੇ ਆਪਣੀ ਸੱਸ ਨੂੰ ਤਿੰਨਾਂ ਲੁਟੇਰਿਆਂ ਵੱਲੋਂ ਕੀਤੀ ਗਈ ਲੁੱਟ-ਖੋਹ ਅਤੇ ਸਮੂਹਿਕ ਬਲਾਤਕਾਰ ਬਾਰੇ ਦੱਸਿਆ ਤਾਂ ਉਹ ਹੈਰਾਨ ਰਹਿ ਗਈ।

ਸੁਧਾਰ ਪੁਲਸ ਨੇ ਮਹਿਲਾ ਦਾ ਪਹਿਲਾਂ ਸੁਧਾਰ ਅਤੇ ਫਿਰ ਲੁਧਿਆਣਾ ਸਿਵਲ ਹਸਪਤਾਲ ਵਿਚ ਡਾਕਟਰੀ ਮੁਆਇਨਾ ਕਰਵਾਇਆ। ਪੁਲਸ ਨੂੰ ਉਸ ਦੀ ਕਹਾਣੀ 'ਤੇ ਸ਼ੱਕ ਹੋਇਆ ਜਿਸ ਕਾਰਨ ਇਲਾਕੇ ਦੇ ਸਾਰੇ ਸੀਸੀਟੀਵੀ ਕੈਮਰੇ ਗੁਪਤ ਤਰੀਕੇ ਨਾਲ ਚੈੱਕ ਕੀਤੇ ਗਏ ਪਰ ਲੁਟੇਰਿਆਂ ਦੇ ਆਉਣ-ਜਾਣ ਦਾ ਕੋਈ ਸਬੂਤ ਨਹੀਂ ਮਿਲਿਆ।

ਜਦੋਂ ਮਹਿਲਾ ਪੁਲਸ ਟੀਮ ਨੇ ਮਹਿਲਾ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਹ ਟੁੱਟ ਗਈ ਅਤੇ ਸਾਰੀ ਸੱਚਾਈ ਦੱਸ ਦਿੱਤੀ। ਉਸ ਨੇ ਦੱਸਿਆ ਕਿ ਉਸਦੇ ਪਤੀ ਦੀ ਮੌਤ ਨੂੰ 6 ਮਹੀਨੇ ਹੋ ਗਏ ਹਨ ਅਤੇ ਉਸਦੇ ਸਹੁਰੇ ਵਾਲੇ ਉਸਨੂੰ ਖਰਚ ਲਈ ਪੈਸੇ ਵੀ ਨਹੀਂ ਦਿੰਦੇ। ਉਹ ਆਪਣੇ 5 ਸਾਲ ਦੇ ਪੁੱਤਰ ਅਤੇ ਖੁਦ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਅਸਮਰੱਥ ਸੀ, ਜਿਸ ਕਾਰਨ ਉਸਨੇ ਲੁੱਟ ਅਤੇ ਸਮੂਹਿਕ ਬਲਾਤਕਾਰ ਦੀ ਝੂਠੀ ਕਹਾਣੀ ਘੜ ਲਈ।

# ਬ੍ਰਿਟੇਨ ਦੀਆਂ ਜੇਲ੍ਹਾਂ ਵਿਚ ਭੀੜ ਘਟਾਉਣ ਲਈ ਸਰਕਾਰ ਦੀ ਵਿਵਾਦਿਤ ਰਸਾਇਣਕ ਨਿਪੁੰਸਕਤਾ ਯੋਜਨਾ

## ✪ ਸਰਕਾਰ ਅਨੁਸਾਰ 1990 ਤੋਂ ਬਾਅਦ ਸਭ ਤੋਂ ਵੱਡਾ ਸੁਧਾਰ: ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਸਖਤ ਵਿਰੋਧ



ਲੰਡਨ-ਬ੍ਰਿਟਿਸ਼ ਸਰਕਾਰ ਜੇਲ੍ਹਾਂ ਵਿੱਚ ਵੱਧ ਰਹੀ ਭੀੜ ਨੂੰ ਘਟਾਉਣ ਲਈ ਇੱਕ ਨਵੀਂ ਯੋਜਨਾ 'ਤੇ ਵਿਚਾਰ ਕਰ ਰਹੀ ਹੈ, ਜਿਸ ਤਹਿਤ ਜਿਨਸੀ ਅਪਰਾਧੀਆਂ ਨੂੰ ਰਸਾਇਣਕ ਨਿਪੁੰਸਕਤਾ ਦਿੱਤੀ ਜਾ ਸਕਦੀ ਹੈ। ਇਸ ਪ੍ਰਕਿਰਿਆ ਨਾਲ ਜਿਨਸੀ ਇੱਛਾਵਾਂ ਨੂੰ ਘਟਾ ਕੇ ਅਪਰਾਧੀਆਂ ਨੂੰ ਜਲਦੀ ਰਿਹਾਅ ਕਰਨ ਦੀ ਯੋਜਨਾ ਹੈ। ਇਸ ਤੋਂ ਇਲਾਵਾ, ਚੰਗੇ ਵਿਵਹਾਰ ਵਾਲੇ ਕੈਦੀਆਂ ਨੂੰ ਸਜ਼ਾ ਦਾ ਇੱਕ ਤਿਹਾਈ ਹਿੱਸਾ ਪੂਰਾ ਕਰਨ ਤੋਂ ਬਾਅਦ ਰਿਹਾਅ ਕੀਤਾ ਜਾ ਸਕਦਾ ਹੈ। ਸਰਕਾਰ ਦਾ ਇਹ ਕਦਮ ਸਾਬਕਾ ਨਿਆਂ ਮੰਤਰੀ ਡੇਵਿਡ ਗੌਕ ਦੀ ਅਗਵਾਈ ਵਿੱਚ ਤਿਆਰ ਸੁਤੰਤਰ ਸਜ਼ਾ ਸਮੀਖਿਆ ਰਿਪੋਰਟ ਦੀਆਂ 48 ਸਿਫਾਰਸ਼ਾਂ 'ਤੇ ਅਧਾਰਤ ਹੈ। ਸਰਕਾਰ ਪਹਿਲਾਂ ਹੀ ਕੁਝ ਖੇਤਰਾਂ ਵਿੱਚ ਇਸ ਯੋਜਨਾ ਦਾ ਪਾਇਲਟ ਪ੍ਰੋਜੈਕਟ ਚਲਾ ਰਹੀ ਹੈ ਅਤੇ ਹੁਣ ਇਸ ਨੂੰ 20 ਹੋਰ ਖੇਤਰਾਂ ਵਿੱਚ ਵਧਾਉਣ ਦੀ ਤਿਆਰੀ ਹੈ। ਰਿਪੋਰਟ ਅਨੁਸਾਰ, ਗੰਭੀਰ ਜਿਨਸੀ ਅਤੇ ਹਿੰਸਕ ਅਪਰਾਧੀਆਂ ਨੂੰ ਅੱਧੀ ਸਜ਼ਾ ਪੂਰੀ ਕਰਨ ਤੋਂ ਬਾਅਦ ਨਿਗਰਾਨੀ ਹੇਠ ਰਿਹਾਅ ਕੀਤਾ ਜਾ ਸਕਦਾ ਹੈ। ਹਾਲਾਂਕਿ, ਸਭ ਤੋਂ ਖਤਰਨਾਕ ਅਪਰਾਧੀਆਂ ਨੂੰ ਜਲਦੀ ਪੈਰੋਲ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਲਾਰਡ ਚਾਂਸਲਰ ਹਬਾਨਾ ਮਹਿਮੂਦ ਵੀਰਵਾਰ ਨੂੰ ਸੰਸਦ ਵਿੱਚ ਇਸ ਯੋਜਨਾ ਦੀਆਂ ਮੁੱਖ ਸਿਫਾਰਸ਼ਾਂ ਨੂੰ ਮਨਜ਼ੂਰੀ ਦੇਣ ਬਾਰੇ ਬਿਆਨ ਦੇਣਗੇ।

### ਰਸਾਇਣਕ ਨਪੁੰਸਕਤਾ : ਪ੍ਰਕਿਰਿਆ ਅਤੇ ਵਿਵਾਦ

ਰਸਾਇਣਕ ਨਪੁੰਸਕਤਾ ਇੱਕ ਡਾਕਟਰੀ ਪ੍ਰਕਿਰਿਆ ਹੈ, ਜਿਸ ਵਿੱਚ ਦਵਾਈਆਂ ਰਾਹੀਂ ਜਿਨਸੀ ਇੱਛਾਵਾਂ ਅਤੇ ਵਿਚਾਰਾਂ ਨੂੰ ਦਬਾਇਆ ਜਾਂਦਾ ਹੈ। ਇਹ ਪ੍ਰਕਿਰਿਆ ਜਰਮਨੀ, ਡੈਨਮਾਰਕ ਅਤੇ ਪੋਲੈਂਡ ਵਰਗੇ ਦੇਸ਼ਾਂ ਵਿੱਚ ਪਹਿਲਾਂ ਹੀ ਵਰਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਇਹ ਜਿਨਸੀ ਅਪਰਾਧਾਂ ਨੂੰ ਰੋਕਣ ਵਿੱਚ ਮਦਦਗਾਰ ਹੋ ਸਕਦੀ ਹੈ। ਹਾਲਾਂਕਿ, ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਦੀ ਨੈਤਿਕਤਾ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਏ ਹਨ, ਜਿਸ ਕਾਰਨ ਇਹ ਯੋਜਨਾ ਵਿਵਾਦਾਂ ਦੇ ਘੇਰੇ ਵਿੱਚ ਹੈ।

ਸਰਕਾਰੀ ਸੂਤਰਾਂ ਅਨੁਸਾਰ, ਇਹ ਯੋਜਨਾ 1990 ਦੇ ਦਹਾਕੇ ਤੋਂ ਬਾਅਦ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸਭ ਤੋਂ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਉਦੇਸ਼ ਜੇਲ੍ਹਾਂ ਵਿੱਚ ਭੀੜ ਘਟਾਉਣ ਦੇ ਨਾਲ-ਨਾਲ ਅਪਰਾਧੀਆਂ ਨੂੰ ਸੁਧਾਰਨਾ ਅਤੇ ਸਮਾਜ ਵਿੱਚ ਮੁੜ ਸਥਾਪਿਤ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਰਸਾਇਣਕ ਨਪੁੰਸਕਤਾ ਅਤੇ ਸਜ਼ਾ ਵਿੱਚ ਰਾਹਤ ਜਿਨਸੀ ਅਪਰਾਧਾਂ ਨੂੰ ਘਟਾਉਣ ਅਤੇ ਜੇਲ੍ਹਾਂ ਦੀ ਭੀੜ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਸ ਦੀ ਸਫਲਤਾ ਜਰਮਨੀ ਅਤੇ ਡੈਨਮਾਰਕ ਵਰਗੇ ਦੇਸ਼ਾਂ ਵਿੱਚ ਦੇਖੀ ਗਈ ਹੈ। ਪਰ, ਨੈਤਿਕਤਾ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਕਾਰਨ ਇਸ ਦੀ ਪ੍ਰਭਾਵਸ਼ੀਲਤਾ ਅਤੇ ਸਹੀ ਹੋਣ 'ਤੇ ਸਵਾਲ ਉੱਠ ਰਹੇ ਹਨ। ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਮੁਲਾਂਕਣ ਅਜੇ ਬਾਕੀ ਹੈ।

### ਇੰਗਲੈਂਡ ਦੀਆਂ ਅਖਬਾਰਾਂ ਦਾ ਕੀ ਪ੍ਰਤੀਕਰਮ ਹੈ ?

ਜ਼ਬ੍ਰਟਿਸ਼ ਅਖਬਾਰਾਂ ਵਿੱਚ ਇਸ ਯੋਜਨਾ ਨੂੰ ਲੈ ਕੇ ਮਿਸ਼ਰਤ ਪ੍ਰਤੀਕਰਮ ਹੈ। ਦਾ ਗਾਰਡੀਅਨ ਅਤੇ ਦਾ ਇੰਡੀਪੈਂਡੈਂਟ ਵਰਗੀਆਂ ਅਖਬਾਰਾਂ ਨੇ ਮਨੁੱਖੀ ਅਧਿਕਾਰਾਂ ਅਤੇ ਨੈਤਿਕਤਾ 'ਤੇ ਚਿੰਤਾਵਾਂ ਨੂੰ ਉਜਾਗਰ ਕੀਤਾ ਹੈ, ਜਦਕਿ ਦਾ ਸਨ ਅਤੇ ਡੇਲੀ ਮੇਲ ਨੇ ਜੇਲ੍ਹ ਭੀੜ ਘਟਾਉਣ ਦੇ ਸਰਕਾਰੀ ਉਪਰਾਲੇ ਦਾ ਸਮਰਥਨ ਕੀਤਾ ਹੈ, ਪਰ ਸਖਤ ਨਿਗਰਾਨੀ ਦੀ ਮੰਗ ਕੀਤੀ ਹੈ।

ਦਾ ਟਾਈਮਜ਼ ਨੇ ਇਸ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਸੁਧਾਰ ਵਜੋਂ ਦੇਖਿਆ ਹੈ, ਪਰ ਸਾਵਧਾਨੀ ਨਾਲ ਅਮਲ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

### ਵਿਰੋਧੀ ਪਾਰਟੀਆਂ ਦੀ ਕੀ ਰਾਇ ਹੈ ?

ਕੰਜ਼ਰਵੇਟਿਵ ਪਾਰਟੀ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਸਰਕਾਰ ਦੀ ਯੋਜਨਾ 'ਤੇ ਮਿਸ਼ਰਤ ਪ੍ਰਤੀਕਰਮ ਦਿੱਤਾ ਹੈ। ਕੰਜ਼ਰਵੇਟਿਵ ਨੇਤਾਵਾਂ ਨੇ ਜੇਲ੍ਹਾਂ ਦੀ ਭੀੜ ਘਟਾਉਣ ਦੀ ਜ਼ਰੂਰਤ ਨੂੰ ਮੰਨਿਆ ਹੈ, ਪਰ ਰਸਾਇਣਕ ਨਿਪੁੰਸਕਤਾ ਨੂੰ ਲੈ ਕੇ ਸੁਰੱਖਿਆ ਅਤੇ ਨੈਤਿਕ ਮੁੱਦਿਆਂ 'ਤੇ ਸਵਾਲ ਉਠਾਏ ਹਨ। ਲਿਬਰਲ ਡੈਮੋਕਰੈਟਸ ਅਤੇ ਗ੍ਰੀਨ ਪਾਰਟੀ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਡਰ ਨੂੰ ਲੈ ਕੇ ਵਿਰੋਧ ਜਤਾਇਆ ਹੈ ਅਤੇ ਸੁਧਾਰ ਵਜੋਂ ਹੋਰ ਵਿਕਲਪਾਂ 'ਤੇ ਜ਼ੋਰ ਦਿੱਤਾ ਹੈ।

### ਮਨੁੱਖੀ ਅਧਿਕਾਰ ਸੰਗਠਨਾਂ ਦੀ ਕੀ ਰਾਇ ਹੈ ?

ਮਨੁੱਖੀ ਅਧਿਕਾਰ ਸੰਗਠਨ, ਜਿਵੇਂ ਕਿ ਐਮਨੇਸਟੀ ਇੰਟਰਨੈਸ਼ਨਲ, ਨੇ ਰਸਾਇਣਕ ਨਿਪੁੰਸਕਤਾ ਦੀ ਯੋਜਨਾ ਦਾ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪ੍ਰਕਿਰਿਆ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਸਰੀਰਕ ਅਖੰਡਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਉਹ ਇਸ ਦੀ ਨੈਤਿਕਤਾ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਉਂਦੇ ਹਨ ਅਤੇ ਜ਼ੋਰ ਦਿੰਦੇ ਹਨ ਕਿ ਅਪਰਾਧੀਆਂ ਨੂੰ ਸੁਧਾਰਨ ਲਈ ਮਾਨਸਿਕ ਸਿਹਤ ਸਹਾਇਤਾ ਅਤੇ ਸਮਾਜਿਕ ਪੁਨਰਵਾਸ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ।

# ਰਿਸਰਚ ਵਿਚ ਖੁਲਾਸਾ, ਅਗਲੇ 50 ਸਾਲਾਂ ਵਿਚ ਮੈਗਾ ਸੁਨਾਮੀ ਨਾਲ ਅਮਰੀਕਾ ਵਿਚ ਵੱਡੀ ਤਬਾਹੀ ਦੀ ਸੰਭਾਵਨਾ

## ✪ 1000 ਫੁੱਟ ਉੱਚੀਆਂ ਲਹਿਰਾਂ ਵਾਲੀ ਮੈਗਾ ਸੁਨਾਮੀ ਦੀ ਚੇਤਾਵਨੀ ✪ ਕੈਸਕੇਡੀਆ ਸਬਡਕਸ਼ਨ ਜ਼ੋਨ ਵਿਚ 8.0 ਤੀਬਰਤਾ ਦਾ ਭੂਚਾਲ ✪ ਅਲਾਸਕਾ ਤੇ ਹਵਾਈ ਸਮੇਤ ਪੱਛਮੀ ਤੱਟ ਨੂੰ ਖਤਰਾ



ਵਾਸ਼ਿੰਗਟਨ-ਵਿਗਿਆਨੀਆਂ ਨੇ ਇੱਕ ਵੱਡੀ ਕੁਦਰਤੀ ਆਫਤ ਦੀ ਚੇਤਾਵਨੀ ਜਾਰੀ ਕੀਤੀ ਹੈ, ਜੋ ਅਮਰੀਕਾ ਸਮੇਤ ਪੂਰੀ ਦੁਨੀਆਂ ਨੂੰ ਡਰਾਉਣ ਵਾਲੀ ਹੈ। ਇਹ ਚੇਤਾਵਨੀ ਕੈਸਕੇਡੀਆ ਸਬਡਕਸ਼ਨ ਜ਼ੋਨ ਵਿਚ ਆਉਣ ਵਾਲੇ ਸ਼ਕਤੀਸ਼ਾਲੀ ਭੂਚਾਲ ਕਾਰਨ 1000 ਫੁੱਟ ਉੱਚੀਆਂ ਲਹਿਰਾਂ ਵਾਲੀ ਮੈਗਾ ਸੁਨਾਮੀ ਦੀ ਹੈ, ਜੋ ਅਮਰੀਕਾ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਸਕਦੀ ਹੈ। ਵਰਜੀਨੀਆ ਟੈਕ ਦੇ ਖੋਜਕਰਤਾਵਾਂ ਦੀ ਰਿਸਰਚ ਮੁਤਾਬਕ, ਅਗਲੇ 50 ਸਾਲਾਂ ਵਿਚ 8.0 ਤੀਬਰਤਾ ਦੇ ਭੂਚਾਲ ਦੀ 15% ਸੰਭਾਵਨਾ ਹੈ, ਜੋ ਸਿਐਟਲ, ਪੋਰਟਲੈਂਡ, ਓਰੇਗਨ ਵਰਗੇ ਸ਼ਹਿਰਾਂ ਨੂੰ ਤਬਾਹ ਕਰ ਸਕਦਾ ਹੈ। ਇਸ ਨਾਲ ਤੱਟੀ ਖੇਤਰ 6.5 ਫੁੱਟ ਤੱਕ ਡੁੱਬ ਸਕਦਾ ਹੈ, ਜਿਸ ਨਾਲ ਸੁਨਾਮੀ ਹੋਰ ਵੀ ਵਿਨਾਸ਼ਕਾਰੀ ਹੋਵੇਗੀ।

ਅਧਿਐਨ ਦੀ ਮੁਖੀ ਲੇਖਿਕਾ ਤੇ ਵਰਜੀਨੀਆ ਟੈਕ ਦੀ ਭੂ-ਵਿਗਿਆਨੀ ਟੀਨਾ ਡਿਊਰਾ ਨੇ ਕਿਹਾ ਕਿ ਕੈਸਕੇਡੀਆ ਸਬਡਕਸ਼ਨ ਜ਼ੋਨ ਵਿਚ ਭੂਚਾਲ ਤੋਂ ਬਾਅਦ ਤੱਟੀ ਖੇਤਰਾਂ ਵਿਚ ਹੜ੍ਹ ਦਾ ਪ੍ਰਭਾਵ ਪਹਿਲਾਂ ਕਦੇ ਨਹੀਂ ਮਾਪਿਆ ਗਿਆ। ਸਭ ਤੋਂ ਵੱਧ ਨੁਕਸਾਨ ਦੱਖਣੀ ਵਾਸ਼ਿੰਗਟਨ, ਓਰੇਗਨ ਅਤੇ ਉੱਤਰੀ ਕੈਲੀਫੋਰਨੀਆ ਵਿਚ ਹੋਣ ਦੀ ਸੰਭਾਵਨਾ ਹੈ। ਇਹ ਖਤਰਾ ਅਲਾਸਕਾ, ਹਵਾਈ ਅਤੇ ਅਮਰੀਕਾ ਦੇ ਪੱਛਮੀ ਤੱਟ 'ਤੇ ਮੰਡਰਾ ਰਿਹਾ ਹੈ।

ਮੈਗਾ ਸੁਨਾਮੀ ਕੀ ਹੈ ?-ਮੈਗਾ ਸੁਨਾਮੀ ਸਾਧਾਰਨ ਸੁਨਾਮੀ ਤੋਂ ਵੱਖਰੀ ਹੁੰਦੀ ਹੈ। ਸਾਧਾਰਨ ਸੁਨਾਮੀ ਦੀਆਂ ਲਹਿਰਾਂ ਕੁਝ ਫੁੱਟ ਉੱਚੀਆਂ ਹੁੰਦੀਆਂ ਹਨ, ਪਰ ਮੈਗਾ ਸੁਨਾਮੀ ਦੀਆਂ ਲਹਿਰਾਂ ਸੈਂਕੜੇ ਫੁੱਟ ਤੱਕ ਉੱਚੀਆਂ ਹੋ ਸਕਦੀਆਂ ਹਨ। ਇਹ ਸ਼ਕਤੀਸ਼ਾਲੀ ਭੂਚਾਲ, ਜੁਆਲਾਮੁਖੀ ਵਿਸਫੋਟ ਜਾਂ ਉਲਕਾ ਪਿੰਡ ਦੇ ਡਿੱਗਣ ਨਾਲ ਆਉਂਦੀਆਂ ਹਨ। ਮੈਗਾ ਸੁਨਾਮੀ ਕਈ ਮੀਲ ਅੰਦਰ ਤੱਕ ਪ੍ਰਭਾਵਿਤ ਕਰ ਸਕਦੀ ਹੈ ਅਤੇ ਲੋਕਾਂ ਨੂੰ ਬਚਣ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਅਜਿਹੀਆਂ ਘਟਨਾਵਾਂ ਦੁਰਲੱਭ ਹੁੰਦੀਆਂ ਹਨ, ਪਰ ਜੇ ਇਹ ਆਬਾਦੀ ਵਾਲੇ ਖੇਤਰਾਂ 'ਚ ਵਾਪਰਦੀਆਂ ਹਨ ਤਾਂ ਭਾਰੀ ਤਬਾਹੀ ਮਚਾਉਂਦੀਆਂ ਹਨ।

# "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" - ਸਿੱਖ ਪੰਥਕ ਏਕਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਹੱਤਤਾ

**ਬਘੇਲ ਸਿੰਘ ਧਾਲੀਵਾਲ**
ਸੰਪਰਕ : 99142-58142





ਹਾਲ ਹੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਹੋਰ ਪੰਜ ਸਿੰਘ ਸਾਹਿਬਾਨ ਦੀ ਮੌਜੂਦਗੀ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਮਾਮਲੇ ਦਾ ਨਿਪਟਾਰਾ ਕੀਤਾ ਗਿਆ। ਭਾਈ ਰਣਜੀਤ ਸਿੰਘ, ਜੋ ਸਿੱਖ ਪਰਚਾਰਕ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ, ਨੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਆਪਣੀਆਂ ਗਲਤੀਆਂ ਦਾ ਪਛਤਾਵਾ ਕੀਤਾ। ਸਿੰਘ ਸਾਹਿਬਾਨ ਨੇ ਉਹਨਾਂ ਦਾ ਪੱਖ ਸੁਣਨ ਤੋਂ ਬਾਅਦ ਸੇਵਾ ਰਾਹੀਂ ਉਹਨਾਂ ਨੂੰ ਮੁਆਫੀ ਦੇ ਦਿੱਤੀ ਅਤੇ ਸਿੱਖੀ ਪਰਚਾਰ ਜਾਰੀ ਰੱਖਣ ਦੀ ਹਦਾਇਤ ਕੀਤੀ। ਇਹ ਫੈਸਲਾ ਸਿੱਖ ਪੰਥ ਵਿੱਚ ਏਕਤਾ ਅਤੇ ਸਮਝੌਤੇ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਸਿੱਖ ਕੌਮ ਨੇ ਇਸ ਫੈਸਲੇ ਨੂੰ ਸਕਾਰਾਤਮਕ ਨਜ਼ਰੀਏ ਨਾਲ ਸਵੀਕਾਰ ਕੀਤਾ ਹੈ, ਕਿਉਂਕਿ ਇਹ ਗੁਰੂ ਸਾਹਿਬ ਦੇ ਸਿਧਾਂਤ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਦੀ ਪਾਲਣਾ ਕਰਦਾ ਹੈ। ਇਸ ਫੈਸਲੇ ਦੀ ਸ਼ਲਾਘਾ ਇਸ ਲਈ ਵੀ ਕੀਤੀ ਜਾ ਰਹੀ ਹੈ, ਕਿਉਂਕਿ ਇਹ ਸਿੱਖੀ ਦੀ ਮੁਆਫੀ ਅਤੇ ਸੁਧਾਰ ਦੀ ਪਰੰਪਰਾ ਨੂੰ ਜਾਰੀ ਰੱਖਦਾ ਹੈ। ਪਰ, ਇਹ ਜ਼ਰੂਰੀ ਹੈ ਕਿ ਅਜਿਹੇ ਫੈਸਲੇ ਸਿਆਸੀ ਦਬਾਅ ਜਾਂ ਨਿੱਜੀ ਸਵਾਰਥਾਂ ਤੋਂ ਮੁਕਤ ਹੋਣ। ਸਿਰਸੇ ਵਾਲੇ ਸਾਧ ਦੀ ਮੁਆਫੀ ਵਰਗੇ ਵਿਵਾਦਗ੍ਰਸਤ ਮਾਮਲਿਆਂ ਨੇ ਸਿੱਖ ਕੌਮ ਦੇ ਮਨਾਂ ਵਿੱਚ ਸ਼ੰਕੇ ਪੈਦਾ ਕੀਤੇ ਸਨ, ਜਿਸ ਕਾਰਨ ਅਜਿਹੇ ਫੈਸਲਿਆਂ ਦੀ ਪਵਿੱਤਰਤਾ ਅਤੇ ਨਿਰਪੱਖਤਾ 'ਤੇ ਸਵਾਲ ਉੱਠੇ ਸਨ। ਭਾਈ ਰਣਜੀਤ ਸਿੰਘ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਫੈਸਲਾ ਸਿੱਖੀ ਦੇ ਸਿਧਾਂਤਾਂ ਅਨੁਸਾਰ ਹੋਣ ਕਾਰਨ ਸਿੱਖ ਪੰਥ ਨੂੰ ਸਕੂਨ ਦੇਣ ਵਾਲਾ ਹੈ।

ਦੂਜੇ ਪਾਸੇ, ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੇ ਮਾਮਲੇ ਨੇ ਸਿੱਖ ਪੰਥ ਵਿੱਚ ਚਿੰਤਾ ਪੈਦਾ ਕੀਤੀ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਵਿਚਕਾਰ ਆਹਮੋ-ਸਾਹਮਣੇ ਵਾਲੀ ਸਥਿਤੀ ਪੈਦਾ ਹੁੰਦੀ ਜਾਪਦੀ ਹੈ।

ਜੇਕਰ ਇਹ ਵਿਵਾਦ ਅੱਗੇ ਵਧਦਾ ਹੈ, ਤਾਂ ਸਿੱਖ ਕੌਮ ਲਈ ਇਹ ਸ਼ੁਭ ਨਹੀਂ ਹੋਵੇਗਾ। ਸਿੱਖ ਪੰਥ ਪਹਿਲਾਂ ਹੀ ਆਪਸੀ ਧੜੇਬੰਦੀ ਅਤੇ ਪਾਟੋਧਾੜ ਕਾਰਨ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ, ਜੇਕਰ ਸਿੱਖੀ ਦੇ ਦੋ ਮਹੱਤਵਪੂਰਨ ਤਖਤ ਆਪਸ ਵਿੱਚ ਟਕਰਾਅ ਦੀ ਸਥਿਤੀ ਵਿੱਚ ਆ ਜਾਣ, ਤਾਂ ਇਹ ਸਿੱਖ ਪੰਥ ਦੀ ਏਕਤਾ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਨੂੰ ਅਜਿਹੇ ਫੈਸਲੇ ਲੈਣ ਦੀ ਲੋੜ ਹੈ, ਜੋ ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਧੜੇਬੰਦੀ ਨੂੰ ਖਤਮ ਕਰਨ ਵਿੱਚ ਸਹਾਈ ਹੋਣ। ਸਿੰਘ ਸਾਹਿਬਾਨ ਨੂੰ ਸਿਆਸੀ ਦਬਾਅ ਤੋਂ ਮੁਕਤ ਹੋ ਕੇ, ਸਿਰਫ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਫੈਸਲੇ ਕਰਨੇ ਚਾਹੀਦੇ। ਜੇਕਰ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਸਿਆਸੀ ਸਵਾਰਥਾਂ ਜਾਂ ਗੈਰ-ਸਿੱਖੀ ਸਿਧਾਂਤਾਂ ਦੇ ਅਧੀਨ ਹੋਣਗੇ, ਤਾਂ ਉਹ ਪੰਥ ਵਿੱਚ ਸਵੀਕਾਰਯੋਗ ਨਹੀਂ ਹੋਣਗੇ।

ਸਿੱਖ ਕੌਮ ਅੱਜ ਆਪਸੀ ਧੜੇਬੰਦੀ ਅਤੇ ਵਿਵਾਦਾਂ ਕਾਰਨ ਕਮਜ਼ੋਰ ਹੋ ਰਹੀ ਹੈ। ਸਿੱਖੀ ਦੇ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਨੂੰ ਦੁਨੀਆਂ ਵਿੱਚ ਕੋਈ ਖਤਰਾ ਨਹੀਂ, ਪਰ ਸ੍ਰੀ ਅਕਾਲ ਤਖਤ ਸਾਹਿਬ ਦੀ ਅਜਾਦ ਪ੍ਰਭੁਸੱਤਾ ਅਤੇ ਸਿੱਖੀ ਦੀ ਮੀਰੀ-ਪੀਰੀ ਦੀ ਭਾਵਨਾ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਜ਼ਰੂਰ ਜਾਪਦੀਆਂ ਹਨ। ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਵਿੱਚ ਫੁੱਟ ਪੈਦਾ ਕਰਕੇ ਸਿੱਖ ਪੰਥ ਦੀ ਤਾਕਤ ਨੂੰ ਘਟਾਉਣ ਦੇ ਯਤਨ ਹੋ ਰਹੇ ਹਨ।

ਅਜਿਹੇ ਸਮੇਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਫੈਸਲੇ ਅਤੇ ਹੁਕਮਨਾਮੇ ਜਾਰੀ ਕਰੇ, ਜੋ ਸਿੱਖ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਆਪਸੀ ਵਿਵਾਦਾਂ ਨੂੰ ਸੁਲਝਾਉਣ ਵਿੱਚ ਸਹਾਈ ਹੋਣ। ਸਿੱਖੀ ਦੀਆਂ ਦੋ ਵੇਲਿਆਂ ਦੀਆਂ ਅਰਦਾਸਾਂ ਵਿੱਚ "ਖਾਲਸੇ ਜੀ ਕਾ ਬੋਲ ਬਾਲਾ" ਦੀ ਮੰਗ ਸਿਰਫ ਇੱਕ ਨਾਅਰਾ ਨਹੀਂ, ਸਗੋਂ ਹਲੇਮੀ ਰਾਜ ਅਤੇ ਸਿੱਖ ਪੰਥ ਦੀ ਸੰਪੂਰਨਤਾ ਦਾ ਸੰਕਲਪ ਹੈ। ਇਹ ਸੰਕਲਪ ਸਿਰਫ ਪੰਥਕ ਏਕਤਾ ਨਾਲ ਹੀ ਪੂਰਾ ਹੋ ਸਕਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮਿਆਂ ਅਤੇ ਫੈਸਲਿਆਂ ਨੂੰ ਸਿੱਖੀ ਦੇ ਸਿਧਾਂਤਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ, ਨਾ ਕਿ ਸਿਆਸੀ ਜਾਂ ਨਿੱਜੀ ਸਵਾਰਥਾਂ ਦੇ ਅਧੀਨ। ਜੇਕਰ ਜਥੇਦਾਰ ਸਾਹਿਬਾਨ ਸਿਆਸੀ ਪਾਰਟੀਆਂ ਦੇ ਕਰਿੰਦਿਆਂ ਵਜੋਂ ਕੰਮ ਕਰਨਗੇ, ਤਾਂ ਉਹਨਾਂ ਦੇ ਫੈਸਲੇ ਪੰਥ ਵਿੱਚ ਸਵੀਕਾਰ ਨਹੀਂ ਹੋਣਗੇ ਅਤੇ ਗੁਰੂ ਦਰਬਾਰ ਵਿੱਚ ਵੀ ਉਹ ਸਜ਼ਾ ਦੇ ਭਾਗੀਦਾਰ ਹੋਣਗੇ।

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਫੈਸਲਾ ਸਿੱਖੀ ਦੀ ਪਰੰਪਰਾ ਅਤੇ ਸਿਧਾਂਤਾਂ ਦੀ ਪਾਲਣਾ ਕਰਦਾ ਹੈ, ਜਿਸ ਨੇ ਸਿੱਖ ਪੰਥ ਨੂੰ ਸਕੂਨ ਅਤੇ ਏਕਤਾ ਦਾ ਸੁਨੇਹਾ ਦਿੱਤਾ ਹੈ। ਪਰ, ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਦੇ ਮਾਮਲੇ ਵਿੱਚ ਪੈਦਾ ਹੋਇਆ ਵਿਵਾਦ ਸਿੱਖ ਪੰਥ ਲਈ ਚਿੰਤਾਜਨਕ ਹੈ। ਸਿੱਖ ਕੌਮ ਨੂੰ ਅਜਿਹੇ ਸਮੇਂ ਵਿੱਚ ਏਕਤਾ ਦੀ ਸਖਤ ਲੋੜ ਹੈ, ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਅਜਿਹੇ ਫੈਸਲੇ ਲੈਣੇ ਚਾਹੀਦੇ ਹਨ, ਜੋ ਸਿਆਸੀ ਦਬਾਅ ਤੋਂ ਮੁਕਤ ਅਤੇ ਸਿੱਖੀ ਸਿਧਾਂਤਾਂ 'ਤੇ ਅਧਾਰਤ ਹੋਣ। ਸਿੰਘ ਸਾਹਿਬਾਨ ਨੂੰ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਵਿਚਰਨਾ ਚਾਹੀਦਾ ਹੈ ਅਤੇ ਸਿੱਖ ਪੰਥ ਨੂੰ ਚੜ੍ਹਦੀ ਕਲਾ ਵੱਲ ਲੈ ਜਾਣ ਦੇ ਉਪਰਾਲੇ ਕਰਨੇ ਚਾਹੀਦੇ। ਸਿੱਖ ਕੌਮ ਦੀ ਏਕਤਾ ਅਤੇ ਸਰਬੱਤ ਦੇ ਭਲੇ ਦਾ ਸੰਕਲਪ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਹੀ ਸੰਭਵ ਹੈ, ਜੇਕਰ ਇਹ ਅਸਥਾਨ ਸੱਚ, ਨਿਆਂ ਅਤੇ ਸਿੱਖੀ ਸਿਧਾਂਤਾਂ ਦੀ ਰਾਖੀ ਕਰਦਾ ਰਹੇ।

---

# ਇੰਸਟਾਗ੍ਰਾਮ ਸਟਾਰ ਸੁੱਖ ਰਤੀਆ ਨੇ 5 ਲੱਖ ਰੁਪਏ ਲੈਕੇ ਔਰਤ ਦਾ ਗਲਾ ਵੱਢਿਆ

## ✪ ਸੁੱਖ ਰਤੀਆ ਦੇ ਇੰਸਟਾਗ੍ਰਾਮ 'ਤੇ 525 ਹਜ਼ਾਰ ਤੋਂ ਵੱਧ ਫਾਲੋਅਰਜ਼



ਮੁੰਬਈ-ਮਸ਼ਹੂਰ ਇੰਸਟਾਗ੍ਰਾਮ ਕੰਟੈਂਟ ਕਰੀਏਟਰ ਸੁਖਪ੍ਰੀਤ ਸਿੰਘ ਉਰਫ਼ ਸੁੱਖ ਰਤੀਆ ਨੂੰ ਕਤਲ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਹੈ। ਦੋਸ਼ ਹੈ ਕਿ ਸੁਖਪ੍ਰੀਤ ਸਿੰਘ ਨੇ ਆਪਣੇ ਮਾਮੇ ਦੇ ਮੁੰਡੇ ਗੁਰਪ੍ਰੀਤ ਸਿੰਘ ਨਾਲ ਮਿਲ ਕੇ ਨਵੀਂ ਮੁੰਬਈ ਵਿੱਚ ਸੁਪਾਰੀ ਲੈ ਕੇ ਇੱਕ ਔਰਤ ਦੀ ਹੱਤਿਆ ਨੂੰ ਅੰਜਾਮ ਦਿੱਤਾ ਹੈ। ਸੁੱਖ ਰਤੀਆ ਦੇ ਇੰਸਟਾਗ੍ਰਾਮ 'ਤੇ 525 ਹਜ਼ਾਰ ਤੋਂ ਵੱਧ ਫਾਲੋਅਰਜ਼ ਹਨ।

ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਰਹਿਣ ਵਾਲੇ ਇਨ੍ਹਾਂ ਦੋਵਾਂ ਭਰਾਵਾਂ ਨੇ 18 ਮਈ ਨੂੰ ਇੱਕ ਔਰਤ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਸੀ। ਦੋਵੇਂ ਕਤਲ ਕਰਨ ਵਾਲੇ ਭਰਾਵਾਂ ਨੂੰ ਨੋਇਡਾ ਐਸਟੀਐਫ ਨੇ ਸੂਰਜਪੁਰ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ ਖ਼ਿਲਾਫ਼ ਸਾਗਰੀ ਨਵੀਂ ਮੁੰਬਈ ਵਿੱਚ ਧਾਰਾ 103 (1), 61 (2) ਬੀ ਐਨ ਐਸ ਤਹਿਤ ਕੇਸ ਦਰਜ ਕੀਤਾ ਗਿਆ ਹੈ। ਨੋਇਡਾ ਐਸਟੀਐਫ ਨੇ ਉਸਨੂੰ ਗ੍ਰਿਫ਼ਤਾਰ ਕਰਕੇ ਨਵੀਂ ਮੁੰਬਈ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ, ਫਤਿਹਾਬਾਦ ਦੇ ਰਤੀਆ ਕਸਬੇ ਦਾ ਰਹਿਣ ਵਾਲਾ 24 ਸਾਲਾ ਸੁੱਖ ਰਤੀਆ ਸਿਰਫ 12ਵੀਂ ਤੱਕ ਹੀ ਪੜ੍ਹਿਆ ਹੈ। ਮਾਡਲਿੰਗ ਦੀ ਇੱਛਾ ਨਾਲ ਉਹ 2022 ਵਿੱਚ ਆਪਣੇ ਮਾਮੇ ਦੇ ਪੁੱਤਰ ਗੁਰਪ੍ਰੀਤ ਸਿੰਘ ਨਾਲ ਮੁੰਬਈ ਪਹੁੰਚਿਆ। ਉੱਥੇ ਉਸਦੀ ਮੁਲਾਕਾਤ ਸੈਲੂਨ ਚਲਾਉਣ ਵਾਲੀ ਇੱਕ ਔਰਤ ਨਾਲ ਹੋਈ, ਜੋ ਗਾਜ਼ੀਆਬਾਦ (ਯੂਪੀ) ਦੀ ਰਹਿਣ ਵਾਲੀ ਹੈ। ਪੁਲਿਸ ਪੁੱਛਗਿੱਛ ਦੌਰਾਨ ਸੁਖਪ੍ਰੀਤ ਨੇ ਕਬੂਲ ਕੀਤਾ ਕਿ ਉਸੇ ਔਰਤ ਨੇ ਉਸਨੂੰ 5 ਲੱਖ ਰੁਪਏ ਵਿੱਚ ਕਤਲ ਦੀ ਸੁਪਾਰੀ ਦਿੱਤੀ ਸੀ।

ਇਸ ਕਤਲ ਦੀ ਸੁਪਾਰੀ ਕਿਸ਼ੋਰ ਸਿੰਘ ਨਾਮ ਦੇ ਇੱਕ ਵਿਅਕਤੀ ਨੇ ਦਿੱਤਾ ਸੀ, ਜਿਸਨੇ ਆਪਣੀ ਪਤਨੀ ਨੂੰ ਮਾਰਨ ਦੀ ਯੋਜਨਾ ਬਣਾਈ ਸੀ। 18 ਮਈ ਦੀ ਰਾਤ ਨੂੰ, ਸੁੱਖ ਰਤੀਆ ਅਤੇ ਉਸਦੇ ਸਾਥੀ ਗੁਰਪ੍ਰੀਤ ਸਿੰਘ ਨੇ ਪਹਿਲਾਂ ਮਾਸਕ ਪਾ ਕੇ ਇੱਕ ਰੇਕੀ ਕੀਤੀ, ਫਿਰ ਔਰਤ ਦਾ ਪਿੱਛਾ ਕੀਤਾ ਅਤੇ ਸੜਕ 'ਤੇ ਉਸਦਾ ਗਲਾ ਵੱਢ ਕੇ ਉਸਦੀ ਹੱਤਿਆ ਕਰ ਦਿੱਤੀ। ਇਹ ਘਟਨਾ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਈ।

# ਗੁਰੂ ਅੰਗਦ ਗੁਰ ਅੰਗੁ ਤੇ


– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ 35**



ਅੱਜ ਅਸੀਂ ਭਲੀ ਪ੍ਰਕਾਰ ਸਮਝ ਸਕਦੇ ਹਾਂ ਕਿ ਸ੍ਰੀ ਅਮਰਦਾਸ ਜੀ ਇਹ ਫ਼ੈਸਲਾ ਲੈਣ ਲਈ ਕਿਸੇ ਜੱਕੋ-ਤੱਕੀ ਵਿਚ ਨਹੀਂ ਪਏ ਜਿਹੜੇ -ਏਥੇ ਸੁਖ ਅਰ ਅੱਗੇ ਹਰਿ ਨਾਲ ਕੇਲ- ਕਰਨ ਦੀ ਤੀਬਰ ਇੱਛਾ ਲੈ ਕੇ ਆਏ ਸਨ। ਉਸੇ ਸਮੇਂ ਹੀ ਆਪ ਜੀ ਉੱਠੇ ਅਰ

'ਸਤਿ ਬਚਨ ਪਾਤਸ਼ਾਹ ਜੀ!'

ਕਹਿੰਦਿਆਂ ਪੂਰਨ ਨਿਸ਼ਠਾ ਨਾਲ ਹਜ਼ੂਰ ਦੇ ਚਰਨਾਂ ਵਿਚ ਸਦਾ ਲਈ ਸੀਸ ਭੇਟ ਕਰ ਦਿੱਤਾ। ਸਤਿਗੁਰਾਂ ਉਠਾ ਕੇ ਸੀਨੇ ਨਾਲ ਲਾਇਆ ਤੇ ਕਿਹਾ,

'ਗੁਰੂ ਬਾਬਾ ਤੁਹਾਡੇ ਅੰਗ-ਸੰਗ ਰਹਿਣ ਅਰ ਸਦਾ ਕਰਤਾਰ ਚਿੱਤ ਆਵੇ'।

ੳ. ਮ:2॥ ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ਗੁ.ਗ੍ਰ.ਸਾ. ਪੰਨਾ 83

ਅ. ਮ:2॥ ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥..2॥17॥ ਗੁ.ਗ੍ਰ.ਸਾ. ਪੰਨਾ 146

ਇਤਿਹਾਸ ਗਵਾਹ ਹੈ ਕਿ ਅੱਜ ਤੋਂ ਬਾਦ ਫਿਰ ਸ੍ਰੀ ਅਮਰਦਾਸ ਜੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਜਿਹਾ ਕਰਦਿਆਂ ਉਹ ਗੁਰੂ-ਘਰ ਆਉਣ ਵਾਲਿਆਂ ਲਈ ਇਕ ਨਮੂਨਾ ਵੀ ਸਥਾਪਤ ਕਰ ਗਏ ਕਿ ਜੋ ਇਥੇ ਗੁਰ-ਉਪਦੇਸ਼ ਸੁਣ ਕੇ ਧਾਰਨ ਕਰਨ ਦੀ ਇੱਛਾ ਲੈ ਕੇ ਆਉਂਦਾ ਹੈ, ਉਹ ਸਦਾ ਹੀ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਆਪਣੇ ਜੀਵਨ ਨੂੰ ਬਦਲ ਸਕਦਾ ਹੈ, ਪਹਿਲੇ ਪਰਵਾਰਿਕ ਬਣੇ ਹੋਏ ਸੰਸਕਾਰ ਵੀ ਉਸ ਦੇ ਰਾਹ ਵਿਚ ਰੋੜਾ ਨਹੀਂ ਅਟਕਾਉਂਦੇ।

## ਸੇਵਾ ਵਿਚ ਲੱਗੇ

ਬੀਬੀ ਅਮਰੋ ਜੀ ਨੇ ਕੁਝ ਦਿਨਾਂ ਬਾਦ ਬਾਬਾ ਜੀ ਨੂੰ ਬਾਸਰ ਕੇ ਮੁੜਨ ਲਈ ਜਦੋਂ ਪੁੱਛਿਆ ਤਾਂ ਆਪ ਜੀ ਨੇ ਕਿਹਾ, 'ਪੁੱਤਰੀ! ਤੁਹਾਡਾ ਬਹੁਤ ਵੱਡਾ ਉਪਕਾਰ ਜੋ ਮੈਨੂੰ ਨਿਮਾਣੇ ਨੂੰ ਤੁਸਾਂ ਇਸ ਦਰ ਦਾ ਮਾਣ ਬਖ਼ਸ਼ਿਆ। ਹੁਣ ਤੁਸੀਂ ਬਾਸਰ ਕੇ ਚਲੇ ਜਾਉ, ਸਾਰਿਆਂ ਨੂੰ ਦੱਸ ਦੇਣਾ, ਅਸੀਂ ਏਥੇ ਹੀ ਰਹਾਂਗੇ'।

'ਜੀ, ਬਾਪੂ ਜੀ'! ਆਖਦਿਆਂ ਬੀਬੀ ਅਮਰੋ ਪਿਤਾ ਗੁਰੂ ਜੀ ਦੀ ਖ਼ੁਸ਼ੀ ਲੈ ਕੇ ਬਾਸਰ ਕੇ ਪਰਤ ਗਏ।

ਬਾਬਾ ਅਮਰਦਾਸ ਜੀ ਸਵੇਰੇ ਸ਼ਾਮ ਦਰਬਾਰ ਦੀ ਹਾਜ਼ਰੀ ਭਰਨ ਲਗੇ ਫਿਰ ਇਕਾਂਤ ਵਿਚ ਬੈਠੇ ਰਹਿੰਦੇ। ਲੰਗਰ ਸਮੇਂ ਪੰਗਤ ਵਿਚ ਬੈਠ ਕੇ ਭੋਜਨ ਕਰਦੇ। ਦੋ ਚਾਰ ਦਿਨਾਂ ਬਾਦ ਹੀ ਮਹਿਸੂਸ ਕਰਨ ਲਗੇ ਕਿ ਬਾਕੀ ਸਾਰੇ ਕੁਝ ਨ ਕੁਝ ਕਰਦੇ ਰਹਿੰਦੇ ਹਨ ਮੈਨੂੰ ਵੀ ਕੁਝ ਕਰਨਾ ਚਾਹੀਦਾ ਹੈ। ਇਕ ਦਿਨ ਸਾਹਿਬ ਜੀ ਨੇ ਸਵੇਰੇ ਬਚਨ ਕਰਦਿਆਂ ਫ਼ੁਰਮਾਇਆ:

ਸਲੋਕੁ ਮਹਲਾ 2॥
ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਣੁ॥1॥22॥ ਗੁ.ਗ੍ਰ.ਸਾ. ਪੰਨਾ 474

ਹੋਰਨਾਂ ਦੇ ਨਾਲ ਇਨ੍ਹਾਂ ਵੀ ਸੁਣਿਆ ਅਰ ਜਾਣਿਆ ਕਿ ਜੇ ਸਾਹਿਬ ਦੇ ਦਰ 'ਤੇ ਆਇ ਬੈਠੇ ਹਾਂ ਤਾਂ ਹੁਣ ਚਾਕਰੀ ਕਰਨੀ ਬਣਦੀ ਹੈ। ਬਾਕੀ ਸੇਵਾ ਕਰ ਰਹੇ ਹਨ, ਅਸੀਂ ਵੀ ਕਰੀਏ। ਅਜਿਹਾ ਵਿਚਾਰ ਕੇ ਭਾਈ ਜੋਧ ਰਸੋਈਏ ਕੋਲ ਜਾ ਕੇ ਕਹਿਣ ਲਗੇ,

'ਜੇ ਤੁਸੀਂ ਆਗਿਆ ਦਿਉ ਤਾਂ ਮੈਂ ਲੰਗਰ ਲਈ ਪਾਣੀ ਲਿਆਵਾਂ ਕਰਾਂ'? ਜੋਧ ਕਹਿਣ ਲੱਗੇ,

'ਤੁਹਾਡੀ ਇੱਛਾ ਹੈ, ਲੰਗਰ ਵਿਚ ਲੋੜ ਤਾਂ ਬਣੀ ਰਹਿੰਦੀ ਹੈ ਜਿੰਨੀ ਸੇਵਾ ਕਰ ਸਕਦੇ ਹੋ, ਕਰ ਲਵੋ'।

ਇਉਂ ਆਖਦਿਆਂ ਦਰਮਿਆਨੇ ਜਿਹੇ ਅਕਾਰ ਦੀ ਇਕ ਗਾਗਰ ਬਾਬਾ ਜੀ ਵੱਲ ਵਧਾਈ। ਬਾਬਾ ਜੀ ਨੇ ਭਾਈ ਜੀ ਕੋਲੋਂ ਗਾਗਰ ਲੈ ਲਈ ਅਰ ਲੰਗਰ ਲਈ ਖੂਹ ਤੋਂ ਜਲ ਲਿਆਉਣ ਲਗੇ। ਥੋੜੇ ਦਿਨ ਹੋਰ ਬੀਤੇ ਤਾਂ ਧਿਆਨ ਗਿਆ ਕਿ ਸਤਿਗੁਰੂ ਜੀ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦੇ ਹਨ ਜੇ ਹੋ ਸਕੇ ਤਾਂ ਮੈਂ ਉਸ ਵੇਲੇ ਜਲ ਲਿਆਵਾਂ, ਸੇਵਾ ਹੋ ਜਾਵੇਗੀ ਨਾਲੇ ਹਜ਼ੂਰ ਦੀ ਹੋਰ ਨੇੜਤਾ ਮਿਲ ਜਾਵੇਗੀ। ਇਸ ਤਰਹ ਆਪ ਦਾ ਇਹ ਨੇਮ ਹੀ ਬੱਝ ਗਿਆ ਕਿ ਪਹਿਰ ਰਾਤ ਰਹਿਣ ਤੋਂ ਪਹਿਲਾਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਜਲ ਦੀ ਗਾਗਰ ਭਰ ਲਿਆਉਣੀ, ਸਵੇਰ ਸਾਰ ਲੰਗਰ ਲਈ ਜਲ ਲਿਆਉਣਾ, ਸੰਗਤ ਵਿਚ ਦਰਸ਼ਨ ਕਰਨੇ, ਗੁਰੂ ਸਾਹਿਬ ਦੇ ਬਸਤਰ ਧੋ ਸੁਕਾ ਕੇ ਲਿਆਉਣੇ, ਸਮਾਂ ਮਿਲਣ 'ਤੇ ਇਕਾਂਤ ਵਿਚ ਬੈਠ ਕੇ ਹਜ਼ੂਰ ਦੇ ਅੱਜ ਹੋਏ ਬਚਨਾਂ ਦੀ ਵਿਚਾਰ ਕਰਨੀ, ਪਿਛਲੇ ਪਹਿਰ ਦੇ ਦੀਵਾਨ ਦੀ ਹਾਜ਼ਰੀ ਭਰਨੀ, ਸਾਰਾ ਦਿਨ ਬਿਨਾਂ ਅਲਸਾਏ ਲੰਗਰ ਲਈ ਜਲ ਦੀ ਸੇਵਾ ਕਰਦੇ ਰਹਿਣਾ ਅਰ ਲੋੜ ਅਨੁਸਾਰ ਲੰਗਰ ਛਕ ਲੈਣਾ, ਆਦਿ। ਇਹ ਸਾਰਾ ਕੁਝ ਕਰਦਿਆਂ ਆਪ ਜੀ ਆਮ ਬੋਲ-ਚਾਲ ਤੋਂ ਸੰਕੋਚ ਰੱਖਦੇ। ਗੁਰੂ ਸਾਹਿਬ ਜੀ ਇਹ ਸਭ ਕੁਝ ਵੇਖ ਰਹੇ ਸਨ ਪਰ ਇਨ੍ਹਾਂ ਦੇ ਪੱਖ ਤੋਂ ਬੇਪਰਵਾਹ ਹੀ ਰਹੇ।

ੳ. ਰਹੇ ਪਹਰ ਰਾਤ੍ਰਿ ਤਬ ਜਲ ਭਰ ਲਿਆਵੈ।
ਸਤਿਗੁਰ ਕੌ ਇਸਨਾਨ ਕਰਾਵੈ।67॥
ਇਸਨਾਨ ਕਰਾਇ ਇਕੰਤ ਬਹ ਰਹੇਂ।
ਕਾਹੂੰ ਸਿਉ ਕਛੁ ਸੁਨੇ ਨਾ ਕਹੇਂ।
ਸਤਿਗੁਰ ਮੂਰਤਿ ਹਿਰਦੇ ਧਰੇ।
ਖਾਨ ਪਾਨ ਕਿਛੁ ਸੁਧ ਨਹੀ ਕਰੇ।68॥
ਸਹਜਿ ਸੁਭਾਇ ਹੋਇ ਸੁ ਹੋਇ।
ਸਰੀਰ ਕ੍ਰਿਆ ਪੁਨ ਰਹਿਓ ਨ ਕੋਇ।
ਸਤਿਗੁਰ ਬਹੁਤ ਨ ਪੂਛੀ ਬਾਤ। ਅਚਰਜ ਗਤਿ ਕਛੁ ਲਖੀ ਨ ਜਾਤ।69॥9॥ ਮ.ਪ੍ਰ.

ਅ. ਤਬ ਤੇ ਆਗੇ ਹੀ ਉਠਿ ਕਰਿ ਕੈ
(ਪਹਿਰ ਰਾਤ ਰਹਿੰਦੀ ਤੋਂ ਪਹਿਲਾਂ)
ਜਲ ਆਨਹਿਂ ਭਰਿ ਕਲਸ ਬਿਸਾਲ।
(ਵੱਡੀ ਗਾਗਰ ਜਲ ਦੀ ਭਰ ਲਿਆਉਂਦੇ)
ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾਲਹਿਂ,(ਪਹਿਲਾਂ ਹਜ਼ੂਰ ਨੂੰ ਸ਼ਨਾਨ ਕਰਾ ਫਿਰ ਬਸਤ੍ਰ ਧੋਂਦੇ)
ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲ।6॥
(ਫਿਰ ਸੁੱਕਣੇ ਪਾਉਂਦੇ)
ਪੁਨ ਇਕੰਤ ਹੋਇ ਸਭ ਤੇ ਬੈਠਹਿਂ
(ਫਿਰ ਇਕਾਂਤ ਵਿਚ ਜਾ ਬੈਠਦੇ)
ਕਹਹਿ ਨ ਸੁਨਹਿ ਬਚਨ ਕਿਸ ਨਾਲਿ।
(ਕਿਸੇ ਨਾਲ ਕੋਈ ਗੱਲਬਾਤ ਨ ਕਰਦੇ)
ਸਤਿਗੁਰ ਮੂਰਤਿ ਰਿਦੇ ਸਮਾਲਹਿ
(ਸਤਿਗੁਰਾਂ ਦਾ ਧਿਆਨ ਧਰਦੇ)
ਅਪਰ ਮਨੋਰਥ ਸਭ ਕੋ ਟਾਲਿ।
(ਹੋਰਨਾਂ ਪਾਸਿਓਂ ਮਨ ਹੋੜ ਕੇ)
ਨਿਜ ਕੁਲ ਕੋ ਨਿਜ ਗ੍ਰਿਹ ਕੋ ਤਜ ਕਰਿ
(ਬਾਸਰ ਕੇ ਘਰ ਪ੍ਰਵਾਰ ਤੋਂ ਆ ਕੇ)
ਨਹੀਂ ਜਾਇ ਪੁਨ ਕੀਨ ਸੰਭਾਲਿ।
(ਫਿਰ ਜਾ ਕੇ ਖ਼ਬਰ ਨ ਲਈ)
ਨਰ ਉਪਹਾਸ ਕਰਨਿ ਸਭ ਲਾਗੇ
(ਲੋਕ ਮਖੌਲ ਕਰਨ ਲੱਗ ਪਏ)
'ਬ੍ਰਿਧ ਹੋਇ ਕਿਆ ਕੀਨੀ ਢਾਲਿ।7॥16॥(ਕਿ ਬੁੱਢਾ ਹੋ ਕੇ ਕੀ ਕਰ ਰਿਹਾ ਹੈ) ਰਾਸਿ ਪਹਿਲੀ

## ਬੀਬੀ ਭਾਨੀ ਦਾ ਵਿਆਹ

ਬਾਬਾ ਜੀ ਲਗਾਤਾਰ ਖਡੂਰ ਸਾਹਿਬ ਇਸੇ ਤਰਹ ਸੇਵਾ ਕਰਦੇ ਰਹੇ। ਪਹਿਲਾਂ ਹੋਏ ਪਰਵਾਰਿਕ ਫ਼ੈਸਲੇ ਅਨੁਸਾਰ ਬੀਬੀ ਭਾਨੀ ਜੀ ਦਾ ਰਿਸ਼ਤਾ ਲਾਹੌਰ ਨਿਵਾਸੀ ਭਾਈ ਹਰਿਦਾਸ ਜੀ ਸੋਢੀ ਦੇ ਸਪੁੱਤਰ ਪਾਵਨ ਸ੍ਰੀ ਰਾਮਦਾਸ ਜੀ ਨਾਲ ਹੋ ਗਿਆ। ਬੰਸਾਵਲੀਨਾਮਾ ਅਨੁਸਾਰ ਅਗਲੇ ਸਾਲ ਭਾਵ 1602 ਬਿ./1545 ਈ. ਨੂੰ ਵਿਆਹ ਰੱਖਿਆ ਗਿਆ। ਬਿਨਾਂ ਸ਼ੱਕ ਸਤਿਗੁਰਾਂ ਦੀ ਆਗਿਆ ਲੈ ਕੇ ਆਪ ਜੀ ਇਸ ਸਮੇਂ ਬਾਸਰ ਕੇ ਗਏ ਅਰ ਬੀਬੀ ਭਾਨੀ ਜੀ ਦਾ ਸਾਰਾ ਵਿਆਹ ਕਾਰਜ ਨਿਬਾਹ ਕੇ ਆਪ ਫਿਰ ਖਡੂਰ ਸਤਿਗੁਰਾਂ ਪਾਸ ਹਾਜ਼ਰ ਹੋ ਕੇ ਪਹਿਲਾਂ ਵਾਂਗ ਸੇਵਾ ਵਿਚ ਲੱਗ ਗਏ।

## ਅਸਚਰਜ ਕੌਤਕ

ਹੁਣ ਇਸੇ ਤਰਹ ਚਲਦਿਆਂ ਕੁਝ ਸਾਲ ਬਿਤੀਤ ਹੋ ਗਏ। ਨਗਰ ਵਾਲੇ ਵੀ ਵੇਖ ਰਹੇ ਸਨ ਕਿ ਬਾਕੀ ਸਿੱਖ ਤਾਂ ਕੁਝ ਸਮਾਂ ਠਹਿਰ ਕੇ ਵਾਪਸ ਚਲੇ ਜਾਂਦੇ ਹਨ ਪਰ ਇਹ ਲਗਾਤਾਰ ਹੀ ਇਥੇ ਟਿਕ ਗਿਆ ਹੈ ਅਰ ਜਦ ਵੇਖੀਏ ਕੁਝ ਨ ਕੁਝ ਸੇਵਾ ਕਰਦਾ ਰਹਿੰਦਾ ਹੈ। ਅਜਿਹਾ ਵੀ ਵਰਨਣ ਮਿਲਦਾ ਹੈ ਕਿ ਇਸ ਸਮੇਂ ਦੌਰਾਨ ਬਾਸਰ ਕੇ ਤੋਂ ਛੋਟੇ ਭਰਾ ਅਤੇ ਸਪੁੱਤਰ ਮੋਹਰੀ ਲੈਣ ਵਾਸਤੇ ਆਏ ਪਰ ਆਪ ਜੀ ਨੇ ਇਹ ਕਹਿ ਕੇ ਉਨ੍ਹਾਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਅਸੀਂ ਥੋੜੇ ਦਿਨਾਂ ਤੱਕ ਆਵਾਂਗੇ। ਭਾਈ ਬੁੱਢਾ, ਭਾਈ ਜੋਧ, ਦਾਸ, ਦਾਤਾ ਅਰ ਹੋਰ ਗੁਰਸਿੱਖ ਇਹ ਸਾਰਾ ਵਰਤਾਰਾ ਵਰਤਦਾ ਦੇਖ ਰਹੇ ਸਨ। ਜਦੋਂ ਬਾਬਾ ਜੀ ਨੇ ਇਸ ਪ੍ਰਕਾਰ ਦੀ ਘੁਸਰ-ਮੁਸਰ ਹੁੰਦੀ ਸੁਣੀ ਤਾਂ ਆਪ ਨੇ ਨਿੰਮ੍ਰਤਾ ਸਹਿਤ ਕਿਹਾ ਕਿ ਹੁਣ ਮੇਰੇ ਜੀਵਨ ਦਾ ਆਧਾਰ ਖਡੂਰ ਹੀ ਹੈ, ਸਤਿਗੁਰ ਹੀ ਮੇਰੇ ਸਭ ਕੁਝ ਹਨ ਇਨ੍ਹਾਂ ਦੇ ਚਰਨਾਂ ਵਿਚ ਮੈਨੂੰ ਰਹਿੰਦਿਆਂ ਮੈਨੂੰ ਸਭ ਕੁਝ ਮਿਲ ਰਿਹਾ ਹੈ:

ਅਬ ਮੇਰੇ ਸਤਿਗੁਰ ਹੈ ਸਭਿ ਕਿਛੁ,
(ਹੁਣ ਸਤਿਗੁਰ ਹੀ ਮੇਰੇ ਸਭ ਕੁਝ ਹਨ)
ਸਦਨ ਕੁਟੰਬ ਪਿਤਾ ਅਰੁ ਮਾਤ।
(ਘਰ, ਪਰਵਾਰ ਤੇ ਮਾਤਾ ਪਿਤਾ)
ਇਹੀ ਸਹਾਇਕ ਹੋਹਿ ਅੰਤ ਕੋ,
(ਓੜਕ ਇਹੀ ਮਦਦਗਾਰ ਹੁੰਦੇ ਹਨ)
ਰਹਿ ਏਕਲ ਜਹਿਂ ਕੋਇ ਨ ਜਾਤ।
(ਜਦੋਂ ਬਾਕੀ ਛੱਡ ਜਾਂਦੇ ਹਨ)
ਜੀਵਤਿ ਪ੍ਰਾਨ ਅਧਾਰ ਇਹੀ ਹੈਂ,
(ਜਿਉਂਦਿਆਂ ਵੀ ਇਹੀ ਆਸਰਾ ਹਨ)
ਬਿਨ ਪਗ ਦੇਖੇ ਕਛੁ ਨ ਸੁਹਾਤਿ'।(ਇਨ੍ਹਾਂ ਦੇ ਦਰਸ਼ਨਾਂ ਬਿਨਾਂ ਕੁਝ ਚੰਗਾ ਨਹੀਂ ਲਗਦਾ)
ਇਮਿ ਸੁਨ ਲੋਕ ਪਯਾਨਹਿਂ ਘਰ ਕੋ,
(ਇਉਂ ਸੁਣ ਕੇ ਲੋਕ ਘਰਾਂ ਨੂੰ ਚਲੇ ਜਾਂਦੇ)
ਜਾਨਯੋ-ਭਯੋ ਨਿਲਾਇਕ ਗਾਤਿ-।13॥16॥
(ਇਹ ਸਮਝ ਕੇ ਕਿ ਇਹ ਨਿਕੰਮਾ ਹੈ)

ਰੋਜ਼ ਵਾਂਗ ਇਕ ਰਾਤ ਨੂੰ ਸਮੇਂ ਦਾ ਅੰਦਾਜ਼ਾ ਕਰ ਕੇ ਆਪ ਗੁਰੂ ਪਾਤਸ਼ਾਹ ਜੀ ਦੇ ਸ਼ਨਾਨ ਲਈ ਜਲ ਲੈਣ ਚਲੇ ਗਏ। ਮੌਸਮ ਕਾਫ਼ੀ ਖ਼ਰਾਬ ਹੋਣ ਕਰ ਕੇ ਮੀਂਹ ਪੈਣ ਲੱਗ ਪਿਆ। ਵਿਚੋਂ ਵਿਚੋਂ ਬਿਜਲੀ ਲਿਸ਼ਕਣ ਲੱਗ ਪਈ। ਜਦੋਂ ਆਪ ਜੀ ਜਲ ਦੀ ਗਾਗਰ ਮੋਢੇ 'ਤੇ ਚੁੱਕ ਕੇ ਵਾਪਸ ਆ ਰਹੇ ਸਨ ਤਾਂ ਮੀਂਹ ਚੰਗਾ ਮੋਹਲੇਧਾਰ ਪੈ ਰਿਹਾ ਸੀ। ਗੁਰੂ ਸਾਹਿਬ ਦੀ ਰਿਹਾਇਸ਼ ਦੇ ਨਾਲ ਹੀ ਇਕ ਜੁਲਾਹੇ ਦਾ ਘਰ ਸੀ ਜਿਸ ਦੇ ਬਾਹਰਲੇ ਪਾਸੇ ਛੱਤ ਹੇਠ ਉਹ ਤਾਣਾ ਤਣਦਾ ਸੀ। ਇਸ ਸਮੇਂ ਭਾਵੇਂ ਤਾਣਾ ਮੌਜੂਦ ਨਹੀਂ ਸੀ ਪਰ, ਹਨੇਰੇ ਵਿਚ ਕੋਲੋਂ ਲੰਘਦਿਆਂ ਬਾਬਾ ਜੀ ਦਾ ਖੱਬਾ ਪੈਰ ਕਿੱਲੇ ਨਾਲ ਵੱਜ ਗਿਆ। ਆਪ ਡਿੱਗਦੇ ਵੀ ਮਸਾਂ ਬੱਚੇ ਅਰ ਮੋਢੇ ਰੱਖੀ ਗਾਗਰ ਦਾ ਜਲ ਵੀ ਨ ਡੁੱਲ੍ਹਾ ਪਰ, ਖੜਕਾ ਚੰਗਾ ਹੋ ਗਿਆ। ਖੜਕਾ ਸੁਣ ਕੇ ਦੋਹਾਂ ਦੀ ਜਾਗ ਖੁਲ੍ਹ ਗਈ। ਜੁਲਾਹਾ ਬੋਲਿਆ,

'ਇਸ ਵੇਲੇ ਪਤਾ ਨਹੀਂ ਕੌਣ ਠੁੱਡੇ ਮਾਰਦਾ ਫਿਰਦੈ'?

'ਨਿਥਾਵਾਂ ਜਿਹਾ ਅਮਰੂ ਹੋਣੈ ਪਾਣੀ ਭਰਨ ਗਿਆ', ਜੁਲਾਹੀ ਝੱਟ ਬੋਲ ਪਈ, 'ਹੋਰ ਇਸ ਵੇਲੇ ਭਲਾ ਕੌਣ ਹੋਣਾ'।


ਬਾਬਾ ਜੀ ਜਿਹੜੇ ਸਾਵਧਾਨ ਹੋ ਕੇ ਹੁਣ ਬਿਲਕੁਲ ਇਨ੍ਹਾਂ ਦੇ ਨੇੜਿਓਂ ਲੰਘ ਰਹੇ ਸਨ, ਉਹ ਸੁਣ ਕੇ ਬੋਲ ਉੱਠੇ,

'ਕਮਲੀਏ! ਅਮਰਦਾਸ ਨਿਥਾਵਾਂ ਨਹੀਂ, ਮੇਰੇ ਧੰਨ ਭਾਗ ਜੁ ਸੇਵਾ ਮਿਲੀ'। ਹੁਣ ਕੋਈ ਕੁਝ ਨ ਬੋਲਿਆ।

ਅਗੇ ਦਰਵਾਜ਼ਾ ਖੋਲ੍ਹ ਕੇ ਖੜੇ ਹਜ਼ੂਰ ਪਾਤਸ਼ਾਹ ਇਨ੍ਹਾਂ ਦੀ ਇੰਤਜ਼ਾਰ ਕਰ ਰਹੇ ਸਨ। ਬਾਬਾ ਜੀ ਨੇ ਸ਼ਨਾਨ ਕਰਵਾਇਆ ਅਰ ਗੁਰੂ ਪਾਤਸ਼ਾਹ ਪ੍ਰਭੂ-ਸਿਮਰਨ ਵਿਚ ਸਮਾਧੀ ਇਸਥਿਤ ਹੋ ਗਏ। ਦਿਨ ਦੇ ਚੜ੍ਹਾਅ ਨਾਲ ਕੀਰਤਨ ਸ਼ੁਰੂ ਹੋ ਗਿਆ, ਸੰਗਤ ਆਉਣ ਲੱਗ ਪਈ, ਗੁਰੂ ਸਾਹਿਬ ਵੀ ਆ ਕੇ ਸਿੰਘਾਸਣ 'ਤੇ ਸ਼ਸ਼ੋਭਿਤ ਹੋ ਗਏ।

# ਸਿੱਖ ਕੌਮ ਦੇ ਮੌਜੂਦਾ ਤੇ ਭਵਿੱਖ ਦੇ ਅੰਦਰੂਨੀ ਬਾਹਰੀ ਤਾਕਤਾਂ ਦੇ ਹਮਲੇ

## 4 ਫਰਵਰੀ 2017 ਨੂੰ ਡਰਬੀ ਵਿਖੇ ਹੋਏ ਸੈਮੀਨਾਰ ਵਿੱਚ ਤਵਾਰੀਖ, ਮੌਜੂਦਾ ਤੇ ਭਵਿਖ ਦੇ ਅੰਦਰੂਨੀ, ਬਾਹਰੀ ਤਾਕਤਾਂ ਦੇ ਹਮਲਿਆਂ ਬਾਰੇ ਜਥੇਦਾਰ ਮਹਿੰਦਰ ਸਿੰਘ ਖਹਿਰਾ ਵੱਲੋਂ ਪੜ੍ਹਿਆ ਗਿਆ ਪਰਚਾ



ਜਥੇ: ਮਹਿੰਦਰ ਸਿੰਘ ਖਹਿਰਾ, 2017 ਨੂੰ ਸੈਮੀਨਾਰ ਦੌਰਾਨ ਪਰਚਾ ਪੜ੍ਹਦੇ ਹੋਏ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

### ਆਖਰੀ ਕਿਸ਼ਤ

ਉਹ ਇੰਦਰਾ ਗਾਂਧੀ ਨੂੰ ਬਹੁਤ ਬਹਾਦਰ ਔਰਤ ਦੱਸਦਾ ਹੈ ਜਿਸ ਨੇ ਹਿੰਦੁਸਤਾਨ ਦੀ ਏਕਤਾ ਅਖੰਡਤਾ ਲਈ ਸ਼ਹਾਦਤ ਪ੍ਰਾਪਤ ਕੀਤੀ ਦੇਸ਼ ਮੁਖ ਉਸ ਦੀਆਂ ਸਿੱਖ ਮਾਰੂ ਨੀਤੀਆਂ ਦਾ ਖੁੱਲ੍ਹੇਆਮ ਸਮਰਥਨ ਕਰਦਾ ਹੈ। ਇਸ ਨਾਤੇ ਉਹ ਨਾ-ਤਜ਼ਰਬੇਕਾਰ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਉੱਤੇ ਵੀ ਬਹੁਤ ਖੁਸ਼ ਹੁੰਦਾ ਹੋਇਆ ਉਸ ਨੂੰ ਪੂਰਾ ਸਮਰਥਨ ਦੇਣ ਦੀ ਪੇਸ਼ਕਸ਼ ਵੀ ਕਰਦਾ ਹੈ ਅਤੇ ਬਾਕੀ ਸਿਆਸਤਦਾਨਾਂ ਨੂੰ ਵੀ ਉਸ ਦੀ ਮਦਦ ਲਈ ਪ੍ਰੇਰਦਾ ਹੈ ।

ਉਹ ਇੰਦਰਾ ਗਾਂਧੀ ਕਤਲ ਨੂੰ ਪੰਥ ਦੇ ਨਾਂ ਉੱਤੇ ਕੀਤਾ ਗਿਆ ਮਨੁੱਖੀ ਭਰੋਸੇ ਦਾ ਕਤਲ ਕਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਕਰਫਿਊ ਵਿੱਚ ਢਿਲ ਦੇ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਕਤਲ ਕਰਨ ਲਈ ਫਸਾਏ ਗਏ ਦਸ ਹਜ਼ਾਰ ਸਿੱਖ ਬੱਚਿਆਂ, ਬਿਰਧਾਂ, ਬੀਬੀਆਂ, ਸੇਵਾਦਾਰਾਂ, ਗ੍ਰੰਥੀਆਂ, ਰਾਗੀਆਂ ਬਾਰੇ ਅਫ਼ਸੋਸ ਕਰਨ ਲਈ ਉਸ ਕੋਲ ਸ਼ਬਦ ਨਹੀਂ ਤੇ ਨਾ ਹੀ ਉਹਨਾਂ ਨਿਹੱਥੇ ਨਿਰਦੋਸ਼ਾਂ ਨੂੰ ਬਿਨਾ ਚਿਤਾਵਨੀ, ਫ਼ੌਜਾਂ ਚਾੜ੍ਹ ਕੇ ਤੋਪਾਂ ਟੈਂਕਾਂ ਦੇ ਗੋਲੇ ਦਾਗ ਕੇ ਮਾਰਨ ਲਈ ਇੰਦਰਾ ਦੀ ਭੰਡੀ ਕਰਦਾ ਹੈ, ਸਿੱਖਾਂ ਉੱਤੇ ਝੂਠੇ ਇਲਜ਼ਾਮ ਲਾਉਂਦਾ ਹੈ ਕਿ ਇਹਨਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਸੈਂਕੜੇ ਲੋਕ ਮਾਰੇ ਅਤੇ ਧਾਰਮਿਕ ਅਸਥਾਨ ਢਾਹੇ। ਆਰ. ਐੱਸ. ਐੱਸ. ਦਾ ਮੈਂਬਰ ਨਾਨਾ ਦੇਸ਼ਮੁਖ ਇਹ ਭੁਲ ਜਾਂਦਾ ਹੈ ਕਿ ਮਰਨ ਵਾਲ਼ੇ ਬਹੁਤੇ ਸਿੱਖ ਹੀ ਸਨ ਅਤੇ ਕਦੇ ਕਾਤਲਾਂ ਦੀ ਨਿਸ਼ਾਨਦੇਹੀ ਨਾ ਕੀਤੀ ਜਾ ਸਕੀ। ਨਾਨਾ ਦੇਸ਼ਮੁਖ ਸਬੂਤ ਕਿਸੇ ਇੱਕ ਦਾ ਵੀ ਪੇਸ਼ ਨਹੀਂ ਕਰਦਾ ਨਾ ਹੀ ਨਾਂ ਦੱਸਦਾ ਹੈ। ਇਹ ਵੀ ਨਹੀਂ ਆਖਦਾ ਕਿ ਸ਼ੁਰੂਆਤ ਹੀ ਇੰਦਰਾ ਗਾਂਧੀ ਦੇ ਚਹੇਤੇ ਨਿਰੰਕਾਰੀ ਨੇ 1978 ਈ ਵਿੱਚ ਵੈਸਾਖੀ ਵਾਲ਼ੇ ਦਿਨ 13 ਸਿੱਖ ਸ਼ਹੀਦ ਕਰ ਕੇ ਕੀਤੀ ਸੀ ਅਤੇ ਇੰਦਰਾ ਗਾਂਧੀ ਦੀ ਗੁਪਤ ਪੁਲਸ ਵੀ ਕਤਲਾਂ ਦਾ ਸਿਲਸਿਲਾ ਵੱਡੀ ਹੱਦ ਤਕ ਅੱਗੇ ਵਧਾਉਂਦੀ ਰਹੀ। 1978 ਦਾ ਇਹ ਕਾਂਡ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਗੁਰਪਦਵੀ ਨੂੰ ਚੈਲਿੰਜ ਕਰਨ 'ਤੇ ਵਾਪਰਿਆ।

ਸ. ਗੁਰਦਰਸ਼ਨ ਸਿੰਘ ਢਿੱਲੋਂ 'ਪੰਜਾਬ ਦਾ ਸੰਤਾਪ : 1947 ਤੋਂ 2015 ਤਕ ਦੀ ਪੁਸਤਕ' ਦੇ ਪੰਨਾ 34 ਉੱਤੇ ਲਿਖਦੇ ਹਨ 'ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਉਪਰੰਤ ਭਾਰਤੀ ਫ਼ੌਜ ਨੇ ਇੱਕ ਸਰਕੁਲਰ 'ਬਾਤ ਚੀਤ' ਦੇ ਸਿਰਲੇਖ ਹੇਠ ਜਾਰੀ ਕੀਤਾ, ਜਿਸ ਅਧੀਨ ਪੰਜਾਬ ਦੇ ਪਿੰਡਾਂ, ਸ਼ਹਿਰਾਂ ਜਾਂ ਕਸਬਿਆਂ ਵਿੱਚ ਉਹਨਾਂ ਦਾ ਖ਼ਾਸ ਨਿਸ਼ਾਨਾ ਅੰਮ੍ਰਿਤਧਾਰੀ ਸਿੰਘ ਸਨ, ਸ਼ਾਇਦ ਸਰਕਾਰ ਨੂੰ ਲੱਗਦਾ ਹੋਵੇ ਕਿ ਜੇਕਰ ਸਿੱਖਾਂ ਵਿੱਚੋਂ ਅੰਮ੍ਰਿਤਧਾਰੀ ਸਿੰਘਾਂ ਦਾ ਸਫਾਇਆ ਹੋ ਜਾਵੇ ਤਾਂ ਹੌਲ਼ੀ-ਹੌਲ਼ੀ ਸਿੱਖ ਪਛਾਣ ਖ਼ਤਮ ਹੋ ਜਾਵੇਗੀ ਅਤੇ ਨਾਲ਼ ਹੀ ਸਿੱਖਾਂ ਦੀ ਅੱਡਰੀ ਪਛਾਣ ਤੇ ਸਿੱਖੀ ਵੀ ਅਤੇ ਫਿਰ ਸਿੱਖ ਹਿੰਦੂਆਂ ਦਾ ਇੱਕ ਫ਼ਿਰਕਾ ਹੀ ਬਣ ਕੇ ਰਹਿ ਜਾਣਗੇ। ਦਰਬਾਰ ਸਾਹਿਬ ਉੱਤੇ ਭਾਰਤੀ ਹਮਲੇ ਦੌਰਾਨ ਇੱਕ ਬਹੁਤ ਹੀ ਭਿਆਨਕ ਅਤੇ ਦਰਦਨਾਕ ਘਟਨਾ ਵਾਪਰੀ, ਜਿਸ ਦਾ ਬਹੁਤ ਹੀ ਘੱਟ ਲਿਖਾਰੀਆਂ ਨੇ ਜ਼ਿਕਰ ਕੀਤਾ ਹੈ। ਇਸ ਹਮਲੇ ਦੌਰਾਨ ਭਾਰਤੀ ਫ਼ੌਜ ਨੇ 39 ਸਿੱਖ ਬੱਚਿਆਂ ਨੂੰ, ਜਿਨ੍ਹਾਂ ਦੀ ਉਮਰ 2 ਤੋਂ 12 ਸਾਲ ਦੇ ਦਰਮਿਆਨ ਸੀ, ਦਰਬਾਰ ਸਾਹਿਬ ਤੋਂ ਚੁੱਕ ਕੇ ਲੁਧਿਆਣਾ ਜੇਲ੍ਹ ਵਿੱਚ ਪਾ ਦਿੱਤਾ। ਇਹਨਾਂ ਬੱਚਿਆਂ ਨੂੰ ਸੀ. ਬੀ. ਆਈ. ਨੇ ਤਿੰਨ ਹਿਸਿਆਂ ਵਿੱਚ ਵੰਡ ਦਿੱਤਾ। ਪਹਿਲੇ ਬਹੁਤ ਹੀ ਖ਼ਤਰਨਾਕ ਅੱਤਵਾਦੀ, ਦੂਜੇ ਖ਼ਤਰਨਾਕ ਅੱਤਵਾਦੀ ਤੇ ਤੀਜੇ ਹੋਣ ਵਾਲ਼ੇ ਖ਼ਤਰਨਾਕ ਅੱਤਵਾਦੀ, ਨੰਨੇ ਤੇ ਮਸੂਮ ਬੱਚਿਆਂ ਦੀ ਸੀ. ਬੀ. ਆਈ. ਅਤੇ ਆਈ. ਬੀ. ਵੱਲੋਂ ਬੜੀ ਭਿਆਨਕ ਤੇ ਘਿਨਾਉਣੀ ਪੁਛਗਿਛ ਕੀਤੀ ਗਈ ਇਸ ਪੁੱਛਗਿਛ ਦੌਰਾਨ ਮਸੂਮ ਬੱਚੇ ਕੁਰਲਾਉਂਦੇ ਤੇ ਚੀਕਾਂ ਮਾਰਦੇ ਰਹੇ ਕਿ ਸਾਨੂੰ ਆਪਣੇ ਮਾਪਿਆਂ ਕੋਲ ਜਾਣ ਦਿਓ, ਪਰ ਕਿਸੇ ਅਧਿਕਾਰੀ ਨੇ ਉਹਨਾਂ ਬੱਚਿਆਂ ਦੀ ਇੱਕ ਨਹੀਂ ਸੁਣੀ। ਐਸਾ ਜ਼ੁਲਮ, ਗ਼ੁਲਾਮ ਕੌਮਾਂ ਦੇ ਬੱਚਿਆਂ ਨਾਲ਼ ਹੀ ਹੋਇਆ ਕਰਦਾ ਹੈ।

ਐਲ. ਕੇ. ਅਡਵਾਨੀ ਨੇ ਵੀ 'ਮਾਈ ਕੰਟਰੀ ਮਾਈ ਲਾਈਫ' ਵਿੱਚ ਲਿਖਿਆ ਹੈ ਕਿ ਉਹਨਾਂ ਨੇ ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰਨ ਦੀ ਇਸ ਕਰਕੇ ਹੱਲਾਸ਼ੇਰੀ ਦਿੱਤੀ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਤੇ ਉਸ ਦੇ ਰਾਸ਼ਟਰ ਵਿਰੋਧੀ ਸਾਥੀਆਂ ਦਾ ਦਰਬਾਰ ਸਾਹਿਬ ਵਿੱਚੋਂ ਸਫਾਇਆ ਕਰਨਾ ਬਹੁਤ ਜ਼ਰੂਰੀ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਰਾਸ਼ਟਰ ਵਿਰੋਧੀ ਨਹੀਂ ਸੀ। ਉਸ ਨੇ ਅਕਾਲੀ ਦਲ ਨਾਲ਼ ਰਲ਼ ਕੇ ਸਮੁੱਚੇ ਪੰਜਾਬ ਦੇ ਹੱਕਾਂ ਲਈ ਧਰਮ ਯੁੱਧ ਮੋਰਚਾ ਲਾਇਆ ਸੀ। ਇਸ ਧਰਮ ਯੁੱਧ ਮੋਰਚੇ ਵਿੱਚ ਸਿੱਖਾਂ ਦੀ ਵੱਖਰੀ ਪਛਾਣ ਵਾਲ਼ਾ ਅਨੰਦਪੁਰ ਦਾ ਮਤਾ ਵੀ ਸ਼ਾਮਿਲ ਸੀ। ਇਸ ਮਤੇ ਦੀ ਮੁੱਖ ਮੰਗ ਸੀ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 25 ਬੀ ਜੋ ਸਿੱਖਾਂ ਨੂੰ ਹਿੰਦੂਆਂ ਦਾ ਹੀ ਅੰਗ ਗਰਦਾਨਦੀ ਹੈ, ਨੂੰ ਖ਼ਤਮ ਕਰ ਕੇ ਸਿੱਖਾਂ ਨੂੰ ਇੱਕ ਵੱਖਰੀ ਕੌਮ ਵਜੋਂ ਤਸਲੀਮ ਕੀਤਾ ਜਾਵੇ। ਅਨੰਦਪੁਰ ਸਾਹਿਬ ਦਾ ਮਤਾ, ਜਿਸ ਵਿੱਚ ਹਿਂਦੋਸਤਾਨ ਦੇ ਸਿਆਸੀ ਢਾਂਚੇ ਅੰਦਰ ਰਹਿ ਕੇ ਸਿੱਖਾਂ ਦਾ ਆਪਣਾ ਕਲਚਰ, ਜ਼ੁਬਾਨ ਅਤੇ ਸਿੱਖ ਧਰਮ ਦੇ ਨਿਆਰੇਪਣ ਵਾਸਤੇ ਕੁਝ ਸਹੂਲਤਾਂ ਦੀ ਮੰਗ ਕੀਤੀ ਗਈ ਸੀ, ਪਰ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਨੂੰ ਭਾਰਤ ਸਰਕਾਰ ਨੇ ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸਿੱਖਾਂ ਦੇ ਸਰਬਉੱਚ ਰਾਜਨੀਤਕ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੋਪਾਂ-ਟੈਂਕਾਂ ਨਾਲ਼ ਫ਼ੌਜੀ ਹਮਲਾ ਕਰ ਕੇ ਇਸ ਲਈ ਸ਼ਹੀਦ ਕਰ ਦਿੱਤਾ ਕਿਉਂਕਿ ਉਹ ਕਹਿੰਦੇ ਸਨ ਕਿ ਸਿੱਖ ਧਰਮ ਹਿੰਦੂ ਧਰਮ ਨਾਲੋਂ ਅਲੱਗ ਧਰਮ ਹੈ ਅਤੇ ਸਿੱਖ ਇੱਕ ਵੱਖਰੀ ਕੌਮ ਹੈ।

ਇੱਥੇ ਮੁਹੰਮਦ ਅਲੀ ਜਿਨਾਹ ਦਾ ਹਵਾਲਾ ਦੇਣਾ ਵੀ ਕੁਥਾਂਹ ਨਹੀਂ ਹੋਵੇਗਾ ਮੁਹੰਮਦ ਅਲੀ ਜਿਨਾਹ ਨੇ ਵਾਇਸਰਾਏ ਮਾਊਂਟ ਬੈਟਨ ਨੂੰ ਆਖਿਆ ਕਿ ਹਿੰਦੋਸਤਾਨ ਦੇ ਮੁਸਲਮਾਨ ਇੱਕ ਕੌਮ ਹਨ, ਜਿਸ ਦੀ ਵੱਖਰੀ ਸੱਭਿਅਤਾ ਅਤੇ ਸੰਸਕ੍ਰਿਤੀ, ਵੱਖਰੀ ਭਾਸ਼ਾ ਅਤੇ ਸਾਹਿਤ, ਵੱਖਰੀ ਕਲਾ ਅਤੇ ਵੱਖਰੀ ਢੰਗ ਦੀਆਂ ਇਮਾਰਤਾਂ ਅਤੇ ਨੈਤਿਕ ਸਿਧਾਂਤ ਵੱਖਰੇ, ਰੀਤੀ ਰਿਵਾਜ ਵੱਖਰੇ, ਵੱਖਰੀਆਂ ਤਰੀਕਾਂ, ਮਹੀਨੇ ਤੇ ਵੱਖਰਾ ਇਤਿਹਾਸ ਤੇ ਪ੍ਰੰਪਰਾਵਾਂ ਹਨ।

ਮਾਊਂਟ ਬੈਟਨ ਨੇ ਕਿਹਾ ਇਹ ਤਾਂ ਮੈਂ ਵੀ ਜਾਣਦਾ ਹਾਂ ਪਰ ਅੱਗਿਓਂ ਮੁਹੰਮਦ ਅਲੀ ਜਿਨਾਹ ਨੇ ਆਖਿਆ ਕਿ ਹਿੰਦੋਸਤਾਨ ਸਹੀ ਮਾਨਿਆ ਵਿੱਚ ਕਦੇ ਵੀ ਇੱਕ ਕੌਮ ਨਹੀਂ ਰਿਹਾ, ਸਿਰਫ਼ ਨਕਸ਼ੇ ਵਿੱਚ ਵੇਖਣ ਤੋਂ ਉਹ ਇੱਕ ਲੱਗਦਾ ਹੈ। ਮੈਂ ਗਾਂ ਦਾ ਗੋਸ਼ਤ ਖਾਣਾ ਚਾਹੁੰਦਾ ਪਰ ਹਿੰਦੂ ਮੈਨੂੰ ਗਾਂ ਮਾਰਨ ਤੋਂ ਰੋਕਦਾ, ਹਰ ਵਾਰ ਜਦੋਂ ਕੋਈ ਹਿੰਦੂ ਮੇਰੇ ਨਾਲ਼ ਹੱਥ ਮਿਲਾਉਂਦਾ ਤਾਂ ਉਸ ਨੂੰ ਜਾ ਕੇ ਆਪਣੇ ਹੱਥ ਧੋਣੇ ਪੈਂਦੇ ਹਨ। ਮੁਹੰਮਦ ਅਲੀ ਜਿਨਾਹ ਨੇ ਕਿਹਾ ਕਿ ਮੁਸਲਮਾਨਾਂ ਤੇ ਹਿੰਦੂਆਂ ਵਿੱਚ ਸਿਰਫ਼ ਇੱਕ ਹੀ ਗੱਲ ਸਾਂਝੀ ਹੈ ਉਹ ਹੈ ਅੰਗਰੇਜ਼ਾਂ ਦੀ ਗ਼ੁਲਾਮੀ।

ਕਾਸ਼ ! ਕੋਈ ਸਿੱਖਾਂ ਦਾ ਦੂਰ ਅੰਦੇਸ਼ ਲੀਡਰ ਹੁੰਦਾ ਤਾਂ ਸਿੱਖ ਕੌਮ ਵੀ ਅੱਜ ਗ਼ੁਲਾਮ ਨਾ ਹੁੰਦੀ। ਸ. ਅਜਮੇਰ ਸਿੰਘ ਦੀ ਪੁਸਤਕ '1984 ਤੋਂ ਬਾਅਦ ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਦੇ ਪੰਨਾ 37 ਉੱਤੇ 'ਬਿਪਰਵਾਦੀ ਤਾਕਤਾਂ ਨੇ ਮੋਰਚੇ ਖੋਲ੍ਹੇ' ਦੇ ਸਿਰਲੇਖ ਹੇਠ ਲਿਖਦੇ ਹਨ:- "ਆਰ. ਐੱਸ. ਐੱਸ. ਦੀ ਅਖਿਲ ਭਾਰਤੀਆ ਕਾਰਜਕਾਰੀ ਮੰਡਲ ਦੀ 10,11 ਜੁਲਾਈ 1982 ਨੂੰ ਆਗਰਾ ਵਿਖੇ ਹੋਈ ਦੋ ਰੋਜ਼ਾ ਮੀਟਿੰਗ ਵਿੱਚ, ਪੰਜਾਬ ਅੰਦਰ ਪੈਦਾ ਹੋਈ ਗੰਭੀਰ ਸਥਿਤੀ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਪਾਸ ਕੀਤੇ ਗਏ ਮਤਿਆਂ ਅੰਦਰ ਇਹ ਹਿੰਦੂਤਵੀ ਧਾਰਨਾਂ ਬੇ-ਬਾਕ ਲਹਿਜੇ ਵਿੱਚ ਦੁਹਰਾਈ ਗਈ ਕਿ ਸਿੱਖ ਧਰਮ ਹਿੰਦੂ ਧਰਮ ਨਾਲ਼ੋਂ ਵੱਖਰਾ ਜਾਂ ਸੁਤੰਤਰ ਧਰਮ ਨਹੀਂ ਹੈ, ਸਨਾਤਨੀ, ਜੈਨੀ ਤੇ ਬੋਧੀ ਮੱਤਾਂ ਵਾਂਗੂੰ ਹੀ ਇਹ ਵੀ ਹਿੰਦੂ ਧਰਮ ਦਾ ਹੀ ਇੱਕ ਫ਼ਿਰਕਾ ਹੈ। ਨੌਵੇਂ ਪਾਤਿਸ਼ਾਹ ਦੀ ਸ਼ਹਾਦਤ ਦੀ ਸੱਚੀ ਘਟਨਾ ਦੇ ਝੂਠੇ ਅਰਥ ਕੱਢਦਿਆਂ ਗੁਰੂ ਸਾਹਿਬ ਨੂੰ ਹਿੰਦੂ ਧਰਮ ਦਾ ਉਪਾਸ਼ਕ ਦਰਸਾਉਣ ਦਾ ਯਤਨ ਕੀਤਾ ਗਿਆ। ਇਸੇ ਤਰ੍ਹਾਂ ਦਸਮ ਪਾਤਿਸ਼ਾਹ ਵੱਲੋਂ ਖ਼ਾਲਸਾ ਪੰਥ ਦੀ ਸਿਰਜਣਾ ਕਰਨ ਦੀ ਲਾਸਾਨੀ ਘਟਨਾ ਨੂੰ ਵੀ ਹਿੰਦੂ ਧਰਮ ਦੇ ਖ਼ਾਤੇ ਵਿੱਚ ਪਾਉਣ ਦੀ ਨਿਰਲੱਜ ਪੂਰਣ ਕੋਸ਼ਿਸ਼ ਕੀਤੀ ਗਈ। ਇਹ ਬੱਜਰ ਝੂਠ ਬੋਲਣ ਤੋਂ ਵੀ ਸੰਕੋਚ ਨਾ ਕੀਤਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਹਿੰਦੂ ਧਰਮ ਨੂੰ ਪ੍ਰਫੁਲਤ ਕਰਨ ਲਈ ਕੀਤੀ ਸੀ ਅਤੇ ਇਸ ਨਾਲ਼ ਸਮੁੱਚੀ ਹਿੰਦੂ ਕੌਮ ਅੰਦਰ ਜੁਝਾਰੂ ਜਜ਼ਬਾ ਪੈਦਾ ਹੋ ਗਿਆ ਸੀ। ਜਿਸ ਨਾਲ਼ ਹਿੰਦੋਸਤਾਨ ਦੀ ਧਰਤੀ ਦੇ ਚਾਰੇ ਕੋਨਿਆਂ ਤੋਂ ਅਣਗਿਣਤ ਸੂਰਮਿਆਂ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਲਈ ਅਗਨੀ ਵਿੱਚ ਛਾਲਾਂ ਮਾਰ ਦਿੱਤੀਆਂ ਸਨ। ਸਿੱਖ ਕੌਮ ਦਾ ਲਾਸਾਨੀ ਗੁਣ-ਤੱਤਾਂ, ਇਸ ਦੀ ਬਹਾਦਰੀ ਅਤੇ ਹੌਸਲੇ ਨੂੰ ਕਬੂਲ ਕਰਨ ਅਤੇ ਇਸ ਦੀ ਕਦਰ ਕਰਨ ਦੀ ਇਮਾਨਦਾਰੀ ਤੇ ਫਰਾਖ਼ਦਿਲੀ ਵਿਖਾਉਣ ਦੀ ਬਜਾਏ, ਹਿੰਦੂ ਆਗੂਆਂ ਨੇ ਆਪਣੀ ਮੂਲ ਖਸਲਤ ਅਨੁਸਾਰ, ਇੱਕ ਪਾਸੇ ਸਿੱਖ ਕੌਮ ਵਿਰੁੱਧ ਸਾੜੇ ਤੇ ਨਫ਼ਰਤ ਦੀ ਭਾਵਨਾ 'ਚੋਂ ਵਹਿਸ਼ੀਪੁਣੇ ਦਾ ਕਰੂਪ ਪ੍ਰਗਟਾਵਾ ਕੀਤਾ ਅਤੇ ਦੂਜੇ ਪਾਸੇ ਸਿੱਖਾਂ ਦੇ ਗੌਰਵਸ਼ਾਲੀ ਵਿਰਸੇ ਨੂੰ ਹਥਿਆਉਣ ਦੀ ਬਦਨੀਤੀ ਨਾਲ਼ ਸਿੱਖਾਂ ਨੂੰ ਆਪਣੇ ਦਰਸਾਉਣ ਦਾ ਦੰਭ ਕੀਤਾ। ਇੱਥੇ ਅਸੀਂ ਸਪਸ਼ਟ ਕਰਦੇ ਜਾਈਏ ਕਿ ਪੰਥ ਦੀ ਸਾਜਨਾ ਦਾ ਅਰਥ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਚਲਾਏ ਨਿਰਮਲ ਪੰਥ ਦੇ ਮਿਸ਼ਨ ਨੂੰ ਸੰਪੂਰਨ ਕਰਨ ਲਈ ਹੀ ਨਾਨਕ ਪੰਥ ਵਿੱਚੋਂ ਹੀ ਖ਼ਾਲਸਾ ਪ੍ਰਗਟ ਕੀਤਾ, ਕੋਈ ਨਵਾਂ ਪੰਥ ਨਹੀਂ ਸਾਜਿਆ। ਇਸੇ ਤਰ੍ਹਾਂ ਇਸੇ ਹੀ ਸੰਬੰਧ ਵਿੱਚ 'ਇੰਡੀਅਨ ਐਕਸਪ੍ਰੈੱਸ' ਨੇ ਆਪਣੇ 12,13 ਤੇ 14 ਮਈ, 1982 ਦੇ ਪਰਚਿਆਂ ਵਿੱਚ 'ਅਰੁਨ ਸ਼ੋਰੀ' ਨਾਂ ਦੇ ਆਪਣੇ ਹੀ ਇੱਕ ਕਾਲਮ ਨਵੀਸ ਦੇ ਤਿੰਨ ਲੇਖ ਛਾਪੇ ਸਨ। ਇਹਨਾਂ ਲੇਖਾਂ ਦੁਆਰਾ ਇਸ ਕਾਲਮ ਨਵੀਸ ਨੇ ਸਿੱਖ ਕੌਮ ਦੇ ਪਰਮ ਪਵਿੱਤਰ ਸਿਧਾਂਤਾਂ ਅਤੇ ਰਵਾਇਤਾਂ ਦਾ ਮੂੰਹ ਮੁਹਾਂਦਰਾ ਹੀ ਨਹੀਂ ਸੀ ਵਿਗਾੜਿਆ, ਸਗੋਂ ਉਹਨਾਂ ਦੀ ਖਿੱਲੀ ਉਡਾਉਣ ਦੀ ਅੱਤ-ਨਿੰਦਾਜਨਕ ਕੋਸ਼ਿਸ਼ ਕੀਤੀ ਤਾਂ ਜੋ ਸਮੁੱਚੀ ਸਿੱਖ ਕੌਮ ਨੂੰ ਨਸ਼ਰ ਅਤੇ ਨਿਰਉਤਸ਼ਾਹਤ ਕੀਤਾ ਜਾ ਸਕੇ। ਇਹਨਾਂ ਲੇਖਾਂ ਦੁਆਰਾ ਇਸ ਕਾਲਮ ਨਵੀਸ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ 'ਸਿੱਖ ਤਾਂ ਹਿੰਦੂ ਮੱਤ ਦਾ ਹਿੱਸਾ ਹੀ ਹਨ ਅਤੇ ਇਹਨਾਂ ਦੀ ਆਪਣੀ ਨਾ ਤਾਂ ਕੋਈ ਅਡਰੀ ਹਸਤੀ ਹੈ ਅਤੇ ਨਾ ਹੀ ਕੋਈ ਅਡਰਾ ਮਜ਼ਹਬ। ਖ਼ਾਲਸੇ ਦਾ ਮਤਲਬ ਤਾਂ ਕੇਵਲ ਖ਼ਾਲਸ (ਪਿਓਰ) ਹੈ ਅਤੇ ਇਸ ਦੇ ਕਕਾਰ ਅਤੇ ਰਹਿਤ ਮਰਯਾਦਾ ਵਕਤੀ ਹੀ ਸੀ, ਜਿਸ ਦੀ ਅਜੋਕੀ ਦੁਨੀਆਂ ਵਿੱਚ ਕੋਈ ਤੁਕ ਨਹੀਂ। ਮਹਾਰਾਜਾ ਰਣਜੀਤ ਸਿੰਘ, ਬੰਦਾ ਸਿੰਘ ਬਹਾਦਰ ਅਤੇ ਭਾਈ ਮਤੀ ਦਾਸ ਆਦਿ ਹਿੰਦੂ ਸਨ ਅਤੇ ਉਹ ਹਿੰਦੂ ਮੱਤ ਦੀ ਸ਼ਾਨ ਹਿੱਤ ਹੀ ਲੜਦੇ ਮਰਦੇ ਰਹੇ। ਸਿੱਖਾਂ ਦੀਆਂ ਧਾਰਮਿਕ ਰਵਾਇਤਾਂ ਅਤੇ ਰਹੁਰੀਤੀਆਂ ਐਵੇਂ ਫੋਕੀਆਂ ਜਿਹੀਆਂ ਹੀ ਹਨ, ਜਿਨ੍ਹਾਂ ਦੀ ਹੁਣ ਕੋਈ ਲੋੜ ਨਹੀਂ।'

ਆਪਣੇ ਲੇਖਾਂ ਦੇ ਅੰਤ ਵਿੱਚ ਅਰੁਨ ਸ਼ੋਰੀ ਭਾਰਤ ਸਰਕਾਰ ਨੂੰ ਸਲਾਹ ਦਿੰਦਿਆਂ ਹੋਇਆਂ ਕਹਿੰਦਾ ਹੈ ਕਿ ਜੇ ਮੁਲਕ ਵਿੱਚ ਅਮਨ ਚੈਨ ਚਾਹੁੰਦੇ ਹੋ ਤਾਂ ਸਿੱਖ ਕੌਮ ਨੂੰ ਪੂਰੀ ਸਖ਼ਤੀ ਨਾਲ਼ ਦਬਾਓ ਅਤੇ ਇਸ ਨੂੰ ਓਨੀ ਦੇਰ ਤਕ ਸੁੱਖ ਦਾ ਸਾਹ ਨਾ ਲੈਣ ਦਿਓ ਜਦ ਤਕ ਇਹ ਆਪਣੀ ਅਡਰੀ ਹਸਤੀ ਮਿਟਾ ਕੇ ਹਿੰਦੂ ਧਰਮ ਵਿੱਚ ਸ਼ਾਮਲ ਨਹੀਂ ਹੋ ਜਾਂਦੀ।

ਅਰੁਨ ਸ਼ੋਰੀ ਦੇ ਇਹਨਾਂ ਲੇਖਾਂ ਦਾ ਜਵਾਬ ਸ. ਦੇਵਿੰਦਰ ਸਿੰਘ ਦੁੱਗਲ ਨੇ ਬਾ-ਖ਼ੂਬੀ ਦੇ ਦਿੱਤਾ ਸੀ ਅਤੇ ਦੇਵਿੰਦਰ ਸਿੰਘ ਦੁੱਗਲ ਦੇ ਜਵਾਬੀ ਲੇਖਾਂ ਨੂੰ ਸ਼੍ਰੋਮਣੀ ਕਮੇਟੀ ਨੇ 'ਸਿੱਖ ਕੌਮ ਦਾ ਸ਼ਾਨਦਾਰ ਵਿਰਸਾ' ਕਿਤਾਬਚੇ ਵਜੋਂ ਛਾਪਿਆ ਸੀ, ਜੋ ਅੱਜ ਵੀ ਉਪਲਬਧ ਹੈ।

ਸ. ਗੁਰਦਰਸ਼ਨ ਸਿੰਘ ਢਿੱਲੋਂ ਆਪਣੇ, ਸਿੱਖਾਂ ਦੀ ਵੱਖਰੀ ਤੇ ਅਜ਼ਾਦ ਹਸਤੀ ਵਿਰੁੱਧ 'ਹਿੰਦੂਵਾਦੀ ਹਮਲੇ' ਦੇ ਸਿਰਲੇਖ ਹੇਠ ਲਿਖਦੇ ਹਨ,

ਬਾਕੀ ਹਿਸਾ ਸਫ਼ਾ 29 ਤੇ ਪੜ੍ਹੋ

28 ਸਫੇ ਦੀ ਬਾਕੀ

ਤੁਹਾਨੂੰ ਯਾਦ ਹੋਵੇਗਾ ਕਿ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਦੇ ਮੌਕੇ 'ਤੇ ਹੋਏ ਸਮਾਗਮਾਂ ਵਿੱਚ ਆਰ. ਐੱਸ. ਐੱਸ. ਕਿਸ ਤਰ੍ਹਾਂ ਧੂਮ–ਧਾਮ ਨਾਲ਼ ਸ਼ਾਮਲ ਹੋਈ ਸੀ। ਉਸ ਨੇ ਇਸ ਪ੍ਰੋਗਰਾਮ ਤਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੈਗਾਮ ਨੂੰ ਕਿਸੇ ਹੋਰ ਹੀ ਪਾਸੇ ਵੱਲ ਮੋੜ ਦਿੱਤਾ। ਆਰ. ਐੱਸ. ਐੱਸ. ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਖ਼ਾਲਸਾ ਪੰਥ ਤਾਂ ਹਿੰਦੂ ਧਰਮ ਦੀ ਰੱਖਿਆ ਲਈ ਹੀ ਸਾਜਿਆ ਗਿਆ ਸੀ, ਇਹ ਪ੍ਰਚਾਰ ਕੀਤਾ ਵੀ ਜਾਣ ਲੱਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਰਗਾ ਦੇ ਪੁਜਾਰੀ ਸਨ ਅਤੇ ਗੁਰੂ ਨਾਨਕ ਸਾਹਿਬ ਦੇ ਮਾਰਗ ਤੋਂ ਦੂਰ ਚਲੇ ਗਏ ਸਨ। ਆਰ. ਐੱਸ. ਐੱਸ. ਲਗਾਤਾਰ ਇਸ ਤਰਕ ਉੱਤੇ ਜ਼ੋਰ ਦਿੰਦੀ ਆ ਰਹੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਸ਼ਟਰੀ ਨਾਇਕ ਹਨ, ਜਿਨ੍ਹਾਂ ਨੂੰ ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਵਰਗੇ ਹਿੰਦੂ ਨਾਇਕਾਂ ਦੇ ਬਰਾਬਰ ਰੱਖਿਆ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਆਰ. ਐੱਸ. ਐੱਸ. ਦੀਆਂ ਸ਼ਾਖਾਵਾਂ ਅਤੇ ਕਾਨਫ਼ਰੰਸਾਂ ਵਿੱਚ ਇਹਨਾਂ ਹਿੰਦੂ ਨਾਇਕਾਂ ਦੀਆਂ ਤਸਵੀਰਾਂ ਨਾਲ਼ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਤਸਵੀਰ ਵੀ ਲੱਗੀ ਹੁੰਦੀ ਹੈ। ਹੁਣ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੋਟੋ ਨਰਿੰਦਰ ਮੋਦੀ ਤੇ ਉਸ ਦੇ ਮੰਤਰੀਆਂ ਦੇ ਹੇਠਾਂ ਛਾਪ ਕੇ ਸਿੱਖ ਕੌਮ ਦੀ ਹੇਠੀ ਕੀਤੀ ਗਈ। ਇਸ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਫੋਟੋ ਮਹਾਤਮਾ ਗਾਂਧੀ ਤੇ ਇੰਦਰਾ ਗਾਂਧੀ ਨਾਲ਼ ਵੀ ਛਾਪੀ ਜਾ ਚੁੱਕੀ ਹੈ।

ਆਰ. ਐੱਸ. ਐੱਸ. ਜਿੱਥੇ ਇਹ ਲਗਾਤਾਰ ਯਤਨ ਕਰਦੀ ਆ ਰਹੀ ਹੈ ਕਿ ਕਿਵੇਂ ਸਿੱਖ ਨੌਜਵਾਨਾਂ ਨੂੰ ਲਾਲਚ ਦੇ ਕੇ ਆਰ. ਐੱਸ. ਐੱਸ. ਦੀਆਂ ਸ਼ਾਖਾਵਾਂ ਵਿੱਚ ਲਿਆਂਦਾ ਜਾਵੇ, ਓਥੇ ਨਾਲ਼ ਦੀ ਨਾਲ਼ ਕੁਝ ਅਕਾਲੀ ਲੀਡਰਾਂ ਅਤੇ ਜਥੇਦਾਰਾਂ ਨੂੰ ਵੀ ਆਰ. ਐੱਸ. ਐੱਸ. ਨੇ ਆਪਣੇ ਏਜੰਡੇ ਵੱਲ ਖਿੱਚਿਆ ਹੈ। ਆਰ. ਐੱਸ. ਐੱਸ. ਦਾ ਅਸਲ ਨਿਸ਼ਾਨਾ ਹੈ ਕਿ ਸਿੱਖਾਂ ਦੀਆਂ ਉੱਘੀਆਂ ਅਤੇ ਅਹਿਮ ਇਤਿਹਾਸਕ ਸੰਸਥਾਵਾਂ ਨਾਲ਼ ਨੇੜਤਾ ਤੇ ਸਾਂਝ ਵਧਾਈ ਜਾਵੇ ਅਤ ਫਿਰ ਹੌਲ਼ੀ ਹੌਲ਼ੀ ਸਿੱਖਾਂ ਦੇ ਵੱਖਰੇ ਸੱਭਿਆਚਾਰ ਅਤੇ ਉਹਨਾਂ ਦੀ ਨਿਆਰੀ ਹੋਂਦ ਹਸਤੀ ਨੂੰ ਹੀ ਨੇਸਤੋ–ਨਾ–ਬੂਦ ਕਰ ਦਿੱਤਾ ਜਾਵੇ।



ਸੈਮੀਨਾਰ ਦੌਰਾਨ ਜਥੇਦਾਰ ਮਹਿੰਦਰ ਸਿੰਘ ਖਹਿਰਾ ਅਤੇ ਸ: ਅਵਤਾਰ ਸਿੰਘ ਖਾਲਸਾ ਦਾ ਸਨਮਾਨ ਕਰਦੇ ਹੋਏ ਖੱਬੇ ਤੋਂ ਭਾਈ ਜੋਗਿੰਦਰ ਸਿੰਘ, ਭਾ: ਗੁਰਦੇਵ ਸਿੰਘ ਚੋਹਾਨ, ਭਾ: ਨਿਰਮਲ ਸਿੰਘ ਕੰਧਾਲਵੀ, ਭਾ: ਬਲਬੀਰ ਸਿੰਘ ਅਤੇ ਰਾਜਿੰਦਰ ਸਿੰਘ ਪੁਰੇਵਾਲ

ਆਰ. ਐੱਸ. ਐੱਸ. ਨੇ ਉਕਤ ਏਜੰਡੇ ਦੀ ਪੂਰਤੀ ਲਈ 23 ਨਵੰਬਰ,1986 ਵਿੱਚ ਰਾਸ਼ਟਰੀ ਸਿੱਖ ਸੰਗਤ ਨਾਂ ਦੀ ਸੰਸਥਾ ਸਥਾਪਿਤ ਕੀਤੀ। 1986 ਤੋਂ 1999 ਤਕ ਆਰ. ਐੱਸ. ਐੱਸ. ਅਤੇ ਰਾਸ਼ਟਰੀ ਸਿੱਖ ਸੰਗਤ ਨੇ ਸਿੱਖਾਂ ਦੀਆਂ ਸਰਬ ਉੱਚ ਧਾਰਮਿਕ ਸੰਸਥਾਵਾਂ 'ਤੇ ਕਬਜ਼ਾ ਕਰ ਲਿਆ। ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਨੇ ਇਹ ਬਿਆਨ ਦਿੱਤਾ ਕਿ ਸਿੱਖ ਤਖ਼ਤਾਂ ਦੇ ਸਾਰੇ ਜਥੇਦਾਰ ਉਹਨਾਂ ਦੇ ਪੇ ਰੋਲ 'ਤੇ ਹਨ। ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਦੇ ਇਸ ਬਿਆਨ ਦਾ ਕਿਸੇ ਜਥੇਦਾਰ ਨੇ ਵਿਰੋਧ ਨਹੀਂ ਕੀਤਾ। ਸਿੱਖਾਂ ਦੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ 1996 ਦੀ ਮੋਗਾ ਕਾਨਫ਼ਰੰਸ ਵਿੱਚ 'ਸ਼੍ਰੋਮਣੀ ਅਕਾਲੀ ਦਲ' ਨੂੰ 'ਪੰਜਾਬੀ ਪਾਰਟੀ' ਬਣਾ ਕੇ ਆਪ ਹੀ ਪੰਥਕ ਖਾਸੇ (ਸਿੱਖਾਂ ਦੀ ਵੱਖਰੀ ਪਛਾਣ) ਨੂੰ ਤਿਆਗ ਦਿੱਤਾ ਅਤੇ ਪੰਜਾਬੀ ਪਾਰਟੀ ਵਿੱਚ ਗੈਰ ਸਿੱਖਾਂ ਦੀ ਭਰਤੀ ਕਰ ਲਈ। ਆਰ. ਐੱਸ. ਐੱਸ. ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਰਾਹੀਂ ਹੀ ਸਿੱਖਾਂ ਦੀ ਵੱਖਰੀ ਪਛਾਣ ਵਾਲ਼ੇ ਕੈਲੰਡਰ ਦਾ ਭਗਵਾਕਰਨ ਕਰ ਚੁੱਕੀ ਹੈ ਤੇ ਹੁਣ ਸਿੱਖ ਧਰਮ ਦੇ ਨਿਆਰੇਪਨ ਤੇ ਸਿੱਖ ਕੌਮ ਦੀ ਵੱਖਰੀ ਪਛਾਣ ਵਾਲ਼ੀ ਸਿੱਖ ਰਹਿਤ ਮਰਯਾਦਾ ਦਾ ਭਗਵਾਂਕਰਨ, ਕਰ ਕੇ ਬਦਲਣ ਦੀ ਤਿਆਰੀ ਹੈ। ਆਰ. ਐੱਸ. ਐੱਸ. ਵਾਲ਼ੇ ਹੁਣ ਸ਼ਰੇਆਮ ਰਾਸ਼ਟਰੀ ਸਿੱਖ ਸੰਗਤ ਰਾਹੀਂ ਸਿੱਖੀ ਸਰੂਪ ਵਾਲ਼ੇ ਪ੍ਰਚਾਰਕਾਂ ਕੋਲ਼ੋਂ ਹੀ ਪੰਥਕ ਸਟੇਜਾਂ ਤੋਂ ਪ੍ਰਚਾਰ ਕਰਵਾ ਰਹੇ ਹਨ ਕਿ ਸਿੱਖ ਧਰਮ ਹਿੰਦੂ ਧਰਮ ਦੀ ਹੀ ਇੱਕ ਸ਼ਾਖਾ ਹੈ।

"ਅੱਜ ਸਿੱਖ ਕੌਮ ਦੀ ਕੋਈ ਐਸੀ ਸੰਸਥਾ ਨਹੀਂ, ਜਿਸ 'ਤੇ ਗੁਪਤ ਹਮਲਾ ਨਹੀਂ ਹੋ ਰਿਹਾ। ਭਾਰਤ ਵਿੱਚ ਸਰਗਰਮ ਕੁਝ ਕੱਟੜ ਹਿੰਦੂਤਵੀ ਸ਼ਕਤੀਆਂ, ਜੋ ਭਾਰਤ ਦੀ ਹਰ ਘੱਟਗਿਣਤੀ ਕੌਮ ਦੇ ਭਗਵਾਂਕਰਨ ਦੇ ਆਹਰ ਵਿੱਚ ਰੁੱਝੀਆਂ ਹੋਈਆਂ ਹਨ, ਸਿੱਖ ਕੌਮ 'ਤੇ ਸਭ ਤੋਂ ਵਧੇਰੇ ਭਾਰੂ ਹੋ ਚੁੱਕੀਆਂ ਹਨ। ਉਹਨਾਂ ਦੀ ਸਭ ਤੋਂ ਵਡੀ ਕਾਮਯਾਬੀ ਇਹ ਹੈ ਕਿ ਉਹਨਾਂ ਨੇ ਸਿੱਖ ਆਗੂਆਂ ਨੂੰ ਆਪਣੇ ਵੱਸ ਕਰਕੇ, ਉਹਨਾਂ ਰਾਹੀਂ ਬਹੁਤੇ ਸਿੱਖਾਂ ਵਿੱਚੋਂ ਸਿੱਖੀ ਦੀ ਭਵਨਾ, ਜੋ ਸਿੱਖ ਕੌਮ ਦਾ ਸਭ ਤੋਂ ਵੱਡਾ ਸਰਮਾਇਆ ਸੀ, ਦਾ ਹੀ ਨਾਸ ਕਰ ਦਿੱਤਾ ਹੈ। "(ਪੁਸਤਕ 'ਮਹੱਤਵਪੂਰਣ ਸਿੱਖ ਮੁੱਦੇ' ਪੰਨਾ 6)

ਅੱਜ ਅਸੀਂ ਵੇਖ ਰਹੇ ਹਾਂ ਕਿ ਜਿਹੜੇ ਧਾਰਮਿਕ ਤੇ ਸਿਆਸੀ ਆਗੂ ਸਿੱਖ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੇ, ਉਹ ਦੇਸਾਂ ਵਿਦੇਸਾਂ ਵਿੱਚ ਵੱਸਦੀ ਸਿੱਖ ਕੌਮ ਵਿੱਚੋਂ ਆਪਣਾ ਅਕਸ ਅਤੇ ਪ੍ਰਭਾਵ ਗਵਾਉਂਦੇ ਜਾ ਰਹੇ ਹਨ। ਦੂਜੇ ਪਾਸੇ ਖ਼ਾਲਸਾਈ ਭਾਵਨਾ ਦੀ ਤਰਜ਼ਮਾਨੀ ਕਰਦੇ ਹਜ਼ਾਰਾਂ ਸਿੱਖ, ਸਿੱਖ ਧਰਮ ਦੇ ਨਿਆਰੇਪਣ ਅਤੇ ਸਿੱਖ ਕੌਮ ਦੀ ਵੱਖਰੀ ਅਜ਼ਾਦ ਹੋਂਦ ਹਸਤੀ ਲਈ ਸਰਗਰਮ ਹੋ ਰਹੇ ਹਨ। ਪ੍ਰੋ. ਨਿਊਲਕਿਊ ਕਿੰਗ ਨੇ ਕਿਹਾ ਕਿ ਜੇ ਸਿੱਖਾਂ ਨੇ ਹਿੰਦੂ ਧਰਮ ਰੂਪੀ ਭਾਰਤੀ ਜੰਗਲ ਦੇ ਅਜਗਰ ਦੇ ਮੂੰਹ ਵਿੱਚ ਪੈਣੋਂ ਬਚਾਉਣਾ ਹੈ ਤਾਂ ਸਿੱਖਾਂ ਨੂੰ ਇੱਕ ਯੋਗ ਲੀਡਰਸ਼ਿਪ ਪੈਦਾ ਕਰਨੀ ਪਵੇਗੀ।

ਅੰਤ ਵਿੱਚ ਅਸੀਂ ਸਿਰਦਾਰ ਕਪੂਰ ਸਿੰਘ ਦੇ ਇਹਨਾਂ ਸ਼ਬਦਾਂ ਨਾਲ਼ ਸਮਾਪਤੀ ਕਰਦੇ ਹਾਂ ਕਿ, ਜੇ ਸਮਾਜ ਨੂੰ ਇਕੱਠਿਆਂ ਰੱਖਣਾ ਹੈ ਤਾਂ 'ਰਾਜ ਕਰੇਗਾ ਖ਼ਾਲਸਾ' ਦਾ ਸਿੱਖ ਸਿਧਾਂਤ ਬੜਾ ਜ਼ਰੂਰੀ ਤੇ ਲਾਭਕਾਰੀ ਹੈ। 'ਸਥਾਈ ਸ਼ਾਂਤੀ' ਅਗਾਂਹਵਧੂ ਖ਼ੁਸ਼ਹਾਲੀ, ਵਰਗ–ਰਹਿਤ ਸਮਾਜ, ਧਰਮ ਨਿਰਪੱਖ ਰਾਜ, ਨਿੱਜੀ ਧਰਮ, ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨਾ, ਸਭ ਊਲ–ਜਲੂਲ ਗੱਲਾਂ ਹਨ ਜਾਂ ਫਰਜੀ ਸੁਪਨੇ ਹਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਮੁਖਾਰਬਿੰਦ ਵਿੱਚੋਂ ਨਿਕਲ਼ੇ ਇਹਨਾਂ ਸ਼ਬਦਾਂ ਦਾ 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ। ਖ਼ੁਆਰ ਹੋਇ ਸਭ ਮਿਲੇਂਗੇ ਬਚੇ ਸਰਣ ਜੋ ਹੋਇ' ਵਿੱਚ ਪ੍ਰਾਪਤ ਹੁੰਦੇ ਸਿਧਾਂਤਾਂ ਤੋਂ ਬਿਨਾ ਹੋਰ ਕੋਈ ਸੱਚੀ ਅਤੇ ਭਰੋਸੇਯੋਗ ਅਗਵਾਈ ਨਹੀਂ ਹੈ।(ਪੁਸਤਕ 'ਰਾਜ ਕਰੇਗਾ ਖ਼ਾਲਸਾ', ਸਿਰਦਾਰ ਕਪੂਰ ਸਿੰਘ)

ਸਮਾਪਤ

# ਮੇਰੀ ਜੁਗਨੀ ਦੇ ਧਾਗੇ ਬੱਗੇ ............

ਮਰਹੂਮ ਸਨਮਾਨ ਯੋਗ ਗੁਰਮੀਤ ਬਾਵਾ ਦਾ ਨਾਮ ਸੁਣਦਿਆ ਹੀ ਇਕ ਲੰਮੀ ਹੇਕ ਦੀ ਮਲਕਾ ਦਾ ਚਿਹਰਾ ਆਪ ਮੁਹਾਰੇ ਅੱਖਾਂ ਅੱਗੇ ਆ ਜਾਂਦਾ ਹੈ। ਮੈਨੂੰ ਨੀ ਲੱਗਦਾ ਕਿ ਮਾਂ ਬੋਲੀ ਪੰਜਾਬੀ, ਪੰਜਾਬੀਅਤ ਅਤੇ ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲੇ ਇਸ ਮਹਾਨ ਸ਼ਖਸੀਅਤ ਤੋਂ ਜਾਣੂੰ ਨਾ ਹੋਣ ਅਤੇ ਕਦੇ ਲੰਮੀ ਹੇਕ ਵਾਲਾ ਮਿਰਜਾ ਨਾ ਸੁਣਿਆ ਹੋਵੇ। ਆਪਣੀ ਲੰਮੀ ਹੇਕ ਅਤੇ ਕੇਵਲ ਤੇ ਕੇਵਲ ਪੰਜਾਬੀ ਸਭਿਅਚਾਰਕ ਗੀਤ ਸਮਾਜ ਦੀ ਝੋਲੀ ਪਾਉਣ ਵਾਲੀ ਮਲਕਾ ਜੋ ਕਿ ਭਾਵੇ ਹੁਣ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਚੁੱਕੀ ਹੈ । ਪ੍ਰੰਤੂ ਉਹਨਾਂ ਵਲੋਂ ਆਪਣੀਆ ਦੋਹਾਂ ਬੇਟੀਆਂ ਲਾਚੀ ਬਾਵਾ ਅਤੇ ਗਲੋਰੀ ਬਾਵਾ ਨੂੰ ਆਪਣੀ ਕਲਾ ਦਾ ਸਬਕ ਦਿੰਦੇ ਹੋਏ ਇਸ ਗੱਲ ਦਾ ਵਾਅਦਾ ਲਿਆ ਸੀ ਕਿ ਉਹ ਪੰਜਾਬੀ ਸਭਿਆਚਾਰ ਦੀ ਰਾਖੀ ਕਰਨਗੀਆਂ ਅਤੇ ਕਦੇ ਵੀ ਅਸਭਿਆਚਾਰਕ ਗੀਤਾਂ ਦਾ ਸਹਾਰਾ ਲੈ ਕੇ ਸਫਲਤਾ ਹਾਸਲ ਕਰਨ ਕੀ ਕੋਸ਼ਿਸ਼ ਨਹੀਂ ਕਰਨਗੀਆਂ ।

ਦੋਨੋ ਭੈਣਾਂ ਨੇ ਆਪਣੀ ਮਾਤਾ ਜੀ ਲਾਲ ਰਲ ਕੇ ਬਹੁਤ ਸਾਰੇ ਸਭਿਆਚਾਰਕ ਗੀਤ, ਸੋਹਲੇ, ਘੋੜੀਆਂ, ਸੁਹਾਗ, ਅਲਾਣੀਆ ਆਦਿ ਸਮਾਜ ਦੀ ਝੋਲੀ ਪਾਏ। ਭਾਵੇ ਕਿ ਹੁਣ ਲਾਚੀ ਬਾਵਾ ਵੀ ਸਮੇਂ ਤੋਂ ਪਹਿਲਾਂ ਅਤੇ ਪੰਜਾਬੀਅਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾ ਕੇ ਹਮੇਸ਼ਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਪ੍ਰਮਾਤਮਾ ਦੇ ਚਰਨਾਂ ਚ ਬਿਰਾਜੇ ਹਨ। ਪਿਛੇ ਇੱਕਲੀ ਰਹਿ ਗਈ ਗਲੋਰੀ ਬਾਵਾ ਅੱਜ ਵੀ ਆਪਣੀ ਪੂਜਨੀਕ ਮਾਤਾ ਨਾਲ ਕੀਤੇ ਬਚਨਾਂ ਨੂੰ ਨਿਭਾਉਂਦੇ ਹੋਏ ਪੰਜਾਬੀ ਸਭਿਆਚਾਰ ਨੂੰ ਜਿਉਂਦਾ ਰੱਖਣ ਖਾਤਰ ਹਰ ਉਪਰਾਲਾ ਕਰ ਰਹੀ ਹੈ। ਪਰ ਬੜੇ ਦੁਖ ਦੀ ਗੱਲ ਹੈ ਕਿ ਸਾਡਾ ਪੰਜਾਬੀ ਸਮਾਜ ਆਪਣੀ ਮਾਤ ਭਾਸ਼ਾ, ਅਮੀਰ ਵਿਰਸੇ ਅਤੇ ਸਰਵ ਉਚ ਸਭਿਆਚਾਰ ਨੂੰ ਭੁੱਲ ਕੇ ਮਸ਼ੂਕਾ, ਹਥਿਆਰਾਂ ਅਤੇ ਦਿਖਾਵੇ ਦੇ ਖਤਰਨਾਕ ਜਿਹੇ ਸਭਿਆਚਾਰ ਨੂੰ ਅਪਣਾ ਰਿਹਾ । ਅੱਜ ਦਾ ਨੌਜਵਾਨ ਤਾਂ ਕੇਵਲ ਤੇ ਕੇਵਲ ਦਿਖਾਵੇ ਵਾਲੀ ਜਿੰਦਗੀ ਜੀਅ ਰਿਹਾ ਹੈ। ਸਭਿਆਚਾਰ ਨੂੰ ਤਾਂ ਅੱਖੋ ਪਰੋਖੇ ਕਰੀ ਬੈਠਾ ਹੈ।




ਗਲੋਰੀ ਬਾਵਾ ਅੱਜ ਵੀ ਸਭਿਆਚਾਰ ਨੂੰ ਬਚਾਉਣ ਲਈ ਬਾਜਿੱਦ ਹੈ ਅਤੇ ਆਪਣੀ ਭੂਮਿਕਾ ਨਿਭਾ ਰਹੀ ਹੈ। ਪ੍ਰੰਤੂ ਗੁੰਮਨਾਮੀ ਦੀ ਜਿੰਦਗੀ ਬਤੀਤ ਕਰਨ ਲਈ ਮਜਬੂਰ ਹੋ ਗਈ ਹੈ। ਮਹਰੂਮ ਗੁਰਮੀਤ ਬਾਵਾ ਜੀ ਦੀ ਜੁਗਨੀ ਦੇ ਬੋਲ "ਜੁਗਨੀ ਉਹਦੇ ਮੂੰਹੋ ਫੱਬੇ ਜਿਹਨੂੰ ਸੱਟ ਇਸ਼ਕ ਦੀ ਲੱਗੇ" ਸੱਚ ਹੁੰਦੇ ਸਾਬਤ ਹੋ ਰਹੇ ਹਨ । ਅੱਜ ਗਲੋਰੀ ਬਾਵਾ ਦੀ ਜੁਗਨੀ ਵੀ ਦੁਹਾਈ ਦੇ ਕੇ ਸਾਨੂੰ ਸਭਿਆਚਾਰ ਨੂੰ ਬਚਾਉਣ ਲਈ ਚੀਕ ਚੀਕ ਕੇ ਲੋਕਾਂ ਨੂੰ ਦੱਸਣ ਨੂੰ ਮਜ਼ਬੂਰ ਹੋ ਗਈ ਹੈ ਕਿ ਪੰਜਾਬੀ ਸਭਿਆਚਾਰਕ ਗੀਤ ਗਾਉਣ ਵਾਲਿਆ ਨੂੰ ਅੱਖੋ ਪਰੋਖੇ ਨਾ ਕਰੋ। ਆਪਣੇ ਬੱਚਿਆ ਨੂੰ ਮਸ਼ੂਕਾ, ਨਸ਼ਿਆ, ਹਥਿਆਰਾਂ ਅਤੇ ਵਿਖਾਵੇ ਦੇ ਕਲਚਰ ਤੋਂ ਬਚਾ ਲਵੋ ਦੀ ਹਾਲ ਦੁਹਾਈ ਲਾ ਰਹੀ ਹੈ। ਮਹਰੂਮ ਗੁਰਮੀਤ ਬਾਵਾ ਜੀ ਦਾ ਦੇਣ ਸਾਡਾ ਸਮਾਜ ਕਦੇ ਵੀ ਨਹੀਂ ਦੇ ਸਕਦਾ ਪ੍ਰੰਤੂ ਪਿਛੇ ਇੱਕਲੀ ਰਹਿ ਗਈ ਗਲੋਰੀ ਬਾਵਾ ਦਾ ਸਹਿਯੋਗ ਦੇ ਕੇ ਅਸੀਂ ਸਭਿਆਚਾਰ ਨੂੰ ਬਚਾਉਣ ਦਾ ਉਪਰਾਲਾ ਤਾਂ ਜਰੂਰ ਕਰ ਸਕਦੇ ਹਾਂ । ਆਓ ਬੱਚਿਆ ਨੂੰ ਨੌਜਵਾਨਾਂ ਨੂੰ ਮੁੜ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਗਲੌਰੀ ਬਾਵਾ ਵਰਗੇ ਕਲਾਕਾਰ ਨੂੰ ਸਿਰ ਮੱਥੇ ਲਾਈਏ ਅਤੇ ਮੇਲਿਆ, ਵਿਆਹਾਂ ਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਸੱਦਾ ਦੇ ਕੇ ਪੰਜਾਬੀ ਸਭਿਆਚਾਰ ਨੂੰ ਜਿਉਂਦਾ ਰੱਖਣ ਦਾ ਉਪਰਾਲਾ ਕਰੀਏ।



ਅਮਰਜੀਤ ਸਿੰਘ ਸੰਧੂ
(0091-98880-23226)

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

# ਗੰਧਲੇ ਰਿਸ਼ਤੇ

**''ਮੇਰੀ ਮਾਂ ਨੂੰ ਆਖਦੀ ਸੀ ਕੁੜੀਆਂ ਚੰਗੀਆਂ ਨਹੀਂ ਹਨ ਇਨ੍ਹਾਂ ਦੀ ਮਾਂ ਚੰਗੀ ਨਹੀਂ ਸੀ, ਬਾਹਰ ਖਸਮ ਰੱਖੀ ਫਿਰਦੀ ਸੀ ਮੇਰੇ ਮੁੰਡੇ ਦੇ ਨਾਲ ਹੁੰਦੀ ਹੁੰਦੀ। ਉਹੀ ਮੱਤ ਕੁੜੀਆਂ ਨੂੰ ਦਿੰਦੀ ਹੈ, ਕੁੜੀਆਂ ਸੱਪਣੀ ਦੀ ਔਲਾਦ ਆ, ਭੈਣ ਜੀ ਤੇ ਸੱਪਣੀਆਂ ਹੀ ਹੋਣੀਆਂ। ਮੇਰਾ ਮੁੰਡਾ ਭੋਲਾ ਆ ਉਹ ਨੂੰ ਸਮਝ ਨਹੀਂ। ਉਹ ਮੇਰੇ ਮੁੰਡੇ ਨੂੰ ਇਨ੍ਹਾਂ ਜ਼ਰੀਏ ਹਾਲੇ ਵੀ ਖਾਈ ਜਾਂਦੀ ਆ। ਉਸ ਨੂੰ ਪਤਾ ਨਹੀਂ ਲੱਗਦਾ ਉਸ ਨੂੰ ਮਨੀ ਮੇਕਰ ਬਣਾਇਆ ਆ ਦੋਹਾਂ ਕੁੜੀਆਂ ਨੇ। ਘਰ ਨੂੰ ਹੋਟਲ ਵਾਂਗ ਸਮਝਦੀਆਂ ਹਨ। ਬਸ ਖਾਣ-ਸੌਣ ਵਾਲੀ ਜਗ੍ਹਾ। ਡੱਕਾ ਨਹੀਂ ਤੋੜਦੀਆਂ ਕੰਮ ਦਾ ਸਾਰਾ ਦਿਨ ਮੈਂ ਕੱਲੀ ਕੰਮ ਕਰਦੀ ਆਂ।''**





## ਕਿਸ਼ਤ-26

ਚਾਅ ਹੁੰਦਾ ਵੀ ਕਿਉਂ ਨਾ ਬੀਰਾ, ਇੰਨਾ ਪਿਆਰ ਕਰਨ ਵਾਲਾ ਘਰਵਾਲਾ ਮਿਲ ਰਿਹਾ ਸੀ, ਦੋਵੇਂ ਪਰਿਵਾਰ ਖੁਸ਼ ਸਨ ਹੋਰ ਕੀ ਚਾਹੀਦਾ ਸੀ।

''ਫਿਰ ਅਗਾਂਹ ਕੀ ਹੋਇਆ?''

ਮੈਂ ਫਿਰ ਸਵਾਲ ਕਰ ਦਿੱਤਾ।

''ਅਗਾਂਹ....!''

ਅਗਾਂਹ ਕੀ ਹੋਣਾ ਸੀ ਮਾਂ ਇੰਡੀਆ ਵਾਪਸ ਚਲੇ ਗਈ ਪਰ ਸਾਰੀ ਗੱਲਬਾਤ ਕਰੀਬੀ ਰਿਸ਼ਤੇਦਾਰਾਂ ਨਾਲ ਕਰ ਗਈ। ਉਨ੍ਹਾਂ ਨੂੰ ਮੇਰੇ ਵਿਆਹ ਦੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਸੌਂਪ ਗਈ। ਮਾਂ ਕਾਹਲੀ ਵਿਚ ਸੀ ਕਿ ਕਿਤੇ ਮੁੰਡਾ ਹੱਥੋਂ ਨਾ ਨਿਕਲ ਜਾਵੇ। ''ਬੱਸ ਸਭ ਕੁਝ ਕਾਹਲਾ-ਕਾਹਲਾ ਹੀ ਹੋ ਰਿਹਾ ਸੀ ਬੀਰਾ। ਉਸ ਦਾ ਅਚਾਨਕ ਮਿਲਣਾ, ਇੰਨਾ ਕਰੀਬ ਪਰਿਵਾਰ ਦਾ ਆਉਣਾ ਬੱਸ ਮੰਨੋ ਫੈਰੀ ਟੇਲ ਵਾਂਗ ਹੀ ਸੀ। ਮੇਰੇ ਰਿਸ਼ਤੇਦਾਰਾਂ ਨੇ ਅਗਾਂਹ ਗੱਲਬਾਤ ਤੋਰ ਸਾਡੇ ਦੋਹਾਂ ਦੀ ਰਿੰਗ ਸੈਰੇਮਨੀ ਦੀ ਤਰੀਕ ਤੈਅ ਕਰ ਲਈ।ਚਾਰ ਕੁ ਹਫਤਿਆਂ ਬਾਅਦ ਸਾਡੀ ਰਿੰਗ ਸੈਰੇਮਨੀ ਦੀ ਤਰੀਕ ਸੀ।

ਮੇਰੇ ਸਾਰੇ ਕਰੀਬੀ ਰਿਸ਼ਤੇਦਾਰਾਂ ਨੂੰ ਮਾਂ ਆਪ ਸੱਦਾ ਦੇ ਕੇ ਗਈ ਸੀ ਜਾਣ ਲੱਗੀ ਤੇ ਮੈਨੂੰ ਕੁਝ ਗੱਲਾਂ ਸਮਝਾ ਕੇ ਵੀ ਗਈ।

''ਫਿਰ ਤੁਹਾਡੇ ਰਿੰਗ ਸੈਰੇਮਨੀ ਤੇ ਤੁਹਾਡੀ ਮੰਮੀ ਨਹੀਂ ਸਨ ਤੁਹਾਡੇ ਕੋਲ ਕੈਲਾਸ਼ ਜੀ?''

''ਨਹੀਂ ਨਹੀਂ ਮਾਂ ਮੇਰੇ ਕੋਲ ਨਹੀਂ ਸੀ, ਉਹ ਕੁਝ ਹਫਤੇ ਪਹਿਲਾਂ ਇੰਡੀਆ ਚਲੇ ਗਏ ਸੀ।

ਮਾਂ ਦਾ ਵੀਜ਼ਾ ਮੁਕਣ ਵਾਲਾ ਸੀ। ਪਰ ਜਾਂਦੇ-ਜਾਂਦੇ ਬਹੁਤ ਕੁਝ ਸਮਝਾ ਕੇ ਗਈ। ਅਸਲ 'ਚ ਜਿਸ ਦਿਨ ਅਸੀਂ ਪਰਮ ਦੇ ਘਰ ਗਏ ਸੀ ਪਹਿਲੀ ਵਾਰ ਪਰਮ ਮੈਨੂੰ ਆਪਣਾ ਘਰ ਦਿਖਾ ਰਿਹਾ ਸੀ ਤਾਂ ਉਸ ਦੀ ਮਾਂ ਨੇ ਪਹਿਲੀ ਮੁਲਾਕਾਤ ਵਿਚ ਹੀ ਪਰਮ ਦੀਆਂ ਧੀਆਂ ਬਾਰੇ ਮੇਰੇ ਮਾਂ ਕੋਲ ਬਹੁਤ ਮੰਦੇ ਚੰਗੇ ਸ਼ਬਦ ਬੋਲ ਦਿੱਤੇ ਸਨ ਜੋ ਮੇਰੀ ਮਾਂ ਨੂੰ ਖਟਕੇ ਸਨ ਕਿ ਪਹਿਲੀ ਮੁਲਾਕਾਤ ਵਿਚ ਹੀ ਮਾਤਾ ਕਿੰਨਾ ਮੰਦਾ ਚੰਗਾ ਕੁੜੀਆਂ ਬਾਰੇ ਬੋਲਦੀ ਸੀ।''

''ਹਾਏ ਹਾਏ ਕਿਹੋ ਜਿਹੀ ਜਨਾਨੀ ਸੀ ਕੈਲਾਸ਼ ਜੀ ਉਹ?'' ਮੈਂ ਤਾਂ ਹੈਰਾਨ ਹਾਂ।''

''ਹਾਂ ਬੀਰਾ ਮਾਂ ਵੀ ਇਸੇ ਤਰ੍ਹਾਂ ਹੈਰਾਨ ਹੋਈ ਸੀ ਕਿ ਪਹਿਲੀ ਵਾਰ 'ਚ ਹੀ ਇੰਨਾ ਕੁਝ ਦੱਸਦੀ ਸੀ।''

''ਕਹਿੰਦੀ ਕੀ ਸੀ ਉਹ ਨਿਆਣਿਆਂ ਦੇ ਬਾਰੇ 'ਚ। ਨਿਆਣੇ ਤਾਂ ਉਸ ਦੇ ਆਪਣੇ ਪੋਤੇ ਪੋਤੀਆਂ ਸਨ?''

''ਸਵਾਹ ਦੀ ਖੇਹ ਬੀਰਾ,'' ਮੈਂ ਤਾਂ ਖੁਦ ਹੈਰਾਨ ਸੀ, ਮਾਂ ਨਾਲ ਵੀ ਉਹੀ ਗੱਲਾਂ ਕੀਤੀਆਂ ਜੋ ਫੂਨ 'ਤੇ ਮੈਨੂੰ ਸੋਹਾਂ ਖਿਲਾ-ਖਿਲਾ ਦੱਸਦੀ ਸੀ। ਮੁੰਡੇ ਬਾਰੇ ਕੁਝ ਨਹੀਂ ਕਹਿੰਦੀ ਸੀ ਉਹ ਤਾਂ ਉਨ੍ਹਾਂ ਦਾ ਵਾਰਿਸ ਸੀ। ਇਹ ਆਖ ਕੇ ਕੈਲਾਸ਼ ਜ਼ੋਰ ਨਾਲ ਫਿਰ ਹੱਸ ਪਈ।''

''ਮੇਰੀ ਮਾਂ ਨੂੰ ਆਖਦੀ ਸੀ ਕੁੜੀਆਂ ਚੰਗੀਆਂ ਨਹੀਂ ਹਨ ਇਨ੍ਹਾਂ ਦੀ ਮਾਂ ਚੰਗੀ ਨਹੀਂ ਸੀ, ਬਾਹਰ ਖਸਮ ਰੱਖੀ ਫਿਰਦੀ ਸੀ ਮੇਰੇ ਮੁੰਡੇ ਦੇ ਨਾਲ ਹੁੰਦੀ ਹੁੰਦੀ। ਉਹੀ ਮੱਤ ਕੁੜੀਆਂ ਨੂੰ ਦਿੰਦੀ ਹੈ, ਕੁੜੀਆਂ ਸੱਪਣੀ ਦੀ ਔਲਾਦ ਆ, ਭੈਣ ਜੀ ਤੇ ਸੱਪਣੀਆਂ ਹੀ ਹੋਣੀਆਂ। ਮੇਰਾ ਮੁੰਡਾ ਭੋਲਾ ਆ ਉਹ ਨੂੰ ਸਮਝ ਨਹੀਂ। ਉਹ ਮੇਰੇ ਮੁੰਡੇ ਨੂੰ ਇਨ੍ਹਾਂ ਜ਼ਰੀਏ ਹਾਲੇ ਵੀ ਖਾਈ ਜਾਂਦੀ ਆ। ਉਸ ਨੂੰ ਪਤਾ ਨਹੀਂ ਲੱਗਦਾ ਉਸ ਨੂੰ ਮਨੀ ਮੇਕਰ ਬਣਾਇਆ ਆ ਦੋਹਾਂ ਕੁੜੀਆਂ ਨੇ। ਘਰ ਨੂੰ ਹੋਟਲ ਵਾਂਗ ਸਮਝਦੀਆਂ ਹਨ। ਬਸ ਖਾਣ-ਸੌਣ ਵਾਲੀ ਜਗ੍ਹਾ। ਡੱਕਾ ਨਹੀਂ ਤੋੜਦੀਆਂ ਕੰਮ ਦਾ ਸਾਰਾ ਦਿਨ ਮੈਂ ਕੱਲੀ ਕੰਮ ਕਰਦੀ ਆਂ।''

ਪਤਾ ਨਹੀਂ ਕੀ ਕੁਝ ਮੇਰੀ ਮਾਂ ਨੂੰ ਆਖ ਗਈ । ਤੁਸੀਂ ਆਪਣੀ ਧੀ ਨੂੰ ਸਮਝਾਇਓ ਮੇਰੇ ਮੁੰਡੇ ਦਾ ਖਿਆਲ ਰੱਖੇ ਉਹ ਨੂੰ ਸਮਝਾ ਦੇਣਾ ਕਿ ਇਨ੍ਹਾਂ ਕਰਮਜਾਤਾਂ ਤੋਂ ਬੱਚ ਕੇ ਰਹੇ।''

''ਮੇਰੀ ਮਾਂ ਉਸ ਦੀਆਂ ਗੱਲਾਂ ਸੁਣ-ਸੁਣ ਹੈਰਾਨ ਹੋ ਰਹੀ ਸੀ।'' ਰਾਹ ਵਿਚ ਵਾਪਸੀ ਦੌਰਾਨ ਮਾਂ ਨੇ ਮੇਰੇ ਨਾਲ ਗੱਲ ਕੀਤੀ ਮੈਂ ਵੀ ਕਾਫੀ ਹੈਰਾਨ ਹੋਈ ਕਿ ਪਹਿਲੀ ਮੁਲਾਕਾਤ ਵਿਚ ਹੀ ਇੰਨਾ ਕੁਝ ਜ਼ਹਿਰ ਉਗਲ ਗਈ। ਉਹ ਵੀ ਆਪਣੀਆਂ ਘਰ ਦੀਆਂ ਧੀਆਂ ਬਾਰੇ।

''ਤੁਹਾਨੂੰ ਬੁਲਾਇਆ ਸੀ ਕੁੜੀਆਂ ਨੇ ਜਦ ਤੁਸੀਂ ਪਹਿਲੀ ਵਾਰ ਗਏ?''

''ਹਾਂ ਸਰਸਰੀ ਜਿਹੀ ਹਾਏ-ਹੈਲੋ ਹੋਈ ਸੀ ਪਰ ਕੋਈ ਨੈਗੇਟਿਵ ਫੀਲੰਗ ਮੈਂ ਨੋਟ ਨਹੀਂ ਕੀਤੀ ਉਨ੍ਹਾਂ ਵਿਚ। ''

''ਹੂੰ ਓਕੇ ਫਿਰ ਅਗਾਂਹ ਕੀ ਹੋਇਆ?''

''ਹੋਣਾ ਕੀ ਸੀ ਮਿੱਥੀ ਹੋਈ ਤਰੀਕ 'ਤੇ ਉਹ, ਉਸ ਦਾ ਪਰਿਵਾਰ, ਕੁਝ ਕਰੀਬੀ ਰਿਸ਼ਤੇਦਾਰ ਸਾਡੇ ਘਰ ਆਏ ਤੇ ਮੇਰੇ ਰਿਸ਼ਤੇਦਾਰ ਵੀ ਆਏ ਜਿਨ੍ਹਾਂ ਨੂੰ ਮਾਂ ਸੱਦ ਕੇ ਗਈ ਸੀ। ਸਾਰਿਆਂ ਸਾਹਮਣੇ ਸਾਡੀ ਰਿੰਗ ਸੈਰੇਮਨੀ ਦੀ ਰਸਮ ਹੋਈ। ਖਾਣਾ-ਪੀਣਾ ਹੋਇਆ, ਸੂਟਾਂ ਦਾ ਲੈਣ-ਦੇਣ ਹੋਇਆ। ਪੂਰੇ ਸ਼ਗਨ ਵਿਹਾਰ ਹੋਏ ਤੇ ਸ਼ਾਮ ਨੂੰ ਉਨ੍ਹਾਂ ਦੀ ਵਾਪਸੀ ਹੋ ਗਈ।''

''ਤੁਸੀਂ ਨਾਲ ਗਏ ਉਨ੍ਹਾਂ ਦੇ ਉਸ ਦਿਨ?''

''ਨਹੀਂ''

''ਤੁਸੀਂ ਕਿਉਂ ਨਹੀਂ ਗਏ?''

''ਮੈਨੂੰ ਕਿਸੇ ਨੇ ਕਿਹਾ ਹੀ ਨਹੀਂ ਨਾਲ ਚੱਲਣ ਨੂੰ ਤੇ ਅਸੀਂ ਦੋਹਾਂ ਨੇ ਗੱਲ ਵੀ ਇਹੀ ਕੀਤੀ ਸੀ ਕਿ ਮੈਂ ਦੂਸਰੇ ਦਿਨ ਜਾਵਾਂਗੀ।''

''ਤੇ ਫਿਰ ਦੂਜੇ ਦਿਨ ਤੁਸੀਂ ਕੱਲੇ ਗਏ।''

''ਹਾਂ, ਦੋ ਦਿਨਾਂ ਲਈ ਮੈਂ ਇਕੱਲੀ ਗਈ ਉਨ੍ਹਾਂ ਵੱਲ।''

''ਉਥੇ ਸਭ ਠੀਕ ਸੀ?''

''ਹਾਂ ਦੂਸਰੇ ਦਿਨ ਉਨ੍ਹਾਂ ਨੇ ਗੁਰੂਘਰ ਪ੍ਰੋਗਰਾਮ ਰੱਖਿਆ ਸੀ, ਅਸੀਂ ਦੋਵੇਂ ਤਕਰੀਬਨ 45 ਸਾਲਾਂ ਦੇ ਸਾਂ ਬੀਰਾ ਸੋ ਗੁਰੂ ਘਰ 'ਚ ਇਸ ਉਮਰ 'ਚ ਲਾਵਾਂ ਨਾ ਲੈਣ ਦਾ ਸਾਡਾ ਦੋਹਾਂ ਦਾ ਫੈਸਲਾ ਸੀ। ਮੈਂ ਵੀ ਸੋਚਦੀ ਸੀ ਕਿ ਇਸ ਉਮਰ 'ਚ ਮੈਂ ਆਪਣੇ ਮੁੰਡੇ ਦੀ ਲਾਵਾਂ ਦੇਣੀਆਂ ਹਨ ਜਾਂ ਆਪ ਲੈਣੀਆਂ।'' ਫਿਰ ਗੁਰੂਘਰ ਮੱਥਾ ਟੇਕਿਆ ਗਿਆ। ਕਾਫੀ ਜਾਣਕਾਰ ਰਿਸ਼ਤੇਦਾਰ ਸੱਜਣ ਮਿੱਤਰ ਉਨ੍ਹਾਂ ਦੇ ਸ਼ਾਮਲ ਸਨ। ਉਸ ਦੀ ਅਤੇ ਮੇਰੀ ਗਠਬੰਧਨ ਦੀ ਅਰਦਾਸ ਕਰਾਈ ਗਈ। ਭਾਈ ਜੀ ਨੇ ਵਾਕ ਲਿਆ। ਅਰਦਾਸ ਹੋਈ, ਰੁਮਾਲਾ ਸਾਹਿਬ ਚੜ੍ਹਾਏ ਗਏ। ਪ੍ਰਸ਼ਾਦ ਵੰਡਿਆ ਤੇ ਵਧਾਈਆਂ ਵੀ ਕਿ ਭੁੱਲਰ ਪਰਿਵਾਰ ਦਾ ਵੱਡਾ ਮੁੰਡਾ ਵਹੁਟੀ ਵਾਲਾ ਹੋ ਗਿਆ ਦੁਬਾਰਾ। ਗੁਰੂ ਘਰ ਅਰਦਾਸ ਬੇਨਤੀ ਤੇ ਰਿੰਗ ਸੈਰੇਮਨੀ ਤੋਂ ਬਾਅਦ ਅਸੀਂ ਪਤੀ-ਪਤਨੀ ਹੀ ਸਾਂ ਹੁਣ। ਵੀਕ ਬਾਅਦ ਪਰਮ ਦੇ ਬਾਪੂ ਨੇ ਪੱਬ ਵਿੱਚ ਆਪਣੇ ਦੋਸਤ-ਮਿੱਤਰ ਇਕੱਠੇ ਕਰ ਕੇ ਉਨ੍ਹਾਂ ਨੂੰ ਵੀ ਪਾਰਟੀ ਦਿੱਤੀ ।

''ਮੈਨੂੰ ਬੜਾ ਚਾਅ ਸੀ ਬੀਰਾ, ਮੈਂ ਹੁਣ ਮਿਸ ਨਹੀਂ ਮਿਸੇਜ ਸਾਂ। ਬੜੇ ਸਾਲ ਇਕੱਲੀ ਨੇ ਕੱਢੇ ਸਨ। ਹੁਣ ਮੇਰਾ ਆਪਣਾ ਕੋਈ ਸੀ। ਮੇਰਾ ਦੁੱਖ-ਸੁੱਖ ਦਾ ਸਾਥੀ, ਮੇਰੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨ ਵਾਲਾ ਮੇਰਾ ਆਪਣਾ, ਮੈਨੂੰ ਇੰਨਾ ਪਿਆਰ ਕਰਨ ਵਾਲਾ ਨਰਮ ਕੋਮਲ ਸੁਭਾਅ ਦਾ ਮਾਲਕ ਮੇਰਾ ਆਪਣਾ ਪਰਮ।''

ਬਹੁਤ ਵਧੀਆ ਫੀਲਿੰਗ ਸੀ ਬੀਰਾ ਮੈਨੂੰ ਆਪਣਾ-ਆਪ ਜਵਾਨ ਹੋਇਆ ਜਾਪਿਆ। ਜਿੱਦਾਂ ਮੈਂ ਮਸਾਂ ਇੱਕੀਆਂ ਕੁ ਵਰ੍ਹਿਆਂ ਦੀ ਹੀ ਹੋਵਾ। ਸੱਚੀ ਬਹੁਤ ਚਾਅ ਸੀ ਪਰਮਾਤਮਾ ਦਾ ਸ਼ੁਕਰ ਕਰਦੀ ਕਿ ਵਾਹਿਗੁਰੂ ਤੇਰਾ ਲੱਖ-ਲੱਖ ਸ਼ੁਕਰ ਕਿ ਮੈਂ ਵੀ ਜਿਉਂਦਿਆਂ 'ਚ ਹੋਈ। ਸ਼ਾਇਦ ਉਦੋਂ ਮੈਨੂੰ ਲੱਗਦਾ ਸੀ ਕਿ ਬਿਨ੍ਹਾਂ ਆਦਮੀ ਜ਼ਿੰਦਗੀ ਜੂਨ ਕੱਟਣ ਦੇ ਬਰਾਬਰ ਹੀ ਸੀ।

''ਫਿਰ ਤੁਸੀਂ ਵਾਪਸ ਕਦ ਆਏ ਘਰ?''

''ਕੁਝ ਦਿਨਾਂ ਬਾਅਦ ਵਾਪਸ ਆ ਗਈ। ਅਸੀਂ ਆਪੋ ਆਪਣੇ ਕੰਮਾਂ 'ਤੇ ਜਾਣ ਲੱਗੇ। ਫੂਨਾਂ ਦਾ ਸਿਲਸਿਲਾ ਉਵੇਂ ਹੀ ਸੀ। ਫਿਰ ਦੋ ਵੀਕ ਬਾਅਦ ਮੈਂ ਹਰੇਕ ਸ਼ਨੀਵਾਰ ਉਥੇ ਜਾਂਦੀ ਤੇ ਸੋਮਵਾਰ ਸਹੁਰੇ ਘਰੋਂ ਵਾਪਸ ਆ ਜਾਂਦੀ। ਹਰ ਵਾਰ ਸਾਨੂੰ ਦੋਹਾਂ ਨੂੰ ਇਨ੍ਹਾਂ ਦੋ ਦਿਨਾਂ ਦਾ ਇੰਤਜ਼ਾਰ ਰਹਿੰਦਾ। ਸ਼ਨੀਵਾਰ ਮੈਂ ਦੁਪਹਿਰ ਨੂੰ ਉਥੇ ਪਹੁੰਚਦੀ ਕਦੇ ਚਾਰ ਘੰਟੇ ਕਦੀ ਪੰਜ ਘੰਟੇ ਦਾ ਸਫਰ ਪੈ ਜਾਂਦਾ। ਟਰੈਫਕ 'ਤੇ ਡਿਪੈਂਡ। ਜਾਂਦਿਆਂ ਹੀ ਉਹ ਮੈਨੂੰ ਬਾਹਰ ਲੈ ਕੇ ਤੁਰ ਪੈਂਦਾ। ਕਦੀ ਬੀਚ 'ਤੇ ਕਦੀ ਕਿਸੇ ਕੌਫੀ ਸ਼ੌਪ ਤੇ ਕਦੀ ਕਿਸੇ ਰੈਸਟੋਰੈਂਟ 'ਤੇ ਖਾਣਾ ਖਾਣ ਲਈ। ਮਈ 'ਚ ਸਾਡੀ ਰਿੰਗ ਸੈਰੇਮਨੀ ਹੋਈ ਸੀ ਤੇ ਹੁਣ ਜੁਲਾਈ ਆ ਗਈ ਸੀ ਸਭ ਉਸੇ ਤਰ੍ਹਾਂ ਚੱਲ ਰਿਹਾ ਸੀ।

ਸੁੰਦਰ ਖ਼ੂਬਸੂਰਤ ਸੁਫਨੇ ਵਾਂਗ।

ਹੁਣ ਤੱਕ ਸਾਨੂੰ ਮਿਲਿਆਂ ਤਕਰੀਬਨ ਛੇ ਮਹੀਨੇ ਬੀਤ ਗਏ ਸਨ। ਸ਼ੁਰੂਆਤ ਵਿੱਚ ਹੀ ਅਸੀ ਇਹ ਗੱਲਾਂ ਕਰ ਲਈਆਂ ਸਨ ਕਿ ਮੈਂ ਤਾਜ ਨੂੰ ਸੈੱਟ ਕਰਨ ਤੋ ਬਾਅਦ ਹੀ ਪਰਮਾਨੈਂਟ ਉੱਥੇ ਮੂਵ ਹੋਣਾ ਹੈ। ਉੱਦੋਂ ਤੱਕ ਅਸੀ ਇਸੇ ਤਰ੍ਹਾਂ ਅੱਪ-ਡਾਊਨ ਹੀ ਕਰਾਂਗੇ। ਉਸ ਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਸੀ ।ਉਹ ਸਮਝਦਾ ਸੀ ਕਿ ਮੈਂ ਇੱਕਦਮ ਆਪਣਾ ਬੀਹ ਸਾਲਾਂ ਦਾ ਮੁੰਡਾ ਛੱਡ ਕੇ ਉੱਥੇ ਮੂਵ ਨਹੀਂ ਹੋ ਸਕਦੀ- ਸਾਲ ਦੋ ਸਾਲ ਲੱਗਣਗੇ। ਇਸ ਗੱਲ ਤੋਂ ਅਸੀਂ ਦੋਵੇਂ ਜਾਣੂੰ ਸਨ।''

''ਸਮ੍ਹਾਂ ਆਪਣੀ ਚਾਲੇ ਚੱਲਦਾ ਰਿਹਾ ਦਿਨ ਮਹੀਨੇ ਬੀਤਦੇ ਗਏ ਤੇ ਅਚਾਨਕ ਸਮੇਂ ਨੇ ਕਰਵਟ ਬਦਲਣੀ ਸ਼ੁਰੂ ਕਰ ਦਿੱਤੀ।''

ਇੰਨਾ ਆਖ ਕੁਝ ਸਮੇਂ ਲਈ ਕੈਲਾਸ਼ ਚੁੱਪ ਹੋ ਗਈ ਜਿਵੇਂ ਕੋਈ ਹੌਕਾ ਜਿਹਾ ਉਸ ਦੇ ਅੰਦਰ ਅੜ ਗਿਆ ਹੋਵੇ। ਤੇ ਲੰਬਾ ਸਾਰਾ ਹੌਕਾ ਲੈ ਉਸਨੇ ਟੇਬਲ ਤੋਂ ਜੂਸ ਦਾ ਗਲਾਸ ਚੁੱਕ ਦੋ ਚਾਰ ਘੁੱਟ ਜੂਸ ਦੇ ਭਰੇ।

''ਠੀਕ ਹੋ ਤੁਸੀਂ? ਕੁਝ ਹੋਰ ਪੀਣਾ ਤਾਂ ਨਹੀਂ ਮੈਂ ਥੱਲਿਓਂ ਲੈ ਕੇ ਆਵਾਂ?'' ਕੋਈ ਚਾਹ-ਕੌਫੀ!''

**ਚਲਦਾ....**

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060



ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ 1563 ਈ: ਨੂੰ ਚੌਥੇ ਗੁਰੂ ਸ੍ਰੀ ਗੁਰੂ ਸ੍ਰੀ ਰਾਮਦਾਸ ਜੀ ਦੇ ਗ੍ਰਿਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਆਪ ਜੀ ਦੀ ਮਾਤਾ ਦਾ ਨਾਂ ਬੀਬੀ ਭਾਨੀ ਸੀ। ਇਹ ਸਥਾਨ ਬਿਆਸ ਦਰਿਆ ਦੇ ਕੰਢੇ ਹੈ। ਆਪ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ। ਆਪ ਬਹੁਤ ਹੀ ਸੂਝਵਾਨ ਸਨ, ਇਹੋ ਕਾਰਨ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਗੱਦੀ ਸੌਂਪੀ।

ਗੁਰਗੱਦੀ ਧਾਰਨ ਤੋਂ ਪਹਿਲਾਂ ਆਪ ਬਤੌਰ ਇੱਕ ਸਫ਼ਲ ਪ੍ਰਚਾਰਕ ਦਾ ਕੰਮ ਕਰ ਚੁੱਕੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਜਨਮ ਅਸਥਾਨ ਲਾਹੌਰ ਵਿਖੇ ਬਹੁਤਾ ਸਮਾਂ ਨਾ ਰਹਿ ਸਕੇ ਪਰ ਉਨ੍ਹਾਂ ਨੇ ਆਪ ਨੂੰ ਇੱਥੇ ਪ੍ਰਚਾਰ ਕਰਨ ਲਈ ਭੇਜਿਆ। ਲਾਹੌਰ ਉਸ ਸਮੇਂ ਸੂਬਾਈ ਰਾਜਧਾਨੀ ਹੋਣ ਕਰਕੇ ਬਹੁਤ ਪ੍ਰਸਿੱਧੀ ਵਾਲਾ ਸ਼ਹਿਰ ਸੀ। ਇੱਥੇ ਹੀ ਆਪ ਜੀ ਨੇ ਸ਼ਬਦ ਹਜ਼ਾਰੇ ਆਪਣੇ ਪਿਤਾ ਜੀ ਨੂੰ ਚਿੱਠੀਆਂ ਦੇ ਰੂਪ ਵਿੱਚ ਭੇਜੇ ਜੋ ਕਿ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ।

ਆਪ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ। ਮਸੰਦਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਸੰਗਤਾਂ ਪਾਸ ਦਸਵੰਧ ਉਗਰਾਹ ਕੇ ਆਪ ਪਾਸ ਜਮਾਂ ਕਰਾਉਣ ਤਾਂ ਜੋ ਲੰਗਰ ਅਤੇ ਇਮਾਰਤਾਂ ਦੀ ਉਸਾਰੀ ਦਾ ਕੰਮ ਨਿਰਵਿਘਨ ਚੱਲਦਾ ਰਹੇ। ਆਦਿ ਗ੍ਰੰਥ ਜਿਸ ਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਦੀ ਸੰਪਾਦਨਾ ਆਪ ਜੀ ਦੀ ਇੱਕ ਮਹਾਨ ਦੇਣ ਹੈ। ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਆਪ ਨੇ ਇਹ ਕੰਮ 1604 ਈ: ਵਿੱਚ ਮੁਕੰਮਲ ਕਰਕੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਕੀਤਾ। ਇਹ ਇੱਕ ਐਸਾ ਗ੍ਰੰਥ ਹੈ, ਜੋ ਕਿ ਸਭ ਧਰਮਾਂ ਦਾ ਸਾਂਝਾ ਹੈ। ਇਸ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਦੀ ਬਾਣੀ ਦਰਜ਼ ਹੈ। ਇਸ ਦਾ ਉਦੇਸ਼ ਚੌਹ ਵਰਣਾਂ ਲਈ ਸਾਂਝਾ ਹੈ।

ਬਾਣੀ ਰਾਗਾਂ ਵਿੱਚ ਹੈ। ਕੁਲ 30 ਰਾਗ ਹਨ। ਆਰੰਭ ਵਿੱਚ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਹੈ। ਹਰ ਰਾਗ ਵਿੱਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੌਵੀਂ ਪਾਤਸ਼ਹੀ ਦੀ ਬਾਣੀ ਬਾਦ ਵਿਚ ਦਰਜ ਕੀਤੀ। ਗੁਰੂਆਂ ਦੇ ਬਾਦ ਭਗਤਾਂ ਦੀ ਬਾਣੀ ਹੈ ਜੋ ਕਿ ਸਮੇਂ ਅਨੁਸਾਰ ਦਰਜ਼ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਹੈ, ਉਨ੍ਹਾਂ ਵਿੱਚ ਫ਼ਰੀਦ ਜੀ, ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਤ੍ਰਿਲੋਚਨ ਜੀ, ਧੰਨਾ ਜੀ, ਸੈਣ ਜੀ, ਪੀਪਾ ਜੀ, ਭੀਖਣ ਜੀ, ਸਧਨਾ ਜੀ, ਪਰਮਾਨੰਦ ਜੀ, ਸੂਰਦਾਸ ਜੀ, ਬੈਣੀ ਜੀ ਸ਼ਾਮਿਲ ਹਨ। ਭਾਈ ਮਰਦਾਨਾ ਦੇ 3 ਸਲੋਕ ਦਿੱਤੇ ਗਏ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਪੂਰਾ ਕਰਨ ਵੱਲ ਆਪ ਨੇ ਧਿਆਨ ਦਿੱਤਾ। ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕਰਵਾਇਆ। ਇਸ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਜਿਸ ਦੀ ਨੀਂਹ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਪਾਸੋਂ ਰਖਵਾਈ, ਜਿਨ੍ਹਾਂ ਦਾ ਗੁਰੂ ਘਰ ਨਾਲ ਮੇਲ ਮਿਲਾਪ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਸੀ। ਇਹ ਸਥਾਨ ਸਿੱਖ ਕੌਮ ਲਈ ਇੱਕ ਅਜੂਬਾ ਬਣ ਗਿਆ। ਇਹ ਪਹਿਲਾ ਗੁਰਦੁਆਰਾ ਸੀ ਜਿਸ ਦੀ ਉਸਾਰੀ ਗੁਰੂ ਸਾਹਿਬ ਦੀ ਦੇਖ ਰੇਖ ਵਿੱਚ ਹੋਈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾਣ ਲਈ ਆਲੀਸ਼ਾਨ ਦਰਸ਼ਨੀ ਡਿਉਢੀ ਬਣਾਈ। ਸ੍ਰੀ ਦਰਬਾਰ ਸਾਹਿਬ ਅੰਦਰ ਗੁਰਬਾਣੀ ਦਾ ਮਨੋਹਰ ਕੀਰਤਨ ਹੁੰਦਾ ਹੈ, ਜਿਸ ਦਾ ਦੁਨੀਆਂ ਭਰ ਦੇ ਸ਼ਰਧਾਲੀ ਆਨੰਦ ਮਾਣ ਰਹੇ ਹਨ।

ਗੁਰੂ ਸਾਹਿਬ ਨੇ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੂਰ 1590 ਈ. ਵਿੱਚ ਤਰਨ-ਤਾਰਨ ਦਾ ਗੁਰਦੁਆਰਾ ਉਸਾਰਿਆ। ਇਸ ਵਿੱਚ ਗੁਰਦੁਆਰੇ ਦੀ ਇਮਾਰਤ ਸਰੋਵਰ ਦੇ ਇੱਕ ਪਾਸੇ ਹੈ। ਇਹ ਤਰਨਤਾਰਨ ਦੇ ਆਲੇ-ਦੁਆਲੇ ਦੀਆਂ ਸੰਗਤਾਂ ਲਈ ਇਹ ਕੇਂਦਰ ਬਣ ਗਿਆ। ਜਦ ਆਪ ਬਿਆਸ ਦਰਿਆ ਪਾਰ ਕਰਕੇ ਦੁਆਬੇ ਗਏ ਤਾਂ ਆਪ ਨੇ ਇੱਕ ਨਵਾਂ ਕੇਂਦਰ ਕਰਤਾਰਪੁਰ 1594 ਈ. ਦੇ ਆਸ ਪਾਸ ਵਸਾਇਆ ਤੇ ਗੁਰਦੁਆਰੇ ਦੀ ਸਥਾਪਨਾ ਕੀਤੀ।

ਗੁਰੂ ਜੀ ਵਡਾਲੀ ਵਿਖੇ ਕੁਝ ਜ਼ਮੀਨ ਲੈ ਕੇ ਆਪ ਨੇ ਖੇਤੀ ਕਰਵਾਈ। ਇੱਥੇ ਹੀ 1595 ਈ: ਵਿੱਚ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਦੀ ਖੁਸ਼ੀ ਵਿੱਚ ਆਪ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ। ਅਜਿਹੇ ਖੂਹ ਵਿੱਚ ਪੰਜਾਬ ਵਿੱਚ ਕੇਵਲ ਬਾਦਸ਼ਾਹ ਹੀ ਲਵਾਉਂਦੇ ਸਨ ਤੇ ਉਹ ਵੀ ਇੱਕ ਹਰਟ ਜਾਂ ਦੋ ਹਰਟਾਂ ਵਾਲਾ। ਇੱਕ ਹਰਟ ਨੂੰ ਗੇੜਨ ਲਈ ਇੱਕ ਬਲਦਾਂ ਦੀ ਜੋੜੀ ਹੁੰਦੀ ਸੀ ਜਾਂ ਇੱਕ ਊਠ ਨਾਲ ਉਸ ਨੂੰ ਗੇੜਿਆ ਜਾਂਦਾ ਸੀ। ਅੱਜ ਕੱਲ੍ਹ ਇੱਥੇ ਗੁਰਦੁਆਰਾ ਛੇਹਰਟਾ ਸਾਹਿਬ ਸਥਿਤ ਹੈ।

ਜ਼ਿਲ੍ਹਾ ਗੁਰਦਾਸਪੁਰ ਵਿੱਚ ਬਿਆਸ ਦਰਿਆ ਕੰਢੇ ਤਹਿਸੀਲ ਬਟਾਲਾ ਘੁਮਾਣ ਪਿੰਡ ਲਾਗੇ ਆਪਣੇ ਸਪੁੱਤਰ ਦੇ ਨਾਂ 'ਤੇ ਸ੍ਰੀ ਹਰਿਗੋਬਿੰਦਪੁਰ ਵਸਾਇਆ। ਇਸ ਲਈ ਇੱਕ ਮੁਰੱਬਾ ਜ਼ਮੀਨ ਖ਼੍ਰੀਦੀ।ਲਾਹੌਰ ਵਿੱਚ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਬਾਉਲੀ ਲਗਵਾਈ।

ਆਪ ਨੇ ਸਿੱਖਾਂ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਅਰਬ ਮੁਲਕਾਂ ਵਿੱਚ ਭੇਜਿਆ ਜਿਸ ਤੋਂ ਆਪ ਦੀ ਦੀਰਘ ਦ੍ਰਿਸ਼ਟੀ ਦਾ ਪਤਾ ਚੱਲਦਾ ਹੈ।ਆਪ ਵੱਲੋਂ ਬਾਦਸ਼ਾਹ ਅਕਬਰ ਪਾਸੋਂ ਕਿਸਾਨਾਂ ਦੇ ਲਗਾਨ ਮੁਆਫ਼ ਕਰਾਉਣ ਦਾ ਹਵਾਲਾ ਸਮਕਾਲੀ ਲੇਖਕ ਸੁਜਾਨ ਰਾਏ ਭੰਡਾਰੀ ਦੀ ਲਿਖਤ ਤੋਂ ਮਿਲਦਾ ਹੈ ਕਿ ਜਦ ਅਕਬਰ ਲਾਹੌਰ ਤੋਂ ਦੱਖਣ ਬਟਾਲੇ ਗਏ ਜਿੱਥੇ ਕਿ ਮੁਸਲਮਾਨ ਫ਼ਕੀਰ ਤੇ ਹਿੰਦੂ ਸਨਿਆਸੀ ਦੀ ਲੜਾਈ ਕਰਕੇ ਮੰਦਰ ਢਾਹ ਦਿੱਤਾ ਗਿਆ। ਅਕਬਰ ਨੇ ਇਹ ਮੰਦਰ ਦੁਬਾਰਾ ਬਣਵਾਇਆ ਤੇ ਵਧੀਕੀ ਕਰਨ ਵਾਲਿਆਂ ਵਿੱਚੋਂ ਕਈ ਕੈਦ ਕਰ ਦਿੱਤੇ। ਫਿਰ ਅਕਬਰ ਗੁਰੂ ਅਰਜਨ ਦੇਵ ਜੀ ਦੇ ਸਥਾਨ ਪੁੱਜਾ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਨੇ ਗੁਰੂ ਜੀ ਦੇ ਕਹਿਣ 'ਤੇ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਕਿਉਂਕਿ ਅਨਾਜ ਸਸਤਾ ਹੋਣ ਕਰਕੇ ਕਿਸਾਨ ਏਨਾਂ ਲਗਾਨ ਨਹੀਂ ਦੇ ਸਕਦੇ ਸਨ।

ਆਪ ਨੇ ਗੁਰੂ ਨਾਨਕ ਰਾਹੀਂ ਸਥਾਪਤ ਕੀਤੇ ਗਏ ਸਿਧਾਂਤਾਂ ਨੂੰ ਸਿੱਖਾਂ ਦੇ ਮਨ ਵਿੱਚ ਵਸਾਇਆ। ਆਪ ਜੀ ਗੁਰਿਆਈ ਸਮੇਂ ਸਿੱਖ ਧਰਮ ਨੇ ਬਹੁਤ ਤਰੱਕੀ ਕੀਤੀ। ਮਾਲਵੇ ਦੇ ਜੰਗਜੂ ਜੱਟ ਕਬੀਲਿਆਂ ਨੂੰ ਆਪ ਨੇ ਸਿੱਖ ਧਰਮ ਦੀ ਮੁੱਖ ਧਾਰਾ ਵਿੱਚ ਲਿਆਂਦਾ ਤੇ ਸਿੱਖਾਂ ਨੂੰ ਸਰਬਪੱਖੀ ਵਿਕਾਸ ਦੇ ਰਾਹ 'ਤੇ ਤੋਰਿਆ।

ਜਿੱਥੋਂ ਤੀਕ ਗੁਰੂ ਜੀ ਦੀ ਸ਼ਹਾਦਤ ਦਾ ਸੰਬੰਧ ਹੈ, ਉਸ ਬਾਰੇ ਵੱਖ-ਵੱਖ ਰਾਵਾਂ ਹਨ। ਸ਼ਾਂਤੀ ਦੇ ਪੁੰਜ ਤੇ ਸਬਰ ਸੰਤੋਖ ਵਾਲੀ ਸ਼ਖਸੀਅਤ ਦੇ ਮਾਲਕ ਗੁਰੂ ਜੀ ਦਾ ਅੰਤ ਬਹੁਤ ਦੁੱਖਾਂਤਿਕ ਸੀ। ਬਾਦਸ਼ਾਹ ਜਹਾਂਗੀਰ ਦੀ ਆਪਣੀ ਲਿਖਤ ਜੋ ਕਿ ਤੁਜ਼ਕੇ ਜਹਾਂਗੀਰੀ ਵਿੱਚ ਦਰਜ਼ ਹੈ, "ਗੋਇੰਦਵਾਲ ਵਿਖੇ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਸਥਿਤ ਹੈ ਪੀਰ ਅਤੇ ਸ਼ੇਖ ਦੇ ਬੁਰਕੇ ਵਿੱਚ ਇੱਕ ਅਰਜਨ ਨਾਂ ਦਾ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ ਤਰੀਕਿਆਂ ਰਾਹੀਂ ਆਪਣੇ ਬਾਰੇ ਧਾਰਮਿਕ ਅਤੇ ਸੰਸਾਰਿਕ ਨੇਤਾ ਦਾ ਐਸਾ ਰੌਲਾ ਪੁਆ ਰੱਖਿਆ ਹੈ ਕਿ ਸਿੱਧੇ ਸਾਦੇ ਦਿਲ ਵਾਲੇ ਹਿੰਦੂ ਇੱਥੋਂ ਤੀਕ ਕਿ ਮੂਰਖ ਅਤੇ ਬੁੱਧੂ ਕਿਸਮ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ। ਸਾਰੀਆਂ ਦਿਸ਼ਾਵਾਂ ਤੋਂ ਮੂਰਖ ਅਤੇ ਮੂਰਖਾਂ ਦੀ ਪੂਜਾ ਕਰਨ ਵਾਲੇ ਲੋਕ ਉਸ ਵੱਲ ਖਿੱਚੇ ਆਉਂਦੇ ਹਨ ਅਤੇ ਉਸ ਵਿੱਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਕੁਝ ਸਾਲਾਂ ਤੋਂ ਇਹ ਵਿਚਾਰ ਮੇਰੇ ਮਨ ਵਿੱਚ ਚੱਲਦਾ ਆ



ਰਿਹਾ ਹੈ ਕਿ ਜਾਂ ਤਾਂ ਇਸ ਝੂਠੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਉਣਾ ਚਾਹੀਦਾ ਹੈ।"

ਜਦ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਹਿੰਦੂਆਂ ਨੇ ਬਾਦਸ਼ਾਹ ਨੂੰ ਛੱਡਣ ਲਈ ਅਪੀਲ ਕੀਤੀ। ਅਖ਼ੀਰ ਵਿੱਚ ਇਹ ਤਹਿ ਹੋਇਆ ਕਿ ਉਸ ਨੂੰ ਇੱਕ ਲੱਖ ਰੁਪਏ ਜੁਰਮਾਨੇ ਦੇ ਤੌਰ 'ਤੇ ਅਦਾ ਕਰਨੇ ਚਾਹੀਦੇ ਹਨ। ਇਹ ਕੰਮ ਇੱਕ ਅਮੀਰ ਹਿੰਦੂ ਵੱਲੋਂ ਜਮਾਨਤ ਦੇਣ ਪਿੱਛੋਂ ਕੀਤਾ ਗਿਆ। ਇਸ ਅਮੀਰ ਹਿੰਦੂ ਨਹੀਂ ਸੀ ਪਤਾ ਕਿ ਗੁਰੂ ਜੀ ਪਾਸ ਏਨੀ ਵੱਡੀ ਰਕਮ ਨਹੀਂ ਹੋ ਸਕਦੀ। ਇਸ ਅਮੀਰ ਹਿੰਦੂ ਦਾ ਨਾਂ ਚੰਦੂ ਸੀ। ਚੰਦੂ ਨੇ ਗੁਰੂ ਜੀ ਨੂੰ ਇਹ ਰਕਮ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਪਰ ਗੁਰੂ ਜੀ ਜੁਰਮਾਨਾ ਦੇਣਾ ਨਾ ਮੰਨੇ। ਗੁਰੂ ਜੀ ਨੂੰ ਕੜਕਦੀ ਧੁੱਪ ਵਿੱਚ ਕਿੱਲ੍ਹੇ ਦੇ ਇੱਕ ਬੁਰਜ਼ ਦੀ ਛੱਤ ਉੱਪਰ ਬਿਠਾਇਆ ਗਿਆ। ਉਨ੍ਹਾਂ ਦੇ ਹੇਠਾਂ ਅੱਗ ਵਾਂਗ ਤੱਪਦੀ ਤੱਤੀ ਰੇਤ ਰੱਖੀ ਗਈ। ਇਹ ਰੇਤ ਉਨ੍ਹਾਂ ਦੇ ਸਰੀਰ ਉੱਪਰ ਵੀ ਪਾਈ ਗਈ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ। ਉਨ੍ਹਾਂ ਨੂੰ ਹੋਰ ਤੜਪਾਉਣ ਲਈ ਉਨ੍ਹਾਂ ਨੂੰ ਦਰਿਆ ਦੇ ਪਾਣੀ ਵਿੱਚ ਲਮਕਾਇਆ ਜਾਂਦਾ ਸੀ। ਰਾਵੀ ਦਰਿਆ ਉਸ ਸਮੇਂ ਲਾਹੌਰ ਕਿੱਲ੍ਹੇ ਦੀ ਕੰਧ ਨਾਲ ਹੀ ਵੱਗਦਾ ਸੀ, ਇੰਜ ਕਰਨ ਨਾਲ ਗੁਰੂ ਜੀ 30 ਮਈ 1606 ਈ: ਨੂੰ ਸ਼ਹੀਦ ਹੋ ਗਏ।

ਸਿੱਖ ਇਤਿਹਾਸ ਵਿਚ ਇਹ ਪਹਿਲੀ ਸ਼ਹਾਦਤ ਸੀ। ਇਸ ਪਿੱਛੋਂ ਸਿੱਖਾਂ ਦੀਆਂ ਸ਼ਹਾਦਤਾਂ ਦੀ ਝੜੀ ਲੱਗ ਗਈ। ਸ੍ਰੀ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਹਥਿਆਰਬੰਦ ਕਰਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਹਕੂਮਤ ਵਿਰੁਧ ਲੜਾਈਆਂ ਲੜੀਆਂ।ਸ.ਬੰਦਾ ਸਿੰਘ ਬਹਾਦਰ ਨੇ ਇਸ ਸਘੰਰਸ਼ ਨੂੰ ਹੋਰ ਪ੍ਰਚੰਡ ਕੀਤਾ ਤੇ ਕਈ ਇਲਾਕੇ ਆਪਣੇ ਕਬਜ਼ੇ ਵਿਚ ਲਏ।ਸ.ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਦ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਦੁਨੀਆ ਦਾ ਨਕਸ਼ਾ ਬਦਲ ਦਿੱਤਾ।ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ ਵਿਚ ਇਹ ਸ਼ਹਾਦਤ ਵਿਸ਼ੇਸ਼ ਸਥਾਨ ਰਖਦੀ ਹੈ।

# ਪਾਣੀਆਂ ਲਈ ਜੰਗ

**ਗੁਰਮੀਤ ਸਿੰਘ ਪਲਾਹੀ**
-9815802070



ਭਾਰਤ-ਪਾਕਿਸਤਾਨ ਦੀ '25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?

ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ- ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜਿੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜੇ ਕਰ ਰਹੇ ਹਨ। ਆਓ ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾਂ ਰਹੇ ਹਨ :

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨ੍ਹਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਹਨਾ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਹਨਾ ਵਿੱਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਹਨਾ ਖੇਤਰਾਂ ਲਈ ਅਸਲ ਵਿੱਚ ਇਹ ਜੀਵਨ ਲੇਖਾ ਹੈ।

ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿੱਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿੱਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ ਚ ਬਰਫ਼ ਪਿਗਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਹਨਾ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ



**ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ।ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ।**

ਅੱਠ ਦੇਸ਼ਾਂ ਵਿੱਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਹਨਾਂ ਦੋ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ ਨਾਲ ਹਜ਼ਾਰਾਂ, ਲੱਖਾਂ ਜੀਵ-ਜੰਤੂਆਂ ਦਾ ਰਹਿਣ ਵਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜ਼ੀ ਨਾਲ ਬਰਫ਼ ਪਿਗਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਗਲ ਰਹੀਆਂ ਹਨ। ਆਮ ਤੌਰ 'ਤੇ ਤਾਂ ਬਰਫ਼ ਦੇ ਤੋਦੇ, ਚਟਾਨਾ ਹੌਲੀ ਹੌਲੀ ਪਹਾੜਾਂ ਤੇ ਪਿਗਲਦੀਆਂ ਹਨ। ਚਟਾਨ ਦੀ ਸ਼ਕਲ ਲੈ ਪਾਉਣ ਤੋਂ ਪਹਿਲਾਂ ਬਰਫ਼ ਅਸਲ ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ ਚ ਬਦਲਦਾ ਹੈ। ਪਰ ਜਦ ਇਹ ਉਚਾਈ ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ 'ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿੱਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ।

ਪੱਛਮੀ ਬੰਗਾਲ ਚ 24 ਮਈ 2024 ਨੂੰ ਚੱਕਰਵਾਤ 'ਰੇਮਲ' ਕਾਰਨ 2,0,8000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 'ਰੇਮਲ' ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿੱਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿੱਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿੱਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ 'ਦਾਨਾ' ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ 'ਚੋਂ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ।

ਬਰਫ਼ ਦਾ ਪਿਗਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਗਲਦੀਆਂ ਹਿੰਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਹਨਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਹਨਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਹਨਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸਾਂ ਵਿੱਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿੱਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ।

ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ।ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ।

ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ।

ਭਾਰਤ ਵਿੱਚ ਹਰ ਸੂਬਾ ਕੁਦਰਤੀ ਸੋਮਿਆਂ ਉੱਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ 'ਤੇ ਪਾਣੀ ਦੇ ਮਸਲੇ 'ਚ ਕਈ ਵਾਰ ਤਾਂ ਇਹ ਵਿਵਾਦ ਪੂਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿੱਚ ਹੋ ਕੇ ਵਹਿੰਦੀਆਂ ਹਨ। ਕਈ ਵੇਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਨਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿੱਚ ਇਹ ਤਨਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨੀਂ ਦਿਨੀ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਹਨਾਂ ਯੋਜਨਾਵਾਂ ਨਾਲ ਇਹਨਾਂ ਖੇਤਰਾਂ ਦੇ ਵਿਕਾਸ ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਹਨਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ।

ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।ਅੰਤਰਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿੱਚ ਹੀ ਨਹੀਂ ਸਮੁੱਚੀ ਦੁਨੀਆਂ ਵਿੱਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ।

*ਬਾਕੀ ਹਿਸਾ ਸਫਾ 33 ਤੇ ਪੜ੍ਹੋ*

(6 ਜੂਨ ਲਈ)
ਜਨਮ ਦਿਨ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


# ਸਿੱਖਾਂ ਦਾ ਬੇਤਾਜ ਬਾਦਸ਼ਾਹ – ਕੌਮੀ ਸਿੱਖ ਆਗੂ ਬਾਬਾ ਖੜਕ ਸਿੰਘ

ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਜਾਣੇ ਜਾਂਦੇ ਕੌਮੀ ਸਿੱਖ ਆਗੂ ਸਨ, ਜਿਨ੍ਹਾਂ ਨੂੰ ਅੱਜ ਵੀ ਉਸੇ ਪਿਆਰ ਤੇ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਗੁਰ-ਦੁਆਰਾ ਸੁਧਾਰ ਲਹਿਰ ਦੇ ਬਿਖੜੇ ਸਮੇਂ, ਉਹ ਇੰਨੇ ਕੁ ਹਰਮਨ ਪਿਆਰੇ ਸਨ ਕਿ ਸਾਂਝੇ ਪੰਜਾਬ ਵਿੱਚ ਵੱਸਣ ਵਾਲਾ ਹਰ ਸਿੱਖ ਉਨ੍ਹਾਂ ਨੂੰ ਆਪਣਾ ਦਾਸ੍ਰੋਤ ਮੰਨਦਾ ਸੀ। ਸਿੱਖ ਕੌਮ ਦੀ ਮੌਜੂਦਾ ਪਾਰਲੀਮੈਂਟ ਅਤੇ ਸਿਰਮੌਰ ਸਿੱਖ ਜਥੇਬੰਦੀ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਉਹ ਤਿੰਨ ਵਾਰ ਪ੍ਰਧਾਨ ਦੇ ਸਨਮਾਨਿਤ ਅਹੁਦੇ 'ਤੇ ਕਾਰਜਸ਼ੀਲ ਰਹੇ। ਬਾਬਾ ਖੜਕ ਸਿੰਘ ਅਜਿਹੀ ਦ੍ਰਿੜ ਇਰਾਦੇ ਨਾਲ ਜੁਝਾਰੂ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਅੰਗ੍ਰੇਜ਼ ਹਕੂਮਤ ਵੱਲੋਂ ਡੇਰਾ ਗਾਜੀਖ਼ਾਨ (ਪਾਕਿ-ਸਤਾਨ) ਦੀ ਜੇਲ੍ਹ ਵਿੱਚ ਜਦੋਂ ਕਾਲੀ ਦਸਤਾਰ ਸਜਾਉਣ ਅਤੇ ਗਾਂਧੀ ਟੋਪੀ ਪਾਉਣ 'ਤੇ ਪੂਰਨ ਰੂਪ ਵਿੱਚ ਪਾਬੰਦੀ ਲਾ ਦਿੱਤੀ ਗਈ, ਤਾਂ ਉਨ੍ਹਾਂ ਜੇਲ੍ਹ ਵਿੱਚ ਰਹਿੰਦਿਆਂ ਬਾਕੀ ਸਾਰੀ ਸਜ਼ਾ ਕੇਵਲ ਇਕ ਕਛਹਿਰਾ ਪਹਿਨ ਕੇ ਕੱਟੀ। ਸਰੀਰ ਉਪਰ ਪਹਿਨਣ ਵਾਲੇ ਸਾਰੇ ਬਸਤਰਾਂ ਦਾ ਤਿਆਗ ਕਰਕੇ ਕੌਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਸੇ ਕਰਕੇ ਇਸ ਮਹਾਨ ਹਸਤੀ ਨੂੰ ਸਿੱਖਾਂ ਦੇ ਬੇਤਾਜ ਬਾਦਸ਼ਾਹ ਵਜੋਂ ਕੌਮ ਸਤਿਕਾਰ ਦਿੰਦੀ ਹੈ।

ਬਾਬਾ ਖੜਕ ਸਿੰਘ ਜੀ ਦਾ ਜਨਮ 6 ਜੂਨ, 1868 ਈ: ਨੂੰ ਰਾਏ ਬਹਾਦਰ ਸ. ਹਰੀ ਸਿੰਘ ਦੇ ਗ੍ਰਹਿ ਵਿਖੇ ਸਿਆਲਕੋਟ (ਲਹਿੰਦਾ ਪੰਜਾਬ) ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਜੀ ਆਪਣੇ ਸਮੇਂ ਦੇ ਮੰਨੇ-ਪ੍ਰਮੰਨੇ ਠੇਕੇਦਾਰ ਅਤੇ ਸਨਅਤਕਾਰ ਸਨ। ਬਾਬਾ ਜੀ ਨੇ ਮੈਟ੍ਰਿਕ ਦਾ ਇਮਤਿਹਾਨ ਮਿਸ਼ਨ ਹਾਈ ਸਕੂਲ ਸਿਆਲਕੋਟ ਤੋਂ ਪਾਸ ਕੀਤਾ। ਸਰਕਾਰੀ ਕਾਲਜ ਲਾਹੌਰ ਤੋਂ 1889 ਈ: ਵਿੱਚ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਇਲਾਹਾਬਾਦ ਦੇ ਲਾਅ ਕਾਲਜ ਵਿੱਚ ਦਾਖਲਾ ਲਿਆ, ਪਰ ਪਿਤਾ ਜੀ ਅਤੇ ਵੱਡੇ ਭਰਾ ਦੀ ਬੇਵਕਤ ਮੌਤ ਕਾਰਨ ਉਨ੍ਹਾਂ ਨੂੰ ਵਾਪਸ ਆਪਣੇ ਸ਼ਹਿਰ ਸਿਆਲਕੋਟ ਆਉਣਾ ਪਿਆ। 1912 ਈ: ਵਿੱਚ ਬਾਬਾ ਖੜਕ ਸਿੰਘ ਨੇ ਲੋਕ ਸੇਵਾ ਵਿੱਚ ਪ੍ਰਵੇਸ਼ ਕੀਤਾ। ਉਸ ਸਮੇਂ ਦੇਸ਼ ਦੇ ਲੋਕ ਗੁਰਬਤ ਤੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਹੋਏ ਸਨ। ਇਸ ਤੋਂ ਬਾਅਦ ਹੀ ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਦਾ ਹੈ। ਬਾਬਾ ਜੀ ਨੂੰ ਇਸ ਖ਼ੂਨੀ ਸਾਕੇ ਨੇ ਝੰਜੋੜ ਕੇ ਰੱਖ ਦਿੱਤਾ। ਇਹੀ ਸਾਕਾ ਬਾਬਾ ਜੀ ਨੂੰ ਰਾਜਨੀਤੀ ਵਿੱਚ ਕੁੱਦਣ ਲਈ ਪ੍ਰੇਰਦਾ ਹੈ। 1920 ਈ: ਵਿੱਚ ਤੇਜ ਤਰਾਰ ਸਿੱਖ ਆਗੂ ਹੋਣ ਕਾਰਨ ਬਾਬਾ ਜੀ ਨੂੰ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਚੁਣਿਆ ਗਿਆ। ਦੇਸ਼ ਦੀ ਅਜਾਦੀ ਲਈ ਚੱਲੀ ਨਾ-ਮਿਲਵਰਤਨ ਲਹਿਰ ਵਿੱਚ ਪੂਰੇ ਉਤਸ਼ਾਹ ਨਾਲ ਪੰਜਾਬ ਦੇ ਸਰਗਰਮ ਆਗੂ ਵਜੋਂ ਯੋਗਦਾਨ ਪਾਇਆ। 1921 ਈ: ਵਿੱਚ ਨਵੀ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਇਨ੍ਹਾਂ ਦੀ ਅਗਵਾਈ ਵਿੱਚ ਸਫ਼ਲਤਾ ਨਾਲ ਜਿੱਤਿਆ ਗਿਆ।

26 ਨਵੰਬਰ, 1921 ਨੂੰ ਅੰਗ੍ਰੇਜ਼ ਹਕੂਮਤ ਵਿਰੁੱਧ ਸਖ਼ਤ ਤਕਰੀਰ ਕਰਨ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਰਕਾਰ ਵਿਰੋਧੀ ਪ੍ਰਚਾਰ ਦੇ ਇਵਜ ਵਜੋਂ 6 ਮਹੀਨੇ ਦੀ ਸਖ਼ਤ ਕੈਦ ਦੀ ਸਜ਼ਾ ਕੱਟਣੀ ਪਈ। ਇਸ ਤੋਂ ਅਗਲੇ ਵਰ੍ਹੇ 1922 ਵਿੱਚ ਕ੍ਰਿਪਾਨਾਂ ਬਣਾਉਣ ਦੀ ਫੈਕਟਰੀ ਚਲਾਉਣ ਦੇ ਜੁਰਮ ਵਿੱਚ ਮੁੜ ਇਕ ਸਾਲ ਦੀ ਹੋਰ ਕੈਦ ਹੋ ਗਈ। ਇਸ ਦੇ ਨਾਲ ਹੀ ਅੰਗ੍ਰੇਜ਼ ਹਕੂਮਤ ਦੇ ਵਿਰੋਧ ਵਿੱਚ ਬਾਗੀ-ਆਨਾ ਭਾਸ਼ਨ ਕਰਨ ਕਰਕੇ ਤਿੰਨ ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਇਸ ਸਜ਼ਾ ਅਧੀਨ ਡੇਰਾ ਗਾਜੀਖ਼ਾਨ (ਪਾਕਿਸਤਾਨ) ਵਿਖੇ ਅਨੇਕਾਂ ਹੋਰ ਰਾਜਸੀ ਕੈਦੀਆਂ ਨੂੰ ਜੇਲ੍ਹ ਵਿੱਚ ਕਾਲੀ ਦਸਤਾਰ ਅਤੇ ਗਾਂਧੀ ਟੋਪੀ 'ਤੇ ਪਾਬੰਦੀ ਲਾ ਦਿੱਤੀ ਗਈ ਤਾਂ ਉਨ੍ਹਾਂ ਰਾਜਸੀ ਕੈਦੀਆਂ ਨੂੰ ਹੱਕ ਦਿਵਾਉਣ ਖਾਤਰ ਸਾਰੀ ਕੈਦ ਇਕੱਲੇ ਕਛਹਿਰੇ ਨਾਲ ਬਿਤਾਉਣ ਦਾ ਪੱਕਾ ਨਿਰਣਾ ਲੈ ਲਿਆ। ਸਾਰੀ ਕੈਦ ਨੰਗੇ ਪਿੰਡੇ ਹੀ ਕੱਟੀ। ਇਸ ਕੈਦ ਵਿੱਚੋਂ 4 ਜੂਨ 1927 ਈ: ਨੂੰ ਰਿਹਾਅ ਕੀਤੇ ਗਏ।

ਜਦੋਂ 1925 ਈ: ਵਿੱਚ ਗੁਰਦੁਆਰਾ ਸੁਧਾਰ ਲਹਿਰ ਦੇ ਸੰਘਰਸ਼ ਤੋਂ ਬਾਅਦ ਅੰਗ੍ਰੇਜ਼ ਹਕੂਮਤ ਵੱਲੋਂ ਗੁਰਦੁਆਰਾ ਐਕਟ ਬਣਾਇਆ ਗਿਆ ਤਾਂ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਬਾਬਾ ਜੀ ਜਦੋਂ ਨੰਗੇ ਪਿੰਡੇ ਕੈਦ ਕੱਟ ਰਹੇ ਸਨ ਤਾਂ ਉਨ੍ਹਾਂ ਨੂੰ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਦੌਰਾਨ ਸਮੁੱਚੇ ਸਿੱਖ ਜਗਤ ਵਿੱਚ ਬਿਨਾਂ ਕੱਪੜਿਆਂ ਤੋਂ ਕੈਦ ਕੱਟਣ ਕਰਕੇ ਬਾਬਾ ਜੀ ਨੂੰ ਸਿੱਖਾਂ ਦੇ ਬੇਤਾਜ ਬਾਦਸ਼ਾਹ ਦੇ ਲਕਬ ਨਾਲ ਘਰਾਂ ਵਿੱਚ ਬੈਠੇ ਲੋਕ ਸਤਿਕਾਰ ਦੇ ਰਹੇ ਸਨ। ਭਾਵੇਂ ਉਸ ਸਮੇਂ ਅੱਜ ਵਾਂਗ ਮੀਡੀਆ ਦਾ ਫੈਲਾਉ ਨਹੀਂ ਸੀ, ਇਹ ਸਿਰਫ਼ ਲੋਕ ਮਨਾਂ ਦੀ ਅਵਾਜ਼ ਸੀ। ਇਸ ਤੋਂ ਬਾਅਦ 1930 ਈ: ਵਿੱਚ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਪਿੱਛੋਂ ਹੋਏ ਜਨਰਲ ਇਜਲਾਸ ਵਿੱਚ ਫਿਰ ਪ੍ਰਧਾਨ ਚੁਣ ਲਿਆ ਗਿਆ। 1928-29 ਈ: ਵਿੱਚ ਨਹਿਰੂ ਕਮੇਟੀ ਰਿਪੋਰਟ ਦਾ ਸਖ਼ਤ ਵਿਰੋਧ ਕੀਤਾ। 1947 ਈ: ਵਿੱਚ ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਆਪ ਦਿੱਲੀ ਆ ਵੱਸੇ। ਇਥੇ ਇਨ੍ਹਾਂ ਦੇ ਇਕਲੌਤ ਲੜਕੇ ਸ. ਪ੍ਰਿਥੀਪਾਲ ਸਿੰਘ ਦੀ ਇਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਮਰ ਦੇ ਆਖ਼ਰੀ ਸਾਲਾਂ ਵਿੱਚ ਇਸ ਵੱਡੇ ਦੁੱਖ ਨੂੰ ਵੀ ਗੁਰੂ ਦਾ ਹੁਕਮ ਤੇ ਭਾਣਾ ਮੰਨ ਕੇ ਪ੍ਰਵਾਨ ਕੀਤਾ।



ਬਾਬਾ ਖੜਕ ਸਿੰਘ

ਬਾਬਾ ਜੀ 95 ਵਰ੍ਹਿਆਂ ਦੀ ਉਮਰ ਵਿੱਚ 6 ਅਕਤੂਬਰ 1963 ਈ: ਨੂੰ ਦਿੱਲੀ ਵਿਖੇ ਹੀ ਆਪਣੇ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਜੀ ਦੀ ਯਾਦ ਵਿੱਚ ਕਨਾਟ ਪਲੇਸ ਤੋਂ ਗੋਲ-ਮਾਰਕੀਟ ਨੂੰ ਜਾਂਦੀ ਸੜਕ ਦਾ ਨਾਂਅ ਬਾਬਾ ਖੜਕ ਸਿੰਘ ਮਾਰਗ ਰੱਖਿਆ ਗਿਆ। ਕੌਮੀ ਮਰਜੀਵੜਿਆਂ ਦੇ ਮਨ ਵਿੱਚ ਉਨ੍ਹਾਂ ਦੀ ਯਾਦ ਹਮੇਸ਼ਾਂ ਬਣੀ ਰਹੇਗੀ।

* * * * * *

## ਸੈਨ ਡੀਏਗੋ ਵਿਚ ਇਕ ਛੋਟਾ ਜਹਾਜ਼ ਤਬਾਹ, 6 ਮੌਤਾਂ ਤੇ ਕਈ ਜਖਮੀ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਸੈਨ ਡੀਏਗੋ ਵਿਚ ਉਸ ਸਮੇ ਹਫੜਾ ਦਫੜੀ ਮਚ ਗਈ ਜਦੋਂ ਇਕ ਛੋਟਾ ਜਹਾਜ਼ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਕੇ ਘਰਾਂ ਉਪਰ ਆ ਡਿੱਗਾ। ਡਿਗਦਿਆਂ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ। ਜਹਾਜ਼ ਵਿਚ ਸਵਾਰ ਸਾਰੇ 6 ਵਿਅਕਤੀ ਮਾਰੇ ਗਏ। ਏਅਰ ਟਰੈਫਿਕ ਕੰਟਰੋਲ ਅਨੁਸਾਰ ਸੈਸਨਾ 550 ਬਿਜਨਸ ਜੈਟ ਦੇ ਪਾਇਲਟ ਨੇ ਖਰਾਬ ਮੌਸਮ ਦਰਮਿਆਨ ਜਹਾਜ਼ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਸਫਲ ਨਹੀਂ ਹੋ ਸਕਿਆ। ਇਸ ਘਟਨਾ ਵਿਚ ਕੁਝ ਲੋਕ ਜ਼ਖਮੀ ਵੀ ਹੋਏ ਹਨ।

32 ਸਫ਼ੇ ਦੀ ਬਾਕੀ

ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ ਤੇ ਮਜ਼ਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਾਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ "ਜਲ ਸਮੱਸਿਆ" ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

20 ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਿਹਾਸ ਨੂੰ ਵੱਖਰਾ ਆਕਾਰ ਦਿੱਤਾ । 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ 'ਚ ਆਬਾਦੀ ਵਿਸ਼ਵ 'ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ। ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ 'ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ।

ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ, ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ।

ਪਾਣੀਆਂ ਲਈ ਜੰਗ ਦੁਨੀਆ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿੱਚ ਮੇਸੋਪੋਟਾਮਿਆ, 720 ਈਸਾ ਪੂਰਬ ਵਿੱਚ ਅਸੀਰੀਆ, 101 ਈਸਾ ਪੂਰਬ ਵਿੱਚ ਚੀਨ ਅਤੇ 48 ਈਸਾ ਪੂਰਬ ਵਿੱਚ ਮਿਸਰ ਵਿੱਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿੱਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**611. ਹਉਮੈ ਖਤਮ ਹੋਣ ਤੇ ਕੀ ਹੁੰਦਾ ਹੈ?**

ਪੰਜ ਵਿਕਾਰ ਸੇਵਾ 'ਚ ਲੱਗ ਜਾਂਦੇ ਹਨ, ਹਿਰਦੇ 'ਚ ਪ੍ਰਭੂ ਦਾ ਵਾਸਾ ਹੋ ਜਾਂਦਾ ਹੈ! ਭਲਾ ਹੋਇਆ ਮੇਰੇ ਹਿਰਦੇ ਘਰ 'ਚੋਂ ਹਉਮੈ ਮਰ ਗਈ ਤੇ ਮੇਰੀ ਜਾਨ ਬਚੀ । ਫਿਰ ਸਤਿਗੁਰੂ ਦੇ ਭਰੋਸੇ ਨਾਲ਼ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਮੇਰੀ ਸੇਵਾ 'ਚ ਲੱਗ ਗਏ । "ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ ॥ ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ॥ ਅੰਗ 18" । ਹਉਮੈ ਨੂੰ ਖਾ ਕੇ, ਪੰਜ ਵਿਕਾਰ ਮਾਰ ਕੇ ਤੇ ਇਕ ਥਾਂ ਕਰਕੇ ਆਪਣੇ ਵੱਸ 'ਚ ਕਰ ਲਈਦੇ ਹਨ । "ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥6॥ ਅੰਗ 415" । ਇਥੋਂ ਇਹ ਸਾਬਿਤ ਹੁੰਦਾ ਹੈ ਕਿ ਹਉਮੈ ਹੀ ਪੰਜ ਵਿਕਾਰਾਂ ਦੀ ਜੜ੍ਹ ਹੈ! ਹਉਮੈ, ਅਪਣੱਤ (ਮੈਂ, ਮੇਰੀ) ਅਤੇ ਕ੍ਰੋਧ ਨੂੰ ਮਾਰ ਕੇ ਪ੍ਰਭੂ ਨੂੰ ਹਿਰਦੇ 'ਚ ਧਾਰਨ ਕਰੀਦਾ ਹੈ; ਪ੍ਰਭੂ ਦਾ ਨਾਮ ਮਨ 'ਚ ਵਸਦਾ ਹੈ । "ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥ ਅੰਗ 26" । ਅਤੇ "ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥ ਅੰਗ 33" । ਹਉਮੈ ਤੇ ਨਾਮ ਦਾ ਵਿਰੋਧ ਹੈ, ਦੋਵੇਂ ਇਕ ਥਾਂ ਨਹੀਂ ਵਸ ਸਕਦੇ! ਭਾਵ ਮਨ 'ਚ ਹਉਮੈ ਹੋਏਗੀ ਤਾਂ ਮਨ 'ਚ ਨਾਮ ਦਾ ਵਾਸਾ ਨਹੀਂ ਹੋਵੇਗਾ । "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਅੰਗ 560" । ਗੁਰੂ ਅਨੁਸਾਰੀ ਹੋ ਕੇ ਹਉਮੈ ਨੂੰ ਗਵਾ ਲਈਦਾ ਹੈ ਤੇ ਨਾਮ 'ਚ ਰੰਗੇ ਜਾਣ ਤੇ ਸਦੀਵੀ ਸੁਖ (ਜੰਮਣ ਮਰਨ ਤੋਂ ਛੁਟਕਾਰਾ) ਹੁੰਦਾ ਹੈ ਅਤੇ ਮਾਇਆ ਮੋਹ ਦੂਰ ਕਰ ਲਈਦਾ ਹੈ । "ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥1॥ ਅੰਗ 29" । ਅਤੇ "ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥1। ਅੰਗ 109" । ਰਾਤ ਦਿਨ ਪ੍ਰਭੂ ਦੀ ਭਗਤੀ ਕਰਕੇ, ਹਉਮੈ ਨੂੰ ਮਾਰ ਕੇ ਨਿਸ਼ਚਿੰਤ ਹੋ ਜਾਈਦਾ ਹੈ । "ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥ ਅੰਗ 29" । ਆਪਣੇ ਅੰਦਰੋਂ ਹਉਮੈ ਖਤਮ ਹੋਣ ਨਾਲ਼ ਮਨ ਇੱਛਤ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ। "ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥ ਅੰਗ 644" । ਹਉਮੈ ਨੂੰ ਮਾਰਨ ਨਾਲ਼ ਅੰਮ੍ਰਿਤ (ਨਾਮ) ਜਲ ਦੀ ਪ੍ਰਾਪਤੀ ਹੁੰਦੀ ਹੈ । "ਗੁਰੂ ਦੀ ਰਜ਼ਾ ਵਿਚ ਨਾਮ-ਅੰਮ੍ਰਿਤ ਹੈ; ਕੋਈ ਵਿਰਲਾ ਆਤਮਿਕ ਅਡੋਲਤਾ ਵਿਚ ਟਿਕ ਕੇ ਇਸ ਨੂੰ ਪ੍ਰਾਪਤ ਕਰਦਾ ਹੈ । ਜਿਨ੍ਹਾਂ ਨੇ ਇਹ ਅੰਮ੍ਰਿਤ ਪ੍ਰਾਪਤ ਕੀਤਾ, ਉਹਨਾਂ ਨੇ ਆਪਣੇ ਅੰਦਰੋਂ ਹਉਮੈ ਦੂਰ ਕਰ ਕੇ ਪੀਤਾ । ਹੇ ਨਾਨਕ ! ਗੁਰੂ ਅਨੁਸਾਰੀ ਹੋ ਕੇ ਪ੍ਰਭੂ ਦਾ ਨਾਮ ਸਿਮਰੀਏ ਤਾਂ ਸਦਾ-ਥਿਰ ਪ੍ਰਭੂ ਨਾਲ਼ ਮੇਲ ਹੋ ਜਾਂਦਾ ਹੈ। "ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥ ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥4॥13॥46॥ ਅੰਗ 31" । ਅਜਿਹਾ ਗੁਰੂ ਦੀ ਸੇਵਾ ਰਾਹੀਂ ਹਉਮੈ ਤੇ ਵਿਕਾਰਾਂ ਦਾ ਤਿਆਗ ਕਰਕੇ ਮਨ ਨਿਰਮਲ ਹੋਣ ਨਾਲ਼ ਹੁੰਦਾ ਹੈ । "ਸਤਿਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰੁ ॥ ਅੰਗ 34" । ਲੇਕਿਨ ਸਤਿਗੁਰੂ ਦੀ ਸੇਵਾ ਉਹੀ ਕਰਦਾ ਹੈ ਜਿਸਦਾ ਹਉਮੈ ਦਾ ਤਾਪ ਲੱਥ ਜਾਂਦਾ ਹੈ । ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥ ਅੰਗ 45"। ਗੁਰੂ ਦੇ ਸ਼ਬਦ ਰਾਹੀਂ ਹਉਮੈ ਮਾਰਨ ਨਾਲ਼ ਮਾਇਆ ਦਾ ਭਰਮ ਦੂਰ ਹੋ ਜਾਂਦਾ ਹੈ । "ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਅੰਗ 67" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਹਨਾਂ ਨੇ ਹਉਮੈ ਨੂੰ ਮਾਰ ਕੇ ਪ੍ਰਭੂ ਨੂੰ ਪਛਾਣ ਲਿਆ । "ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥ ਅੰਗ 69" । ਹੇ ਨਾਨਕ ! ਉਹ ਮਨੁੱਖ ਬਹਾਦੁਰ ਸੂਰਮਾ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ ਅਹੰਕਾਰ ਨੂੰ ਮਾਰ ਲਿਆ । "ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਅੰਗ 86" । ਹਉਮੈ ਨੂੰ ਮਾਰ ਕੇ ਇਕ ਪ੍ਰਭੂ ਨਾਲ਼ ਅਟੁੱਟ ਪ੍ਰੀਤ ਪੈ ਜਾਂਦੀ ਹੈ ਤੇ ਅੰਤਰ ਆਤਮੇ ਨਾਮ ਦਾ ਵਾਸਾ ਹੋ ਜਾਂਦਾ ਹੈ । "ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ ਅੰਗ 86" ਅਤੇ """ਹਉਮੈ ਮਾਰਿ ਸਚਿ ਲਿਵ ਲਾਈ ॥ ਅੰਗ 231" । ਜਿਹੜੇ ਸਦਾ ਥਿਰ ਪ੍ਰਭੂ ਦੇ ਪ੍ਰੇਮ 'ਚ ਰੰਗੇ ਰਹਿੰਦੇ ਹਨ ਉਹ ਮਾਇਆ ਤੋਂ ਸਦਾ ਉਪਰਾਮ ਰਹਿੰਦੇ ਹਨ ਤੇ ਹਉਮੈ ਨੂੰ ਮਾਰ ਕੇ ਉਹ ਪ੍ਰਭੂ ਨਾਲ਼ ਮਿਲ ਜਾਂਦੇ ਹਨ । "ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥4॥ ਅੰਗ 117" । ਨਿਰਮਲ ਪ੍ਰਭੂ ਹਉਮੈ ਮੈਲ ਦੂਰ ਕਰਦਾ ਹੈ ਤੇ ਜੀਵ ਸਦਾ ਥਿਰ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ । "ਹਰਿ ਨਿਰਮਲ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥2॥ ਅੰਗ 115" । ਦਰਅਸਲ ਹਉਮੈ ਨੂੰ ਸਾੜ ਦੇਣ ਨਾਲ਼ (ਮਨ ਨੂੰ) ਮੈਲ ਲੱਗਦੀ ਹੀ ਨਹੀਂ । "ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥ ਅੰਗ 115" । ਗੁਰੂ ਅਨੁਸਾਰੀ ਇਸ ਮਨ ਨੂੰ ਸੋਹਣਾ ਬਣਾ ਲੈਂਦਾ ਹੈ, ਉਹ ਆਪਣੇ ਅੰਦਰੋਂ ਹਉਮੈ ਤੇ ਵਿਕਾਰ ਤਿਆਗ ਦਿੰਦਾ ਹੈ । "ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥3॥ ਅੰਗ 159"। ਮਨ ਤਾਂ ਹੀ ਮੰਨਦਾ ਹੈ ਜੇਕਰ ਅੰਦਰੋਂ ਹਉਮੈ ਚਲੀ ਜਾਵੇ ਤਾਂ । "ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥2॥ ਅੰਗ 325" । ਹਉਮੈ ਨੂੰ ਮਾਰ ਕੇ ਤ੍ਰਿਸ਼ਨਾ ਅਗਨੀ ਬੁਝ ਜਾਂਦੀ ਹੈ; ਗੁਰੂ ਦੇ ਸ਼ਬਦ ਨੂੰ ਵਿਚਾਰ (ਸਿਮਰ) ਕੇ ਸਦੀਵੀ ਸੁਖ ਹੋ ਜਾਂਦਾ ਹੈ । "ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥7॥ ਅੰਗ 1045" । ਗੁਰੂ ਦੇ ਡਰ/ਅਦਬ ਨਾਲ਼ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ ਤੇ ਜੀਵ ਰੌਸ਼ਨ ਮੁਖ ਹੋ ਜਾਂਦਾ ਹੈ । "ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥ ਅੰਗ 121"। ਕਿਉਂਕਿ ਮੈਂ ਮੇਰੀ ਛੱਡਣ ਨਾਲ਼ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ । "ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ ਅੰਗ 126" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹਉਮੈ ਮਾਰ ਕੇ ਆਦਮੀ ਨਿਰਲੇਪ ਹੋ ਜਾਂਦਾ ਹੈ । ਅੰਗ 362" । "ਨਾਨਕ ਹਉਮੈ ਮਾਰੇ ਸਦਾ ਉਦਾਸਾ ॥4॥6॥45॥ ਹਉਮੈ ਮਾਰ ਕੇ ਬਜਰ ਕਪਾਟ (ਆਸਾ ਅੰਦੇਸਾ) ਖੁਲ ਜਾਂਦੇ ਹਨ । "ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਅੰਗ 124"। ਹਉਮੈ ਮਾਰਕੇ ਅੰਦਰ ਤੱਤ (ਬ੍ਰਹਮ) ਗਿਆਨ ਪਰਗਟ ਹੋ ਜਾਂਦਾ ਹੈ ਤੇ ਹਿਰਦਾ ਕਮਲ ਖਿੜ ਜਾਂਦਾ ਹੈ । "ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥ ਅੰਗ 128" ਅਤੇ "ਹਉਮੈ ਮਾਰਿ ਕਮਲੁ ਪਰਗਾਸਾ ॥ ਅੰਗ 161" । ਹਉਮੈ ਤੇ ਦੁਬਿਧਾ ਨੂੰ ਨਾਸ ਕਰਨ ਨਾਲ਼ ਇਕੋ ਪ੍ਰਭੂ ਦਾ ਨਾਮ ਮਨ ਵਿਚ ਵਸ ਜਾਂਦਾ ਹੈ । "ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥7॥ ਅੰਗ 429"। ਹਉਮੈ ਤੇ ਦੁਬਿਧਾ ਦੇ ਨਾਸ ਹੋ ਜਾਣ ਨਾਲ਼ ਸਹਿਜੇ ਹੀ ਸੁਖ (ਦਾਤੇ) 'ਚ ਸਮਾ ਜਾਈਦਾ ਹੈ । "ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਅੰਗ 163" । ਅਤੇ "ਜਨ ਨਾਨਕ ਹਉਮੈ ਮਾਰਿ ਸਮਾਇਆ ॥4॥ ਅੰਗ 176" । ਜਦ ਤੋਂ ਗੁਰੂ ਨੇ ਮੇਰੀ ਹਉਮੈ ਮਾਰੀ ਹੈ ਮੈਂ ਭਰਮ ਤੇ ਡਰ ਕੱਟ ਕੇ ਪਵਿਤਰ ਹੋ ਗਿਆ ਹਾਂ । "ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥ ਅੰਗ 207" । ਹਉਮੈ ਦੀ ਪੀੜ ਜਾਣ ਨਾਲ਼ ਸਰੀਰ ਅਰੋਗ ਹੋ ਜਾਂਦਾ ਹੈ, ਪਰਮ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਜਮ ਦਾ ਡਰ ਮਿਟ ਜਾਂਦਾ ਹੈ। "ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ ਅੰਗ 773" । ਅਤੇ "ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥1॥ ਰਹਾਉ ॥ ਅੰਗ 978" । ਮੈਂ ਮੈਂ ਕਰਨ ਨਾਲ਼ ਸਦਾ ਥਿਰ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ । ਮੈਂ ਮੈਂ ਖਤਮ ਹੋਣ ਤੇ ਸਭ ਤੋਂ ਉੱਚੀ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ) ਅਵਸਥਾ ਪ੍ਰਾਪਤੀ ਹੋ ਜਾਂਦੀ ਹੈ, ਭਾਵ ਪ੍ਰਭੂ ਦੇ ਨਿਰ-ਗੁਨ ਲੋਕ/ਸਰੂਪ 'ਚ ਪਹੁੰਚ ਹੋ ਜਾਂਦੀ ਹੈ । "ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥1॥ ਰਹਾਉ ॥ ਅੰਗ 226" ।

ਬਾਕੀ ਅਗਲੇ ਹਫ਼ਤੇ

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..................................................................................
ADDRESS............................................................................
.....................................................POST CODE...................
TEL.....................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: M: 07966 388 388

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

**ਸਿੱਖ ਗੁਰੂ ਸਾਹਿਬਾਨ ਦੇ ਨਾਲ ਸਬੰਧਿਤ ਭਾਰਤ ਦੇ ਤਕਰੀਬਨ ਸਾਰੇ ਹੀ ਰਾਜਾਂ ਵਿੱਚ ਬਹੁਤ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬ ਮੌਜੂਦ ਹਨ। ਇਹਨਾਂ ਗੁਰਦੁਆਰਾ ਸਾਹਿਬਾਨ ਦੇ ਸੰਖੇਪ ਇਤਿਹਾਸਕ ਵੇਰਵੇ ਇਕੱਤਰ ਕਰਕੇ ਡਾ: ਜਸਬੀਰ ਸਿੰਘ ਸਰਨਾ ਅਤੇ ਦਿਲਜੀਤ ਸਿੰਘ ਬੇਦੀ ਹੁਣਾਂ ਨੇ ਕਿਤਾਬੀ ਰੂਪ ਦਿੱਤਾ ਹੈ। 'ਗੁਰਦੁਆਰਾ ਕੋਸ਼' ਨਾਮੀ ਇਸ ਕਿਤਾਬ ਦੇ ਰਾਹੀਂ ਲੇਖਕਾਂ ਨੇ ਗੁਰਦੁਆਰਾ ਸਾਹਿਬਾਨ ਦੇ ਇਤਿਹਾਸ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਹੈ। ਅਦਾਰਾ ਪੰਜਾਬ ਟਾਈਮਜ਼ ਇਸ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। ਉਮੀਦ ਹੈ ਪੰਜਾਬ ਟਾਈਮਜ਼ ਦੇ ਪਾਠਕ ਜਨ, ਇਸ ਤੋਂ ਲਾਭ ਲੈ ਸਕਣਗੇ। - ਸੰਪਾਦਕ ਪੰਜਾਬ ਟਾਈਮਜ਼**

### ਉਗਾਣੀ


ਉਗਾਣੀ ਛੋਟਾ ਜਿਹਾ ਪਿੰਡ ਹੈ ਜੋ ਰਾਜ-ਪੁਰਾ (ਜ਼ਿਲ੍ਹਾ ਪਟਿਆਲਾ) ਤੋਂ 10 ਕਿਲੋਮੀਟਰ ਦੂਰ ਸਥਿਤ ਹੈ। ਰਾਜਪੁਰਾ ਸਰਹਿੰਦ ਸੜਕ ਤੋਂ 3 ਕਿਲੋਮੀਟਰ ਦੂਰ ਹੈ। ਰਾਜਪੁਰਾ ਦਾ ਅਕਸ਼ਾਸ਼ 300-28 ਅਤੇ ਰੇਖਾਸ਼ ਦੇਸ਼ਾਂਤਰ 760-37 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਾਹਿਬ ਦੇ ਦੋ ਇਤਿਹਾਸਕ ਗੁਰਦੁਆਰੇ ਹਨ। ਦੋਵੇਂ ਗੁਰਦੁਆਰੇ ਇਕੋ ਇਮਾਰਤ ਵਿੱਚ ਹਨ ਜੋ ਮਹਾਰਾਜਾ ਕਰਮ ਸਿੰਘ ਆਫ਼ ਪਟਿਆਲਾ (1798-1845) ਨੇ ਬਣਾਏ ਸਨ। ਇਸ ਗੁਰਦੁਆਰੇ ਵਿੱਚ ਤਿੰਨ ਛੋਟੇ ਕਮਰੇ ਇਕੋ ਕਤਾਰ ਵਿੱਚ ਹਨ। ਨੁੱਕਰ ਵਾਲੇ ਕਮਰਿਆਂ ਦੇ ਗੁੰਬਦ ਥੋੜ੍ਹੇ ਨੀਵੇਂ ਹਨ ਅਤੇ ਥੜ੍ਹਾ ਵੀ ਨੀਵਾਂ ਹੈ। ਸੱਜੇ ਹੱਥ ਵਾਲਾ ਕਮਰਾ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿੱਚ ਹੈ ਜਦਕਿ ਦੂਜੀ ਇਮਾਰਤ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ ਵਿੱਚ ਬਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵਿਚਕਾਰਲੇ ਕਮਰੇ ਵਿੱਚ ਹੁੰਦਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਤੇ ਇਸ ਗੁਰਦੁਆਰੇ ਨਾਲ 10 ਏਕੜ ਜ਼ਮੀਨ ਪਿੰਡ ਵੱਲੋਂ ਲੱਗੀ ਹੋਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-

1.ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, ਛਾਪ-1990

### ਉਦੋਕੇ

ਉਦੋਕੇ ਪਿੰਡ ਬਟਾਲਾ ਤੋਂ 10 ਕਿਲੋਮੀਟਰ ਦੂਰ ਜ਼ਿਲ੍ਹਾ ਅੰਮ੍ਰਿਤਸਰ ਅਤੇ ਗੁਰਦਾਸਪੁਰ (ਪੰਜਾਬ) ਦੀ ਸਰਹੱਦ 'ਤੇ ਸਥਿਤ ਹੈ। ਬਟਾਲਾ ਦਾ ਅਕਸ਼ਾਸ਼ 310-49 ਅਤੇ ਰੇਖਾਸ਼ ਦੇਸ਼ਾਂਤਰ 750-12 ਹੈ। ਬੋਪਾਰਾਏ ਬਟਾਲਾ ਸੜਕ ਤੋਂ 6 ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਸਾਹਿਬ ਆਪਣੇ ਵਿਆਹ ਸਮੇਂ ਸਤੰਬਰ 1487 ਨੂੰ ਬਟਾਲੇ ਵੱਲ ਜਾਣ ਸਮੇਂ ਆਏ ਸਨ। ਉਦੋਕੇ ਪਿੰਡ ਅਸਲੋਂ ਦੋਵਾਂ ਪਿੰਡਾਂ ਵਿੱਚ ਵੰਡਿਆ ਹੋਇਆ ਹੈ। ਉਦੋਕੇ ਖੁਰਦ ਅਤੇ ਉਦੋਕੇ ਕਲਾਂ ਵਿੱਚਕਾਰ ਕੋਈ ਲੀਕ ਵੀ ਇਨ੍ਹਾਂ ਨੂੰ ਅੱਡ ਨਹੀਂ ਕਰਦੀ। ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਗੁਰ-ਦੁਆਰਾ ਉਦੋਕੇ ਖੁਰਦ ਜ਼ਿਲ੍ਹਾ (ਅੰਮ੍ਰਿਤਸਰ) ਵਿੱਚ ਆਉਂਦਾ ਹੈ। ਦੂਜਾ ਪਿੰਡ ਉਦੋਕੇ ਕਲਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਉਂਦਾ ਹੈ। ਇਸ ਗੁਰਦੁਆਰੇ ਨੂੰ ਪਹਿਲਾਂ ਕੋਠਾ ਸਾਹਿਬ ਆਖਿਆ ਜਾਂਦਾ ਸੀ ਪਰ ਹੁਣ ਗੁਰਦੁਆਰਾ ਥੰਮ੍ਹ ਸਾਹਿਬ ਪਾਤਸ਼ਾਹੀ ਪਹਿਲੀ ਅਤੇ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਕਰਕੇ ਮਕਬੂਲ ਹੈ। ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਇਸ ਗੁਰਦੁਆਰੇ ਨਾਲ ਉਦੋਂ ਲਿਖਿਆ ਗਿਆ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਵੱਡੇ ਬੇਟੇ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮੇਂ ਬਟਾਲੇ ਨੂੰ ਜਾਣ ਸਮੇਂ ਇਸ ਪਿੰਡ




ਠਹਿਰੇ ਸਨ।

ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਮੁਰੱਬਾ ਆਕਾਰ ਦੀ ਹੈ ਜਿਸ ਵਿੱਚ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ। ਇਹ ਇਮਾਰਤ 1942 ਵਿੱਚ ਬਣੀ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਗੁੰਬਦ-ਦਾਰ, ਸੋਨੇ ਦਾ ਕਲਸ ਨਜ਼ਰੀਂ ਪੈਂਦਾ ਹੈ। ਇਹ ਇਤਿਹਾਸਕ ਗੁਰਦੁਆਰਾ ਨੋਟੀਫਾਈਡ ਹੈ ਅਤੇ ਇਸ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-

1. ਦਿਲਗੀਰ, ਡਾ. ਹਰਜਿੰਦਰ ਸਿੰਘ- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, ਛਾਪ, 1990

ਚਲਦਾ....

## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, 106 ਈਸਟ ਪਾਰਕ ਰੋਡ, ਲੈਸਟਰ ਵਿਖੇ

## ਢਾਡੀ ਜਥਾ (4 ਸਿੰਘ), ਕੀਰਤਨੀ ਜਥਾ (3 ਸਿੰਘ) ਅਤੇ ਇਕ ਗ੍ਰੰਥੀ ਸਿੰਘ ਦੀ ਲੋੜ ਹੈ

**ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਈਸਟ ਪਾਰਕ ਰੋਡ, ਲੈਸਟਰ, ਯੂ ਕੇ ਵਿਖੇ (4 ਸਿੰਘਾਂ ਦਾ) ਢਾਡੀ ਜਥਾ, ਅਤੇ (3 ਸਿੰਘਾਂ ਦਾ) ਕੀਰਤਨੀ ਜਥਾ ਅਤੇ ਇੱਕ ਗ੍ਰੰਥੀ ਸਿੰਘ ਸਣੇ (8 ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।**

**ਕ੍ਰਿਪਾ ਕਰਕੇ ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 27 ਜੂਨ 2025 ਤੋਂ ਪਹਿਲਾਂ ਹੇਠਾਂ ਦਿੱਤੇ ਪਤੇ ਤੇ ਭੇਜੋ ਜੀ ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਜਨਰਲ ਸੈਕਟਰੀ ਸਤਵਿੰਦਰ ਸਿੰਘ ਦਿਓਲ ਨਾਲ ਸੰਪਰਕ ਕਰੋ: 44+(0)7877 889115**

(8 Religious Workers) Dhadi Jatha of 4, Kirtani Jatha of 3 including 1 Granthi Singh Required at

## GURU TEGH BAHADUR GURDWARA, EAST PARK ROAD, LEICESTER

**The Guru Tegh Bahadur Gurdwara, in Leicester requires 8 Religious workers including 1 Granthi Singh, one Dhadi Jatha of (4 Singhs) and a Kirtani Jatha of (3 Singhs) to undertake duties and responsibilities for the Sikh Temple at 106 East Park Road Leicester. Successful candidates must be prepared to represent the GTB Gurdwara at Religious workshops, Kirtan darbars, as and when required. Job related accommodation and amenities would be provided. Wages starts from minimum rate as employment law in U.K. They must have right to work in U.K. according to law.** ***Closing date 27th June 2025***

**Please forward your application with CV via Email to:gtb_Gurdwara@hotmail.co.uk**
**or Contact: General Secretary Satwinder Singh Deol Mob: 44+(0)7877 889115**


**Please forward your applications with your CV to (General Secretary)**
**Gurdwara Siri Guru Tegh Bahadur 106, EASTPARK ROAD, LEICESTER, LE5 4QB, UK.**

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਇੱਕ ਮੇਰੀ ਅੱਖ ਕਾਸ਼ਣੀ...

ਬਾਲੀ ਦੇ ਵਿਆਹ ਤੋਂ ਬਾਅਦ ਪ੍ਰੇਮ ਨੇ ਚਾਚੇ ਅਤੇ ਚਾਚੀ ਦੇ ਘਰ ਦਾ ਤਿਆਗ ਕਰ ਦਿੱਤਾ ਅਤੇ ਸਕੂਲ ਅੱਗੇ ਜੂਸ ਵਾਲ਼ੀ ਰੇਹੜੀ ਲਾਉਣ ਲੱਗ ਪਿਆ। ਇੱਕ ਤਾਂ ਉਸ ਦਾ ਕਲੇਸ਼ ਤੋਂ ਛੁਟਕਾਰਾ ਹੋ ਗਿਆ ਸੀ, ਅਤੇ ਦੂਜਾ ਉਸ ਨੂੰ ਸਕੂਲ ਵਾਲ਼ੇ ਬੱਚੇ ਦੇਖ ਕੇ ਇੱਕ ਤਰ੍ਹਾਂ ਨਾਲ਼ 'ਸਕੂਨ' ਮਿਲਦਾ। ਚਾਹੇ ਉਸ ਨੂੰ ਖ਼ੁਦ ਸਕੂਲ ਜਾਣ ਦਾ ਮੌਕਾ ਨਹੀਂ ਮਿਲ਼ਿਆ ਸੀ, ਪਰ ਬੱਚਿਆਂ ਨੂੰ ਦੇਖ ਕੇ ਉਹ ਸੋਚਦਾ ਕਿ ਆਪਣੇ ਬੱਚਿਆਂ ਨੂੰ ਉਹ ਖ਼ੂਬ ਪੜ੍ਹਾਵੇਗਾ ਅਤੇ ਪੜ੍ਹਾ ਕੇ ਕਿਸੇ ਚੰਗੇ ਕੰਮਾਂ ਕਾਰਾਂ 'ਤੇ ਲਾਵੇਗਾ। ਜੋ ਉਹ ਖ਼ੁਦ ਆਪ ਨਹੀਂ ਕਰ ਸਕਿਆ, ਉਹ ਆਪਣੇ ਬੱਚਿਆਂ ਵਿੱਚ ਦੀ ਕਰੇਗਾ। ਉਹ ਇਹਨਾਂ ਸੋਚਾਂ ਵਿੱਚ ਡੁੱਬਿਆ ਦਿਨ ਲੰਘਾ ਦਿੰਦਾ।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ 26**

## ਕਾਂਡ 13

ਭਰੇ ਭਕੁੰਨੇ ਘਰ ਦੇ ਪੰਜਾਹ ਜੀਆਂ ਦਾ ਬਜ਼ੁਰਗ ਹਸਪਤਾਲ਼ ਵਿੱਚ ਰੋਹੀ ਵਿੱਚ ਖੜ੍ਹੇ ਜੰਡ ਵਾਂਗ ਇਕੱਲਾ ਹੀ ਪਿਆ, ਦੂਜੇ ਮਰੀਜ਼ਾਂ ਦੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਆਉਂਦੇ ਜਾਂਦੇ ਦੇਖਦਾ ਰਹਿੰਦਾ, ਝੂਰਦਾ ਰਹਿੰਦਾ ਅਤੇ ਦੁਖੀ ਹੁੰਦਾ ਰਹਿੰਦਾ। ਹਸਪਤਾਲ਼ ਦੀ ਵਿਸ਼ਾਲ ਇਮਾਰਤ ਉਸ ਦਾ ਮੂੰਹ ਚਿੜਾਉਂਦੀ ਲੱਗਦੀ ਸੀ। ਉਹ ਹਸਪਤਾਲ਼ ਦੇ ਵਿਹੜੇ ਵਿੱਚੋਂ ਨਿਕਲ਼ ਕੇ ਬਾਹਰ ਹਰੀ ਭਰੀ ਪਾਰਕ ਵਿੱਚ ਆ ਗਿਆ।

ਪਾਰਕ ਵਿੱਚ ਲੋਕ ਆਪਣਿਆਂ ਨੂੰ ਫ਼ਲ਼ ਬਗੈਰਾ ਖੁਆ ਰਹੇ ਸਨ।

-"ਤੁਹਾਡਾ ਜਵਾਨੀ ਵੇਲ਼ੇ ਤੋਂ ਈ ਕੁਛ ਨਾ ਖਾਣ ਦਾ ਸੁਭਾਅ ਐ, ਜਨਾਬ...! ਜੇ ਮੇਰੇ ਕਹਿਣ 'ਤੇ ਆਹ ਚਾਰ ਅੰਗੂਰ ਨਾ ਖਾਧੇ, ਤਾਂ ਮੈਂ ਕੱਲ੍ਹ ਨੂੰ ਧਾਨੂੰ ਮਿਲ਼ਣ ਨਹੀਂ ਜੇ ਆਣਾ...!" ਇੱਕ ਸੱਤਰ ਕੁ ਸਾਲ ਦੀ ਬਿਰਧ ਮਾਈ ਆਪਣੇ ਬਜ਼ੁਰਗ ਪਤੀਦੇਵ ਨਾਲ਼ ਅੰਗੂਰ ਖੁਆਉਣ ਦੀ ਜ਼ਿਦ ਫ਼ੜੀ, ਰੇੜਕਾ ਪਾਈ ਬੈਠੀ ਸੀ।

-"ਤੂੰ ਇੱਕ ਗੁੱਛਾ ਕਿਹਾ ਸੀ, ਉਹ ਮੈਂ ਖਾ ਲਏ, ਹੁਣ ਖਾ ਕੇ ਮੈਂ ਕਿਤੇ ਮੱਲ ਤਾਂ ਨੀ ਢਾਹੁੰਣੇ...? ਹੁਣ ਮੈਂ ਦੁਬਾਰੇ ਤਾਂ ਜੁਆਨ ਹੋਣੋਂ ਰਿਹਾ...!" ਉਹ ਕਮਜ਼ੋਰ ਜਿਹੀਆਂ ਲੱਤਾਂ ਮਲ਼ਦਾ ਹੱਸਿਆ। ਕਿਸੇ ਲੰਮੀ ਬਿਮਾਰੀ ਕਾਰਨ ਉਹ 'ਛਿਲਕਾਂ ਦਾ ਘੋੜਾ' ਜਿਹਾ ਲੱਗਦਾ ਸੀ।

-"ਚੰਗਾ ਆਹ ਖਾ ਲਓ, ਫ਼ੇਰ ਨਹੀਂ ਕਹਿੰਦੀ...!" ਰਿਹਾੜ੍ਹ ਜਿਹੀ ਪਈ ਪਤਨੀ ਦਾ ਆਖਾ ਮੰਨ ਕੇ ਬਜ਼ੁਰਗ ਨੇ ਹਥੇਲ਼ੀ ਉਪਰ ਰੱਖੇ ਅੰਗੂਰ ਖਾਣੇ ਸ਼ੁਰੂ ਕਰ ਦਿੱਤੇ। ਉਸ ਦੇ ਨਕਲੀ ਦੰਦ ਛਾਪੇਖਾਨੇ ਦੀ ਮਸ਼ੀਨ ਵਾਂਗ ਖੜਕਣ ਲੱਗ ਪਏ।

-"ਗੱਲ ਮੁੜ ਕੇ ਜੁਆਨ ਹੋਣ ਦੀ ਨੀ ਸਿਰ ਦਿਆ ਸਾਂਈਆਂ..! ਤੂੰ ਸਾਰੀ ਉਮਰ ਮਿਹਨਤ ਕੀਤੀ ਐ, ਸਾਨੂੰ ਕਰ ਕੇ ਖੁਆਇਐ..! ਬੰਦਾ ਬੰਦੇ ਦੀ ਦਾਰੂ ਹੁੰਦੈ, ਜੇ ਹੁਣ ਤੁਸੀਂ ਚਾਰ ਦਿਨ ਬਿਮਾਰ ਹੋ ਗਏ, ਤਾਂ ਸਾਡਾ ਵੀ ਕੋਈ ਫ਼ਰਜ਼ ਬਣਦੈ...! ਬੰਦੇ ਬਿਨਾ ਤਾਂ ਤੀਮੀਂ ਖੜਸੁੱਕ ਟਾਹਲੀ ਐ ਮੇਰੇ ਪਿਆਰੇ...!" ਉਸ ਨੇ ਇੱਕ ਅੰਗੂਰ ਆਪਣੇ ਹੱਥ ਨਾਲ਼ ਪਤੀਦੇਵ ਦੇ ਮੂੰਹ ਵਿੱਚ ਪਾ ਦਿੱਤਾ।

-"..........।" ਦੇਖ ਕੇ ਪ੍ਰੇਮ ਸਿਉਂ ਨੇ ਧੁਖ਼ਦੀ ਚਿਤਾ ਵਰਗਾ ਇੱਕ ਹਾਉਕਾ ਲਿਆ ਅਤੇ ਅੱਗੇ ਤੁਰ ਪਿਆ। ....ਮੈਂ ਕਿਹੜਾ ਘੱਟ ਮੁਸ਼ੱਕਤ ਕੀਤੀ ਸੀ ਆਪਣੇ ਪ੍ਰੀਵਾਰ ਲਈ...? ਪੰਦਰਾਂ ਦਿਨ ਹੋ ਗਏ ਹਸਪਤਾਲ਼ ਵਿੱਚ ਪਏ ਨੂੰ, ਕਿਸੇ ਨੇ ਆ ਕੇ ਬੱਤੀ ਨੀ ਵਾਹੀ, ਬਾਤ ਨਹੀਂ ਪੁੱਛੀ। ਪ੍ਰੇਮ ਸਿਉਂ ਦੇ ਮਾਂ-ਬਾਪ ਬਚਪਨ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਉਸ ਨੂੰ ਅਤੇ ਉਸ ਦੀ ਇੱਕ ਸਾਲ ਵੱਡੀ ਭੈਣ ਨੂੰ ਚੁੜੇਲ ਵਰਗੀ ਚਾਚੀ ਨੇ ਹੀ ਪਾਲ਼ਿਆ ਘੱਟ, ਪਰ ਕੁੱਟਿਆ ਘੜ੍ਹੀਸਿਆ ਜ਼ਿਆਦਾ ਸੀ। ਉਹਨਾਂ ਦੀ ਬੁੱਚੜ ਚਾਚੀ ਕੁੱਟਦੀ ਵੀ ਕਸਾਈਆਂ ਵਾਂਗ ਸੀ।

ਪ੍ਰੇਮ ਸਿਉਂ ਨੂੰ ਪੜ੍ਹਨ ਦਾ ਸ਼ੌਕ ਸੀ। ਪਰ ਸਕੇ ਮਾਂ-ਬਾਪ ਬਿਨਾ ਉਸ ਨੂੰ ਸਕੂਲ ਕਿਸ ਨੇ ਭੇਜਣਾ ਸੀ...? ਉਸ ਦੇ ਬਾਪ ਦੀ ਜ਼ਮੀਨ ਅਤੇ ਘਰ 'ਤੇ ਚਾਚੇ ਅਤੇ ਚਾਚੀ ਨੇ 'ਕਬਜ਼ਾ' ਕਰ ਲਿਆ ਸੀ ਅਤੇ ਪ੍ਰੇਮ ਅਤੇ ਉਸ ਦੀ ਵੱਡੀ ਭੈਣ ਬਾਲੀ ਹੁਣ ਚਾਚੇ ਚਾਚੀ ਦੇ 'ਨੌਕਰ' ਅਤੇ 'ਚਾਕਰ' ਬਣ ਕੇ ਹੀ ਰਹਿ ਗਏ ਸਨ। ਬਾਲੀ ਘਰ ਦੀ ਸਫ਼ਾਈ ਤੋਂ ਲੈ ਕੇ ਭਾਂਡੇ ਮਾਂਜਣ ਤੱਕ ਦਾ ਸਾਰਾ ਕੰਮ ਕਰਦੀ। ਰੋਟੀ ਟੁੱਕ ਤੋਂ ਲੈ ਕੇ ਚਾਚੀ ਦੇ ਨਲ਼ੀਚੋਚਲ਼ ਜਿਹੇ ਬੱਚਿਆਂ ਨੂੰ ਖਿਡਾਉਣ ਤੱਕ ਬਾਲੀ ਦੀ ਹੀ ਜ਼ਿੰਮੇਵਾਰੀ ਸੀ।

ਬਾਲੀ ਅਤੇ ਪ੍ਰੇਮ ਚਾਚੇ ਚਾਚੀ ਦੇ ਘਰ ਵਿੱਚ ਰੁਲ਼-ਖੁਲ਼ ਕੇ ਦਿਨ 'ਕੱਟ' ਰਹੇ ਸਨ। ਚਾਚੀ ਉਹਨਾਂ ਦਾ ਬੇਹੀ ਤਬੇਹੀ ਰੋਟੀ ਅਤੇ ਬਚੀ ਖੁਚੀ ਦਾਲ਼ ਨਾਲ਼ ਹੀ ਮੱਥਾ ਡੰਮ੍ਹੀ ਰੱਖਦੀ। ਜਦ ਬਚੀ ਖੁਚੀ ਰੋਟੀ ਨਾ ਹੁੰਦੀ ਤਾਂ ਦੋਨੋਂ ਭੈਣ ਭਰਾ ਗੁੜ ਗੰਢੇ ਨਾਲ਼ ਕਾਲ਼ਜਾ ਧਾਫੜ ਛੱਡਦੇ।

ਰੱਖੜੀ ਦਾ ਤਿਉਹਾਰ ਆ ਗਿਆ।

ਦੁਕਾਨ ਤੋਂ ਰੱਖੜੀਆਂ ਖਰੀਦ ਚਾਚੀ ਆਪਣੇ "ਸੁੱਖੀ ਲੱਧੇ" ਭਰਾ ਦੇ ਰੱਖੜੀ ਬੰਨ੍ਹਣ ਗਈ ਹੋਈ ਸੀ। ਬਾਲੀ ਦੇ ਮਨ ਵਿੱਚ ਵੀ ਭਰਾ ਨੂੰ ਰੱਖੜੀ ਬੰਨ੍ਹਣ ਦੀ ਰੀਝ ਨੇ ਅੰਗੜਾਈ ਲਈ। ਆਖਰਕਾਰ ਪ੍ਰੇਮ ਉਸ ਦਾ ਨਿੱਕਾ ਅਤੇ 'ਇੱਕਲੌਤਾ' ਭਰਾ ਸੀ। ਉਸ ਨੇ ਦੁਕਾਨ ਤੋਂ ਰੱਖੜੀ ਖਰੀਦ ਕੇ ਪ੍ਰੇਮ ਦੇ ਬੰਨ੍ਹ ਦਿੱਤੀ। ਪ੍ਰੇਮ ਨਾਂਹ-ਨੁੱਕਰ ਕਰ ਰਿਹਾ ਸੀ। ਉਸ ਨੂੰ ਪਤਾ ਸੀ ਕਿ ਜਦ ਬਘਿਆੜੀ ਚਾਚੀ ਨੂੰ ਪਤਾ ਲੱਗਿਆ ਤਾਂ ਉਹ ਉੱਖੜੀ ਕੁਹਾੜੀ ਵਾਂਗ ਮੱਥੇ ਵਿੱਚ ਵੱਜੇਗੀ ਅਤੇ ਕੁੱਟ ਕੇ ਮੱਛੀਓਂ ਮਾਸ ਕਰੇਗੀ।

-"ਬਾਲੀ, ਭੈਣੇ ਰਹਿਣ ਦੇ ਰੱਖੜੀ ਰੁੱਖੜੀ ਨੂੰ..! ਜੇ ਚਾਚੀ ਨੂੰ ਪਤਾ ਲੱਗਿਆ, ਆਪਾਂ ਨੂੰ ਕੁੱਟੂਗੀ...!" ਪ੍ਰੇਮ ਨੇ ਅੰਦਰਲਾ ਡਰ ਜ਼ਾਹਿਰ ਕੀਤਾ।

-"ਲੈ, ਇਉਂ ਕਿਵੇਂ ਰਹਿਣ ਦਿਆਂ...? ਚਾਚੀ ਵੀ ਆਬਦੇ ਭਰਾ ਨੂੰ ਰੱਖੜੀ ਬੰਨ੍ਹਣ ਗਈ ਵੀ ਐ..! ਜੇ ਉਹਨੂੰ ਉਹਦਾ ਭਰਾ ਪਿਆਰੈ, ਤਾਂ ਮੈਨੂੰ ਨੀ ਆਬਦਾ ਭਰਾ ਪਿਆਰਾ ਲੱਗਦਾ...?" ਬਾਲੀ ਨੇ ਪ੍ਰੇਮ ਦੇ ਬੜੇ ਚਾਅਵਾਂ ਅਤੇ ਮਲਾਰਾਂ ਨਾਲ਼ ਰੱਖੜੀ ਬੰਨ੍ਹ ਦਿੱਤੀ। ਮੂੰਹ ਨੂੰ ਗੁੜ ਲਾਇਆ। ਪ੍ਰੇਮ ਨੇ ਹਾਉਕਾ ਲਿਆ। ਉਸ ਦੀ ਜੇਬ ਵਿੱਚ ਭੈਣ ਨੂੰ ਦੇਣ ਵਾਸਤੇ ਕੁਛ ਵੀ ਨਹੀਂ ਸੀ। ਭਰਾ ਦੇ ਦਿਲ ਦਾ ਦੁੱਖ ਸਮਝ ਕੇ ਬਾਲੀ ਨੇ ਉਸ ਨੂੰ ਗਲਵਕੜੀ ਵਿੱਚ ਘੁੱਟ ਲਿਆ। ਭੈਣ ਦੇ ਦਿਲ ਦੀ ਧੜਕਣ ਛੋਟੇ ਵੀਰ ਨੂੰ ਆਸ਼ੀਰਵਾਦ ਬਣ ਕੇ ਥਾਪੜ ਰਹੀ ਸੀ।

-"ਰੱਖੜੀ ਵਾਲ਼ੇ ਦਿਨ ਆਪਣੀ ਮਾਂ ਆਪਾਂ ਨੂੰ ਖੀਰ ਤੇ ਪੂੜੇ ਬਣਾ ਕੇ ਖੁਆਉਂਦੀ ਹੁੰਦੀ ਸੀ, ਬਾਲੀ..!" ਅਚਾਨਕ ਪ੍ਰੇਮ ਨੇ ਭਲੇ ਦਿਨ ਯਾਦ ਕੀਤੇ।

-"ਦੜ ਵੱਟ ਕੇ ਦਿਨ ਕੱਟ ਵੀਰਾ, ਖੀਰ ਪੂੜਿਆਂ ਆਲ਼ੀ ਮਾਂ ਮਰਗੀ...! ਸਬਰ ਰੱਖ, ਆਪਣੇ 'ਤੇ ਵੀ ਭਲੇ ਦਿਨ ਆਉਣਗੇ..!"

ਆਥਣੇ ਜਦੋਂ ਚਾਚੀ ਆਪਣੇ ਭਰਾ ਨੂੰ ਰੱਖੜੀ ਬੰਨ੍ਹ ਕੇ ਮੁੜੀ ਤਾਂ ਉਸ ਨੇ ਪ੍ਰੇਮ ਦੇ ਗੁੱਟ 'ਤੇ ਰੱਖੜੀ ਬੱਝੀ ਦੇਖੀ। ਪਤਾ ਨਹੀਂ ਕਿਉਂ ਉਸ ਦੇ ਦਿਮਾਗ ਨੂੰ 'ਚੰਡਾਲ' ਚੜ੍ਹ ਗਿਆ।

-"ਆਹ ਰੱਖੜੀ ਕੀਹਤੋਂ ਬੰਨ੍ਹਾਈ ਐ ਵੇ ਸੂਰਾ...?" ਚਾਚੀ ਦੇ ਪਹਿਲੇ ਦਬਕੇ ਨੇ ਹੀ ਪ੍ਰੇਮ ਦੇ ਸਾਹ ਸੂਤ ਲਏ।

-"ਆਪਣੀ ਬਾਲੀ ਨੇ ਬੰਨ੍ਹੀ ਐਂ, ਚਾਚੀ..!"

-"ਤੂੰ ਕਿੱਥੋਂ ਲਿਆਈ ਸੀ ਨੀ, ਕੰਜਰੀਏ...?" ਚਾਚੀ ਦਾ ਖੱਖਰ ਖਾਧਾ ਮੂੰਹ ਹੋਰ ਭਿਆਨਕ ਹੋ ਗਿਆ।

-"ਮੈਂ ਘਰੋਂ ਕਣਕ ਲੈ ਕੇ ਦੁਕਾਨ ਤੋਂ ਖਰੀਦੀ ਸੀ, ਚਾਚੀ...!" ਦਿਲ ਬਾਲੀ ਦਾ ਵੀ ਡੁਬਕੀਆਂ ਖਾਣ ਲੱਗ ਪਿਆ।

-"ਅੱਛਾ ਜੀ, ਤੇ ਹੁਣ ਤੂੰ ਚੋਰੀ ਵੀ ਕਰਨ ਲੱਗਪੀ, ਲੁੱਚੀਏ...?" ਉਸ ਨੇ ਕੱਪੜੇ ਧੋਣ ਵਾਲ਼ੀ ਥਾਪੀ ਚੁੱਕ ਕੇ ਜੁਆਕਾਂ ਨੂੰ 'ਧੇਹ-ਧੇਹ' ਕੁੱਟਣਾ ਸ਼ੁਰੂ ਕਰ ਦਿੱਤਾ। ਬੁਰੀ ਤਰ੍ਹਾਂ ਕੁੱਟੀਦੇ ਪ੍ਰੇਮ ਦਾ ਕੱਛ 'ਚ "ਧਰਲ਼-ਧਰਲ਼" ਮੂਤ ਨਿਕਲ਼ ਗਿਆ। ਉਹ ਬਾਲੀ ਦੇ ਆਲ਼ੇ ਦੁਆਲ਼ੇ ਭੱਜਿਆ ਫ਼ਿਰਦਾ ਪਿੱਟਣ ਵਾਲ਼ਿਆਂ ਵਾਂਗ ਆਖ ਰਿਹਾ ਸੀ, "ਕਿਹਾ ਸੀ ਨ੍ਹਾਂ, ਬਈ ਨਾ ਬੰਨ੍ਹ..! ਤੂੰ ਕਿਹੜਾ ਮੇਰੀ ਸੁਣੀਂ...?"

ਚਾਚੀ ਨੇ ਕੁੱਟ ਕੇ ਦੋਹਾਂ ਦੇ ਪਿੰਡਿਆਂ 'ਤੇ ਨੀਲ ਪਾ ਦਿੱਤੇ। ਥਾਪੀ ਦੀ ਬੇਰਹਿਮ ਸੱਟ ਸਿੱਧੀ ਦਿਲ ਨੂੰ ਜਾਂਦੀ ਸੀ।

ਚੰਘਿਆੜ੍ਹਾਂ ਮਾਰਦੇ ਜੁਆਕਾਂ ਨੂੰ ਦੇਖ ਕੇ ਬਿਰਲੇ ਅਮਲੀ ਨੇ ਅੰਦਰ ਝਾਤੀ ਮਾਰੀ। ਉਹ ਕਦੋਂ ਦਾ ਜੁਆਕਾਂ ਦਾ ਵਿਰਲਾਪ ਸੁਣ ਰਿਹਾ ਸੀ।

-"ਕੀ ਹੋ ਗਿਆ ਜੁਆਕੜੀ ਨੇ ਦੋ ਰੁਪਈਆਂ ਦੀ ਰੱਖੜੀ ਬੰਨ੍ਹਤੀ, ਅਗਲੀ ਦੇ ਪਿਉ ਦਾ ਘਰ ਘਾਟ ਤੇ ਪੈਲ਼ੀ ਵੀ ਤੁਸੀਂ ਸਾਂਭੀ ਬੈਠੇ ਐਂ ਨ੍ਹਾਂ...? ਹੈਦਿਆ ਕਰ ਲਿਆ ਕਰ ਕਿਸੇ 'ਤੇ...! ਨਾ ਰੱਬ ਦੀ ਸ਼ਰੀਕਣੀ ਬਣ...! ਇਹ ਭੁਗਤਣੀਆਂ ਪੈਣਗੀਆਂ..!" ਅਮਲੀ ਤੋਂ ਜੁਆਕਾਂ 'ਤੇ ਢਾਹਿਆ ਜਾ ਰਿਹਾ ਬੁੱਚੜਪੁਣਾ ਜਰਿਆ ਨਾ ਗਿਆ।

-"......................।"

-"ਜਿਸ ਦਿਨ ਰੱਬ ਦੀ ਡਾਂਗ ਵੱਜੀ, ਖੜਕਾ ਨੀ ਹੋਣਾ, ਪਰ ਛੱਡਣਾ ਓਹਨੇ ਕੱਖ ਨੀ...! ਫ਼ੇਰ ਦੁਹੱਥੜਾਂ ਮਾਰ ਮਾਰ ਜਣਦਿਆਂ ਨੂੰ ਰੋਵੇਂਗੀ...!" ਅਮਲੀ ਭਾਫ਼ਾਂ ਛੱਡੀ ਜਾ ਰਿਹਾ ਸੀ।

ਦਰਵਾਜੇ ਵਿੱਚ ਰੌਲ਼ਾ ਜਿਹਾ ਸੁਣ ਕੇ ਬਾਲੀ ਦਾ ਚਾਚਾ ਬਾਹਰ ਆ ਗਿਆ।

-"ਕੀ ਗੱਲ ਐ....?" ਉਸ ਨੇ ਆ ਕੇ ਪੁੱਛਿਆ। ਬਾਲੀ ਅਤੇ ਪ੍ਰੇਮ ਕੰਧ ਨਾਲ਼ ਢੋਅ ਲਾਈ ਜਾਰੋ-ਜਾਰ ਰੋ ਰਹੇ ਸਨ।

-"ਆਹ ਤੇਰੀ ਘਰਆਲ਼ੀ ਨੇ ਚੁਆਨੀ ਦੀ ਰੱਖੜੀ ਕਰ ਕੇ ਕੰਨਿਆਂ ਨੂੰ ਕੁੱਟ ਕੇ ਮੱਛੀਓਂ ਮਾਸ ਕਰਤਾ, ਇਹਦਾ ਝੱਗਾ ਚੱਕ ਕੇ ਬਚਾਰੀ ਦੀ ਪਿੱਠ ਦੇਖ, ਕਿਵੇਂ ਧੇਹ-ਧੇਹ ਕੁਟਦੀ ਸੀ, ਬੁੱਚੜ...!"

-"................।" ਬਾਲੀ ਦਾ ਚਾਚਾ ਵਾੜ 'ਚ ਫ਼ਸੇ ਬਿੱਲੇ ਵਾਂਗ ਝਾਕਦਾ ਸੀ। ਉਹ ਆਪਣੀ 'ਕਲੇਸ਼ੀ' ਘਰਵਾਲ਼ੀ ਅੱਗੇ ਬੋਲ ਕੇ ਘਰੇ 'ਸਿਆਪਾ' ਨਹੀਂ ਪਾਉਣਾ ਚਾਹੁੰਦਾ ਸੀ।

-"ਊਂ ਤਾਂ ਸਾਲ਼ਿਓ ਕਦੇ ਪੰਡਤਾਂ ਨੂੰ ਸ਼ਰਾਧ ਖੁਆਉਨੇ ਓਂ, ਤੇ ਕਦੇ ਸਾਧਾਂ ਦੇ ਦਰ 'ਤੇ ਮੱਥੇ ਰਗੜਦੇ ਫ਼ਿਰਦੇ ਓਂ, ਤੇ ਐਸ ਅਨਾਥ ਕੰਨਿਆਂ 'ਤੇ ਥੋਨੂੰ ਭੋਰਾ ਤਰਸ ਨੀ ਆਉਂਦਾ...? ਦੂਰ ਫਿੱਟ੍ਹੇ ਮੂੰਹ ਥੋਡੇ ਪਾਠ ਪੂਜਾ ਦੇ...!" ਬਿਰਲੇ ਨੇ ਇੱਟ ਵਰਗਾ ਪੈਰ ਧਰਤੀ 'ਤੇ ਮਾਰਿਆ।

ਚਾਚੇ ਨੇ ਉਨੀਂ ਕੁ ਸਾਲ ਦੀ ਬਾਲੀ ਦਾ ਵਿਆਹ ਕਰ ਦਿੱਤਾ।


ਬਾਲੀ ਦੇ ਵਿਆਹ ਤੋਂ ਬਾਅਦ ਪ੍ਰੇਮ ਨੇ ਚਾਚੇ ਅਤੇ ਚਾਚੀ ਦੇ ਘਰ ਦਾ ਤਿਆਗ ਕਰ ਦਿੱਤਾ ਅਤੇ ਸਕੂਲ ਅੱਗੇ ਜੂਸ ਵਾਲ਼ੀ ਰੇਹੜੀ ਲਾਉਣ ਲੱਗ ਪਿਆ। ਇੱਕ ਤਾਂ ਉਸ ਦਾ ਕਲੇਸ਼ ਤੋਂ ਛੁਟਕਾਰਾ ਹੋ ਗਿਆ ਸੀ, ਅਤੇ ਦੂਜਾ ਉਸ ਨੂੰ ਸਕੂਲ ਵਾਲ਼ੇ ਬੱਚੇ ਦੇਖ ਕੇ ਇੱਕ ਤਰ੍ਹਾਂ ਨਾਲ਼ 'ਸਕੂਨ' ਮਿਲਦਾ। ਚਾਹੇ ਉਸ ਨੂੰ ਖ਼ੁਦ ਸਕੂਲ ਜਾਣ ਦਾ ਮੌਕਾ ਨਹੀਂ ਮਿਲ਼ਿਆ ਸੀ, ਪਰ ਬੱਚਿਆਂ ਨੂੰ ਦੇਖ ਕੇ ਉਹ ਸੋਚਦਾ ਕਿ ਆਪਣੇ ਬੱਚਿਆਂ ਨੂੰ ਉਹ ਖ਼ੂਬ ਪੜ੍ਹਾਵੇਗਾ ਅਤੇ ਪੜ੍ਹਾ ਕੇ ਕਿਸੇ ਚੰਗੇ ਕੰਮਾਂ ਕਾਰਾਂ 'ਤੇ ਲਾਵੇਗਾ। ਜੋ ਉਹ ਖ਼ੁਦ ਆਪ ਨਹੀਂ ਕਰ ਸਕਿਆ, ਉਹ ਆਪਣੇ ਬੱਚਿਆਂ ਵਿੱਚ ਦੀ ਕਰੇਗਾ। ਉਹ ਇਹਨਾਂ ਸੋਚਾਂ ਵਿੱਚ ਡੁੱਬਿਆ ਦਿਨ ਲੰਘਾ ਦਿੰਦਾ।

**ਚਲਦਾ...**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਕਿਰਤੀ ਸਿੱਖ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਭਾਈ ਲਾਲੋ ਜੀ

**ਰਮੇਸ਼ ਬੱਗਾ ਚੋਹਲਾ**
ਮੋਬ : 9463132719





ਗੁਰਦੁਆਰੇ ਤੋਂ ਭਾਵ ਉਹ ਧਾਰਮਿਕ ਅਤੇ ਸਮਾਜਿਕ ਕੇਂਦਰ ਹਨ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤ ਨੂੰ ਧਰਮ ਕਮਾਉਣ ਅਤੇ ਹੰਢਾਉਣ ਲਈ ਸਿਧਾਂਤਕ ਅਤੇ ਵਿਹਾਰਕ ਉਪਦੇਸ਼ ਦਿੱਤਾ ਜਾਂਦਾ ਹੈ। ਇਹ ਉਪਦੇਸ਼ ਜਿਥੇ ਜੀਵ ਨੂੰ ਉਸ ਦੇ ਪਰਮ ਉਦੇਸ਼ ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ॥ ਬਾਰੇ ਗਿਆਤ ਕਰਵਾਉਂਦਾ ਹੈ,ਉੱਥੇ ਇਸ ਉਦੇਸ਼ ਦੀ ਪੂਰਤੀ ਹਿੱਤ ਸੱਚੇ ਮਾਰਗ 'ਤੇ ਚੱਲਣ ਲਈ ਵੀ ਪ੍ਰੇਰਿਦਾ ਦਾ ਰਹਿੰਦਾ ਹੈ।

ਇਸ ਬੈਸਣੁ ਲਈ ਜੀਵ ਨੇ ਜਿਥੇ ਆਪਣੇ ਮੂਲ ਨੂੰ ਪਹਿਚਾਨਣਾ ਭਾਵ ਆਪਾ ਸੰਵਾਰਨਾ ਹੈ ਉਥੇ ਪਰਮ-ਪਿਤਾ ਨੂੰ ਜਾਣਨਾ (ਗੁਣਾਂ ਦੀ ਸਾਂਝ ਕਰਕੇ) ਵੀ ਹੈ। ਇਸ ਇਲਾਹੀ ਜਾਣ-ਪਹਿਚਾਣ ਦੀ ਸੋਝੀ (ਗੁਰੂ ਦੁਆਰੈ ਹੋਇ ਸੋਝੀ ਪਾਇਸੀ) ਪ੍ਰਦਾਨ ਕਰਨ ਵਿਚ ਗੁਰਦੁਆਰਿਆਂ ਦੀ ਇੱਕ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਦੀ ਹੀ ਭੂਮਿਕਾ ਨਿਭਾਅ ਰਿਹਾ ਹੈ ਗੁਰੂ ਨਾਨਕ ਦੇਵ ਜੀ ਦੇ ਪਿਆਰੇ (ਕਿਰਤੀ) ਸਿੱਖ ਭਾਈ ਲਾਲੋ ਦੀ ਦੀ ਯਾਦ ਵਿਚ ਲੁਧਿਆਣਾ-ਮਲੇਰਕੋਟਲਾ ਰੋਡ 'ਤੇ ਵੱਸੇ ਪਿੰਡ ਸ਼ਰੀਹ ਵਿਚ ਬਣਿਆ ਗੁਰਦੁਅਰਾ ਭਾਈ ਲਾਲੋ ਜੀ।

ਅਣਵੰਡੇ ਪੰਜਾਬ ਦੇ ਪਿੰਡ ਸੈਦਪੁਰ/ਐਮਨਬਾਦ ਦਾ ਵਸਨੀਕ ਭਾਈ ਲਾਲੋ ਹੱਥਾਂ ਦਾ ਸਚਿਆਰਾ ਹੋਣ ਦੇ ਨਾਲ-ਨਾਲ ਪਰਉਪਕਾਰੀ ਜਿਉੜਾ ਵੀ ਸੀ। ਆਪਣੀ ਪਹਿਲੀ ਉਦਾਸੀ (1500ਈ.) ਸਮੇਂ ਜਦੋਂ ਜਗਤ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਭਾਈ ਲਾਲੋ ਦੇ ਗ੍ਰਹਿ ਵਿਖੇ ਪਹੁੰਚੇ ਤਾਂ ਉਸ ਨੇ ਬੜੇ ਅਦਬ ਤੇ ਪਿਆਰ ਨਾਲ ਦੋਵਾਂ ਨੂੰ ਭੋਜਨ ਛਕਾਇਆ ਭੋਜਨ ਵਿਚ ਭਾਵੇਂ ਕੋਧਰੇ ਦੀ ਰੋਟੀ ਹੀ ਸੀ ਪਰ ਜਿਸ ਭਾਵਨਾ ਨਾਲ ਬਾਬੇ ਨੂੰ ਛਕਾਈ ਗਈ ਉਹ ਬੜੀ ਉੱਚੀ ਅਤੇ ਸੁੱਚੀ ਸੀ। ਬਾਬੇ ਨੇ ਇਸ ਭਾਵਨਾ ਨੂੰ ਸਮਝਦਿਆਂ ਹੋਇਆਂ ਮਲਕ ਦੇ ਬੁਹਮੁੱਲੇ ਭੋਜਨ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਨੇ ਜਿਥੇ ਕਿਰਤ ਦੇ ਮਾਣ ਨੂੰ ਵਧਇਆ ਉੱਥੇ ਨਾਲ ਹੀ ਸਿੱਖ ਧਰਮ ਵਿਚ ਕਿਰਤੀ ਦਾ ਸਤਿਕਾਰ ਵੀ ਕਾਇਮ ਕਰ ਦਿੱਤਾ। ਇਹ ਸਤਿਕਾਰ ਹੋਰ ਵੀ ਵੱਧ ਗਿਆ ਜਦੋਂ ਭਾਈ ਲਾਲੋ ਨੂੰ ਸੰਬੋਧਿਤ ਹੁੰਦੇ ਹੋਏ ਬਾਬੇ ਨੇ 'ਖ਼ਸਮ ਦੀ ਬਾਣੀ' ਦੇ ਅਨੁਸਾਰ ਜੀਵਨ ਜਿਉਣ ਲਈ ਉਪਦੇਸ਼ ਦਿੱਤਾ। ਇਸ ਉਪਦੇਸ਼ ਸਦਕਾ ਭਾਈ ਲਾਲੋ ਸਾਰੀ ਹਯਾਤੀ ਹੱਥ ਦੀ ਕਾਰ ਨਾਲ ਜੁੜਿਆ ਰਿਹਾ ਅਤੇ ਭਟਕਣ ਭਰੀਆਂ ਰਾਹਾਂ ਵੱਲੋਂ ਮੁੜਿਆ ਰਿਹਾ।

ਕਿਰਤ-ਬਿਰਤ ਨੂੰ ਉਭਾਰਨ ਲਈ ਅਤੇ ਭਾਈ ਲਾਲੋ ਦੀ ਸਿੱਖਿਆ ਨੂੰ ਪ੍ਰਚਾਰਨ ਲਈ ਰਾਮਗੜ੍ਹੀਏ ਭਾਈਚਾਰੇ ਵੱਲੋਂ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸ਼ਰੀਹ ਤੋਂ ਲੱਗਭਗ ਇੱਕ ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਭਾਈ ਲਾਲੋ ਜੀ ਉਸਾਰਿਆ ਗਿਆ ਹੈ।

ਇਸ ਸਥਾਨ 'ਤੇ ਹਰ ਸਾਲ 24 ਸਤੰਬਰ ਨੂੰ ਭਾਈ ਲਾਲੋ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹਰੇਕ ਮਹੀਨੇ ਆਖ਼ਰੀ ਐਤਵਾਰ ਵਾਲੇ ਦਿਨ ਵੀ ਵਿਸ਼ੇਸ਼ ਗੁਰਮਿਤ ਸਮਾਗਮ ਕੀਤੇ ਜਾਂਦੇ ਹਨ ਜਿਸ ਵਿਚ ਕਈ ਰਾਗੀ,ਢਾਡੀ ਅਤੇ ਕਥਾਵਾਚਕ ਆਪਣੀਆਂ ਹਾਜ਼ਰੀਆਂ ਭਰਦੇ ਹਨ।

#1348/17/1 ਗਲੀ ਨੰ: 8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)

# ਕਬੱਡੀ ਦਾ ਮਹਾਕੁੰਭ

**ਰਣਵੀਰ ਸਿੰਘ ਰਾਣਾ**





ਜਿਹੜਾ ਵੀ ਪੰਜਾਬ ਵਿੱਚ ਜੰਮਿਆ ਉਹਨੇ ਕਬੱਡੀ ਜ਼ਰੂਰ ਖੇਡੀ ਆ, ਜੇ ਨਹੀਂ ਖੇਡੀ ਤਾਂ ਵੇਖੀਂ ਜ਼ਰੂਰ ਹੋਵੇਗੀ। ਖੇਡਾਂ ਤਾਂ ਭਾਵੇਂ ਹੋਰ ਵੀ ਬਹੁਤ ਨੇ, ਪਰ ਪੰਜਾਬੀਆਂ ਨੂੰ ਏਸ ਖੇਡ ਦਾ ਨਸ਼ਾ ਵੱਖਰਾ , ਜੇ ਇਹ ਕਹਿ ਦੇਈਏ, "ਕਬੱਡੀ ਪੰਜਾਬੀਆਂ ਦੇ ਹੱਡਾਂ ਵਿੱਚ ਰਚੀ ਹੋਈ ਆ, ਤਾਂ ਕੋਈ ਅੱਤਕਥਨੀ ਨਹੀ ਹੋਵੇਗੀ।"

ਜਦੋਂ ਵੀ ਕਦੇ ਕਬੱਡੀ ਦਾ ਇਤਿਹਾਸ ਦੀ ਗੱਲ ਤੁਰੇਗੀ ਤਾਂ ਸਭ ਤੋਂ ਪਹਿਲਾਂ ਇੰਗਲੈਂਡ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਭਾਵੇਂ ਲੋਕਾਂ ਨੇ ਸਦੀ ਪਹਿਲਾਂ ਵਿਦੇਸ਼ਾਂ ਵਿੱਚ ਵਸਣਾ ਸ਼ੁਰੂ ਕਰ ਦਿੱਤਾ ਸੀ। ਪਰ ਸਭ ਤੋਂ ਪਹਿਲਾਂ ਕਬੱਡੀ ਇੰਗਲੈਂਡ ਵਿੱਚ ਸ਼ੁਰੂ ਹੋਈ ਆ, ਹੁਣ ਭਾਵੇਂ ਜਿੱਥੇ ਵੀ ਪੰਜਾਬੀ ਵਸਦੇ ਨੇ ਕਬੱਡੀ ਵੀ ਉੱਥੇ ਤੱਕ ਪਹੁੰਚ ਚੁੱਕੀ ਆ।

ਪਹਿਲਾਂ ਭਾਵੇਂ ਇੱਕ ਦੋ ਸਾਲ ਵੀਕਐਂਡ 'ਤੇ ਗੱਭਰੂ ਰਲਕੇ ਇੱਕ ਅੱਧਾ ਮੈਚ ਖੇਡ ਲੈਂਦੇ ਸੀ। ਪਰ 1965 ਵਿੱਚ ਇੰਗਲੈਂਡ ਦਾ ਮਿੰਨੀ ਪੰਜਾਬ ਕਹਿਆ ਜਾਣ ਵਾਲਾ ਸ਼ਹਿਰ 'ਬਰਮੀਗੰਮ 'ਵਿਖੇ ਕਬੱਡੀ ਦਾ 'ਮਹਾਕੁੰਭ' ਸ਼ੁਰੂ ਹੋ ਗਿਆ, ਜਿਹੜਾ ਐਤਕੀਂ ਆਪਣੇ ਸੱਠ ਸਾਲ ਪੂਰੇ ਕਰ ਜਾਵੇਗਾ। ਹਰ ਸਾਲ ਤਕਰੀਬਨ ਦਸ ਗਿਆਰਾਂ ਐਤਵਾਰ ਟੂਰਨਾਮੈਂਟ ਖੇਡੇ ਜਾਂਦੇ ਨੇ, ਭਾਵੇਂ ਕਬੱਡੀ ਹੁਣ ਬਹੁਤ ਸਾਰੇ ਦੇਸ਼ਾਂ ਵਿੱਚ ਖੇਡੀ ਜਾਂਦੀ ਆ, ਪਰ ਹਾਲੇ ਵੀ ਜਿਹੋ ਜਿਹੇ "ਖੜਕਦੇ ਮੈਚ" ਇੰਗਲੈਂਡ ਦੀਆਂ ਗਰਾਊਂਡਾਂ ਵਿੱਚ ਹੰਦੇ ਨੇ ਸ਼ਾਇਦ ਹੀ ਹੋਰ ਦੇਸ਼ਾਂ ਵਿੱਚ ਹੁੰਦੇ ਹੋਣ। ਜਦੋਂ ਖਿਡਾਰੀ ਖੇਡਦੇ ਨੇ ਇੰਝ ਲੱਗਦਾ, 'ਜਿੱਦਾ ਬੰਬ ਚੱਲਦੇ ਹੋਣ, ਜਾਂ ਧਿੱਗਾ ਡਿੱਗਦੀਆਂ ਹੋਣ 'ਗੱਭਰੂ ਪਸੀਨਾ ਵਹਾ ਕੇ ਖੇਡ ਦੇ ਆ। ਇਹ ਵੀ ਸੱਚ ਆ ਜਿਹੜਾ ਗੱਭਰੂ ਇੰਗਲੈਂਡ ਦੀਆਂ ਗਰਾਊਂਡਾਂ ਵਿੱਚ ਖੇਡ ਗਿਆ ਉਹਦਾ ਦੁਨੀਆਂ 'ਤੇ ਨਾ ਚੱਲਦਾ।

ਇਸ ਸਾਲ ਦਾ ਕਬੱਡੀ ਦਾ ਸੀਜ਼ਨ ਗਿਆਰਾਂ ਮਈ ਤੋਂ ਸ਼ੁਰੂ ਹੋ ਗਿਆ ਆ, ਭਾਵੇਂ ਇੰਡੀਆ ਪਾਕਿਸਤਾਨ ਦੀ ਲੜਾਈ ਕਾਰਨ ਕਰਕੇ ਕੁਝ ਵੀਜ਼ਾ ਦਾ ਝੰਜਟ ਕਰਕੇ ਪੂਰੀਆਂ ਟੀਮਾਂ ਨਹੀਂ ਬਣੀਆਂ ਪਰ ਕਲੱਬਾਂ ਦਾ ਇਹ ਵਾਅਦਾ ਇੱਕ ਦੋ ਹਫ਼ਤੇ ਵਿੱਚ ਸਭ ਕਲੱਬਾਂ ਦੇ ਖਿਡਾਰੀ ਪਹੁੰਚ ਰਹੇ ਨੇ, ਭਾਵੇਂ ਪਹਿਲੇ ਟੂਰਨਾਮੈਂਟ ਤੇ ਥੋੜੀਆ ਟੀਮਾਂ ਸੀ, ਪਰ ਉਹਨਾਂ ਖਿਡਾਰੀਆਂ ਨੇ ਇਹੋ ਜਿਹੇ ਜੌਹਰ ਵਿਖਾਏ ਟੂਰਨਾਮੈਂਟ ਵੇਖਣ ਆਏ ਖੇਡ ਪ੍ਰੇਮੀਆਂ ਦਾ ਮੁੱਲ ਮੋੜ ਦਿੱਤਾ। ਉੱਥੇ ਸਾਰੀਆਂ ਕਲੱਬਾਂ ਵੀ ਖੁਸ਼ ਹਨ ਕਿ ਪਹਿਲੇ ਟੂਰਨਾਮੈਂਟ 'ਤੇ ਦਰਸ਼ਕਾਂ ਦਾ ਐਨਾ ਇਕੱਠ ਹੋ ਗਿਆ, ਉਹਨਾਂ ਦੀ ਕੀਤੀ ਹੋਈ ਮਿਹਨਤ ਦਾ ਮੁੱਲ ਮੁੜ ਗਿਆ, ਜੇਕਰ ਇੱਦਾਂ ਵਧੀਆ ਪ੍ਰਬੰਧ ਰਹੇ ਤਾਂ ਦਰਸ਼ਕਾਂ ਦਾ ਇਕੱਠ ਹੋਰ ਵੀ ਵਧੀ ਜਾਵੇਗਾ। ਦਰਸ਼ਕਾਂ ਆਪ ਮੁਹਾਰੇ ਗਰਾਊਂਡ ਵੱਲ ਨੂੰ ਵਹੀਰਾਂ ਘੱਤੀ ਆਉਣਗੇ। ਏਸ ਪਹਿਲੇ ਟੂਰਨਾਮੈਂਟ 'ਤੇ ਇੱਕ ਹੋਰ ਵੀ ਨਵੀਂ ਗੱਲ ਹੋਈ ਪਹਿਲੇ ਟੂਰਨਾਮੈਂਟ 'ਤੇ 600 ਪੌਂਡ ਦਾ ਐਤਕੀ ਜੱਫਾ ਲੱਗ ਗਿਆ।

ਬੇਸ਼ੱਕ ਕੁਝ ਕਲੱਬਾਂ ਦੀ ਖਹਿ ਬਾਜ਼ੀ ਕਰਕੇ ਕਈ ਸਾਲ ਕਬੱਡੀ ਨੂੰ ਨਜ਼ਰ ਲੱਗੀ ਰਹੀ, ਉੱਤੋਂ ਕਰੋਨਾ ਦੀ ਮਾਰ ਪੈ ਗਈ, ਪਰ ਪਿਛਲੇ ਤਿੰਨ ਕੁ ਸਾਲਾਂ 'ਤੋਂ ਮੁੜ ਕਲੱਬਾਂ ਨੇ ਸਿਰ ਜੋੜੇ, ਮੁੜ ਉਹਨਾਂ ਚੀਜ਼ਾਂ ਤੋਂ ਉੱਪਰ ਉੱਠ ਕੇ ਕਬੱਡੀ ਪਹਿਲਾਂ ਵਾਂਗ ਪੈਰਾਂ 'ਤੇ ਲੈ ਆਦੀ ਆ। ਸਾਰੀਆਂ ਕਲੱਬਾਂ ਦੀ ਕੀਤੀ ਮਿਹਨਤ ਰੰਗ ਲਿਆਈ। ਕਲੱਬਾਂ ਨੇ ਇਕ ਨਵੀਂ ਪਿਰਤ ਪਿਛਲੇ ਤੋਂ ਪਾਈ ਆ, ਕਬੱਡੀ ਲਾਈਵ ਟੈਲੀ 'ਤੇ ਦਿਖਾਈ ਜਾਂਦੀ ਆ, ਜਿਹੜੇ ਬਜ਼ੁਰਗ ਜਾਂ ਦੁਨੀਆ ਭਰ ਵਿੱਚ ਬੈਠੇ ਖੇਡ ਪ੍ਰੇਮੀ ਘਰ ਬੈਠੇ ਚਲਦੇ ਮੈਚਾਂ ਦਾ ਨਜ਼ਾਰਾ ਲੈ ਸਕਦੇ ਨੇ।

ਅੱਜ ਭਾਵੇਂ ਬਹੁਤ ਸਾਰੇ ਰੇਡੀਓ, ਟੈਲੀਵੀਜ਼ਨ, ਪੱਤਰਕਾਰ, ਇਹ ਰੌਲਾ ਪਾਉਂਦੇ ਨੇ 'ਹਾਏ ਪੰਜਾਬ ਨਸਿਆਂ ਨੇ ਖਾ ਲਿਆ 'ਪਰ ਪੰਜਾਬ 'ਤੋਂ ਆਏ ਇਹਨਾਂ ਖਿਡਾਰੀਆਂ ਵੱਲ ਵੇਖ ਕੇ ਪੂਰਾ ਸੱਚ ਨੀ ਲੱਗਦਾ 'ਨਾਲੇ ਜਿਹਨਾਂ ਨੇ ਟਹਿਕਣਾ ਹੁੰਦਾ ਉਹ ਕੱਲਰਾਂ ਵਿੱਚ ਵੀ ਗੁਲਾਬ ਦਾ ਫੁੱਲ ਬਣਕੇ ਟਹਿਕ ਪੈਂਦੇ ਨੇ।

ਭਾਵੇਂ ਪੰਜਾਬੀਆਂ ਵਾਰੇ ਇਹ ਵੀ ਧਾਰਨਾ ਹੈ, ਇਹ ਇਤਿਹਾਸ ਬਣਾ ਤਾਂ ਲੈਂਦੇ ਨੇ, ਪਰ ਲਿਖਦੇ ਨਹੀਂ, ਪਰ ਸੋਹਣ ਚੀਮੇ ਨੇ ਇਹ ਵੀ ਧਾਰਨਾ ਤੋੜ ਦਿੱਤੀ ਆ, ਜਦੋਂ 'ਤੋਂ ਕਬੱਡੀ ਸ਼ੁਰੂ ਹੋਈ ਆ, ਉਦੋਂ ਤੋਂ ਲੈ ਕੇ ਹੁਣ ਤੱਕ "ਕਬੱਡੀ ਦਾ ਪੰਜਾਹ ਸਾਲ ਦਾ ਇਤਿਹਾਸ" ਨਾ ਦੀ ਕਿਤਾਬ ਲਿਖੀ ਆ। ਉੱਦਾ ਵੀ ਸਮੇਂ ਸਮੇਂ ਕਬੱਡੀ ਵਾਰੇ ਸੋਹਣ ਚੀਮਾ ਲੇਖ ਲਿਖਦਾ ਰਹਿਆ।

ਆਓ ਆਪਾਂ ਸਾਰੇ ਰਲਕੇ ਦੁਆ ਕਰੀਏ, ਐਤਕੀਂ ਦਾ ਕਬੱਡੀ ਦਾ ਸੀਜ਼ਨ, ਲੜਾਈ ਝਗੜੇ, ਨਸਿਆਂ ਤੋਂ, ਮੀਂਹ ਕਣੀ, ਤੋਂ ਰਹਿਤ ਮਹਾ ਕੁੰਭ ਹੋ ਨਿਬੜੇ।

# Let's follow the teachings of Guru Nanak Dev ji

**Iqbal Singh Lalpura**
**9780003333**



A person can be an asset or a liability to society or an organization. When one tries to use the organization for personal gain, they become a liability. Conversely, when an individual contributes their experience, time, and resources, they become an asset. The Sikh Gurus, from Guru Nanak to Guru Gobind Singh, never promoted a priestly class; instead, they condemned such practices, stating that they lead to societal destruction.

As Guru Nanak Dev ji explains in the Dhanasari Mehla 1 of the Guru Granth Sahib:

ਕਾਇਆ ਕਾਗਦੁ ਮਨੁ ਪਰਵਾਣਾ ॥

Kaaeiaa Kaagadh Man Paravaanaa ||

The body is the paper, and the mind is the inscription written upon it.


(including the rest of the Gurbani quote)

ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

Jis Sir Dharageh Kaa Neesaan ||4||5||7||

Upon his forehead is the Insignia of the Court of the Lord. ||4||5||7||

The Gurus aimed to transform ordinary humans into enlightened beings, not to create a priestly class. In Sikhism, there is no room for priests to perform rituals. The emergence of a priestly class within the Nirmal Panth deviates from the original vision of the Gurus. It's crucial to discuss how the Nirmal Panth can return to its roots, focusing on spreading the true teachings of Gurbani.



Maintaining historical places and propagating religion are distinct issues. As rituals are not approved by the Gurus, no priests are needed. Instead, Sikhs should be trained to read, recite, and sing Gurbani, as well as perform Ardas on all occasions in life, embodying the spirit of service and devotion.

Let's not get entangled in controversies surrounding the top historical and religious places of Sikhs, including how decisions are made and altered to suit those in power. Instead, individuals who wish to see the progress of Sikhism should focus on discussing ways to promote our glorious religion. Let's work together to find a path forward that aligns with the teachings of our Gurus and fosters spiritual growth and community development."

# ਗੜਗੱਜ ਦੀ ਗੂੰਜ ਪਿੱਛੇ ਖਦਸ਼ੇ, ਅੰਦੇਸੇ ਅਤੇ ਭਰੋਸੇ !

**ਤਰਲੋਚਨ ਸਿੰਘ ਦੁਪਾਲ ਪੁਰ**
ਸਾਬਕਾ ਮੈਂਬਰ
ਸ਼੍ਰੋਮਣੀ ਗੁਰਦੁਆਰਾ
ਪ੍ਰਬੰਧਕ ਕਮੇਟੀ
78146-92724
tsdupalpuri@yahoo.com



ਸਿਆਸਤ, ਜੋ ਕਿ ਸਾਡੇ ਧਰਮ ਅਸਥਾਨਾਂ ਖਾਸ ਕਰਕੇ ਪੰਥਕ ਕੇਂਦਰ ਉੱਤੇ ਪੀਲ਼ੀ ਵੇਲ ਵਾਂਗ ਛਾਈ ਹੋਈ ਹੈ,ਬਾਰੇ ਦੁਸ਼ਿਅੰਤ ਕੁਮਾਰ ਦਾ ਇਕ ਸ਼ਿਅਰ ਹੈ-

'ਮਸਹਲਤ ਆਮੇਜ਼ ਹੂਆ ਕਰਤੇ ਹੈਂ
ਸਿਯਾਸਤ ਕੇ ਕਦਮ
ਤੂ ਕਯਾ ਸਮਝੇ ਗਾ
ਸਿਯਾਸਤ ਤੂ ਤੋ ਇਨਸਾਨ ਹੈ !'

'ਭਰਦਾਨ' ਜੁੰਡਲੀ ਦੀਆਂ ਸਿਆਸੀ ਮਸਹਲਤਾਂ ਨੂੰ ਮੁੱਖ ਰੱਖ ਕੇ ਅੱਧੀ ਰਾਤ ਨੂੰ ਥਾਪੇ (ਜਾਂ ਥੋਪ---) ਹੋਏ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੜਗੱਜ ਨੇ ਬੀਤੇ ਦਿਨੀਂ, ਪਹਿਲੋਂ ਹੀ ਪੰਥ ਵਿਚ ਮਾਣ ਸਨਮਾਨ ਰੱਖਣ ਵਾਲੇ ਭਾਈ ਸਾਹਿਬ ਨੂੰ ਸਨਮਾਨਿਤ, ਕਿਸੇ ਨੂੰ ਦੋਸ਼-ਮੁਕਤ ਅਤੇ ਕਿਸੇ ਨੂੰ ਪੇਸ਼ ਹੋਣ ਦੇ ਜੋ ਆਦੇਸ਼ ਦਿੱਤੇ ਹਨ ਉਨ੍ਹਾਂ ਬਾਰੇ ਇਕ ਬਜ਼ੁਰਗ ਅਕਾਲੀ ਦਾ ਕਹਿਣਾ ਹੈ ਕਿ ਇਹ ਸਾਰਾ ਕੁੱਝ-

'ਗਾਨੀ ਵਾਲ਼ੇ ਤੋਤੇ
ਉਹ ਦੁਹਰਾਈ ਜਾਵਣ,
ਜੋ ਕੁੱਝ ਬੋਲਣ ਰਾਜ ਭਵਨ ਦੇ
ਸੀਲ ਕਬੂਤਰ।'

ਵਾਲੇ ਸ਼ਿਅਰ ਵਾਂਗ ਉੱਤੋਂ ਹੀ ਜਾਰੀ ਗਿਣੇ-ਮਿੱਥੇ ਏਜੰਡੇ ਅਨੁਸਾਰ ਹੋਇਆ ਹੈ ! ਬਜ਼ੁਰਗ ਕਹਿੰਦੇ ਅਸਲ ਵਿਚ ਇਹ 'ਸਹੇ ਦੀ ਨਹੀਂ ਮੈਨੂੰ ਪਹੇ ਦੀ ਚਿੰਤਾ' ਵਾਲ਼ੀ ਕਹਾਣੀ ਦੀ ਨਿਆਈਂ, ਭਾਈ ਗੜਗੱਜ ਪਾਸੋਂ ਪੰਥਕ ਪਿੜ ਵਿੱਚ 'ਸਹਿਆ' ਭਜਾਇਆ ਗਿਆ ਹੈ, ਇਹ ਸੋਚ ਕੇ ਕਿ 'ਗੜਗੱਜ ਦੀ ਗੂੰਜ' ਵਿਚ ਅਵੇਸਲ਼ਾ ਹੋਇਆ ਪੰਥ, ਭੱਜੇ ਹੋਏ ਸਹੇ ਦੀ ਪੈੜ ਨੂੰ ਅਣਗੌਲ਼ਿਆ ਕਰ ਦੇਵੇ ਗਾ ! ਫਿਰ ਮਗਰੋਂ ਬਣੇ ਹੋਏ 'ਪਹੇ' ਉੱਤੋਂ ਮਾਲਕ ਵਲੋਂ ਮਨਮਰਜੀ ਦੇ 'ਆਦੇਸ਼ਾਂ ਅਤੇ ਸੰਦੇਸ਼ਾਂ' ਦਾ ਰਾਹ ਖੁੱਲ੍ਹ ਜਾਵੇ ਗਾ !

ਬਸ ਫਿਰ ਮੌਕਾ ਤਾੜ ਕੇ ਹੁਣ ਸਾਰੇ ਪੰਜਾਬ ਵਿਚ ਭਰਪੂਰ ਹਮਾਇਤ ਪ੍ਰਾਪਤ ਕਰ ਰਹੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਜੋਸ਼ੋ-ਖਰੋਸ਼ ਉੱਤੇ ਪਾਣੀ ਫੇਰਨ ਲਈ ਹੁਕਮਨਾਮਾ ਜਾਰੀ ਕਰਵਾਇਆ ਜਾਵੇ ਗਾ ! ਕਿ ਤਖਤ ਸਾਹਿਬ ਤੋਂ ਇਸ ਭਰਤੀ ਨੂੰ ਕੋਈ ਮਾਨਤਾ ਨਹੀਂ !!

ਅਖੇ ਡੁੱਬਦੇ ਨੂੰ ਤਿਨਕੇ ਦਾ ਸਹਾਰਾ ! ਗੜਗੱਜ ਜੀ ਨੇ ਇਕ ਤਾਂ ਦੋ ਦਸੰਬਰ ਦੇ ਹੁਕਮਨਾਮਿਆਂ ਵਿਰੁੱਧ ਬੋਲ ਕੇ ਭਰਦਾਨ ਜੀ ਦੀਆਂ 'ਖੁਸ਼ੀਆਂ' ਪ੍ਰਾਪਤ ਕਰਨ ਵਾਲ਼ੇ 'ਗੌਹਰ' ਦਾ ਮੁੱਲ ਮੋੜਦਿਆਂ ਉਹਨੂੰ ਜਥੇਦਾਰੀ ਦੇ ਰਾਹੇ ਪਾ ਦਿਤਾ। ਭਾਵੇਂ ਇਸਦੀ ਵਜਾਹ ਇਤਹਾਸ ਵਿਚ ਪਹਿਲੀ ਵਾਰ ਦੋ ਤਖਤਾਂ ਵਿਚ ਟਕਰਾ ਦੀ ਸਥਿਤੀ ਬਣ ਗਈ ਹੈ। ਦੂਜਾ ਬਾਬੇ ਧੁੰਮੇ ਦੀ ਜਗਾਹ ਪ੍ਰਚਾਰ ਤੇਜ ਕਰਨ ਦੇ ਨਾਂ 'ਤੇ ਇਕ 'ਹੋਰ ਬਾਬਾ' ਪਤਿਆ ਲਿਆ ਐ !!



ਗੜਗੱਜ ਜੀ ਤੋਂ ਪਹਿਲੇ ਜਥੇਦਾਰ ਤਾਂ ਸੌਦੇ ਸਾਧ ਦੇ ਮਾਫੀ-ਕਾਂਡ ਵਾਲ਼ੇ ਭਾਈ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਵਲੋਂ ਆਏ ਸਪਸ਼ਟੀਕਰਨਾਂ ਤੋਂ ਸੰਤੁਸ਼ਟ ਨਹੀਂ ਸਨ ਅਤੇ ਉਨ੍ਹਾਂ ਨੇ ਦੋਹਾਂ ਨੂੰ ਕੌਮ ਦੇ ਗੁਨਾਹਗਾਰ ਮੰਨਿਆਂ ਸੀ। ਪਰ ਸਮੁੱਚੇ ਪੰਥ ਵਲੋਂ ਹਾਲੇ ਅਪ੍ਰਵਾਣਿਤ ਜਥੇਦਾਰ ਗੜਗੱਜ ਨੇ ਗਿਆਨੀ ਗੁਰਮੁਖ ਸਿੰਘ ਨੂੰ 'ਤਨਖਾਹ ਦੀ ਸੇਵਾ' ਲਾ ਕੇ 'ਗੁਰਬਚਨ ਸਿੰਘ' ਲਈ ਵੀ ਦੋਸ਼-ਮੁਕਤ ਹੋਣ ਦਾ ਰਾਹ ਖੋਲ੍ਹ ਦਿੱਤਾ ਸਮਝੋ !

ਇੱਥੇ ਟੌਹੜਾ ਸਾਹਿਬ ਦੀ ਇਕ ਗੱਲ ਚੇਤੇ ਕਰਨੀ ਵੀ ਕੁਥਾਂਹ ਨਹੀਂ ਹੋਵੇ ਗੀ। ਪੱਤਰਕਾਰ ਹਮੀਰ ਸਿੰਘ ਕਹਿੰਦੇ ਇਕ ਵਾਰ ਟੌਹੜਾ ਸਾਹਬ 'ਤੇ ਕਿਸੇ ਪੱਤਰਕਾਰ ਨੇ ਗਿਲਾ ਕਰਦਿਆਂ ਕਿਹਾ ਕਿ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ 'ਕਮਜ਼ੋਰ' ਜਥੇਦਾਰ ਕਿਉਂ ਲਾ ਦਿੰਦੇ ਹੋ ? ਟੌਹੜਾ ਸਾਹਬ ਗੰਭੀਰ ਸੁਰ ਵਿਚ ਬੋਲੇ-'ਤਖਤ ਸਾਹਿਬ ਦੇ ਜਥੇਦਾਰ ਦੀ ਪਦ-ਪਦਵੀ ਦਾ ਅਉਰਾ ਏਡਾ ਭਾਰਾ-ਗੌਰਾ ਹੈ ਕਿ ਦੇਖਣ ਨੂੰ 'ਕਮਜ਼ੋਰ ਜਾਪਦਾ' ਕੋਈ ਜਥੇਦਾਰ ਜਦ ਇਸ ਅਸਥਾਨ ਦੀ ਇਤਹਾਸਿਕ ਪ੍ਰੌਭਤਾ ਨਾਲ਼ ਅੰਦਰੋਂ ਜੁੜ ਜਾਵੇ ਤਾਂ ਉਹ 'ਵੱਡਿਆਂ ਜਾਂ ਤਕੜਿਆਂ' ਦੇ ਵੀ ਵਲ਼-ਵਿੰਗ ਕੱਢਕੇ ਤੱਕਲ਼ੇ ਵਾਂਗ ਸਿੱਧੇ ਕਰ ਦਿੰਦਾ ਹੈ !

ਕਹਿਣ ਦਾ ਮਤਲਬ ਫਿਲਹਾਲ ਤਾਂ ਗਿਆਨੀ ਕੁਲਦੀਪ ਸਿੰਘ ਜੀ ਦੀ 'ਗੜਗੱਜ' ਭਰਦਾਨ ਵਲੋਂ 'ਤਜਵੀਜ਼-ਸ਼ੁਦਾ ਖੇਤਰ' ਤੱਕ ਗੂੰਜੀ ਜਾਂਦੀ ਹੈ ਪਰ ਜਿਸ ਦਿਨ ਇਸ ਜਥੇਦਾਰ ਉੱਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਬਖਸ਼ਿਸ਼ ਕਰ ਦਿੱਤੀ ਤਾਂ ਇਹ ਵੀ ਗਿਆਨੀ ਰਘਬੀਰ ਸਿੰਘ ਜਾਂ ਗਿਆਨੀ ਹਰਪ੍ਰੀਤ ਸਿੰਘ ਵਾਂਗ ਤਖਤ ਸਾਹਿਬ ਦੀ ਫਸੀਲ 'ਤੇ ਗਰਜ ਪੈਣਗੇ ! ਗੁਰੂ ਪਾਤਸ਼ਾਹ ਦੇ ਨਜ਼ਰੇ-ਕਰਮ ਉੱਤੇ ਭਰੋਸਾ ਰੱਖੀਏ ਅਤੇ ਮਹਾਰਾਜ ਅੱਗੇ ਅਰਦਾਸ ਵੀ ਕਰੀਏ !!

# ਜਨਰਲ ਸੁਬੇਗ ਸਿੰਘ ਦੀ ਸਿੱਖ ਪੰਥ ਵਿੱਚ ਅਹਿਮੀਅਤ ਤੇ ਸਿੱਖ ਘਲੂਘਾਰਾ ਜੂਨ 84


## ਵਿਸ਼ੇਸ਼ ਰਿਪੋਟ

ਜਨਰਲ ਸੁਬੇਗ ਸਿੰਘ ਦਾ ਨਾਮ ਭਾਰਤੀ ਫੌਜ ਦੀਆਂ ਇਤਿਹਾਸਕ ਜਿੱਤਾਂ ਅਤੇ ਸਿੱਖ ਕੌਮ ਦੇ ਸੰਘਰਸ਼ ਦੀਆਂ ਦਾਸਤਾਨਾਂ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ ਹੈ। ਉਸ ਦੀ ਜੀਵਨ-ਕਥਾ ਸਮਰਪਣ, ਬਹਾਦਰੀ, ਅਤੇ ਰਣਨੀਤਕ ਸੂਝ ਦੀ ਮਿਸਾਲ ਹੈ। ਸੁਬੇਗ ਸਿੰਘ ਦੀ ਰੂਹ ਵਿੱਚ ਸਿੱਖੀ ਦਾ ਜਜ਼ਬਾ, ਸਰਬੱਤ ਦਾ ਭਲਾ, ਅਤੇ ਸੱਚ ਦੀ ਰਾਖੀ ਦੀ ਲੋਅ ਜਗਦੀ ਸੀ। ਉਸ ਦਾ ਜੀਵਨ ਇੱਕ ਅਜਿਹੀ ਗਾਥਾ ਹੈ, ਜੋ ਜੰਗ ਦੇ ਮੈਦਾਨਾਂ ਦੀ ਗਰਜ ਨਾਲ ਸ਼ੁਰੂ ਹੋਈ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਸ਼ਹੀਦੀ ਦੇ ਰੰਗ ਵਿੱਚ ਰੰਗੀ ਗਈ।

ਸੁਬੇਗ ਸਿੰਘ ਦਾ ਜਨਮ 1925 ਵਿੱਚ ਪੰਜਾਬ ਦੇ ਜੋਗੀਆਂ ਪਿੰਡ (ਜਲੰਧਰ) ਵਿੱਚ ਇੱਕ ਸਿੱਖ ਪਰਿਵਾਰ ਵਿੱਚ ਹੋਇਆ। ਬਚਪਨ ਤੋਂ ਹੀ ਉਸ ਦੇ ਮਨ ਵਿੱਚ ਸਿੱਖੀ ਦੇ ਮੁੱਲ-ਸੱਚ, ਸੇਵਾ, ਅਤੇ ਨਿਆਂ-ਗੂੰਜਦੇ ਸਨ। ਉਸ ਦੀ ਸਿੱਖਿਆ ਅਤੇ ਸਰੀਰਕ ਸਮਰੱਥਾ ਨੇ ਉਸ ਨੂੰ ਫੌਜ ਵਿੱਚ ਜਾਣ ਦਾ ਸੁਪਨਾ ਦਿੱਤਾ। 1942 ਵਿੱਚ, 17 ਸਾਲ ਦੀ ਉਮਰ ਵਿੱਚ, ਉਸ ਨੇ ਕਿੰਗਜ਼ ਕਮਿਸ਼ਨ ਹਾਸਲ ਕਰਕੇ ਭਾਰਤੀ ਫੌਜ ਵਿੱਚ ਕਦਮ ਰੱਖਿਆ। ਉਸ ਦੀ ਬਹਾਦਰੀ ਦੀਆਂ ਗਾਥਾਵਾਂ ਦੂਜੇ ਵਿਸ਼ਵ ਯੁੱਧ ਦੇ ਮੈਦਾਨਾਂ ਤੋਂ ਸ਼ੁਰੂ ਹੋਈਆਂ, ਜਿੱਥੇ ਉਸ ਨੇ ਸਿੰਗਾਪੁਰ ਅਤੇ ਮਲਾਇਆ ਵਿੱਚ ਬ੍ਰਿਟਿਸ਼ ਫੋਰਸਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਕੀਤੀ। 1948 ਦੀ ਕਸ਼ਮੀਰ ਜੰਗ ਵਿੱਚ ਬ੍ਰਿਗੇਡੀਅਰ ਮੁਹੰਮਦ ਉਸਮਾਨ ਦੇ ਸਟਾਫ ਅਫਸਰ ਵਜੋਂ, 1962 ਦੀ ਭਾਰਤ-ਚੀਨ ਜੰਗ ਵਿੱਚ ਜ਼ਖਮੀ ਸਿਪਾਹੀਆਂ ਨੂੰ ਮੋਢਿਆਂ 'ਤੇ ਚੁੱਕ ਕੇ ਹਸਪਤਾਲ ਪਹੁੰਚਾਉਣ ਵਿੱਚ ਅਤੇ 1965 ਦੀ ਹਾਜੀਪੀਰ ਜੰਗ ਵਿੱਚ ਚਮਕਦਾਰ ਰਣਨੀਤੀ ਨਾਲ, ਸੁਬੇਗ ਸਿੰਘ ਮੇਜਰ ਜਨਰਲ ਦੇ ਅਹੁਦੇ ਤੱਕ ਪਹੁੰਚ ਗਏ। ਉਸ ਦੀ ਸੱਤ ਭਾਸ਼ਾਵਾਂ-ਪੰਜਾਬੀ, ਫਾਰਸੀ, ਉਰਦੂ, ਬੰਗਲਾ, ਗੋਰਖਾਲੀ, ਹਿੰਦੀ, ਅਤੇ ਅੰਗਰੇਜ਼ੀ-'ਤੇ ਮੁਹਾਰਤ, ਅਕਾਦਮਿਕ ਸੁਭਾਅ, ਅਤੇ ਸਰੀਰਕ ਸਮਰੱਥਾ (18 ਸਾਲ ਦੀ ਉਮਰ ਵਿੱਚ 100 ਮੀਟਰ ਦੌੜ ਦਾ ਰਿਕਾਰਡ ਤੋੜਨ ਵਾਲਾ ਐਥਲੀਟ) ਨੇ ਉਸ ਨੂੰ ਇੱਕ ਅਸਾਧਾਰਨ ਸ਼ਖਸੀਅਤ ਬਣਾਇਆ।

### ਮੁਕਤੀ ਬਾਹਿਨੀ ਦੀ ਸਿਖਲਾਈ

1971 ਦੀ ਜੰਗ ਵਿੱਚ ਸੁਬੇਗ ਸਿੰਘ ਦੀ ਅਹਿਮ ਭੂਮਿਕਾ1971 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਸੁਬੇਗ ਸਿੰਘ ਦੀ ਭੂਮਿਕਾ ਇੱਕ ਅਜਿਹੀ ਮਿਸਾਲ ਹੈ, ਜੋ ਰਣਨੀਤਕ ਸੂਝ ਅਤੇ ਸਮਰਪਣ ਦੀ ਗਵਾਹੀ ਦਿੰਦੀ ਹੈ। ਜਦੋਂ ਬੰਗਲਾਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਸ਼ੁਰੂ ਹੋਇਆ, ਭਾਰਤੀ ਫੌਜ ਦੇ ਮੁਖੀ ਸੈਮ ਮਾਨੇਕਸ਼ਾ ਨੇ ਸੁਬੇਗ ਸਿੰਘ ਨੂੰ ਦਿੱਲੀ ਬੁਲਾਇਆ। ਉਸ ਨੂੰ ਮੁਕਤੀ ਬਾਹਿਨੀ ਨੂੰ ਸਿਖਲਾਈ ਦੇਣ ਅਤੇ ਜਥੇਬੰਦ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਹ ਮਿਸ਼ਨ ਗੁਪਤ ਸੀ, ਕਿਉਂਕਿ ਭਾਰਤ ਨਹੀਂ ਚਾਹੁੰਦਾ ਸੀ ਕਿ ਅੰਤਰਰਾਸ਼ਟਰੀ ਪੱਧਰ 'ਤੇ ਇਸ ਦੀ ਭਿਣਕ ਪਵੇ। ਸੁਬੇਗ ਸਿੰਘ ਨੇ ਆਪਣਾ ਨਾਮ ਸੁਬੇਗ ਤੋਂ ਬੇਗ ਰੱਖਿਆ, ਵਾਲ ਕਟਵਾਏ, ਅਤੇ ਮੁਕਤੀ ਬਾਹਿਨੀ ਦੇ ਯੋਧਿਆਂ ਨੂੰ ਅਜਿਹੀ ਫੌਜੀ ਸਿਖਲਾਈ ਦਿੱਤੀ ਕਿ ਉਹ ਪਾਕਿਸਤਾਨੀ ਫੌਜ ਦੇ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹੋ ਸਕੇ। ਉਸ ਦੀਆਂ ਰਣਨੀਤੀਆਂ ਨੇ ਪਾਕਿਸਤਾਨੀ ਫੌਜ ਦੇ ਮਨੋਬਲ ਨੂੰ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਪੂਰਬੀ ਕਮਾਨ ਦੇ ਮੁਖੀ ਜਨਰਲ ਜਗਜੀਤ ਸਿੰਘ ਅਰੋੜਾ ਨੇ ਮੰਨਿਆ ਕਿ ਮੁਕਤੀ ਬਾਹਿਨੀ ਦੀ ਸਫਲਤਾ ਵਿੱਚ ਸੁਬੇਗ ਸਿੰਘ ਦੀ ਰਣਨੀਤੀ ਦਾ ਵੱਡਾ ਹੱਥ ਸੀ। ਉਸ ਨੇ ਮੇਜਰ ਜ਼ਿਆ-ਉਰ-ਰਹਿਮਾਨ ਅਤੇ ਮੁਹੰਮਦ ਮੁਸ਼ਤਕ ਵਰਗੇ ਯੋਧਿਆਂ ਨੂੰ ਸਿਖਲਾਈ ਦਿੱਤੀ, ਜੋ ਬਾਅਦ ਵਿੱਚ ਬੰਗਲਾਦੇਸ਼ ਦੇ ਰਾਸ਼ਟਰਪਤੀ ਅਤੇ ਫੌਜ ਮੁਖੀ ਬਣੇ। ਇਸ ਪ੍ਰਾਪਤੀ ਲਈ ਸੁਬੇਗ ਸਿੰਘ ਨੂੰ ਪਰਮ ਵਿਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ।




### ਸਿੱਖ ਘੱਲੂਘਾਰਾ ਜੂਨ 1984

ਸੁਬੇਗ ਸਿੰਘ ਦੇ ਵਿਦਰੋਹ ਦੀ ਜੜ੍ਹ ਸਰਕਾਰੀ ਅਨਿਆਂ ਵਿੱਚ ਸਮਾਈ ਸੀ। 1971 ਦੀ ਜੰਗ ਤੋਂ ਬਾਅਦ, ਜਦੋਂ ਉਸ ਨੂੰ ਬਰੇਲੀ ਵਿੱਚ ਤੈਨਾਤ ਕੀਤਾ ਗਿਆ, ਇੱਕ ਆਡਿਟ ਰਿਪੋਰਟ ਵਿੱਚ ਵਿੱਤੀ ਤਰੁੱਟੀਆਂ ਦਾ ਜ਼ਿਕਰ ਸਾਹਮਣੇ ਆਇਆ। ਸੁਬੇਗ ਸਿੰਘ ਨੇ ਇਸ ਦੀ ਜਾਂਚ ਦੀ ਕੋਸ਼ਿਸ਼ ਕੀਤੀ, ਜੋ ਫੌਜ ਦੇ ਉੱਚ ਅਧਿਕਾਰੀਆਂ ਨੂੰ ਪਸੰਦ ਨਹੀਂ ਆਈ। ਨਤੀਜੇ ਵਜੋਂ, 1976 ਵਿੱਚ, ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ, ਉਸ ਨੂੰ ਬਿਨਾਂ ਕੋਰਟ ਮਾਰਸ਼ਲ ਜਾਂ ਮੁਕੱਦਮੇ ਦੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਉਸ ਦੀ ਪੈਨਸ਼ਨ ਰੋਕੀ ਗਈ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ ਗਏ। ਇਸ ਅਨਿਆਂ ਨੇ ਸੁਬੇਗ ਸਿੰਘ ਦੇ ਮਨ ਵਿੱਚ ਸਰਕਾਰ ਪ੍ਰਤੀ ਗੁੱਸਾ ਅਤੇ ਨਿਰਾਸ਼ਾ ਪੈਦਾ ਕੀਤੀ। ਉਸ ਨੇ ਅਦਾਲਤ ਵਿੱਚ ਇਨ੍ਹਾਂ ਇਲਜ਼ਾਮਾਂ ਨੂੰ ਚੁਣੌਤੀ ਦਿੱਤੀ, ਜਿਸ ਨੇ ਉਸ ਨੂੰ ਨਿਰਦੋਸ਼ ਪਾਇਆ, ਪਰ ਸਰਕਾਰ ਨੇ ਉਸ ਦੀ ਪੈਨਸ਼ਨ ਵਾਪਸ ਨਹੀਂ ਕੀਤੀ। ਇਸ ਅਨਿਆਂ ਨੇ ਉਸ ਨੂੰ ਸੰਤ ਭਿੰਡਰਾਂਵਾਲੇ ਦੇ ਸੰਘਰਸ਼ ਨਾਲ ਜੋੜਿਆ, ਜਿਨ੍ਹਾਂ ਨੇ ਸਿੱਖ ਮਸਲਿਆਂ ਨੂੰ ਬੇਬਾਕੀ ਨਾਲ ਉਠਾਇਆ। 1980 ਦੇ ਦਹਾਕੇ ਵਿੱਚ ਪੰਜਾਬ ਦੀ ਅਸਥਿਰਤਾ ਅਤੇ ਸਿੱਖ ਮੰਗਾਂ ਦੀ ਅਣਦੇਖੀ ਨੇ ਸੁਬੇਗ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਣ ਲਈ ਪ੍ਰੇਰਿਤ ਕੀਤਾ। ਉਸ ਨੇ ਗੁਰੀਲਾ ਰਣਨੀਤੀ ਅਪਣਾਈ, ਜਿਸ ਵਿੱਚ ਮੋਰਚਾਬੰਦੀ, ਹਥਿਆਰਾਂ ਦੀ ਸਥਿਤੀ, ਅਤੇ ਰਣਨੀਤਕ ਯੋਜਨਾਬੰਦੀ ਸ਼ਾਮਲ ਸੀ।

ਸੀਨੀਅਰ ਪੱਤਰਕਾਰ ਸ਼ੇਖਰ ਗੁਪਤਾ ਨੇ 'ਇੰਡੀਅਨ ਐਕਸਪ੍ਰੈਸ' ਵਿੱਚ ਲਿਖਿਆ ਕਿ ਸੁਬੇਗ ਸਿੰਘ ਦੀ ਰਣਨੀਤੀ ਨੇ ਸ੍ਰੀ ਦਰਬਾਰ ਸਾਹਿਬ ਨੂੰ ਇੱਕ 'ਕਿਲਿੰਗ ਗਰਾਉਂਡ' ਵਿੱਚ ਬਦਲ ਦਿੱਤਾ, ਜਿੱਥੇ ਭਾਰਤੀ ਫੌਜ ਨੂੰ ਭਾਰੀ ਨੁਕਸਾਨ ਸਹਿਣਾ ਪਿਆ। ਸੁਬੇਗ ਸਿੰਘ ਅਤੇ ਸੰਤ ਭਿੰਡਰਾਂਵਾਲੇ ਦਾ ਸਬੰਧ ਸਿਰਫ ਸੈਨਿਕ ਰਣਨੀਤੀ ਤੱਕ ਸੀਮਤ ਨਹੀਂ ਸੀ। ਇਹ ਸਿੱਖ ਕੌਮ ਦੀ ਪਛਾਣ ਅਤੇ ਸਵੈਮਾਣ ਦੀ ਰਾਖੀ ਦੀ ਸਾਂਝੀ ਲੜਾਈ ਸੀ। ਸੰਤ ਭਿੰਡਰਾਂਵਾਲੇ ਨੇ ਸੁਬੇਗ ਸਿੰਘ ਦੀ ਸੈਨਿਕ ਸੂਝ ਅਤੇ ਸਮਰਪਣ ਦੀ ਸ਼ਲਾਘਾ ਕੀਤੀ। 5 ਜੂਨ 1984 ਨੂੰ, ਜਦੋਂ ਸੁਬੇਗ ਸਿੰਘ ਨੇ ਸ਼ਹੀਦੀ ਪਾਈ, ਉਸ ਦੀ ਲਾਸ਼ ਸ੍ਰੀ ਅਕਾਲ ਤਖਤ ਦੇ ਤਹਿਖਾਨੇ ਵਿੱਚ ਮਿਲੀ, ਹੱਥ ਵਿੱਚ ਕਾਰਬਾਈਨ ਅਤੇ ਨੇੜੇ ਵਾਕੀ-ਟਾਕੀ। ਸੰਤ ਭਿੰਡਰਾਂਵਾਲੇ ਨੇ ਉਸ ਦੀ ਅਰਦਾਸ ਕੀਤੀ ਅਤੇ ਲਾਸ਼ ਨੂੰ ਸਾਫ਼ ਕਰਕੇ ਤਹਿਖਾਨੇ ਵਿੱਚ ਰੱਖਿਆ, ਜਿੱਥੇ ਆਰਟਿਲਰੀ ਦੇ ਹਮਲੇ ਵਿੱਚ ਉਹ ਮਲਬੇ ਹੇਠ ਦੱਬ ਗਈ।

ਸੁਬੇਗ ਸਿੰਘ ਅਤੇ ਸੰਤ ਭਿੰਡਰਾਂਵਾਲੇ ਦੀ ਇਹ ਸਾਂਝ ਸਿੱਖੀ ਦੀ ਪਵਿੱਤਰਤਾ ਅਤੇ ਸੱਚ ਦੀ ਰਾਖੀ ਦੀ ਲੜਾਈ ਸੀ। ਉਨ੍ਹਾਂ ਦੀ ਸ਼ਹੀਦੀ ਨੇ ਸਿੱਖ ਕੌਮ ਦੇ ਮਨ ਵਿੱਚ ਇੱਕ ਅਮਰ ਮਿਸਾਲ ਕਾਇਮ ਕੀਤੀ, ਜੋ ਸੰਘਰਸ਼ ਅਤੇ ਨਿਆਂ ਦੀ ਲੜਾਈ ਦਾ ਪ੍ਰਤੀਕ ਬਣੀ।

# ਭਾਰਤੀ ਸਿੱਖ ਸ਼ਰਧਾਲੂਆਂ ਨੂੰ ਲਾਹੌਰ ਜਾਣ ਦੀ ਨਹੀਂ ਮਿਲੇਗੀ ਇਜਾਜ਼ਤ

## ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਉਣ 'ਤੇ ਪਾਬੰਦੀ ✪ ਪੰਥਕ ਜਥੇਬੰਦੀਆਂ ਵਿਚ ਰੋਸ

ਅੰਮ੍ਰਿਤਸਰ-ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਮੱਦੇਨਜ਼ਰ ਇਸ ਵਾਰ ਭਾਰਤ ਦੀਆਂ ਸਿੱਖ ਸੰਗਤਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਾ ਕੇ ਨਹੀਂ ਮਨਾ ਸਕਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਥੇ ਨੂੰ ਪਾਕਿਸਤਾਨ ਭੇਜਣ ਲਈ ਵੀਜ਼ਾ ਪ੍ਰਕਿਰਿਆ ਸ਼ੁਰੂ ਹੀ ਨਹੀਂ ਹੋ ਸਕੀ, ਜਿਸ ਕਾਰਨ ਸੰਗਤਾਂ ਵਿੱਚ ਨਿਰਾਸ਼ਾ ਦੀ ਲਹਿਰ ਹੈ।


ਸ਼੍ਰੋਮਣੀ ਕਮੇਟੀ ਵੱਲੋਂ ਸੋਧਿਆ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 30 ਮਈ ਨੂੰ ਮਨਾਇਆ ਜਾਵੇਗਾ, ਜਦਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਇਹ ਸ਼ਹੀਦੀ ਪੁਰਬ ਮਨਾਉਣ ਦੀ ਤਿਆਰੀ ਕਰ ਰਹੀ ਹੈ। ਇਸ ਵਾਰ ਸੰਗਤਾਂ ਦੇ ਪਾਕਿਸਤਾਨ ਜਾਣ 'ਤੇ ਪਾਬੰਦੀ ਕਾਰਨ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਅੰਮ੍ਰਿਤਸਰ ਵਿਖੇ 30 ਮਈ ਨੂੰ ਸ਼ਹੀਦੀ ਪੁਰਬ ਨੂੰ ਸ਼ਰਧਾ ਨਾਲ ਮਨਾਉਣ ਦਾ ਐਲਾਨ ਕੀਤਾ ਹੈ।

ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਦਾ ਪ੍ਰਤੀਕਰਮ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ਦੇ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਇਹ ਫੈਸਲਾ ਮੰਦਭਾਗਾ ਹੈ। ਪਹਿਲਾਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 788 ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ ਦੀ ਘਟਨਾ ਨੂੰ ਯਾਦ ਕਰਦਿਆਂ ਧਾਮੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਅਜਿਹੀਆਂ ਪਾਬੰਦੀਆਂ ਨੂੰ ਹਟਾਉਣ ਲਈ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ। ਹਾਲਾਂਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਸਬੰਧੀ ਚਿੰਤਾਵਾਂ ਵਧੀਆਂ ਹਨ, ਪਰ ਸਿੱਖ ਆਗੂਆਂ ਅਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਹਾਲਾਤ ਹੁਣ ਸ਼ਾਂਤ ਹਨ ਅਤੇ ਸਿੱਖ ਸ਼ਰਧਾਲੂਆਂ ਨੂੰ ਧਾਰਮਿਕ ਯਾਤਰਾ 'ਤੇ ਜਾਣ ਦੀ ਇਜਾਜ਼ਤ ਦੇਣੀ ਚਾਹੀਦੀ। ਸਿੱਖ ਇਤਿਹਾਸਕ ਅਸਥਾਨਾਂ, ਖਾਸ ਕਰਕੇ ਗੁਰਦੁਆਰਾ ਡੇਹਰਾ ਸਾਹਿਬ, ਦਾ ਸਿੱਖ ਪੰਥ ਵਿੱਚ ਵਿਸ਼ੇਸ਼ ਮਹੱਤਵ ਹੈ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਪੰਥਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਿੱਖ ਸੰਗਤਾਂ ਦੀ ਯਾਤਰਾ ਸਿਰਫ਼ ਧਾਰਮਿਕ ਮਕਸਦ ਲਈ ਹੈ ਅਤੇ ਸੁਰੱਖਿਆ ਦੇ ਨਾਂ 'ਤੇ ਇਸ 'ਤੇ ਪਾਬੰਦੀ ਲਗਾਉਣਾ ਗੈਰ-ਜਾਇਜ਼ ਹੈ। ਇਸ ਦੇ ਨਾਲ ਹੀ, ਕੁਝ ਵਿਦਵਾਨਾਂ ਨੇ ਸੁਝਾਅ ਦਿੱਤਾ ਹੈ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ 1974 ਦੇ ਭਾਰਤ-ਪਾਕਿਸਤਾਨ ਪ੍ਰੋਟੋਕੋਲ ਦੀ ਪਾਲਣਾ ਕਰਦਿਆਂ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਸਰਲ ਕਰਨਾ ਚਾਹੀਦਾ, ਤਾਂ ਜੋ ਸੰਗਤਾਂ ਨੂੰ ਆਪਣੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਸਕੇ।

ਸਿੱਖ ਆਗੂਆਂ ਨੇ ਮੰਗ ਕੀਤੀ ਹੈ ਕਿ ਸਰਕਾਰਾਂ ਨੂੰ ਸਿੱਖਾਂ ਦੀਆਂ ਧਾਰਮਿਕ ਅਜ਼ਾਦੀਆਂ ਦਾ ਸਤਿਕਾਰ ਕਰਦਿਆਂ ਅਜਿਹੀਆਂ ਪਾਬੰਦੀਆਂ ਨੂੰ ਹਟਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ।

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਅੰਦਰ ਇਕ ਇਨਕਲਾਬੀ ਮੋੜ ਸੀ। ਇਸ ਸ਼ਹਾਦਤ ਨੇ ਜਿੱਥੇ ਧਾਰਮਿਕ ਕੱਟੜਤਾ ਦੇ ਨਾਂ 'ਤੇ ਮਨੁੱਖੀ ਅੱਤਿਆਚਾਰ ਦੀ ਪ੍ਰਵਿਰਤੀ ਨੂੰ ਸਿਖਰਲੀ ਚੁਣੌਤੀ ਦਿੱਤੀ, ਉਥੇ ਹੀ ਮਾਨਵਤਾ ਨੂੰ ਜਬਰ ਦੇ ਮੁਕਾਬਲੇ ਲਈ ਭੈਅ ਮੁਕਤ ਵੀ ਕੀਤਾ। ਸਿੱਖ ਇਤਿਹਾਸ ਅੰਦਰ ਪੰਜਵੇਂ ਗੁਰੂ ਦੀ ਸ਼ਹਾਦਤ ਇਕ ਕ੍ਰਾਂਤੀਕਾਰੀ ਪੰਨੇ ਵਜੋਂ ਅੰਕਿਤ ਹੈ, ਜਿਸ ਦੀ ਪ੍ਰੇਰਣਾ ਅੱਜ ਵੀ ਹਰ ਸਿੱਖ ਲਈ ਰਾਹ-ਦਸੇਰਾ ਹੈ।

ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ ਅਤੇ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹਿਲ ਦੀਆਂ ਨੀਹਾਂ ਇੰਨੀਆਂ ਪੱਕੀਆਂ ਤੇ ਮਜ਼ਬੂਤ ਕਰ ਦਿੱਤੀਆਂ ਕਿ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ।

ਇਸ ਪਾਵਨ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਹੱਕ-ਸੱਚ ਖ਼ਾਤਰ ਕੁਰਬਾਨ ਹੋਣ ਦੀ ਅਜਿਹੀ ਜਾਚ ਸਿਖਾਈ ਕਿ ਉਨ੍ਹਾਂ ਨੇ ਸ਼ਹਾਦਤਾਂ ਦੀ ਇਕ ਲੰਮੀ ਲੜੀ ਸਿਰਜ ਦਿੱਤੀ। ਸ਼ਹਾਦਤਾਂ ਦੀ ਇਹ ਲੜੀ ਸਿੱਖ ਇਤਿਹਾਸ ਦਾ ਹਾਸਲ ਹੈ।

ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਕਿਸੇ ਉਚੇ-ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਕੁਰਬਾਨੀ ਦੇਣ ਵਾਲਾ ਸ਼ਹੀਦ ਅਖਵਾਉਂਦਾ ਹੈ। ਸਿੱਖੀ ਅੰਦਰ 'ਸ਼ਹਾਦਤ' ਸ਼ਬਦ ਦੀ ਵਰਤੋਂ ਸੱਚ ਦੀ ਆਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਕੀਤੀ ਜਾਂਦੀ ਹੈ ਅਤੇ ਇਹ ਗਵਾਹੀ ਕੋਈ ਆਮ ਨਹੀਂ, ਸਗੋਂ ਸਮਾਜਕ ਪਰਪੇਖ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਭਰਪੂਰ ਹੈ।

ਸ਼ਹਾਦਤ ਹਮੇਸ਼ਾਂ ਸੱਚ ਵਾਸਤੇ ਹੁੰਦੀ ਹੈ, ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੈ। ਸਿੱਖ ਧਰਮ ਵਿਚ ਸੱਚ 'ਤੇ ਚੱਲਣ ਅਤੇ ਸੱਚ ਖਾਤਰ ਲੋੜ ਪੈਣ 'ਤੇ ਸ਼ਹਾਦਤ ਦੇਣ ਦਾ ਮਾਰਗ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ। ਉਨ੍ਹਾਂ ਹੁਕਮ ਕੀਤਾ:


ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਗੁਰੂ ਗ੍ਰੰਥ ਸਾਹਿਬ, ਅੰਗ-1412)

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪਹਿਲੇ ਪਾਤਸ਼ਾਹ ਵੱਲੋਂ ਦਰਸਾਏ ਇਸ ਮਾਰਗ ਨੂੰ ਹੋਰ ਪੱਕਿਆਂ ਕੀਤਾ। ਪੰਜਵੇਂ ਪਾਤਸ਼ਾਹ ਦਾ ਸਾਰਾ ਜੀਵਨ ਪਰਉਪਕਾਰ ਤੇ ਉਚੇ ਆਦਰਸ਼ਾਂ ਲਈ ਬਤੀਤ ਹੋਇਆ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਪਹਿਲੀ ਤੇ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਤੇ ਬੇਮਿਸਾਲ ਹੈ। ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨ ਜਹਾਂਗੀਰ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਪੰਜਵੇਂ ਪਾਤਸ਼ਾਹ ਦੇ ਦਿਨੋਂ-ਦਿਨ ਵਧ ਰਹੇ ਤੇਜ ਪ੍ਰਤਾਪ ਨੂੰ ਬਰਦਾਸ਼ਤ ਕਰਨਾ ਤੁਅੱਸਬੀ ਬਾਦਸ਼ਾਹ ਤੇ ਕੱਟੜਪੰਥੀ ਠੇਕੇਦਾਰਾਂ ਲਈ ਮੁਸ਼ਕਲ ਹੋ ਚੁੱਕਾ ਸੀ। ਪੰਜਵੇਂ ਪਾਤਸ਼ਾਹ ਦੇ ਚੜ੍ਹਦੀ ਕਲਾ, ਬੇਬਾਕ ਬਿਆਨ ਤੇ ਨਿਧੜਕ ਐਲਾਨ ਜਿਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦਾ ਨਿਆਰਾਪਨ, ਕਥਨੀ-ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੇ ਅੱਗੇ ਵਧਣ ਦਾ ਸੂਚਕ ਸੀ, ਉਥੇ ਕਰਮਕਾਂਡੀ ਤੁਅੱਸਬੀ ਸ਼ਕਤੀਆਂ ਨੂੰ ਭਾਰੀ ਚੁਣੌਤੀ ਸੀ। ਗੁਰੂ ਘਰ ਪ੍ਰਤੀ ਸੰਗਤ ਵਿਚ ਵਧ ਰਹੀ ਸ਼ਰਧਾ ਬਾਰੇ ਸੁਣਨਾ ਹਾਕਮਾਂ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਸੀ।

ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ ਵਿਚ ਸੀ ਕਿ ਉਸ ਨੂੰ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖਤਮ ਕਰ ਦੇਵੇ ਤੇ ਸਿੱਖਾਂ ਦੇ ਗੁਰੂ ਅਰਜਨ ਦੇਵ ਜੀ ਨੂੰ ਜਾਂ ਤਾਂ ਮੁਸਲਮਾਨ ਬਣਾ ਦੇਵੇ ਜਾਂ ਸ਼ਹੀਦ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ 'ਤੁਜ਼ਕੇ ਜਹਾਂਗੀਰੀ' ਵਿਚ ਵੀ ਕਰਦਾ ਹੈ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਜੋ ਉਸ ਨੂੰ ਖੁਸਰੋ ਦੀ ਬਗਾਵਤ 'ਚੋਂ ਮਿਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਸਹਾਇਕ ਬਣੇ।

ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ, ਜਿਸ ਤੋਂ ਭਾਵ ਹੈ ਤਸੀਹੇ ਦੇ ਕੇ ਮਾਰਨਾ। ਇਸ ਤਰ੍ਹਾਂ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਨੂੰ ਸ਼ਹੀਦ ਕਰਨ ਸਮੇਂ ਕਈ ਤਰ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ। ਜ਼ਾਲਿਮਾਂ ਵੱਲੋਂ ਭਰ ਗਰਮੀ ਦੇ ਮੌਸਮ ਵਿਚ ਗੁਰੂ ਸਾਹਿਬ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਤੱਤੀ ਤਵੀ 'ਤੇ ਚੌਂਕੜਾ ਲਵਾਇਆ ਗਿਆ ਅਤੇ ਪਾਵਨ ਸੀਸ 'ਤੇ ਸੜਦੀ-ਬਲ਼ਦੀ ਰੇਤਾ ਪਾਈ ਗਈ। ਸਭ ਸਰੀਰਕ ਕਸ਼ਟਾਂ ਨੂੰ ਬੜੇ ਸਹਿਜ ਵਿਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਗੁਰੂ ਸਾਹਿਬ ਅਡੋਲ ਰਹੇ। ਇਸ ਤਰ੍ਹਾਂ ਅਨੇਕਾਂ ਤਸੀਹੇ ਦੇ ਕੇ ਸੰਨ 1606 ਈ: ਵਿਚ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਹਾਦਤ ਵਾਲੇ ਸਥਾਨ 'ਤੇ ਰਾਵੀ ਕੰਢੇ ਲਾਹੌਰ ਵਿੱਚ ਗੁਰਦੁਆਰਾ ਡੇਰਾ ਸਾਹਿਬ ਸਥਿਤ ਹੈ।



ਇਸ ਸ਼ਹਾਦਤ ਨੇ ਸਿੱਖ ਕੌਮ ਵਿਚ ਜਬਰ ਵਿਰੁੱਧ ਬਗਾਵਤ ਦਾ ਜੋਸ਼ ਭਰ ਦਿੱਤਾ। ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ 'ਅਕਾਲ ਤਖ਼ਤ' ਰਚਿਆ। ਛੇਵੇਂ ਪਾਤਸ਼ਾਹ ਵੱਲੋਂ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣਾ, ਸ਼ਸਤਰ ਇਕੱਠੇ ਕਰਨਾ, ਕਿਲ੍ਹੇ ਬਣਵਾਉਣਾ, ਸ਼ਾਹੀ ਫ਼ੌਜ ਦਾ ਡੱਟ ਕੇ ਟਾਕਰਾ ਕਰਨਾ, ਉਨ੍ਹਾਂ ਨੂੰ ਕਰਾਰੀ ਹਾਰ ਦੇਣਾ, ਸੰਤ ਸਿਪਾਹੀ ਬਣਾਉਣਾ, ਇਸ ਸ਼ਹਾਦਤ ਦੇ ਫਲਸਰੂਪ ਹੀ ਅਮਲ ਵਿਚ ਆਏ ਸਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਸਾਡੇ ਲਈ ਰਾਹ ਦਸੇਰਾ ਹੈ, ਜਿਸ 'ਤੇ ਚੱਲ ਕੇ ਧਰਮ ਦੇ ਸੁਨਹਿਰੀ ਅਸੂਲਾਂ ਦੀ ਖ਼ਾਤਰ ਜਬਰ-ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ ਹੈ। ਸੱਚ ਦੀ ਖ਼ਾਤਰ ਸੰਘਰਸ਼ਸ਼ੀਲ ਰਹਿਣਾ ਹੈ ਅਤੇ ਝੂਠ, ਅਨਿਆਂ ਆਦਿ ਦੀ ਜੜ੍ਹ ਪੁੱਟਣ ਲਈ ਕਦੇ ਵੀ ਪਿੱਛੇ ਨਹੀਂ ਹਟਣਾ।

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ★ ਖਿੜ ਖਿੜ ਹੱਸੋ ★

2 ਸਿੱਧੇ-ਸਾਦੇ ਪੇਂਡੂ ਅੱਤਵਾਦੀਆਂ 'ਚ ਸ਼ਾਮਲ ਹੋ ਗਏ। ਉਨ੍ਹਾਂ 'ਚੋਂ ਇਕ ਦੀ ਡਿਊਟੀ ਇਕ ਬੱਸ 'ਚ ਬੰਬ ਫਿਟ ਕਰਨ ਦੀ ਲਗਾਈ ਗਈ। ਉਹ ਬੰਬ ਫਿਟ ਕਰਨ ਚੱਲਿਆ ਤਾਂ ਉਸ ਦੇ ਸਾਥੀ ਨੇ ਪੁੱਛਿਆ, "ਜੇ ਫਿਟ ਕਰਨ ਵੇਲੇ ਬੰਬ ਫਟ ਗਿਆ ਤਾਂ ਕੀ ਹੋਵੇਗਾ?"

ਪਹਿਲਾ ਲਾਪ੍ਰਵਾਹੀ ਨਾਲ ਬੋਲਿਆ, "ਇਸ ਵਿਚ ਫਿਕਰ ਵਾਲੀ ਕੋਈ ਗੱਲ ਨਹੀਂ, ਮੇਰੇ ਕੋਲ ਇਕ ਹੋਰ ਬੰਬ ਵੀ ਹੈ।"

★ ★ ★

2 ਪੇਂਡੂ ਸ਼ਹਿਰ ਦੇ ਬੈਂਕ 'ਚ ਗਏ। ਉਨ੍ਹਾਂ 'ਚੋਂ ਇਕ ਕੋਰਾ ਅਨਪੜ੍ਹ ਸੀ ਪਰ ਦੂਜਾ ਥੋੜ੍ਹਾ ਬਹੁਤ ਪੜ੍ਹਿਆ-ਲਿਖਿਆ ਸੀ।

ਅਨਪੜ੍ਹ ਬੋਲਿਆ, "ਉਹ ਸਾਹਮਣੇ ਖਿੜਕੀ ਵਿਚ ਬੈਠੀ ਕੁੜੀ ਕਿੰਨੀ ਸੋਹਣੀ ਹੈ।"

ਪੜ੍ਹਿਆ ਲਿਖਿਆ ਪੇਂਡੂ ਬੋਲਿਆ, "ਮੈਨੂੰ ਉਸ ਦਾ ਨਾਂ ਪਤਾ ਹੈ। ਉਹ ਜਿਥੇ ਬੈਠੀ ਹੈ, ਉਸ ਖਿੜਕੀ ਦੇ ਬੋਰਡ 'ਤੇ ਉਸ ਦੇ ਨਾਂ ਦੀ ਤਖਤੀ ਲੱਗੀ ਹੈ।"

ਅਨਪੜ੍ਹ ਬੋਲਿਆ, "ਤਾਂ ਦੱਸ ਉਸ ਦਾ ਕੀ ਨਾਂ ਹੈ?"

ਪਹਿਲਾ ਬੋਲਿਆ, "ਉਸ ਦਾ ਨਾਂ ਹੈ- ਚਾਲੂ ਖਾਤਾ।"

★ ★ ★

ਸਬਜ਼ੀ ਦੀ ਰੇਹੜੀ ਲਗਾਉਣ ਵਾਲੇ ਦੇ ਘਰ ਮੁੰਡਾ ਹੋਇਆ। ਉਸ ਦੇ ਕਿਸੇ ਦੋਸਤ ਨੇ ਮੁੰਡੇ ਦੀ ਵਧਾਈ ਦਿੱਤੀ ਅਤੇ ਪੁੱਛਿਆ, "ਮੁੰਡਾ ਕਿਹੋ ਜਿਹਾ ਹੈ?"

ਸਬਜ਼ੀ ਵਾਲਾ ਬੋਲਿਆ, "ਇਕਦਮ ਤਾਜ਼ਾ।"

★ ★ ★

ਪਤਨੀ (ਪਤੀ ਨੂੰ), "ਮੈਂ ਤੁਹਾਨੂੰ ਇਕ ਗੱਲ ਦੱਸਣੀ ਭੁੱਲ ਗਈ, ਅਸੀਂ ਬਹੁਤ ਜਲਦੀ 4 ਤੋਂ 5 ਬਣਨ ਵਾਲੇ ਹਾਂ।"

ਪਤੀ (ਖੁਸ਼ ਹੋ ਕੇ), "ਬੜੀ ਬੁਰੀ ਗੱਲ ਹੈ, ਤੂੰ ਏਨੀ ਖੁਸ਼ੀ ਦੀ ਗੱਲ ਮੇਰੇ ਤੋਂ ਲੁਕਾ ਕੇ ਰੱਖੀ। ਅਸਲ 'ਚ ਮੈਂ ਵੀ ਚਾਹੁੰਦਾ ਸੀ ਕਿ ਇਕ ਬੇਟੀ ਤੇ ਇਕ ਬੇਟੇ ਤੋਂ ਬਾਅਦ ਇਕ ਬੇਟਾ ਹੋਰ ਹੋ ਜਾਵੇ।"

ਪਤਨੀ, "ਜ਼ਿਆਦਾ ਖੁਸ਼ ਹੋਣ ਦੀ ਲੋੜ ਨਹੀਂ, ਮੇਰੇ ਮੰਮੀ ਤੁਹਾਡੇ ਕੋਲ ਰਹਿਣ ਲਈ ਆ ਰਹੇ ਹਨ।

★ ★ ★

"ਤਾਂਤਰਿਕ ਬਾਬਾ, ਤੁਸੀਂ ਮੇਰੇ ਬਾਰੇ ਜੋ ਕੁੱਝ ਵੀ ਦੱਸਿਆ, ਬਿਲਕੁਲ ਠੀਕ ਦੱਸਿਆ। ਹੁਣ ਤਾਂ ਮੈਂ ਦਫ਼ਤਰ ਜਾ ਰਿਹਾ ਹਾਂ, ਵਾਪਸ ਆ ਕੇ ਤੁਹਾਨੂੰ ਭੇਟਾ ਦੇਵਾਂਗਾ।" ਸ਼ਾਮ ਨੇ ਕਿਹਾ।

"ਭੇਟਾ ਹੁਣੇ ਦਿੰਦਾ ਜਾ ਬੇਟਾ! ਕਿਉਂਕਿ ਗ੍ਰਹਿਆਂ ਦੀ ਸਥਿਤੀ ਕਹਿੰਦੀ ਹੈ ਕਿ ਆਉਣ ਵੇਲੇ ਬੱਸ 'ਚ ਤੇਰੀ ਜੇਬ ਕੱਟੀ ਜਾਵੇਗੀ।" ਤਾਂਤਰਿਕ ਬਾਬਾ।

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-2**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਗੁਰਬਾਣੀ ਦੇ ਵਿਸ਼ਾ-ਮਾਹਰ ਗੁਰੂ ਗ੍ਰੰਥ ਸਾਹਿਬ ਜੀ ਆਪ ਹਨ, ਜੋ ਜਿਊਂਦੀ-ਜੋਤ ਹਨ, ਇਸ ਵਰਤਾਰੇ ਨੂੰ ਵੀ ਓਹਨਾਂ ਕੋਲ਼ ਬੈਠ, ਓਹਨਾਂ ਗੁਰਸਿੱਖਾਂ ਨੂੰ ਨਾਲ਼ ਲੈ ਜਿਨ੍ਹਾਂ ਇਹ ਅਨੁਭਵ ਹੰਢਾਇਆ ਹੈ, ਤਾਂ ਹੀ ਸਮਝਿਆ ਜਾ ਸਕਦਾ ਹੈ। ਇਸ ਕਿਤਾਬ ਵਿੱਚ ਵੀ ਮੇਰੀ ਬੇਨਤੀ ਹੈ ਕਿ ਹਰ ਉਹ ਚੀਜ਼ ਸੁੱਟ ਦੇਣਾ ਜੋ ਤੁਹਾਨੂੰ ਲੱਗੇ ਕਿ ਕਿਰਨਪ੍ਰੀਤ ਕੌਰ ਦੀ ਆਪਣੀ ਗੱਲ ਹੈ, ਸਿਰਫ਼ ਓਹੀ ਰੱਖਣਾ ਜੋ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਉੱਤੇ ਪੂਰੀ ਉਤਰਦੀ ਹੋਵੇ।**

**ਡਾ: ਕਿਰਨਪ੍ਰੀਤ ਕੌਰ ਬਾਠ**



ਤਾਂ ਇਹ ਸਾਡੀ ਇਸੇ ਲਗਾਤਾਰਤਾ ਦੀ ਸਮਝ ਨੂੰ ਪਰਖ ਰਹੇ ਹੁੰਦੇ ਹਨ। ਬਹੁਤੀ ਵਾਰ ਅਸੀਂ ਇਸ ਪਰਖ ਉੱਤੇ ਇਸੇ ਲਈ ਖਰੇ ਨਹੀਂ ਉਤਰਦੇ ਕਿਉਂਕਿ ਅਸੀਂ ਇਸ ਲਗਾਤਾਰਤਾ ਨੂੰ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਰੂਹਾਨੀ ਪ੍ਰੇਮ ਦੀ ਇਸ ਖੇਡ ਦੀ ਸ਼ਰਤ ਦੀ ਪੂਰਤੀ 'ਤੇ ਮੋਹਰ ਲਾਉਂਦੀ 1699 ਦੀ ਵੈਸਾਖੀ ਦਾ ਮੂੰਹ ਮੁਹਾਂਦਰਾ ਵਿਗਾੜ ਕੇ ਅਸੀਂ ਸਿਰਫ਼ ਨੱਚਣ-ਗਾਉਣ ਤਕ ਹੀ ਸੀਮਿਤ ਕਰ ਲਈ। ਇਹ ਇਸ ਗੱਲ ਨੂੰ ਸਿੱਧ ਕਰਦੀ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਨੂੰ ਪਿੱਠ ਵਿਖਾ ਇਸ ਲਗਾਤਾਰਤਾ ਨੂੰ ਕਿਤੇ ਬਹੁਤ ਪਿੱਛੇ ਛੱਡ ਆਏ ਹਾਂ।

ਅਜੇ ਵੀ ਵੇਲਾ ਹੈ ਮੁੜ ਆਈਏ, ਅਨੰਦਪੁਰ ਦੂਰ ਨਹੀਂ ਸਿਰਫ਼ ਅਸੀਂ ਪਿੱਠ ਕਰ ਕੇ ਖੜ੍ਹੇ ਹਾਂ। ਗੁਰੂ ਦਾ ਹਾੜਾ ਕੱਢੀਏ, ਖ਼ਬਰੇ ਸਾਡੇ ਦਿੱਤੇ ਬੇਦਾਵੇ ਉਹ ਤਰਸ ਕਰ ਕੇ ਪਾੜ ਹੀ ਦੇਵੇ, ਖ਼ਬਰੇ ਸਾਨੂੰ ਭੁੱਲਿਆਂ ਨੂੰ ਉਹ ਫਿਰ ਗਲ਼ ਨਾਲ਼ ਲਾ ਲਵੇ।

**ਕਰਿ ਉਪਦੇਸੁ ਝਿੜਕੇ ਬਹੁ**
**ਭਾਤੀ ਬਹੁੜਿ ਪਿਤਾ ਗਲਿ ਲਾਵੈ ॥**
**ਪਿਛਲੇ ਅਉਗੁਣ ਬਖਸਿ ਲਏ**
**ਪ੍ਰਭੁ ਆਗੈ ਮਾਰਗਿ ਪਾਵੈ ॥2॥**

(ਅੰਗ 624)

ਅਸੀਂ ਆਪਣੀ ਗੱਲ ਤੋਂ ਲੱਖ ਵਾਰ ਮੁੱਕਰ ਸਕਦੇ ਹਾਂ; ਪਰ ਗੁਰੂ ਦਾ ਇਹ ਸੁਭਾਅ ਨਹੀਂ ਹੈ, ਗੁਰੂ ਦਾ ਸਾਡੇ ਨਾਲ਼ ਵਾਅਦਾ ਹੈ ਕਿ ਜਦੋਂ ਅਸੀਂ ਉਸ ਵੱਲ ਮੂੰਹ ਕਰਾਂਗੇ ਤਾਂ ਉਹ ਸਾਨੂੰ ਗਲ਼ ਲਾ ਲੈਣਗੇ। ਹਾਂ ਖ਼ਿਆਲ ਰਹੇ ਕੇ ਕਿਤੇ ਰਾਮ ਰਾਏ ਜਾਂ ਪ੍ਰਿਥੀ ਚੰਦ ਵਾਂਗ ਪਿੱਠ ਨਾ ਕਰ ਬੈਠੀਏ, ਉਸ ਤੋਂ ਬਾਅਦ ਮੁਆਫ਼ੀ ਨਹੀਂ ਹੈ।

ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰ ਕੇ ਇਹ ਕਿਤਾਬ ਆਪ ਸੰਗਤ ਦੇ ਹਵਾਲੇ ਕਰ ਰਹੀ ਹਾਂ; ਗੁਰੂ ਸੰਗਤ ਨਾਲ ਗੁਰੂ ਜੋਤ, ਗੁਰਬਾਣੀ ਅਤੇ ਗੁਰੂ ਇਤਿਹਾਸ ਦੀ ਲਗਾਤਾਰਤਾ ਦੀ ਗਵਾਹ '1699 ਦੀ ਇਸ ਵੈਸਾਖੀ' ਦੀ ਬਾਤ ਪਾਉਣ ਦੀ ਇਹ ਮੇਰੀ ਇੱਕ ਨਿੱਕੀ ਜਿਹੀ ਕੋਸ਼ਿਸ਼ ਹੈ।

ਗੁਰੂ ਤੋਂ ਬਿਨਾ ਸਭ ਭੁੱਲਣਹਾਰ ਹੈ। ਇਸ ਲਈ ਚਾਹੇ ਮੈਂ ਬਹੁਤ ਧਿਆਨ ਨਾਲ਼ ਗੁਰੂ ਦੀ ਓਟ ਲੈ ਕੇ ਇਹ ਕਿਤਾਬ ਤਿਆਰ ਕੀਤੀ ਹੈ, ਫਿਰ ਵੀ ਜੇਕਰ ਇਸ ਵਿੱਚ ਕੋਈ ਤਰੁਟੀ ਰਹਿ ਗਈ ਹੋਵੇ ਤਾਂ ਮੈਂ ਨਿਮਰਤਾ ਸਿਹਤ ਜ਼ਿੰਮੇਵਾਰੀ ਲੈਂਦੇ ਹੋਏ ਸਿਰ ਝੁਕਾ ਕੇ ਸੰਗਤ ਕੋਲ਼ੋਂ ਮੁਆਫ਼ੀ ਮੰਗਦੀ ਹਾਂ।

ਇਸ ਕਿਤਾਬ ਦੇ ਪਹਿਲੇ ਹਿੱਸੇ ਵਿੱਚ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਗੁਰਮੁਖ ਦੀ ਘਾੜਤ, ਖ਼ਾਲਸੇ ਦੀ ਤਿਆਰੀ, ਸਿਰਜਣਾ ਅਤੇ ਉਦੇਸ਼ ਬਾਰੇ ਵਿਸਥਾਰ ਸਹਿਤ ਗੱਲ ਕੀਤੀ ਹੈ।

ਦੂਸਰੇ ਹਿੱਸੇ ਵਿੱਚ ਗੁਰਬਾਣੀ ਦੇ ਚਾਨਣ ਹੇਠ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਆਖ਼ਰ ਪੰਜ ਸਿਰ ਹੀ ਕਿਉਂ ਮੰਗੇ ਗਏ ਅਤੇ ਗੁਰਸਿੱਖਾਂ ਨੇ ਬਿਨਾ ਸਵਾਲ ਕੀਤੇ ਉਤਸ਼ਾਹ ਨਾਲ਼ ਆਪਣੇ ਸੀਸ ਭੇਟ ਕਿਉਂ ਕੀਤੇ? ਇਹ ਸੱਚ ਹੈ ਕਿ ਸੀਸ ਪੰਜ ਹੀ ਮੰਗੇ ਗਏ ਸੀ, ਇਸ ਲਈ ਪਹਿਲੇ ਪੰਜ ਜੋ ਪਰਖ ਵਿੱਚ ਪੂਰੇ ਉਤਰੇ ਓਹੀ ਪੰਜ ਪਿਆਰੇ ਅਖਵਾਏ। ਉਸ ਤੋਂ ਬਾਅਦ ਇਤਿਹਾਸ ਕਹਿੰਦਾ ਹੈ ਕਿ 1699 ਦੀ ਵੈਸਾਖੀ ਨੂੰ ਤਕਰੀਬਨ 20000 ਸਿੱਖਾਂ ਨੇ ਅੰਮ੍ਰਿਤ ਦੀ ਦਾਤ ਪਾਈ ਸੀ।


ਤੀਸਰੇ ਅਤੇ ਆਖ਼ਰੀ ਹਿੱਸੇ ਵਿੱਚ ਪੰਜ ਪਿਆਰਿਆਂ ਦੀ ਸੰਖੇਪ ਜੀਵਨੀ ਦਿੱਤੀ ਹੈ। ਵੈਸੇ ਤਾਂ ਓਹਨਾਂ ਦਾ ਸਾਰਾ ਜੀਵਨ ਹੀ ਇੱਕ ਕਰਾਮਾਤ ਵਾਂਗ ਪ੍ਰਗਟ ਹੁੰਦਾ ਹੈ ਪਰ ਇੱਥੇ ਓਹਨਾਂ ਦੀ ਜੀਵਨੀ ਦੇਣ ਦਾ ਮਕਸਦ ਸਿਰਫ਼ ਏਨਾ ਕੁ ਹੈ ਕਿ ਜਿਸ ਬਿਪਰਵਾਦੀ ਜਾਲ਼ ਵਿੱਚ ਸਾਨੂੰ ਏਨਾ ਕੁ ਉਲ਼ਝਾਇਆ ਗਿਆ ਕਿ ਅਸੀਂ ਆਪ ਹੀ ਆਪਣੇ ਪੰਥ ਦੇ ਪਿਆਰਿਆਂ ਨੂੰ, ਜਿਨ੍ਹਾਂ ਪਾਸੋਂ ਗੁਰੂ ਸਾਹਿਬ ਨੇ ਚੇਲਾ ਬਣ ਅੰਮ੍ਰਿਤ ਛਕਿਆ, ਓਹਨਾਂ ਨੂੰ ਹਿੰਦੂ ਕਹੀ ਗਏ ਹਾਂ, ਉਸ ਨੂੰ ਤੋੜਿਆ ਜਾ ਸਕੇ। ਹਿੰਦੂ ਹੋਣਾ ਕੋਈ ਮਾੜੀ ਗੱਲ ਨਹੀਂ, ਪਰ ਜੋ ਹਿੰਦੂ ਹੋਵੇ ਹੀ ਨਾ ਤੁਸੀਂ ਉਸ ਨੂੰ ਹਿੰਦੂ ਕਹੀ ਜਾਓ ਤਾਂ ਇਹ ਇਤਿਹਾਸ ਨਾਲ਼ ਕੋਝਾ ਮਖੌਲ ਹੈ। ਸਿੱਖ ਇਤਿਹਾਸ ਨੇ ਸਾਈਂ ਮੀਆਂ ਮੀਰ ਨੂੰ 'ਸੂਫ਼ੀ' ਹੀ ਲਿਖਿਆ ਹੈ ਅਤੇ ਗਵਾਲੀਅਰ ਕਿਲ੍ਹੇ ਦੇ ਹਰੀ ਦਾਸ ਦਰੋਗਾ ਨੂੰ 'ਹਿੰਦੂ' ਹੀ ਲਿਖਿਆ ਹੈ, ਫਿਰ ਗੁਰਸਿੱਖਾਂ ਨੂੰ ਹਿੰਦੂ ਕਹਿ ਕਿ ਪ੍ਰਚਾਰਨ ਨੂੰ ਕੀ ਸਮਝਿਆ ਜਾਏ।

ਪਾਠਕ ਇਹਨਾਂ ਜੀਵਨੀਆਂ ਨੂੰ ਪੜ ਕੇ ਆਪ ਫ਼ੈਸਲਾ ਕਰ ਸਕਦੇ ਹਨ ਕਿ ਇਹਨਾਂ ਪੰਜ ਪਿਆਰਿਆਂ ਦੇ ਪਰਿਵਾਰ ਚਾਰ ਪੀੜੀਆਂ ਤੋਂ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਜੁੜੇ ਹੋਏ ਸੀ ਅਤੇ ਹਿੰਦੂ ਮੱਤ ਨੂੰ ਤਾਂ ਉਹ ਆਪਣੇ ਪੜਦਾਦਿਆਂ ਦੇ ਸਮੇਂ ਤੋਂ ਹੀ ਛੱਡ ਕੇ ਸਿੱਖੀ ਧਾਰਣ ਕਰ ਚੁੱਕੇ ਸਨ। ਫਿਰ ਬਾਰ-ਬਾਰ ਇਹੀ ਪ੍ਰਚਾਰੀ ਜਾਣਾ ਕਿ ਉਹ ਹਿੰਦੂ ਸਨ, ਬਸਤੀਵਾਦੀ ਵਿਚਾਰਧਾਰਾ ਹੀ ਹੋ ਸਕਦੀ ਹੈ ਜਾਂ ਫਿਰ ਇੱਕ ਖ਼ਾਸ ਤਬਕੇ ਦੀ ਆਪਣੇ-ਆਪ ਪ੍ਰਤੀ ਹੀਣ ਭਾਵਨਾ। ਗੁਰੂ ਨਾਨਕ ਸਾਹਿਬ ਦੀ ਸਿੱਖੀ ਧਰਨ ਕਰਨ ਦਾ ਮਤਲਬ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੇ ਸਿਧਾਂਤਾਂ ਅਤੇ ਮਰਿਆਦਾ ਨੂੰ ਅਪਣਾਉਣਾ ਵੀ ਸੀ। ਕਈ ਵਾਰ ਅਸੀਂ ਇਹ ਆਮ ਸੁਣ ਲੈਂਦੇ ਹਾਂ ਕਿ ਭਾਈ ਮਰਦਾਨੇ ਨੂੰ ਗੁਰੂ ਨਾਨਕ ਸਾਹਿਬ ਨੇ ਕਦੇ ਸਿੱਖ ਹੋਣ ਲਈ ਨਹੀਂ ਕਿਹਾ। ਇਹ ਗੱਲ ਸੱਚ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਈ ਮਰਦਾਨੇ ਨੇ ਕਦੇ ਸਿੱਖੀ ਅਪਣਾਈ ਨਹੀਂ। ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਮਹਿਕਾਂ ਛੱਡਦੇ ਫੁੱਲਾਂ ਦੇ ਬਗੀਚੇ ਵਿੱਚੋਂ ਦੀ ਲੰਘੇ ਅਤੇ ਖ਼ੁਸ਼ਬੂ ਉਸ ਵਿੱਚ ਨਾ ਸਮਾ ਜਾਵੇ। ਗੁਰੂ ਨਾਨਕ ਸਾਹਿਬ ਦੇ ਨਾਲ਼ ਨਿੱਤ ਰਹਿਣ ਵਾਲ਼ੇ, ਉਹਨਾਂ ਦੀ ਬਾਣੀ ਉੱਤੇ ਰਬਾਬ ਛੇੜਨ ਵਾਲ਼ੇ ਭਾਈ ਮਰਦਾਨਾ, ਭਲਾ ਉਹਨਾਂ ਦੀ ਸਿੱਖੀ ਤੋਂ ਬਾਹਰ ਕਿਵੇਂ ਰਹੇ ਹੋਣਗੇ?

(ਸਿਰਦਾਰ ਕਪੂਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ (ਅੰਮ੍ਰਿਤਸਰ: ਵਾਰਿਸ ਸ਼ਾਹ ਫਾਊਂਡੇਸ਼ਨ), ਸੰਪਾਦਕ ਗੁਰਮੁਖ ਸਿੰਘ, ਪੰਨਾ ਨੰਬਰ 14-15 ; ਸੋਹਣ ਸਿੰਘ ਸੀਤਲ, ਮੇਰੀਆਂ ਢਾਡੀ ਵਾਰਾਂ -ਭਾਗ 1 (ਅੰਮ੍ਰਿਤਸਰ: ਚਤਰ ਸਿੰਘ ਐਂਡ ਸੰਨਜ਼), ਪੰਨਾ ਨੰਬਰ 189)

ਖ਼ੈਰ, ਗੱਲ ਸਿਰਫ ਇਹ ਵੀ ਨਹੀਂ, ਖ਼ਾਸ ਧਿਆਨਯੋਗ ਗੱਲ ਇਹ ਹੈ ਕਿ ਸਾਨੂੰ ਅਕਸਰ ਇਹ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਕੋਈ ਮਰਿਆਦਾ ਹੀ ਨਹੀਂ ਸੀ। ਜਨਮ ਸਾਖੀ-ਸਾਹਿਤ ਵਿੱਚ ਇਹ ਗੱਲ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਜਦੋਂ ਭਾਈ ਮਰਦਾਨੇ ਨੇ ਗੁਰ-ਦੀਖਿਆ ਲਈ ਤਾਂ ਉਹਨਾਂ ਨੇ ਰਹਿਤ ਮਰਿਆਦਾ ਵੀ ਦ੍ਰਿੜ੍ਹ ਕਰਵਾਈ। ਗੁਰੂ ਨਾਨਕ ਸਾਹਿਬ ਨੇ ਜੋ ਰਹਿਤ ਮਰਿਆਦਾ ਆਪਣੇ ਸਿੱਖਾਂ ਨੂੰ ਦਿੱਤੀ ਉਸ ਵਿੱਚ ਕੇਸ ਰੱਖਣੇ, ਸਤਿਨਾਮ ਦਾ ਜਾਪੁ ਕਰਨਾ ਅਤੇ ਜ਼ਰੂਰਤਮੰਦਾਂ ਦੀ ਮਦਦ ਕਰਨਾ ਪ੍ਰਮੁੱਖ ਸੀ। ਭਾਈ ਮਰਦਾਨਾ ਹੀ ਹੋਰ ਸਿੱਖਾਂ ਨੂੰ ਰਹਿਤ-ਮਰਿਆਦਾ ਦ੍ਰਿੜ੍ਹਾਉਂਦੇ ਸਨ ਸੋ ਰਹਿਤ ਮਰਿਆਦਾ ਜੋ ਖ਼ਾਲਸੇ ਨੂੰ ਮਿਲੀ ਉਹ ਗੁਰੂ ਨਾਨਕ ਸਾਹਿਬ ਦੇ ਪਹਿਲੇ ਸਿੱਖ, ਭਾਈ ਮਰਦਾਨੇ ਤੋਂ ਕੋਈ ਬਹੁਤੀ ਵੱਖ ਨਹੀਂ ਸੀ। ਜਿਵੇਂ ਮੈਂ ਪਹਿਲਾਂ ਕਹਿ ਚੁੱਕੀ ਹਾਂ ਕਿ ਦੁਸ਼ਮਣ ਨੇ ਅਪਣਾ ਵਾਰ ਕਰਨਾ ਹੀ ਹੈ ਸੋ ਓਹਨਾਂ ਨੇ ਸਿੱਖ ਇਤਿਹਾਸ ਨੂੰ ਆਪਣੇ ਵਿੱਚ ਰਲ਼-ਗੱਡ ਕਰਨ ਦੀ ਇੱਕ ਚਾਲ ਚੱਲੀ ਹੈ, ਪਰ ਸਿੱਖਾਂ ਨੇ ਇਹ ਸੋਚਣਾ ਹੈ ਕਿ ਉਹ ਕਿਹੜੇ ਵੇਲ਼ੇ ਅਤੇ ਕਿਉਂ ਇਸ ਚਾਲ ਵਿੱਚ ਉਲਝ ਗਏ ਅਤੇ ਕੁਝ ਤਾਂ ਇਸ ਦਾ ਦਾ ਹਿੱਸਾ ਹੀ ਹੋ ਗਏ। ਹੁਣ ਇਸ ਜਾਲ਼ ਵਿੱਚੋਂ ਨਿਕਲਣ ਦਾ ਹੱਲ ਕੀ ਹੈ ?

ਜਿੱਥੋਂ ਤਕ ਮੈਂ ਸਮਝਦੀ ਹਾਂ ਜਦੋਂ ਹਮਲਾ ਬੌਧਿਕ ਹੋਵੇ ਤਾਂ ਜਵਾਬ ਵੀ ਬੌਧਿਕ ਹੀ ਹੋਣਾ ਚਾਹੀਦਾ ਹੈ। ਸੋ ਆਓ, ਆਪਣੇ ਇਤਿਹਾਸ ਨੂੰ ਆਪ ਲਿਖ, ਪੜ੍ਹ ਅਤੇ ਵਿਚਾਰ ਕੇ ਆਪਣੀ ਹੋਂਦ ਦੀ ਓਹੀ ਪਰਿਭਾਸ਼ਾ ਕਾਇਮ ਕਰੀਏ ਜੋ 1699 ਦੀ ਵੈਸਾਖੀ ਵੇਲ਼ੇ ਗੁਰੂ ਨਾਨਕ ਸਾਹਿਬ ਨੇ ਦਸਵੇਂ ਜਾਮੇ ਵਿੱਚ ਸਾਨੂੰ ਦਿੱਤੀ ਸੀ।





ਇਸ ਅਨੋਖੇ ਵਰਤਾਰੇ ਨੂੰ, ਇਸ 'ਪੂਰੀ ਹੋਈ ਕਰਾਮਾਤ' ਨੂੰ, ਸਮਝਣ ਲਈ ਸਿਰਫ਼ ਗੁਰੂ ਚਰਨਾਂ ਦਾ ਸਹਾਰਾ ਹੀ ਲਿਆ ਜਾ ਸਕਦਾ ਹੈ ਕਿਉਂਕਿ ਇਹ ਖੇਡ ਅਨੁਭਵ ਦੀ ਹੈ, ਦੁਨਿਆਵੀ ਡਿਗਰੀਆਂ ਦਾ ਇਸ ਨਾਲ਼ ਕੋਈ ਸੰਬੰਧ ਨਹੀਂ। ਗੌਰ ਕਰਨਾ ਮੈਂ 'ਡਿਗਰੀਆਂ' ਦੀ ਗੱਲ ਕੀਤੀ ਹੈ, 'ਬੁੱਧੀਮਤਾ, ਬਿਬੇਕ ਅਤੇ ਗੋਸ਼ਟਿ' ਦੀ ਨਹੀਂ। ਕਾਰਨ ਇਹ ਹੈ ਕਿ ਮੈਂ ਜਾਣਦੀ ਹਾਂ ਕਿ ਡਿਗਰੀਆਂ ਕਿਸੇ ਨਾ ਕਿਸੇ ਪੱਧਰ ਉੱਤੇ ਜਾ ਇੱਕ ਵਿਸ਼ੇਸ਼ ਅਧਿਕਾਰ ਬਣ ਜਾਂਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਜੋ ਬਾਹਰ ਦੀ ਕਿਸੇ ਯੂਨੀਵਰਸਿਟੀ ਤੋਂ ਪੜ੍ਹਿਆ ਹੈ ਜਾਂ ਓਥੇ ਪੜ੍ਹਾ ਰਿਹਾ ਹੈ, ਉਸ ਦੀ ਸਮਝ ਪਿੰਡ ਵਿੱਚ ਕਿਸੇ ਰਿਕਸ਼ਾ ਚਲਾ ਰਹੇ ਬਜ਼ੁਰਗ ਨਾਲ਼ੋਂ ਜ਼ਿਆਦਾ ਹੋਵੇ। ਇਹ ਜ਼ਰੂਰ ਹੈ ਕਿ ਇੱਕ ਨੂੰ ਡਿਗਰੀਆਂ ਕਰ ਕੇ ਅਨੁਕੂਲ ਵਾਤਾਵਰਨ ਅਤੇ ਸਰੋਤ ਮਿਲ਼ ਗਏ, ਇੱਕ ਓਹਨਾਂ ਤੋਂ ਵਾਂਝਾ ਰਹਿ ਗਿਆ। ਜਿਵੇਂ ਦੁਨਿਆਵੀ ਪੜ੍ਹਾਈ ਲਈ ਜ਼ਰੂਰੀ ਹੈ ਕਿ ਵਿਸ਼ਾ-ਮਾਹਰ ਕੋਲ਼ੋਂ ਹੀ ਖ਼ਾਸ ਵਿਸ਼ਾ ਸਿੱਖਿਆ ਜਾ ਸਕਦਾ ਹੈ, ਭਾਵ ਸਾਇੰਸ ਸਿਖਣ ਲਈ ਭਾਸ਼ਾ ਦੇ ਮਾਹਰ ਕੋਲ਼ ਨਹੀਂ ਜਾਇਆ ਜਾਂਦਾ। ਠੀਕ ਓਸੇ ਤਰ੍ਹਾਂ ਅਨੁਭਵ ਦੇ ਵਿਸ਼ੇ ਨੂੰ ਓਸੇ ਕੋਲ਼ੋਂ ਸਮਝਿਆ ਜਾ ਸਕਦਾ ਹੈ ਜਿਸ ਨੇ ਉਸ 'ਤੇ ਮੁਹਾਰਤ ਹਾਸਲ ਕੀਤੀ ਹੋਵੇ। ਗੁਰਬਾਣੀ ਦੇ ਵਿਸ਼ਾ-ਮਾਹਰ ਗੁਰੂ ਗ੍ਰੰਥ ਸਾਹਿਬ ਜੀ ਆਪ ਹਨ, ਜੋ ਜਿਊਂਦੀ-ਜੋਤ ਹਨ, ਇਸ ਵਰਤਾਰੇ ਨੂੰ ਵੀ ਓਹਨਾਂ ਕੋਲ਼ ਬੈਠ, ਓਹਨਾਂ ਗੁਰਸਿੱਖਾਂ ਨੂੰ ਨਾਲ਼ ਲੈ ਜਿਨ੍ਹਾਂ ਇਹ ਅਨੁਭਵ ਹੰਢਾਇਆ ਹੈ, ਤਾਂ ਹੀ ਸਮਝਿਆ ਜਾ ਸਕਦਾ ਹੈ। ਇਸ ਕਿਤਾਬ ਵਿੱਚ ਵੀ ਮੇਰੀ ਬੇਨਤੀ ਹੈ ਕਿ ਹਰ ਉਹ ਚੀਜ਼ ਸੁੱਟ ਦੇਣਾ ਜੋ ਤੁਹਾਨੂੰ ਲੱਗੇ ਕਿ ਕਿਰਨਪ੍ਰੀਤ ਕੌਰ ਦੀ ਆਪਣੀ ਗੱਲ ਹੈ, ਸਿਰਫ਼ ਓਹੀ ਰੱਖਣਾ ਜੋ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਉੱਤੇ ਪੂਰੀ ਉਤਰਦੀ ਹੋਵੇ।

ਉਂਝ ਤਾਂ ਗੁਰੂ ਦੀ ਬਾਤ ਕਦੇ ਕਿਸੇ ਕਲਮ, ਸੋਚ ਅਤੇ ਅੱਖਰਾਂ ਵਿੱਚ ਪੂਰੀ ਤਰ੍ਹਾਂ ਪਾਈ ਨਹੀਂ ਜਾ ਸਕਦੀ, ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿੱਚ ਬੈਠੀ ਮੈਂ ਸਿਰਫ਼ ਆਸ ਕਰ ਸਕਦੀ ਹਾਂ ਕਿ ਇਹ ਕਿਤਾਬ ਗੁਰੂ ਜੋਤ ਦੇ ਸਿਧਾਂਤ ਨੂੰ ਸਹੀ-ਸਹੀ ਆਪ ਸਭ ਨਾਲ਼ ਸਾਂਝੀ ਕਰਨ ਵਿੱਚ ਸਹਾਈ ਹੋਵੇਗੀ।ਮੈਂ ਆਸ ਕਰਦੀ ਹਾਂ ਕਿ ਜਦੋਂ ਤੁਸੀਂ ਕਿਤਾਬ ਦਾ ਆਖ਼ਰੀ ਪੰਨਾ ਪੜ੍ਹ ਲਵੋਂਗੇ ਤਾਂ ਤੁਸੀਂ ਇਹ ਅਹਿਸਾਸ ਕਰ ਲਿਆ ਹੋਵੇਗਾ :

**ਚਲਦਾ.....**

## ਸਿਹਤ ਤੇ ਸੁੰਦਰਤਾ



# ਇਮਿਊਨਿਟੀ ਵਧਾਉਂਦਾ ਹੈ ਆਂਵਲਾ-ਅਦਰਕ ਸੂਪ

ਬਦਲਦੇ ਮੌਸਮਾਂ ਦੌਰਾਨ ਜ਼ੁਕਾਮ ਅਤੇ ਵਾਇਰਲ ਇਨਫੈਕਸ਼ਨ ਹੋਣਾ ਆਮ ਗੱਲ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਤੁਸੀਂ ਚਾਹੁੰਦੇ ਹੋ ਕਿ ਬਿਮਾਰੀਆਂ ਤੁਹਾਡੇ ਤੋਂ ਦੂਰ ਰਹਿਣ ਅਤੇ ਤੁਹਾਡੀ ਇਮਿਊਨਿਟੀ ਮਜ਼ਬੂਤ ਰਹੇ, ਤਾਂ ਤੁਹਾਨੂੰ ਆਪਣੀ ਖੁਰਾਕ ਵਿੱਚ ਕੁਝ ਖਾਸ ਚੀਜ਼ਾਂ ਸ਼ਾਮਲ ਕਰਨੀਆਂ ਪੈਣਗੀਆਂ। ਮਹਿੰਗੇ ਸਪਲੀਮੈਂਟਾਂ ਦੀ ਬਜਾਏ, ਕਿਉਂ ਨਾ ਕੁਝ ਅਜਿਹਾ ਅਜ਼ਮਾਓ ਜੋ ਸੁਆਦੀ ਹੋਵੇ ਅਤੇ ਸਿਹਤ ਲਈ ਵਰਦਾਨ ਵੀ ਹੋਵੇ? ਆਂਵਲਾ ਅਤੇ ਅਦਰਕ ਦਾ ਸੁਮੇਲ ਸਿਹਤ ਲਈ ਕਿਸੇ ਟੌਨਿਕ ਤੋਂ ਘੱਟ ਨਹੀਂ ਹੈ। ਜਦੋਂ ਇਨ੍ਹਾਂ ਦੋ ਸੁਪਰਫੂਡਾਂ ਨੂੰ ਇਕੱਠੇ ਮਿਲਾ ਕੇ ਗਰਮ ਸੂਪ ਤਿਆਰ ਕੀਤਾ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਤੁਹਾਡੀ ਇਮਿਊਨਿਟੀ ਨੂੰ ਦੁੱਗਣਾ ਕਰਦਾ ਹੈ ਬਲਕਿ ਸਰੀਰ ਨੂੰ ਅੰਦਰੋਂ ਡੀਟੌਕਸ ਵੀ ਕਰਦਾ ਹੈ। ਖਾਸ ਗੱਲ ਇਹ ਹੈ ਕਿ ਇਹ ਸੂਪ ਮਿੰਟਾਂ ਵਿੱਚ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸਦਾ ਸੁਆਦ ਵੀ ਸ਼ਾਨਦਾਰ ਹੈ। ਆਓ, ਇਸ ਇਮਿਊਨਿਟੀ ਬੂਸਟਿੰਗ ਸੂਪ ਦੀ ਆਸਾਨ ਰੈਸਿਪੀ ਜਾਣਦੇ ਹਾਂ-

ਸਮੱਗਰੀ :

2 ਆਂਵਲਾ (ਬਾਰੀਕ ਕੱਟਿਆ ਹੋਇਆ)

1 ਇੰਚ ਅਦਰਕ (ਕੱਦੂਕਸ ਕੀਤਾ ਹੋਇਆ)

1 ਟਮਾਟਰ (ਬਾਰੀਕ ਕੱਟਿਆ ਹੋਇਆ)

1/2 ਚਮਚਾ ਹਲਦੀ

1/2 ਚਮਚਾ ਕਾਲੀ ਮਿਰਚ ਪਾਊਡਰ



1 ਚਮਚ ਦੇਸੀ ਘਿਓ

2 ਕੱਪ ਪਾਣੀ

ਸੁਆਦ ਅਨੁਸਾਰ ਨਮਕ

4-5 ਤੁਲਸੀ ਦੇ ਪੱਤੇ

ਬਣਾਉਣ ਦਾ ਤਰੀਕਾ :

ਸਭ ਤੋਂ ਪਹਿਲਾਂ ਪੈਨ ਗਰਮ ਕਰੋ ਅਤੇ ਉਸ ਵਿੱਚ ਦੇਸੀ ਘਿਓ ਪਾਓ।

ਅਦਰਕ ਪਾਓ ਅਤੇ ਖੁਸ਼ਬੂ ਆਉਣ ਤੱਕ ਹਲਕਾ ਜਿਹਾ ਭੁੰਨੋ।

ਕੱਟੇ ਹੋਏ ਆਂਵਲੇ ਅਤੇ ਟਮਾਟਰ ਪਾਓ ਅਤੇ 2-3 ਮਿੰਟ ਲਈ ਘੱਟ ਅੱਗ 'ਤੇ ਪਕਾਓ।

ਹੁਣ ਹਲਦੀ, ਕਾਲੀ ਮਿਰਚ ਅਤੇ ਨਮਕ ਪਾਓ ਅਤੇ ਚੰਗੀ ਤਰ੍ਹਾਂ ਮਿਲਾਓ। 2 ਕੱਪ ਪਾਣੀ ਪਾਓ ਅਤੇ 5-7 ਮਿੰਟ ਲਈ ਉਬਾਲੋ ਤਾਂ ਜੋ ਸਾਰੇ ਪੌਸ਼ਟਿਕ ਤੱਤ ਪਾਣੀ ਵਿੱਚ ਘੁਲ ਜਾਣ। ਗੈਸ ਬੰਦ ਕਰ ਦਿਓ ਅਤੇ ਇਸਨੂੰ ਥੋੜ੍ਹਾ ਜਿਹਾ ਠੰਢਾ ਹੋਣ ਦਿਓ।

ਜੇ ਤੁਸੀਂ ਚਾਹੋ, ਤਾਂ ਤੁਸੀਂ ਇਸਨੂੰ ਛਾਣ ਸਕਦੇ ਹੋ ਅਤੇ ਪੀ ਸਕਦੇ ਹੋ, ਜਾਂ ਇਸਨੂੰ ਸੂਪ ਦੇ ਰੂਪ ਵਿੱਚ ਗਰਮਾ-ਗਰਮ ਪਰੋਸੋ। ਇਸ ਸੂਪ ਨੂੰ ਹਰ ਰੋਜ਼ ਸਵੇਰੇ ਜਾਂ ਸ਼ਾਮ ਨੂੰ ਪੀਓ। ਜ਼ੁਕਾਮ ਅਤੇ ਖੰਘ ਤੋਂ ਬਚਣ ਲਈ, ਇਸਨੂੰ ਦਿਨ ਵਿੱਚ



ਦੋ ਵਾਰ ਵੀ ਲਿਆ ਜਾ ਸਕਦਾ ਹੈ। ਇਹ ਇੱਕ ਡੀਟੌਕਸ ਡਰਿੰਕ ਵਜੋਂ ਵੀ ਕੰਮ ਕਰਦਾ ਹੈ, ਇਸ ਲਈ ਇਸਨੂੰ ਖਾਲੀ ਪੇਟ ਲੈਣਾ ਵਧੇਰੇ ਲਾਭਦਾਇਕ ਹੋਵੇਗਾ।

ਆਂਵਲਾ-ਅਦਰਕ ਦੇ ਸੂਪ ਦੇ ਫਾਇਦੇ

ਆਂਵਲਾ ਵਿਟਾਮਿਨ ਸੀ ਨਾਲ ਭਰਪੂਰ ਹੁੰਦਾ ਹੈ, ਜੋ ਸਰੀਰ ਦੀ ਇਮਿਊਨਿਟੀ ਨੂੰ ਮਜ਼ਬੂਤ ਬਣਾਉਂਦਾ ਹੈ। ਅਦਰਕ ਪਾਚਨ ਕਿਰਿਆ ਨੂੰ ਸੁਧਾਰਦਾ ਹੈ ਅਤੇ ਗੈਸ ਅਤੇ ਬਦਹਜ਼ਮੀ ਦੀ ਸਮੱਸਿਆ ਨੂੰ ਦੂਰ ਕਰਦਾ ਹੈ। ਇਹ ਸੂਪ ਸਰੀਰ ਨੂੰ ਅੰਦਰੋਂ ਸਾਫ਼ ਕਰਦਾ ਹੈ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ। ਜ਼ੁਕਾਮ, ਖੰਘ ਅਤੇ ਗਲੇ ਦੀ ਖਰਾਸ਼ ਤੋਂ ਰਾਹਤ ਦਿਵਾਉਂਦਾ ਹੈ।

---

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਹਾਈ ਕੋਰਟ ਦੇ ਸਾਰੇ ਜੱਜ ਪੂਰੀ ਪੈਨਸ਼ਨ ਲੈਣ ਦੇ ਹੱਕਦਾਰ- ਸੁਪਰੀਮ ਕੋਰਟ

-ਸੁਪਰੀਮ ਕੋਰਟ ਜੀ ਕਦੀ ਗ਼ਰੀਬ ਮੁਲਾਜ਼ਮਾਂ ਲਈ ਵੀ ਅਜਿਹਾ ਫ਼ੈਸਲਾ ਦਿਉ।



*ਭਾਰਤ ਤੇ ਪਾਕਿ-ਸਤਾਨ ਵਿਚਾਲੇ 'ਸਥਾਈ ਜੰਗਬੰਦੀ' ਕਰਵਾਉਣ ਲਈ ਅਸੀਂ ਅਹਿਮ ਭੂਮਿਕਾ ਨਿਭਾਵਾਂਗੇ-ਚੀਨ

-ਯਾਨੀ ਕਿ ਬੋਹਲ ਦੀ ਰਾਖੀ ਬੱਕਰਾ ਬੈਠੇਗਾ।



*ਰੂਸ ਨੇ ਐਮਨੈਸਟੀ ਇੰਟਰਨੈਸ਼ਨਲ 'ਤੇ ਲਾਈ ਪਾਬੰਦੀ- ਇਕ ਖ਼ਬਰ

-ਉੱਪਰ ਢੱਕਣ ਦੇ ਦਿਉ, ਭਾਫ਼ ਨਾ ਨਿਕਲੇ ਬਾਹਰ।



*ਟਰੰਪ ਵਲੋਂ ਰੂਸ-ਯੂਕਰੇਨ ਵਿਚਕਾਰ ਜੰਗਬੰਦੀ ਕਰਵਾਉਣ ਲਈ ਕੋਸ਼ਿਸ਼ਾਂ ਤੇਜ਼- ਇਕ ਖ਼ਬਰ

-ਜ਼ਰੂਰ ਬਈ ਜ਼ਰੂਰ! ਹੁਣ ਤਜਰਬਾ ਜੁ ਹੋ ਗਿਐ ਭਾਰਤ ਤੇ ਪਾਕਿਸਤਾਨ ਦੀ ਜੰਗਬੰਦੀ ਕਰਵਾ ਕੇ।

*ਦੁਨੀਆਂ ਭਰ ਦੀਆਂ ਜੇਲ੍ਹਾਂ 'ਚ 23 ਹਜ਼ਾਰ ਤੋਂ ਵੱਧ ਪਾਕਿਸਤਾਨੀ ਬੰਦ- ਇਕ ਖ਼ਬਰ

-ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ।




*ਰਾਹੁਲ ਗਾਂਧੀ ਨੇ ਜੈ ਸ਼ੰਕਰ ਦੇ ਬਿਆਨ 'ਤੇ ਫਿਰ ਨਿਸ਼ਾਨਾ ਵਿੰਨ੍ਹਿਆਂ- ਇਕ ਖ਼ਬਰ

-ਜਿੱਥੇ ਮਰਜ਼ੀ ਨਿਸ਼ਾਨੇ ਲਾ, ਹੁਣ ਤੇਰੇ ਦਿਨ ਬੱਲਿਆ।



*ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਕੇਂਦਰੀ ਟੈਕਸਾਂ ਵਿਚ 50 % ਦੀ ਹਿੱਸੇਦਾਰੀ ਮੰਗੀ- ਇਕ ਖ਼ਬਰ

-ਸਾਡਾ ਹੱਕ, ਏਥੇ ਰੱਖ।



*ਭਾਰਤ ਨਾਲ ਰਿਸ਼ਤੇ ਸੁਧਾਰਨਾ ਚਾਹੁੰਦਾ ਹੈ ਕੈਨੇਡਾ- ਪ੍ਰਧਾਨ ਮੰਤਰੀ ਕਾਰਨੀ

-ਤੇਰੇ ਦਿਲ ਦੀ ਸਮਝ ਲਾਂ ਸਾਰੀ, ਮਿੱਤਰਾ ਤਵੀਤ ਬਣ ਜਾ।



*ਗੜਗੱਜ ਦੇ ਫ਼ੈਸਲੇ ਨਾਲ਼ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਫੇਰ ਆਮਣੋ-ਸਾਹਮਣੇ- ਇਕ ਖ਼ਬਰ

-ਚੰਦ ਕੌਰ ਚੱਕਵਾਂ ਚੁੱਲ੍ਹਾ, ਕਿਤੇ ਯਾਰਾਂ ਨੂੰ ਭਿੜਾ ਕੇ ਮਾਰੂ।



*ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਦੀ ਟਰੰਪ ਨਾਲ ਤਿੱਖੀ ਬਹਿਸ- ਇਕ ਖ਼ਬਰ

-ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।

*ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਚਿੰਤਾਜਨਕ, ਸਰਕਾਰ ਨਹੀਂ ਦੇ ਰਹੀ ਧਿਆਨ- ਇਕ ਖ਼ਬਰ

-ਸਿਆਲਾਂ ਦੇ ਵਿਹੜੇ ਨਿੰਮ ਜੋ, ਉਹਦੇ ਪੱਤ ਗਏ ਕੁਮਲਾਅ।



*ਸ੍ਰੀ ਅਕਾਲ ਤਖ਼ਤ ਅਤੇ ਪੰਥ ਤੋਂ ਭਗੌੜੇ ਹੋਏ ਧੜੇ ਦਾ ਮੈਂਬਰ ਬਣਨ ਦਾ ਮੇਰਾ ਕੋਈ ਵਿਚਾਰ ਨਹੀਂ- ਇਯਾਲੀ

-ਜਿਹੜੇ ਪਿੰਡ ਵੀ ਅਸੀਂ ਨਹੀਂ ਜਾਣਾ, ਰਾਹ ਉਹਦਾ ਕਿਉਂ ਪੁੱਛੀਏ।



*ਭਗੌੜੇ ਨੀਰਵ ਮੋਦੀ ਦੀ ਲੰਡਨ ਹਾਈ ਕੋਰਟ ਵਿਚ ਜ਼ਮਾਨਤ ਅਰਜ਼ੀ ਰੱਦ- ਇਕ ਖ਼ਬਰ

-ਜੱਗ ਡਾਰ ਜਨੌਰਾਂ ਦੀ, ਇਕ ਦਿਨ ਕਾਲ਼ ਬਾਜ਼ ਨੇ ਪੈਣਾ।

*ਅਮਰੀਕਾ ਨੇ ਭਾਰਤੀ ਟਰੈਵਲ ਏਜੰਸੀਆਂ 'ਤੇ ਲਾਈ ਵੀਜ਼ਾ ਪਾਬੰਦੀ- ਇਕ ਖ਼ਬਰ

-ਡੇਕ ਦਾ ਗੁਮਾਨ ਕਰਦੀ, ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ।



*ਲਾਲੂ ਆਪਣੇ ਛੋਟੇ ਪੁੱਤਰ ਤੇਜਸਵੀ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ- ਪ੍ਰਸ਼ਾਂਤ ਕਿਸ਼ੋਰ

-ਹੱਟੀ ਖੋਲ੍ਹ ਹੱਟੀ ਵਾਲਿਆ, ਮੇਰੇ ਪੁੱਤ ਨੇ ਪਤਾਸੇ ਲੈਣੇ।

# ਸੱਤਾਧਾਰੀ ਅਤੇ ਸੱਤਾ ਵਿਰੋਧੀ ਮੀਡੀਆ


**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com




ਮੀਡੀਆ ਨੂੰ ਅਕਸਰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਇਸਦੀ ਭੂਮਿਕਾ ਲੋਕਾਂ ਨੂੰ ਸਚਾਈ ਨਾਲ ਵਾਕਿਫ ਕਰਵਾਉਣ ਦੀ ਰਹੀ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਦੇ ਸਮੇਂ ਵਿਚ ਮੀਡੀਆ ਆਪਣੀ ਇਸ ਭੂਮਿਕਾ ਤੋਂ ਭਟਕ ਗਿਆ ਹੈ। ਜਿਹੜਾ ਮੀਡੀਆ ਇੱਕ ਸਮੇਂ ਲੋਕਾਂ ਦੀ ਅਵਾਜ਼ ਬਣਦਾ ਸੀ, ਉਹ ਅੱਜ ਖੁਦ ਦੋ ਵੱਡੇ ਗੁੱਟਾਂ ਵਿੱਚ ਵੰਡ ਗਿਆ ਹੈ—ਇੱਕ ਹਿੱਸਾ ਸੱਤਾਧਾਰੀ ਧਿਰ ਨਾਲ ਜੁੜ ਗਿਆ ਹੈ ਅਤੇ ਦੂਜਾ ਹਿੱਸਾ ਸੱਤਾ ਵਿਰੋਧੀ ਧਿਰ ਨਾਲ ਜੁੜ ਗਿਆ ਹੈ। ਮੀਡੀਆ ਦੀ ਇਸ ਵੰਡ ਦਾ ਨਤੀਜਾ ਇਹ ਹੋਇਆ ਹੈ ਕਿ ਸੱਤਾਧਾਰੀ ਧਿਰ ਨਾਲ ਜੁੜਿਆ ਮੀਡੀਆ ਹਮੇਸ਼ਾਂ ਸਰਕਾਰ ਦੇ ਕੰਮਾਂ ਦੀ ਬਿਨਾਂ ਕਿਸੇ ਗੰਭੀਰ ਸਮੀਖਿਆ ਦੇ ਪ੍ਰਸ਼ੰਸਾ ਕਰਦਾ ਹੈ। ਉਹ ਹਰ ਫੈਸਲੇ ਨੂੰ ਸਹੀ ਠਹਿਰਾਉਂਦਾ ਹੈ, ਲੋਕਾਂ ਦੇ ਹੱਕਾਂ ਅਤੇ ਚਿੰਤਾਵਾਂ ਦੀ ਪੇਸ਼ਕਸ਼ ਕਰਨ ਦੀ ਬਜਾਏ, ਉਹ ਸਰਕਾਰ ਦੀ ਮਾਨਸਿਕਤਾ ਨੂੰ ਹੀ ਲੋਕਾਂ ਦੀ ਸੋਚ 'ਚ ਘੋਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਮੀਡੀਆ ਦੀ ਪੇਸ਼ਕਸ਼ ਵਿਚ ਨਾ ਗਰੀਬਾਂ ਦੀ ਆਵਾਜ਼ ਸੁਣਾਈ ਦਿੰਦੀ ਹੈ, ਨਾ ਕਿਸਾਨਾਂ ਦੀਆਂ ਚਿੰਤਾਵਾਂ ਅਤੇ ਨਾ ਬੇਰੋਜ਼ਗਾਰੀ ਦੀ ਸਮੱਸਿਆ ਦਿਖਾਈ ਦਿੰਦੀ ਹੈ।

ਦੂਜੇ ਪਾਸੇ, ਸੱਤਾ ਵਿਰੋਧੀ ਧਿਰ ਨਾਲ ਜੁੜਿਆ ਮੀਡੀਆ ਵੀ ਆਪਣੀ ਧਾਰਾ ਵਿੱਚ ਇਕ ਪੱਖੀ ਬਣ ਚੁੱਕਾ ਹੈ। ਉਹ ਹਮੇਸ਼ਾ ਸਰਕਾਰ ਦੀ ਨਿੰਦਾ ਕਰਦਾ ਹੈ, ਬਿਨਾਂ ਇਸ ਗੱਲ ਦਾ ਵਿਚਾਰ ਕੀਤੇ ਕਿ ਕੀ ਸਰਕਾਰ ਵੱਲੋਂ ਕੋਈ ਚੰਗਾ ਕੰਮ ਵੀ ਹੋ ਰਿਹਾ ਹੈ ਜਾਂ ਨਹੀਂ। ਹਰ ਫੈਸਲੇ ਦੀ ਆਲੋਚਨਾ ਕਰਨੀ, ਹਰ ਨੀਤੀ ਨੂੰ ਗਲਤ ਸਾਬਤ ਕਰਨਾ ਅਤੇ ਸਰਕਾਰ ਨੂੰ ਲੋਕਾਂ ਵਿਰੋਧੀ ਮਾਹੌਲ ਵਿੱਚ ਪੇਸ਼ ਕਰਨਾ, ਉਸਦੇ ਕੰਮ ਦਾ ਕੇਂਦਰ ਬਣ ਗਿਆ ਹੈ। ਇੱਥੇ ਤੱਕ ਕਿ ਜਦੋਂ ਸਰਕਾਰ ਵੱਲੋਂ ਕੋਈ ਅਹੰਕਾਰ ਰਹਿਤ ਅਤੇ ਲੋਕ-ਹਿਤ ਵਾਲਾ ਫੈਸਲਾ ਲਿਆ ਜਾਂਦਾ ਹੈ, ਤਾਂ ਵੀ ਉਹ ਮੀਡੀਆ ਹਿੱਸਾ ਉਸਨੂੰ ਸ਼ੱਕ ਦੀ ਨਿਗਾਹ ਨਾਲ ਹੀ ਵੇਖਦਾ ਹੈ। ਇਸ ਤਰ੍ਹਾਂ ਦੀ ਮੀਡੀਆ ਦੀ ਭੂਮਿਕਾ ਨੇ ਲੋਕਾਂ ਦੀ ਸੋਚ ਨੂੰ ਵੀ ਦੋ ਧਿਰਾਂ ਵਿੱਚ ਵੰਡ ਦਿੱਤਾ ਹੈ। ਸਮਾਜ ਵਿੱਚ ਲੋਕ ਹੁਣ ਖ਼ਬਰਾਂ ਨੂੰ ਸਮਝਣ ਦੀ ਬਜਾਏ, ਖ਼ਬਰਾਂ ਦੇ ਪਿੱਛੇ ਲੁਕੇ ਇਰਾਦਿਆਂ ਨੂੰ ਵੇਖਣ ਲੱਗ ਪਏ ਹਨ। ਕੋਈ ਵੀ ਖ਼ਬਰ ਵੇਖਣ ਤੋਂ ਪਹਿਲਾਂ ਲੋਕ ਇਹ ਦੇਖਦੇ ਹਨ ਕਿ ਇਹ ਖ਼ਬਰ ਕਿਸ ਚੈਨਲ ਜਾਂ ਅਖ਼ਬਾਰ ਵੱਲੋਂ ਆ ਰਹੀ ਹੈ। ਅਸੀਂ ਕਈ ਵਾਰ ਵੇਖਦੇ ਹਾਂ ਕਿ ਇੱਕੋ ਘਟਨਾ ਨੂੰ ਦੋ ਵੱਖਰੇ ਤਰੀਕਿਆਂ ਨਾਲ ਪੇਸ਼ ਕੀਤਾ ਜਾਂਦਾ ਹੈ—ਇੱਕ ਵੱਲੋਂ ਇਹ ਘਟਨਾ ਸਰਕਾਰ ਦੀ ਜਿੱਤ ਬਣ ਜਾਂਦੀ ਹੈ, ਤੇ ਦੂਜੇ ਵੱਲੋਂ ਇਹੀ ਘਟਨਾ ਸਰਕਾਰ ਦੀ ਨਾਕਾਮੀ ਬਣ ਜਾਂਦੀ ਹੈ।

ਇਹ ਸਭ ਕੁਝ ਮੀਡੀਆ ਦੀ ਨੈਤਿਕਤਾ ਤੇ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਜਦ ਮੀਡੀਆ ਆਪਣੇ ਫਰਜ਼ ਨੂੰ ਭੁੱਲ ਕੇ ਕਿਸੇ ਧਿਰ ਦੀ ਚਮਚਾਗੀਰੀ ਕਰਨ ਲੱਗ ਪੈਂਦਾ ਹੈ, ਤਾਂ ਉਹ ਮੀਡੀਆ ਨਹੀਂ ਰਹਿੰਦਾ, ਸਿਰਫ਼ ਇੱਕ ਪ੍ਰਚਾਰ ਮਸ਼ੀਨ ਬਣ ਜਾਂਦਾ ਹੈ। ਮੀਡੀਆ ਦਾ ਕੰਮ ਕਿਸੇ ਧਿਰ ਦੀ ਸੇਵਾ ਕਰਨਾ ਨਹੀਂ, ਬਲਕਿ ਲੋਕਾਂ ਤੱਕ ਨਿਰਪੱਖ, ਤੱਥਾਂ ਅਧਾਰਤ ਤੇ ਸੰਤੁਲਿਤ ਜਾਣਕਾਰੀ ਪਹੁੰਚਾਉਣਾ ਹੈ। ਪਰ ਮੀਡੀਆ ਅੱਜ ਇਹ ਸੰਤੁਲਨ ਗੁਆ ਚੁੱਕਾ ਹੈ। ਸੱਤਾਧਾਰੀ ਧਿਰ ਨਾਲ ਜੁੜਿਆ ਮੀਡੀਆ ਜਿੱਥੇ ਸਰਕਾਰ ਦੀ ਹਰ ਗਲਤ ਨੀਤੀ ਨੂੰ ਵੀ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਉੱਥੇ ਹੀ ਉਹ ਕਦੇ ਵੀ ਸਰਕਾਰ ਤੋਂ ਕੋਈ ਗੰਭੀਰ ਸਵਾਲ ਨਹੀਂ ਪੁੱਛਦਾ। ਜਿੰਨਾ ਜ਼ਿਆਦਾ ਉਹ ਸਰਕਾਰ ਦੀ ਚਮਚਾਗੀਰੀ ਕਰਦਾ ਹੈ, ਉਨ੍ਹਾਂ ਹੀ ਜ਼ਿਆਦਾ ਇਨਾਮ ਜਾਂ ਸਹਿਯੋਗ ਲੈਂਦਾ ਹੈ। ਇੱਥੇ ਤੱਕ ਕਿ ਕਈ ਵਾਰ ਤਾਂ ਉਹ ਪ੍ਰਸਾਰਣ ਸਥਾਨਕ ਸਰਕਾਰ ਵੱਲੋਂ ਚਲਾਈ ਜਾ ਰਹੀਆਂ ਨੀਤੀਆਂ ਦੇ ਵਿਗਿਆਪਨ ਦੇ ਰੂਪ ਵਿੱਚ ਹੀ ਕੰਮ ਕਰਦੀਆਂ ਹਨ।

ਦੂਜੀ ਪਾਸੇ, ਸੱਤਾ ਵਿਰੋਧੀ ਧਿਰ ਨਾਲ ਜੁੜਿਆ ਮੀਡੀਆ ਹਰ ਖ਼ਬਰ ਨੂੰ ਸੰਵੇਦਨਸ਼ੀਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਵਧੇਰੇ ਟੀ. ਆਰ. ਪੀ. ਤੇ ਧਿਆਨ ਕੇਂਦਰਤ ਕਰਦਾ ਹੈ। ਉਹ ਖ਼ਬਰ ਦੀ ਸੱਚਾਈ ਦੀ ਜਾਂਚ ਤੋਂ ਵੱਧ, ਸਿਰਫ਼ ਉਸਦੇ ਭਾਵਨਾਤਮਕ ਪ੍ਰਭਾਵ ਅਤੇ ਲੋਕਾਂ ਨੂੰ ਭੜਕਾਉਣ ਵਾਲੀ ਭੂਮਿਕਾ ਨੂੰ ਤਰਜੀਹ ਦਿੰਦਾ ਹੈ। ਇਹ ਵੀ ਮੀਡੀਆ ਦੀ ਬੇਇਮਾਨੀ ਦਾ ਇੱਕ ਰੂਪ ਹੈ। ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੋਕ ਆਮ ਜਨਤਕ ਮਸਲਿਆਂ ਉੱਤੇ ਇੱਕਜੁੱਟ ਹੋਣ ਦੀ ਬਜਾਏ ਆਪਸ 'ਚ ਵੰਡੇ ਜਾਂਦੇ ਹਨ। ਕਿਸੇ ਵੀ ਸੱਚ ਨੂੰ ਮੰਨਣ ਤੋਂ ਪਹਿਲਾਂ ਉਹ ਇਹ ਸੋਚਦੇ ਹਨ ਕਿ ਇਹ ਸੱਚ ਕਿਹੜੀ ਧਿਰ ਵੱਲੋਂ ਆ ਰਿਹਾ ਹੈ। ਇੱਥੇ ਤੱਕ ਕਿ ਸੱਚਾਈ ਦੀ ਪਰਿਭਾਸ਼ਾ ਵੀ ਧਿਰਾਂ ਅਨੁਸਾਰ ਵੱਖ-ਵੱਖ ਹੋ ਗਈ ਹੈ। ਇਹ ਮੀਡੀਆ ਦੀ ਨਿਪੱਖਤਾ ਲਈ ਸਭ ਤੋਂ ਵੱਡਾ ਖ਼ਤਰਾ ਹੈ। ਜਦ ਮੀਡੀਆ ਕਿਸੇ ਧਿਰ ਦਾ ਹਥਿਆਰ ਬਣ ਜਾਂਦਾ ਹੈ, ਤਾਂ ਉਹ ਸਿਰਫ਼ ਲੋਕਾਂ ਨੂੰ ਭਟਕਾਉਂਦਾ ਨਹੀਂ, ਬਲਕਿ ਸਮਾਜਿਕ ਏਕਤਾ ਅਤੇ ਲੋਕਤੰਤਰ ਨੂੰ ਵੀ ਕਮਜ਼ੋਰ ਕਰਦਾ ਹੈ। ਇਸ ਤਰ੍ਹਾਂ ਦੀ ਮੀਡੀਆ ਦੀ ਭੂਮਿਕਾ ਨਾ ਸਿਰਫ਼ ਗਲਤ ਹੈ, ਬਲਕਿ ਖ਼ਤਰਨਾਕ ਵੀ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਹਰ ਸਰਕਾਰ ਸਦਾ ਹੀ ਗਲਤ ਹੁੰਦੀ ਹੈ ਜਾਂ ਹਰ ਸਰਕਾਰ ਸਦਾ ਹੀ ਸਹੀ ਹੁੰਦੀ ਹੈ। ਸਰਕਾਰ ਦੇ ਕੰਮਾਂ ਦੀ ਸਮੀਖਿਆ ਮੀਡੀਆ ਦਾ ਫਰਜ਼ ਹੈ, ਪਰ ਇਹ ਸਮੀਖਿਆ ਨਿਰਪੱਖ ਹੋਣੀ ਚਾਹੀਦੀ ਹੈ।

ਇਸ ਪਰਸਥਿਤੀ ਵਿੱਚ ਮੀਡੀਆ ਨੂੰ ਆਪਣਾ ਵਿਵਹਾਰ ਬਦਲਣ ਦੀ ਲੋੜ ਹੈ। ਮੀਡੀਆ ਨੂੰ ਆਪਣੇ ਅਸਲ ਫਰਜ਼ ਵੱਲ ਮੁੜਣਾ ਹੋਵੇਗਾ—ਸੱਚਾਈ ਦੀ ਪੇਸ਼ਕਸ਼, ਨਿਰਪੱਖ ਸਮੀਖਿਆ ਅਤੇ ਜਨਤਕ ਹਿਤ ਨੂੰ ਪਹਿਲ ਦੇਣੀ ਹੋਵੇਗੀ। ਜਦ ਤੱਕ ਮੀਡੀਆ ਇਹ ਨਹੀਂ ਕਰਦਾ, ਤਦ ਤੱਕ ਨਾਂ ਤਾਂ ਸਮਾਜ ਨਿਰਪੱਖ ਰਹਿ ਸਕਦਾ ਹੈ, ਨਾਂ ਹੀ ਲੋਕਤੰਤਰ ਮਜਬੂਤ ਹੋ ਸਕਦਾ ਹੈ। ਅੱਜ ਦੀ ਲੋੜ ਇਹ ਹੈ ਕਿ ਮੀਡੀਆ ਦੁਆਰਾ ਸਰਕਾਰ ਦੇ ਚੰਗੇ ਕੰਮਾਂ ਦੀ ਖੁਲ੍ਹ ਕੇ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਤੋਂ ਹੋਰ ਸਰਕਾਰਾਂ ਵੀ ਸਿੱਖ ਲੈ ਸਕਣ। ਇਸ ਦੇ ਨਾਲ ਹੀ, ਗਲਤੀਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਉਹ ਦੁਹਰਾਈਆਂ ਨਾ ਜਾਣ। ਇਹੀ ਸੱਚੀ ਨਿਰਪੱਖਤਾ ਹੋਵੇਗੀ, ਜਿਸ ਨਾਲ ਮੀਡੀਆ ਕਿਸੇ ਧਿਰ ਦੀ ਝੰਡੇਬਰਦਾਰ ਨਾ ਹੋਕੇ, ਲੋਕਤੰਤਰ ਦਾ ਚੌਥਾ ਥੰਮ ਬਣ ਕੇ ਰਹਿ ਸਕੇਗਾ।

ਸਮਾਪਤੀ ਕਰਦਿਆਂ ਇਹ ਕਹਿਣਾ ਉਚਿਤ ਹੋਵੇਗਾ ਕਿ ਮੀਡੀਆ ਦੀ ਦੋ ਗੁੱਟਾਂ ਵਿੱਚ ਵੰਡ ਸਮਾਜ ਦੇ ਲਈ ਇਕ ਵੱਡਾ ਸੰਕਟ ਬਣ ਰਹੀ ਹੈ। ਇਹ ਵੰਡ ਨਾ ਸਿਰਫ਼ ਰਾਜਨੀਤਿਕ ਰੂਪ ਵਿੱਚ, ਬਲਕਿ ਆਮ ਲੋਕਾਂ ਦੇ ਵਿਚਾਰਾਂ ਵਿੱਚ ਵੀ ਪੈਦਾ ਹੋ ਰਹੀ ਹੈ। ਜੇਕਰ ਦੇਸ਼ ਅਤੇ ਲੋਕਤੰਤਰ ਨੂੰ ਬਚਾਉਣਾ ਹੈ ਤਾਂ ਮੀਡੀਆ ਨੂੰ ਆਪਣੀ ਪੱਖਪਾਤੀ ਭੂਮਿਕਾ ਤੋਂ ਉਪਰ ਉੱਠਣਾ ਹੋਵੇਗਾ ਅਤੇ ਨਿਰਪੱਖਤਾ ਨੂੰ ਅਪਣਾਉਣਾ ਪਵੇਗਾ। ਸਿਰਫ਼ ਇੰਨੇ ਨਾਲ ਹੀ ਸਹੀ ਜਾਣਕਾਰੀ, ਸਹੀ ਸਮਾਜ ਅਤੇ ਮਜਬੂਤ ਲੋਕਤੰਤਰ ਦੀ ਸਥਾਪਨਾ ਹੋ ਸਕਦੀ ਹੈ।


**ਜਦ ਮੀਡੀਆ ਕਿਸੇ ਧਿਰ ਦਾ ਹਥਿਆਰ ਬਣ ਜਾਂਦਾ ਹੈ, ਤਾਂ ਉਹ ਸਿਰਫ਼ ਲੋਕਾਂ ਨੂੰ ਭਟਕਾਉਂਦਾ ਨਹੀਂ, ਬਲਕਿ ਸਮਾਜਿਕ ਏਕਤਾ ਅਤੇ ਲੋਕਤੰਤਰ ਨੂੰ ਵੀ ਕਮਜ਼ੋਰ ਕਰਦਾ ਹੈ। ਇਸ ਤਰ੍ਹਾਂ ਦੀ ਮੀਡੀਆ ਦੀ ਭੂਮਿਕਾ ਨਾ ਸਿਰਫ਼ ਗਲਤ ਹੈ, ਬਲਕਿ ਖ਼ਤਰਨਾਕ ਵੀ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਹਰ ਸਰਕਾਰ ਸਦਾ ਹੀ ਗਲਤ ਹੁੰਦੀ ਹੈ ਜਾਂ ਹਰ ਸਰਕਾਰ ਸਦਾ ਹੀ ਸਹੀ ਹੁੰਦੀ ਹੈ। ਸਰਕਾਰ ਦੇ ਕੰਮਾਂ ਦੀ ਸਮੀਖਿਆ ਮੀਡੀਆ ਦਾ ਫਰਜ਼ ਹੈ, ਪਰ ਇਹ ਸਮੀਖਿਆ ਨਿਰਪੱਖ ਹੋਣੀ ਚਾਹੀਦੀ ਹੈ। ਇਸ ਪਰਸਥਿਤੀ ਵਿੱਚ ਮੀਡੀਆ ਨੂੰ ਆਪਣਾ ਵਿਵਹਾਰ ਬਦਲਣ ਦੀ ਲੋੜ ਹੈ। ਮੀਡੀਆ ਨੂੰ ਆਪਣੇ ਅਸਲ ਫਰਜ਼ ਵੱਲ ਮੁੜਣਾ ਹੋਵੇਗਾ—ਸੱਚਾਈ ਦੀ ਪੇਸ਼ਕਸ਼, ਨਿਰਪੱਖ ਸਮੀਖਿਆ ਅਤੇ ਜਨਤਕ ਹਿਤ ਨੂੰ ਪਹਿਲ ਦੇਣੀ ਹੋਵੇਗੀ।**


# ਪਾਣੀ ਵਿੱਚ ਮਧਾਣੀ ਪਈ ਰਹਿਣੀ ਹੈ

## ਪਾਠਕਾਂ ਦੇ ਪੱਤਰ

ਅਕਸਰ ਪਾਣੀ ਵਿੱਚ ਮਧਾਣੀ ਪਾ ਕੇ ਫੇਰੀ ਜਾਊ ਕੁਝ ਨਿਕਲਣਾ ਨਹੀਂ ਆਮ ਅਖਾਣ ਹੈ ਪਰ ਸਾਡੀ ਸਰਕਾਰ ਸਾਬਤ ਕਰ ਦਿੰਦੀ ਹੈ। ਪਹਿਲਾਂ ਨਸ਼ੇ ਦੀ ਗੱਲ ਕਰੋ ਨਸ਼ਾ ਨਾ ਪੰਜਾਬ ਵਿੱਚੋਂ ਨਾ ਭਾਰਤ ਤੋਂ ਬੰਦ ਹੋਣਾ ਹੈ ਦੁਨੀਆਂ ਦੇ ਦੇਸ਼ ਦੇਖ ਲਵੋ ਇਸ ਨੂੰ ਕੋਈ ਨੱਥ ਨਹੀਂ ਪਾ ਸਕਿਆ। ਇਹ ਬਿਲਕੁੱਲ ਨਸ਼ਾ ਖ਼ਤਮ ਨਹੀਂ ਹੋਣਾ ਮਜੀਠਾ ਕਾਂਡ ਦੇਖੋ ਚਲੋ 23 ਜਾਂ 26 ਮੌਤਾਂ ਹੋਈਆਂ ਅਗਰ ਪੁਲਸ ਸਖ਼ਤ ਹੈ ਬਾਕੀ ਡਰੱਗ ਡਿਪਾਰਟਮੈਂਟ ਸਖ਼ਤੀ ਕਰਦੇ ਹਨ ਚੈਕਿੰਗ ਸਖ਼ਤ ਫਿਰ ਇਹ ਕਾਂਡ ਕਿਉਂ ਹੋਇਆ ਥੱਸ ਉੱਪਰ ਤੋਂ ਥੱਲੇ ਤੀਕਰ ਮਿਲੀਭੁਗਤ ਲਾਣ ਫੜ ਲਿਆ ਇਤਨੀ ਸ਼ਰਾਬੀ ਦੇਸੀ ਫੜੀ ਭੱਠੀਆਂ ਫੜ ਲਈ ਫਿਰ ਇਹ ਕਿਉਂ ਹੋ ਰਿਹਾ ਸਿਰਫ਼ ਡਰਾਮਾ ਹੈ ਪੁਲਸ ਕਰ ਰਹੀ ਨਾਲ ਸਰਕਾਰ, ਇਸ ਵਿੱਚ ਕਦੀ ਭੀ ਕਾਮਯਾਬੀ 100% ਨਹੀਂ ਮਿਲ ਸਕਦੀ ਕਿਉਂ ਜਦੋਂ ਕੋਈ ਹਾਦਸਾ ਹੁੰਦਾ ਸਰਕਾਰ ਦੀ ਨੀਂਦ ਖੁੱਲ੍ਹ ਜਾਂਦੀ ਹੈ। ਬੱਸ ਪੇਪਰਾਂ ਵਿੱਚ ਹੋਰ ਸਖ਼ਤ ਕਾਰਵਾਈ ਹੁੰਦੀ ਹੈ। ਅਸਲੀ ਕੁਝ ਨਹੀਂ ਇਹ ਪੜ੍ਹ ਰਹੇ ਇਸ 'ਤੇ ਇਤਨੇ ਪਰਚੇ ਦਰਜ ਹਨ ਇਤਨੇ ਕੇਸ ਦਰਜ ਹਨ ਅਗਰ ਕੇਸਾਂ ਦੀ ਕਾਰਵਾਈ ਸਖ਼ਤ ਹੋਵੇ ਫਿਰ ਇਹ ਕਿਵੇਂ ਹੋ ਜਾਵੇ। ਜਾਹਰ ਸਰਕਾਰ-ਪੁਲਸ ਦੀ ਇਨ੍ਹਾਂ ਵੱਡੇ ਕਾਰੋਬਾਰੀਆਂ ਦੀ ਮਿਲੀਭੁਗਤ। ਚਲੋ ਪਾਣੀਆਂ ਦਾ ਮਸਲਾ ਪਾਣੀਆਂ ਦਾ ਮਸਲਾ ਹਰ ਵੇਲੇ ਰੌਲਾ ਹੈ ਪੰਜਾਬ ਪਾਸ ਇਕ ਬੂੰਦ ਪਾਣੀ ਦੀ ਫਾਲਤੂ ਨਹੀਂ ਹਰਿਆਣੇ ਨੂੰ ਨਹੀਂ ਦੇ ਸਕਦੀ। ਇਸ ਦਾ ਕੋਈ ਬੈਠ ਕੇ ਹੱਲ ਲੱਭੋ। ਐਵੇਂ ਰੋਜ਼ ਨਵੇਂ-ਨਵੇਂ ਬਿਆਨ ਦੇਈ ਜਾਂਦੇ ਹੈ। ਕਦੀ ਗੇਟ ਬੰਦ ਕਦੀ ਧਰਨਾ ਇਹ ਹੱਲ ਦਾ ਤਰੀਕਾ ਨਹੀਂ ਸਿਰਫ਼ ਆਪਣੀ ਸਿਆਸਤ ਕਰ ਰਹੇ ਹਨ ਕਿ ਆਉਂਦੇ ਇਲੈਕਸ਼ਨ ਵਿੱਚ ਫਿਰ ਜਿੱਤ ਪ੍ਰਾਪਤ ਹੋਵੇ। ਇਸ ਤੋਂ ਵੱਧ ਕੁਝ ਨਹੀਂ ਮੰਤਰੀ ਦਾ ਕੰਮ ਇਹ ਹੁੰਦਾ ਹੈ ਗੇਟ ਬੰਦ ਕਰਕੇ ਧਰਨਾ ਲਾਉਣਾ। ਧਰਨਾ ਉਂਝ ਭੀ ਲੱਗ ਸਕਦਾ ਹੈ। ਫਿਰ ਮੈਂ ਕਿਧਰ ਜਾਊ ਮੈਂ ਕੀਤਾ। ਮੈਂ-ਮੈਂ ਦੀ ਜਿੱਤ ਕਦੀ ਨਹੀਂ ਜਿਵੇਂ ਬਕਰੀ ਮੈਂ ਮੈਂ ਕਰਦੀ ਹੈ ਜਦੋਂ ਮਾਰ ਕੇ ਚਮੜੀ ਦਾ ਤੂੰ (ਪਿੰਜਣੀ) ਬਣਾ ਲੈਂਦੇ ਹਨ ਉਹ ਹੀ ਤੂੰ ਹੀ ਤੂੰ ਕਰਦੀ ਹੈ? ਮੈਂ ਮੈਂ ਨਿਕਲ ਜਾਂਦੀ ਹੈ ਤੂੰ ਹੀ ਤੂੰ ਰਹਿ ਜਾਂਦੀ ਹੈ ਫਿਰ ਕਾਮਯਾਬੀ ਕੀ ਹਾਉਮੈਂ ਦੀ ਕਦੀ ਜਿੱਤ ਨਹੀਂ? ਸਿਰਫ਼ ਗੱਦੀ 'ਤੇ ਬੈਠੇ ਹੀ ਮੈਂ ਮੈਂ ਕਰਦੇ ਹਨ। ਜਦੋਂ ਹਾਰ ਗਏ ਮੈਂ ਮੈਂ ਖ਼ਤਮ ਫਿਰ ਤੂੰ ਹੀ ਤੂੰ ਅਗਲੇ ਜੋ ਮਰਜ਼ੀ ਕਰਨ। ਹਰਿਆਣੇ ਨੂੰ ਪਾਣੀ ਨਹੀਂ ਰਾਜਸਥਾਨ ਨੂੰ ਪਾਣੀ ਕਿਉਂ ਅਗਰ ਪੰਜਾਬ ਪਾਸ ਪਾਣੀ ਦੀ ਬੂੰਦ ਫਾਲਤੂ ਨਹੀਂ ਫਿਰ ਰਾਜਸਥਾਨ ਦਾ ਪਾਣੀ ਭੀ ਘੱਟ ਕਰੋ ਜਾਂ ਬੰਦ ਕਰੋ। ਮਸਲਾ ਉਹ ਹੈ ਪਾਣੀ ਦੀ ਮਧਾਣੀ ਵਾਲਾ ਹੱਲ ਭੀ ਉਹ ਹੈ। ਗੱਲ ਕਰੀਏ ਅੱਤਿਵਾਦ ਦੀ ਕੀ ਇਸ ਲੜਾਈ ਨਾਲ ਅੱਤਿਵਾਦ ਖ਼ਤਮ ਹੋ ਜਾਵੇਗਾ ਬਿਲਕੁੱਲ ਖ਼ਤਮ ਹੋ ਗਿਆ। ਚਲੋ ਭਾਰਤ ਨੇ ਸਾਰੇ ਅੱਡੇ ਭੰਨ ਦਿੱਤੇ ਹਨ ਅਖ਼ਬਾਰ ਮੁਤਾਬਕ ਰਿਪੋਰਟ ਸੀ ਕਿ 23 ਅੱਡੇ ਹਨ ਫਿਰ 9 ਬੰਦ ਹੋਏ, ਹੋਰਨਾਂ ਬਾਰੇ ਕੀ ਬਣਿਆ ਕੀ ਹੋਰ ਉਹ ਖੋਲ੍ਹ ਨਹੀਂ ਸਕਦੇ ਕੀ ਭਾਰਤ ਅੰਦਰ ਕਸ਼ਮੀਰ ਵਿੱਚ ਅੱਤਿਵਾਦੀ ਨਹੀਂ ਹਨ ਉਨ੍ਹਾਂ ਦਾ ਸਫਾਇਆ ਹੋ ਗਿਆ; ਇਸ ਨਾਲ ਥੋੜ੍ਹਾ ਚਿਰ ਇਹ ਮਸਲਾ ਠੰਡਾ ਜਰੂਰ ਹੋ ਸਕਦਾ ਹੈ ਪਰ ਖ਼ਤਮ ਹੋਣਾ ਅਸੰਭਵ ਹੈ ਖ਼ਤਮ ਸਿਰਫ਼ ਕਾਗਜ਼ਾਂ ਵਿੱਚ ਹੋਇਆ। ਗਲਤੀ ਮੁਆਫ਼



ਆਪ ਦਾ ਕੇ. ਸਿੰਘ ਜੋਗੀ

# ਓਮ ਪ੍ਰਕਾਸ਼ ਚੌਟਾਲਾ ਦੀ ਰਾਜਨੀਤਿਕ ਵਿਰਾਸਤ ਨੂੰ ਲੈ ਕੇ ਚੌਟਾਲਾ ਪਰਿਵਾਰ ਵਿੱਚ ਸਿਆਸੀ ਜੰਗ ਤੇਜ਼

**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ (ਹਰਿਆਣਾ)
ਸੰਪਰਕ- 94670-95953



ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਓਮ ਪ੍ਰਕਾਸ਼ ਚੌਟਾਲਾ ਦੀ ਰਾਜਨੀਤਿਕ ਵਿਰਾਸਤ ਨੂੰ ਲੈ ਕੇ ਚੌਟਾਲਾ ਪਰਿਵਾਰ ਵਿੱਚ ਛਿੜੀ ਜ਼ੁਬਾਨੀ ਜੰਗ ਹੁਣ ਖੁੱਲਕੇ ਸਾਹਮਣੇ ਆ ਗਈ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾ ਜਜਪਾ ਦੇ ਕੌਮੀ ਪ੍ਰਧਾਨ ਅਜੇ ਸਿੰਘ ਚੌਟਾਲਾ ਨੇ ਪਾਰਟੀ ਵਰਕਰਾਂ ਨੂੰ ਸੰਬੋਧਿਨ ਕਰਦਿਆਂ ਆਖਿਆ ਸੀ ਕਿ ਹੁਣ ਜਲਦੀ ਹੀ ਪਾਰਟੀ ਦੇ ਪੋਸਟਰਾਂ ਤੇ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਵੀ ਲਗਾਈ ਜਾਵੇਗੀ। ਇਸਤੋਂ ਬਾਅਦ ਇਨੈਲੋ ਦੇ ਕੌਮੀ ਪ੍ਰਧਾਨ ਅਤੇ ਏਲ-ਨਾਬਾਦ ਦੇ ਸਾਬਕਾ ਵਿਧਾਇਕ ਅਭੈ ਸਿੰਘ ਚੌਟਾਲਾ ਨੇ ਮੀਡੀਆਂ ਨੂੰ ਸੰਬੋਧਿਨ ਕਰਦਿਆਂ ਆਖਿਆ ਸੀ ਕਿ ਜੇਕਰ ਜਜਪਾ ਨੇ ਆਪਣੇ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਲਗਾਈ ਤਾਂ ਉਹ ਇਲੈਕਸ਼ਨ ਕਮਿਸ਼ਨ ਨੂੰ ਚਿੱਠੀ ਲਿਖਣਗੇ ਅਤੇ ਜੇਕਰ ਕੋਈ ਸੁਣਵਾਈ ਨਾ ਹੋਈ ਤਾਂ ਉਹ ਕੋਰਟ ਵਿੱਚ ਵੀ ਜਾਣਗੇ। ਅਭੈ ਸਿੰਘ ਚੌਟਾਲਾ ਦਾ ਕਹਿਣਾ ਹੈ ਕਿ ਓਮ ਪ੍ਰਕਾਸ਼ ਚੌਟਾਲਾ ਇਨੈਲੋ ਦੇ ਸੁਪਰੀਮੋ ਹਨ ਇਸ ਲਈ ਹੋਰ ਕੋਈ ਪਾਰਟੀ ਉਨ੍ਹਾਂ ਦੀ ਫੋਟੋ ਆਪਣੇ ਪੋਸਟਰਾਂ ਵਿੱਚ ਨਹੀ ਲਗਾ ਸਕਦੀ। ਦੂਜੇ ਪਾਸੇ ਅਜੇ ਸਿੰਘ ਚੌਟਾਲਾ ਦੇ ਛੋਟੇ ਫਰਜ਼ੰਦ ਦਿੱਗਵਿਜੇ ਸਿੰਘ ਚੌਟਾਲਾ ਵੀ ਪਹਿਲਾ ਹੀ ਬਿਆਨ ਦੇ ਚੁੱਕੇ ਹਨ ਕਿ ਜਜਪਾ ਆਪਣੇ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਜਰੂਰ ਲਗਾਵੇਗੀ ਚਾਹੇ ਕੁਝ ਵੀ ਹੋ ਜਾਵੇ, ਕੋਈ ਫਰਕ ਨਹੀ ਪੈਂਦਾ। ਜਜਪਾ ਵੱਲੋਂ ਜਾਰੀ ਕੀਤੇ ਗਏ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਲੱਗੀ ਹੋਈ ਹੈ। ਜਿਸ ਕਾਰਨ ਇਨੈਲੋ ਅਤੇ ਜਜਪਾ ਵਿਚਕਾਰ ਇਹ ਮਾਮਲਾ ਹੋਰ ਵੀ ਗੰਭੀਰ ਹੋਣ ਦੇ ਸੰਕੇਤ ਮਿਲ ਰਹੇ ਹਨ। ਹੁਣ ਵੇਖਣਾ ਇਹ ਹੋਵੇਗਾ ਕਿ ਜਜਪਾ ਵੱਲੋਂ ਆਪਣੇ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਲਗਾਏ ਜਾਣ ਤੋਂ ਬਾਅਦ ਇਨੈਲੋ ਵੱਲੋ ਕੀ ਕਦਮ ਚੁੱਕਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਜਦੋਂ ਓਮ ਪ੍ਰਕਾਸ਼ ਚੌਟਾਲਾ ਜਿਉਂਦੇ ਸਨ ਤਾਂ ਉਸ ਸਮੇਂ ਹੀ ਚੌਟਾਲਾ ਪਰਿਵਾਰ ਵਿੱਚ ਮਤਭੇਦ ਪੈਦਾ ਹੋ ਗਏ ਸਨ ਜਿਸ ਕਾਰਨ ਓਮ ਪ੍ਰਕਾਸ਼ ਚੌਟਾਲਾ ਦੇ ਵੱਡੇ ਬੇਟੇ ਅਜੇ ਚੌਟਾਲਾ ਨੇ ਇਨੈਲੋ ਤੋਂ ਅਲੱਗ ਹੋ ਕੇ ਜਨਨਾਇਕ ਜਨਤਾ ਪਾਰਟੀ (ਜਜਪਾ) ਦਾ ਗਠਨ ਕਰ ਲਿਆ ਸੀ ਅਤੇ ਸਾਲ 2019 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਜਜਪਾ ਨੇ ਸੂਬੇ ਵਿੱਚ 10 ਸੀਟਾਂ ਤੇ ਜਿੱਤ ਹਾਸਲ ਕਰਕੇ ਹਰਿਆਣਾ ਵਿੱਚ ਭਾਜਪਾ ਨਾਲ ਰਲਕੇ ਸਰਕਾਰ ਬਣਾਈ ਸੀ। ਉਸ ਸਮੇਂ ਅਜੇ ਚੌਟਾਲਾ ਦੇ ਵੱਡੇ ਬੇਟੇ ਦੁਸ਼ਿਅੰਤ ਚੌਟਾਲਾ ਨੂੰ ਹਰਿਆਣਾ ਦਾ ਉਪ ਮੁੱਖ ਮੰਤਰੀ ਬਣਾਇਆ ਗਿਆ ਸੀ। ਉਸ ਸਮੇਂ ਤੱਕ ਜਜਪਾ ਵੱਲੋਂ ਆਪਣੀ ਪਾਰਟੀ ਦੇ ਪੋਸਟਰਾਂ ਵਿੱਚ ਕਦੇ ਵੀ ਓਮ ਪ੍ਰਕਾਸ਼ ਚੌਟਾਲਾ ਦੀ ਤਸਵੀਰ ਨਹੀ ਲਗਾਈ ਗਈ ਸੀ ਕਿਉਕਿ ਚੌਧਰੀ ਓਮ ਪ੍ਰਕਾਸ਼ ਚੌਟਾਲਾ ਖੁਦ ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਪਾਰਟੀ ਦੇ ਸੁਪਰੀਮੋ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਹੁਣ ਇੱਕ ਵਾਰ ਫਿਰ ਇਨੈਲੋ ਅਤੇ ਜਜਪਾ ਵੱਲੋਂ ਓਮ ਪ੍ਰਕਾਸ਼ ਚੌਟਾਲਾ ਦੀ ਸਿਆਸੀ ਵਿਰਾਸਤ ਤੇ ਆਪਣੇ-ਆਪਣੇ ਦਾਅਵੇ ਕੀਤੇ ਜਾ ਰਹੇ ਹਨ। ਜਿਸਦੇ ਚੱਲਦਿਆਂ ਜਜਪਾ ਨੇ ਹੁਣ ਜਾਰੀ ਕੀਤੇ ਗਏ ਪਾਰਟੀ ਦੇ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਤਸਵੀਰ ਲਗਾ ਦਿੱਤੀ ਹੈ ਪਰ ਇਨੈਲੋ ਦੇ ਕੌਮੀ ਪ੍ਰਧਾਨ ਅਭੈ ਸਿੰਘ ਚੌਟਾਲਾ ਵੱਲੋਂ ਇਹ ਕਹਿਕੇ ਇਸਦਾ ਵਿਰੋਧ ਕੀਤਾ ਜਾ ਰਿਹਾ ਹੈ ਕਿ ਚੌਧਰੀ ਓਮ ਪ੍ਰਕਾਸ਼ ਚੌਟਾਲਾ ਕੇਵਲ ਇਨੈਲੋ ਪਾਰਟੀ ਦੇ ਹੀ ਸੰਸਥਾਪਕ ਹਨ ਇਸ ਲਈ ਹੋਰ ਕੋਈ ਵੀ ਪਾਰਟੀ ਉਨ੍ਹਾਂ ਦੀ ਤਸਵੀਰ ਆਪਣੀ ਪਾਰਟੀ ਦੇ ਪੋਸਟਰਾਂ ਵਿੱਚ ਨਹੀ ਲਗਾ ਸਕਦੀ। ਫਿਲਹਾਲ ਜਜਪਾ ਅਤੇ ਇਨੈਲੋ ਵਿਚਕਾਰ ਇਸ ਮੁੱਦੇ ਨੂੰ ਲੈ ਕੇ ਸਿਆਸੀ ਜੰਗ ਛਿੜੀ ਹੋਈ ਹੈ।

**ਜਜਪਾ ਵੱਲੋਂ ਜਾਰੀ ਕੀਤੇ ਗਏ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਲੱਗੀ ਹੋਈ ਹੈ। ਜਿਸ ਕਾਰਨ ਇਨੈਲੋ ਅਤੇ ਜਜਪਾ ਵਿਚਕਾਰ ਇਹ ਮਾਮਲਾ ਹੋਰ ਵੀ ਗੰਭੀਰ ਹੋਣ ਦੇ ਸੰਕੇਤ ਮਿਲ ਰਹੇ ਹਨ। ਹੁਣ ਵੇਖਣਾ ਇਹ ਹੋਵੇਗਾ ਕਿ ਜਜਪਾ ਵੱਲੋਂ ਆਪਣੇ ਪੋਸਟਰਾਂ ਵਿੱਚ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦੀ ਫੋਟੋ ਲਗਾਏ ਜਾਣ ਤੋਂ ਬਾਅਦ ਇਨੈਲੋ ਵੱਲੋ ਕੀ ਕਦਮ ਚੁੱਕਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਜਦੋਂ ਓਮ ਪ੍ਰਕਾਸ਼ ਚੌਟਾਲਾ ਜਿਉਂਦੇ ਸਨ ਤਾਂ ਉਸ ਸਮੇਂ ਹੀ ਚੌਟਾਲਾ ਪਰਿਵਾਰ ਵਿੱਚ ਮਤਭੇਦ ਪੈਦਾ ਹੋ ਗਏ ਸਨ ਜਿਸ ਕਾਰਨ ਓਮ ਪ੍ਰਕਾਸ਼ ਚੌਟਾਲਾ ਦੇ ਵੱਡੇ ਬੇਟੇ ਅਜੇ ਚੌਟਾਲਾ ਨੇ ਇਨੈਲੋ ਤੋਂ ਅਲੱਗ ਹੋ ਕੇ ਜਨਨਾਇਕ ਜਨਤਾ ਪਾਰਟੀ (ਜਜਪਾ) ਦਾ ਗਠਨ ਕਰ ਲਿਆ ਸੀ**




# IN CHHATTISGARH 27 NAXALITES KILLED

## TAIL PIECE

**Dalip Singh Wasan,**
**Advocate**
Email : dalipsinghwassan@yahoo.co.in



There had been reports about this Naxalites Movement and killings from both sides are reported. Uptil now, people of India do not know who are these people, who is feeding them, what is their target and purpose, how many innocient people had been killed update, how many terrorists have been killed and whether some other power is behind them who had been supplying them arms and ammunition items.

Our Home Minister has declared that they are near to finish this movement. A good news and since this declaration there are reports of Naxalites killed. It shall be better if a White Paper is published on this movement so that people of India could iknow much about this movement. If some group from India itself is behind them, that must be clear before the people. Similarly, if some other country is involved, that too must be clear before the people. The purpose for which this movement has been started that too must be clear. And something be clear who is paying so much expenses for running this movement and the sourxe from which arms are coming that too must be clear before the people. The real source be clear before the people because till those sources are alive, finishing of Naxalite shall be a long process. People of India may know all about this movement. Mere reading of news disturbs peace of mind of the people of India.

### AGITATING FARMERS MUST MEET RAHUL GANDHI AND PLACE THEIR DEMANDS BEFORE HIM

The agitating farmers from Punjab may meet Rahul Gandhi, leader of the oppositions in India and palce their demands before him so that the committee which is busy in framing Farm-Bills must consider their demands and make appropriate provisions in the Acts. These prolonged agitations do not suit the present system.

Farming today is not out of professions, trades, callings and employment and because of science and technology, these too are corporate like units must maintain accounts and claim MSP of their products to maintain profitable business. Farm units are turning small because of family divisions and are not being run as aprofitable business and most of the farmers remain under debt.

Big investments are required to run farming and it seems only-corporate like cooperative units are the only alternative and owners of small units too must be shareholders and workmen too. Time has come to adopt this alternative and these units shall be establishing so many wings



like paper Mills, Dairy Farms, Cattle Breeding Farms, Milk Plants, Sugar Factories, Poultry Farms, Food Grain Processing Units, Pigtry Farms, Goat Farms or the like and in this way unemployment in the rural sector too shall vanish.

Big land holders have already started leaving this profession and often they are leasing out properties and are living in cities enjoying life and rent money and paying no income tax. Turning farming sector into corporate like cooperative units is the only alternative and let Mr. Rahul Gandhi may ensure that his Bills must include all problems of farmers so that farming too must become a profitfble business.

# ਇੰਦਰਾ ਗਾਂਧੀ ਦੀ ਮੌਤ: ਏਮਸ ਵਿੱਚ ਚਾਰ ਘੰਟਿਆਂ ਦਾ ਵਿਖਾਵਾ ਅਤੇ ਸਿੱਖਾਂ ਵਿਰੁੱਧ ਲੁਕਵੀਂ ਸਾਜਿਸ਼ ਦੀ ਕਹਾਣੀ

## ✪ ਰਾਜੀਵ ਗਾਂਧੀ ਦੀ ਵਾਪਸੀ ਤਕ ਮੌਤ ਦੀ ਖਬਰ ਰੋਕਣ ਦਾ ਸਿਆਸੀ ਆਦੇਸ਼ ਹੋਇਆ ✪ ਏਮਸ ਦੀ ਸਾਬਕਾ ਮਹਿਲਾ ਡਾਇਰੈਕਟਰ ਸਨੇਹ ਭਾਰਗਵ ਨੇ ਆਪਣੀ ਪੁਸਤਕ ਵਿਚ ਕੀਤਾ ਨਵਾਂ ਖੁਲਾਸਾ

ਖਾਸ ਖਬਰ

ਅਕਤੂਬਰ 1984 ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੇ ਨਾ ਸਿਰਫ਼ ਭਾਰਤ ਦੇ ਸਿਆਸੀ ਇਤਿਹਾਸ ਨੂੰ ਹਿਲਾ ਕੇ ਰੱਖ ਦਿੱਤਾ ਸੀ, ਸਗੋਂ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ (ਏਮਸ), ਨਵੀਂ ਦਿੱਲੀ ਦੇ ਅਮਲੇ ਨੂੰ ਵੀ ਇੱਕ ਅਜਿਹੇ ਸੰਕਟ ਵਿੱਚ ਧੱਕ ਦਿੱਤਾ, ਜਿਸ ਦੀਆਂ ਯਾਦਾਂ ਅੱਜ ਵੀ ਜ਼ਿੰਦਾ ਹਨ। ਸਨੇਹ ਭਾਰਗਵ, ਜੋ ਉਸ ਸਮੇਂ ਏਮਸ ਦੀ ਪਹਿਲੀ ਮਹਿਲਾ ਡਾਇਰੈਕਟਰ ਸੀ, ਨੇ ਆਪਣੀ ਪੁਸਤਕ 'ਦਿ ਵਿਮੈਨ ਹੂ ਰਨ ਏਮਸ' ਵਿੱਚ ਉਸ ਦਿਨ ਦੇ ਘਟਨਾਕ੍ਰਮ ਨੂੰ ਵਿਸਤਾਰ ਨਾਲ ਬਿਆਨ ਕੀਤਾ ਹੈ। ਇਹ ਪੁਸਤਕ ਉਸ ਸਮੇਂ ਦੀਆਂ ਉਹਨਾਂ ਘਟਨਾਵਾਂ ਨੂੰ ਸਾਹਮਣੇ ਲਿਆਉਂਦੀ ਹੈ, ਜੋ ਹੁਣ ਤੱਕ ਜਨਤਕ ਤੌਰ 'ਤੇ ਨਹੀਂ ਆਈਆਂ ਸਨ।

ਭਾਰਗਵ ਪੁਸਤਕ 'ਦਿ ਵਿਮੈਨ ਹੂ ਰਨ ਏਮਸ' ਵਿੱਚ ਦਸਦੀ ਹੈ ਕਿ ਇੰਦਰਾ ਗਾਂਧੀ ਨੂੰ ਉਸ ਦਿਨ ਸਵੇਰੇ 9:25 ਵਜੇ ਉਨ੍ਹਾਂ ਦੇ ਸਿੱਖ ਅੰਗ ਰਖਿਅਕਾ, ਸਤਵੰਤ ਸਿੰਘ ਅਤੇ ਬੇਅੰਤ ਸਿੰਘ, ਨੇ ਗੋਲੀਆਂ ਮਾਰੀਆਂ ਸਨ। ਉਹ ਗੰਭੀਰ ਜ਼ਖਮੀ ਹਾਲਤ ਵਿੱਚ ਏਮਸ ਲਿਆਂਦੀ ਗਈਆਂ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਜਾਨ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਭਾਰਗਵ ਦੀ ਪੁਸਤਕ ਅਨੁਸਾਰ, ਅਗਲੇ ਚਾਰ ਘੰਟਿਆਂ ਤੱਕ ਏਮਸ ਦੇ ਅਮਲੇ ਨੂੰ ਇਹ ਵਿਖਾਵਾ ਕਰਨਾ ਪਿਆ ਕਿ ਇੰਦਰਾ ਗਾਂਧੀ ਜ਼ਿੰਦਾ ਹਨ, ਜਦਕਿ ਅਸਲ ਵਿੱਚ ਉਹ ਮੌਤ ਦੇ ਮੂੰਹ ਵਿੱਚ ਜਾ ਚੁੱਕੀ ਸੀ।

ਭਾਰਗਵ ਦੀ ਪੁਸਤਕ ਵਿੱਚ ਸਭ ਤੋਂ ਹੈਰਾਨੀਜਨਕ ਖੁਲਾਸਾ ਇਹ ਹੈ ਕਿ ਇੰਦਰਾ ਗਾਂਧੀ ਦੀ ਮੌਤ ਦੀ ਖਬਰ ਨੂੰ ਜਾਣਬੁੱਝ ਕੇ ਚਾਰ ਘੰਟਿਆਂ ਤੱਕ ਰੋਕਿਆ ਗਿਆ। ਇਸ ਦੇ ਪਿੱਛੇ ਦਾ ਕਾਰਨ ਸੀ ਰਾਜੀਵ ਗਾਂਧੀ ਦੀ ਵਾਪਸੀ



ਅਤੇ ਉਨ੍ਹਾਂ ਦੀ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਦੀ ਤਿਆਰੀ। ਰਾਜੀਵ ਗਾਂਧੀ ਉਸ ਸਮੇਂ ਪੱਛਮੀ ਬੰਗਾਲ ਵਿੱਚ ਚੋਣ ਦੌਰੇ 'ਤੇ ਸਨ, ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਦਿੱਲੀ ਤੋਂ ਬਾਹਰ ਸਨ।

ਪੁਸਤਕ ਅਨੁਸਾਰ, ਏਮਸ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਮੌਤ ਦਾ ਐਲਾਨ ਉਦੋਂ ਤੱਕ ਨਾ ਕੀਤਾ ਜਾਵੇ, ਜਦੋਂ ਤੱਕ ਰਾਜੀਵ ਗਾਂਧੀ ਦਿੱਲੀ ਪਹੁੰਚ ਕੇ ਸਹੁੰ ਨਹੀਂ ਚੁੱਕ ਲੈਂਦੇ। ਇਸ ਦੇ ਨਾਲ ਹੀ, ਪੁਸਤਕ ਵਿੱਚ ਸਿੱਖ ਵਿਰੋਧੀ ਸਾਜਿਸ਼ ਦੀ ਵੀ ਚਰਚਾ ਕੀਤੀ ਗਈ ਹੈ।

1984 ਦੇ ਸਿੱਖ ਵਿਰੋਧੀ ਕਤਲੇਆਮ ਦੀ ਪਿੱਠਭੂਮੀ ਵਿੱਚ, ਇਹ ਸਵਾਲ ਉਠਦਾ ਹੈ ਕਿ ਕੀ ਇੰਦਰਾ ਗਾਂਧੀ ਦੀ ਮੌਤ ਦੀ ਖਬਰ ਨੂੰ ਰੋਕਣ ਦਾ ਫ਼ੈਸਲਾ ਸਿੱਖ ਭਾਈਚਾਰੇ ਵਿਰੁੱਧ ਭੜਕਾਹਟ ਨੂੰ ਹਵਾ ਦੇਣ ਲਈ ਸੀ। ਭਾਰਗਵ ਦੀ ਪੁਸਤਕ ਸਿੱਧੇ ਤੌਰ 'ਤੇ ਇਸ ਸਾਜਿਸ਼ ਨੂੰ ਨੰਗਾ ਨਹੀਂ ਕਰਦੀ, ਪਰ ਉਸ ਸਮੇਂ ਦੀਆਂ ਸਥਿਤੀਆਂ ਅਤੇ ਸਿਆਸੀ ਦਬਾਅ ਦੀ ਚਰਚਾ ਕਰਦੀ ਹੈ, ਜਿਸ ਨੇ ਸਿੱਖਾਂ ਵਿਰੁੱਧ ਹਿੰਸਾ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਈ।

ਪੁਸਤਕ ਵਿੱਚ ਇਹ ਵੀ ਜ਼ਿਕਰ ਹੈ ਕਿ ਏਮਸ ਦੇ ਸਿੱਖ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਫਿਰਕੂ ਭੀੜਾਂ ਤੋਂ ਪ੍ਰਦਾਨ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਜਿਸ ਨਾਲ ਸਿੱਖ ਵਿਰੋਧੀ ਹਿੰਸਾ ਦੇ ਪ੍ਰਭਾਵ ਨੂੰ ਸਮਝਿਆ ਜਾ ਸਕਦਾ ਹੈ।

### ਏਮਸ ਵਿੱਚ ਚਾਰ ਘੰਟਿਆਂ ਦਾ ਵਿਖਾਵਾ

ਭਾਰਗਵ ਦੀ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਇੰਦਰਾ ਗਾਂਧੀ ਦੇ ਸਰੀਰ ਵਿੱਚ 33 ਗੋਲੀਆਂ ਲੱਗੀਆਂ ਸਨ, ਜਿਸ ਨੇ ਉਨ੍ਹਾਂ ਦੇ ਜਿਉਂਦੇ ਰਹਿਣ ਦੀ ਸੰਭਾਵਨਾ ਨੂੰ ਲਗਭਗ ਨਾਮੁਮਕਿਨ ਕਰ ਦਿੱਤਾ ਸੀ। ਫਿਰ ਵੀ, ਏਮਸ ਦੇ ਅਮਲੇ ਨੂੰ ਅਗਲੇ ਚਾਰ ਘੰਟਿਆਂ ਤੱਕ ਇਹ ਦਿਖਾਉਣਾ ਪਿਆ ਕਿ ਉਹ ਇੰਦਰਾ ਗਾਂਧੀ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸੀਨੀਅਰ ਸਰਜਨ ਪੀ. ਵੇਣੂਗੋਪਾਲ ਅਤੇ ਐੱਮ.ਐੱਮ. ਕਪੂਰ ਨੂੰ ਇਸ ਕੰਮ ਲਈ ਸੱਦਿਆ ਗਿਆ ਸੀ। ਭਾਰਗਵ ਅਨੁਸਾਰ ਇੰਦਰਾ ਗਾਂਧੀ ਦੇ ਸਰੀਰ ਵਿੱਚੋਂ ਗੋਲੀਆਂ ਕਢਣ ਦੀ ਕੋਸ਼ਿਸ਼ ਦੌਰਾਨ ਸਰਜਨ ਖੂਨ ਨੂੰ ਰੋਕਣ ਦੀ ਜੱਦੋਜਹਿਦ ਕਰ ਰਹੇ ਸਨ। 'ਬੀ ਨੈਗੇਟਿਵ' ਅਤੇ 'ਓ ਨੈਗੇਟਿਵ' ਖੂਨ ਦੇ ਪ੍ਰਬੰਧ ਲਈ ਵੀ ਤੁਰੰਤ ਕਦਮ ਚੁੱਕੇ ਗਏ, ਜੋ ਬਹੁਤ ਦੁਰਲੱਭ ਸਨ।

ਇਸ ਦੌਰਾਨ, ਅਪਰੇਸ਼ਨ ਥੀਏਟਰ ਵਿੱਚ ਇੱਕ ਸਿੱਖ ਆਪਰੇਟਰ, ਜੋ ਦਿਲ ਅਤੇ ਫੇਫੜਿਆਂ ਦੀ ਮਸ਼ੀਨ ਚਲਾਉਂਦਾ ਸੀ, ਨੇ ਜਦੋਂ ਪਤਾ ਲੱਗਾ ਕਿ ਇੰਦਰਾ ਗਾਂਧੀ ਨੂੰ ਸਿੱਖ ਅੰਗਰੱਖਿਆਂ ਨੇ ਮਾਰਿਆ ਹੈ, ਤਾਂ ਉਹ ਥੀਏਟਰ ਛੱਡ ਕੇ ਚਲਾ ਗਿਆ। ਇਸ ਨੇ ਸਥਿਤੀ ਨੂੰ ਹੋਰ ਪੇਚੀਦਾ ਕਰ ਦਿੱਤਾ, ਅਤੇ ਦੂਜੇ ਤਕਨੀਸ਼ੀਅਨ ਦਾ ਪ੍ਰਬੰਧ ਕਰਨਾ ਪਿਆ। ਸੋਨੀਆ ਗਾਂਧੀ, ਜੋ ਇੰਦਰਾ ਦੀ ਨੂੰਹ ਸਨ, ਨੂੰ ਵੀ ਉਸ ਸਮੇਂ ਦਮੇ ਦਾ ਦੌਰਾ ਪਿਆ, ਅਤੇ ਡਾ. ਕੇ.ਪੀ. ਮਾਥੁਰ ਨੂੰ ਉਨ੍ਹਾਂ ਦੀ ਸੰਭਾਲ ਲਈ ਸੱਦਿਆ ਗਿਆ। ਇਹ ਸਾਰੀਆਂ ਘਟਨਾਵਾਂ ਉਸ ਸਮੇਂ ਦੀ ਤਣਾਅਪੂਰਨ ਸਥਿਤੀ ਨੂੰ ਦਰਸਾਉਂਦੀਆਂ ਹਨ, ਜਦੋਂ ਏਮਸ ਸਿਆਸੀ ਦਬਾਅ ਅਤੇ ਮੈਡੀਕਲ ਸੰਕਟ ਦੇ ਵਿਚਕਾਰ ਫਸਿਆ ਹੋਇਆ ਸੀ।

ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖ ਵਿਰੋਧੀ ਕਤਲੇਆਮ ਸ਼ੁਰੂ ਹੋ ਗਿਆ। ਇਸ ਸੰਕਟਕਾਲੀ ਸਥਿਤੀ ਵਿੱਚ, ਸਨੇਹ ਭਾਰਗਵ ਨੇ ਏਮਸ ਦੇ ਸਿੱਖ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕੇ। ਉਨ੍ਹਾਂ ਨੇ ਦਿੱਲੀ ਪੁਲੀਸ ਦੇ ਮੁਖੀ ਨਾਲ ਸੰਪਰਕ ਕਰਕੇ ਏਮਸ ਵਿੱਚ ਪੁਲੀਸ ਮੁਲਾਜ਼ਮ ਤਾਇਨਾਤ ਕਰਵਾਏ ਅਤੇ ਸਿੱਖ ਮੁਲਾਜ਼ਮਾਂ ਨੂੰ ਏਮਸ ਦੇ ਗੈਸਟ ਹਾਊਸ ਵਿੱਚ ਸੁਰੱਖਿਅਤ ਰੱਖਿਆ।

ਭਾਰਗਵ ਦੀ ਪੁਸਤਕ ਵਿੱਚ ਇੱਕ ਮਹੱਤਵਪੂਰਨ ਸਵਾਲ ਉਠਾਇਆ ਗਿਆ ਹੈ: "ਅਸੀਂ ਧਰਮ ਦੇ ਆਧਾਰ 'ਤੇ ਕਿਉਂ ਲੜ ਰਹੇ ਹਾਂ? ਕੀ ਅਸੀਂ ਇਕੱਠੇ ਨਹੀਂ ਰਹਿ ਸਕਦੇ?" ਇਹ ਸਵਾਲ 1984 ਦੀਆਂ ਘਟਨਾਵਾਂ ਦੀ ਪਿੱਠਭੂਮੀ ਵਿੱਚ ਅਤਿ ਮਹੱਤਵਪੂਰਨ ਹੈ, ਜਦੋਂ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ। ਪੁਸਤਕ ਸਿੱਧੇ ਤੌਰ 'ਤੇ ਸਿੱਖ ਵਿਰੋਧੀ ਸਾਜਿਸ਼ ਨੂੰ ਨੰਗਾ ਨਹੀਂ ਕਰਦੀ, ਪਰ ਉਸ ਸਮੇਂ ਦੀਆਂ ਸਥਿਤੀਆਂ ਅਤੇ ਸਿਆਸੀ ਫ਼ੈਸਲਿਆਂ ਦੀ ਚਰਚਾ ਕਰਕੇ ਇਸ ਵੱਲ ਇਸ਼ਾਰਾ ਜ਼ਰੂਰ ਕਰਦੀ ਹੈ।

# ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰ ਅਕਾਲ ਤਖਤ ਕੋਲ ਕੀਤੀ ਅਪੀਲ

## ✪ ਆਪਣੇ ਮਾਮਲੇ ਬਾਰੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਕੀਤੀ ਅਪੀਲ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਵਿਰਸਾ ਸਿੰਘ ਵਲਟੋਹਾ ਆਪਣੀ ਅਰਜ਼ੀ ਲੈਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੇ ਹਨ। ਉਹਨਾਂ ਵੱਲੋਂ ਸ਼੍ਰੀ ਅਕਾਲ ਤਖਤ ਸਕੱਤਰੇਤ ਵਿਖੇ ਅਰਜ਼ੀ ਦਿੱਤੀ। ਜਿਸ ਵਿੱਚ ਉਹਨਾਂ ਵੱਲੋਂ ਮੰਗ ਕੀਤੀ ਕਿ 15 ਅਕਤੂਬਰ 2024 ਨੂੰ ਸ਼੍ਰੀ ਅਕਾਲ ਤਖਤ ਸਾਹਿਬ ਦੇ ਲਏ ਗਏ ਫੈਸਲੇ ਤੇ ਮੁੜ ਵਿਚਾਰ ਕੀਤਾ ਜਾਵੇ।

ਜਾਣਕਾਰੀ ਮੁਤਾਬਕ ਵਿਰਸਾ ਸਿੰਘ ਵਲਟੋਹਾ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਪੁੱਜੇ ਅਤੇ ਉਨ੍ਹਾਂ 15 ਅਕਤੂਬਰ 2024 ਨੂੰ ਪੰਜ ਸਿੰਘ ਸਾਹਿਬਾਨ ਦੁਆਰਾ ਆਦੇਸ਼ ਜਾਰੀ ਕਰਕੇ ਅਕਾਲੀ ਦਲ ਵਿਚੋਂ 10 ਸਾਲ ਲਈ ਮੈਂਬਰਸ਼ਿਪ ਖਾਰਜ ਕਰਨ ਦੇ ਆਦੇਸ਼ 'ਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ। ਬਾਅਦ ਵਿਚ ਪੱਤਰਕਾਰਾਂ



ਨਾਲ ਗੱਲਬਾਤ ਕਰਦਿਆਂ ਸ. ਵਲਟੋਹਾ ਨੇ ਕਿਹਾ ਕਿ ਉਹ ਆਪਣੇ ਮਾਮਲੇ ਵਿਚ ਜਥੇਦਾਰ ਸਾਹਿਬ ਦੇ ਨਾਮ ਬੇਨਤੀ ਪੱਤਰ ਲੈ ਕੇ ਆਏ ਹਨ। ਉਨ੍ਹਾਂ ਨੇ ਹਮੇਸ਼ਾ ਹੀ ਸਿੱਖੀ ਸਿਧਾਂਤਾਂ ਦੀ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਗੱਲ ਕੀਤੀ ਹੈ। ਉਨ੍ਹਾਂ ਅੱਜ ਆਪਣੇ ਪੱਤਰ ਵਿਚ ਬੇਨਤੀ ਕੀਤੀ ਹੈ ਕਿ ਉਨ੍ਹਾਂ ਸੰਬੰਧੀ ਪਿਛਲੇ ਸਿੰਘ ਸਾਹਿਬਾਨ ਵਲੋਂ ਜਾਰੀ ਆਦੇਸ਼ 'ਤੇ ਮੁੜ ਵਿਚਾਰ ਕੀਤਾ ਜਾਵੇ। ਇਸ ਤੋਂ ਪਹਿਲਾਂ ਸ. ਵਲਟੋਹਾ ਨੇ ਅਕਾਲ ਤਖਤ ਸਾਹਿਬ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੂੰ ਜਥੇਦਾਰ ਗੜਗੱਜ ਦੇ ਨਾਮ ਆਪਣਾ ਬੇਨਤੀ ਪੱਤਰ ਸੌਂਪਿਆ ਗਿਆ। ਦਰਅਸਲ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਸਮੇਂ ਵਲਟੋਹਾ ਨੇ ਇਲਜ਼ਾਮ ਲਗਾਏ ਸਨ ਕਿ ਸਿੱਖਾਂ ਦੀਆਂ ਵੱਡੀਆਂ ਸੰਸਥਾਵਾਂ ਉੱਪਰ ਹਿੰਦੂ ਜੱਥੇਬੰਦੀ ਸੰਘ ਪਰਿਵਾਰ ਦਾ ਪ੍ਰਭਾਵ ਹੈ। ਜਿਸ ਤੋਂ ਬਾਅਦ ਸ਼੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਹਨਾਂ ਨੂੰ ਤਲਬ ਕੀਤਾ ਸੀ।

# ਕਾਵਿ-ਕਿਆਰੀ

## ਰੇਖਾਵਾਂ

ਰੇਖਾਵਾਂ ਅਕਸਰ ਬਰੀਕ ਜਿਹੀਆਂ,
ਕਿਤੇ ਤਿੱਖੀਆਂ ਸ਼ਮਸ਼ੀਰ ਜਿਹੀਆਂ,
ਅਟੱਲ ਅਤੇ ਅਹਿੱਲ ਜਿਹੀਆਂ,
ਕਿਤੇ ਜੀਵਨ ਦੀ ਅਖੀਰ ਜਿਹੀਆਂ,

ਕਦੀ ਤਿੱਖੀਆਂ ਵਾਂਗਰ ਤੀਰਾਂ ਦੇ,
ਕਦੀ ਝੁਕੀਆਂ ਵਾਂਗ ਫ਼ਕੀਰਾਂ ਦੇ,
ਕਦੀ ਵਿੰਗੀਆਂ ਟੇਢੀਆਂ ਵਾਲ ਜਿਹੀਆਂ,
ਕਦੀ ਸਿੱਧੀਆਂ ਵਾਂਗ ਸਤੀਰ ਜਿਹੀਆਂ।

ਦਿਲ, ਹੱਥਾਂ ਅਤੇ ਮੱਥਿਆਂ ਦੇ,
ਅਣ ਉਘੜੇ ਲੇਖ ਸਮਝਾਵਣ ਲਈ,
ਅੱਖਾਂ ਵਿੱਚ ਅੱਖਾਂ ਨੂੰ ਪਾ ਕੇ,
ਦੱਸਣ ਵਾਲੀ ਤਕਦੀਰ ਜਿਹੀਆਂ।


ਲੋਕਾਂ ਨੂੰ ਲੋਕਾਂ ਤੋਂ ਵੰਡ ਕੇ ਤੇ,
ਗਾਹ ਧਰਤ ਪਾਤਾਲ ਦੇ ਕਈ ਖ਼ਾਕੇ,
ਸਮੁੰਦਰ ਆਕਾਸ਼ ਵੀ ਸਰ ਕਰਕੇ,
ਅੜ ਜਾਂਦੀਆਂ ਬਣ ਬਲਬੀਰ ਜਿਹੀਆਂ।

ਕੋਈ ਲਛਮਣ ਦੀ ਦਿੱਤੀ ਕਾਰ ਜਿਹੀਆਂ,
ਕੋਈ ਸੀਤਾ ਦੇ ਸਤ ਸਤਿਕਾਰ ਜਿਹੀਆਂ,
ਕਈ ਮਰਯਾਦਾਵਾਂ ਦੀ ਹੱਦ ਜਿਹੀਆਂ,
ਕਈ ਇੱਜ਼ਤਾਂ ਦੀ ਲਕੀਰ ਜਿਹੀਆਂ।

ਨਫ਼ਰਤਾਂ ਦੇ ਬੁਣੇ ਕਈ ਜਾਲ਼ ਜਿਹੀਆਂ,
ਧਰਮਾਂ ਦੇ ਪਾਏ ਭੁਚਾਲ਼ ਜਿਹੀਆਂ,
ਕਈ ਸੁੱਚੇ ਰਿਸ਼ਤਿਆਂ ਦੀ ਪੀੜ ਜਿਹੀਆਂ,
ਭੈਣਾਂ ਦੇ ਸੋਹਣੇ ਵੀਰ ਜਿਹੀਆਂ।

ਰੇਖਾਵਾਂ ਅਕਸਰ ਬਰੀਕ ਜਿਹੀਆਂ,
ਕਿਤੇ ਤਿੱਖੀਆਂ ਸ਼ਮਸ਼ੀਰ ਜਿਹੀਆਂ,
ਅਟੱਲ ਅਤੇ ਅਹਿੱਲ ਜਿਹੀਆਂ,
ਕਿਤੇ ਜੀਵਨ ਦੀ ਅਖੀਰ ਜਿਹੀਆਂ,

ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ



## ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ



ਹੈ ਸ਼ਾਂਤੀ ਦਾ ਅਵਤਾਰ, ਮੇਰਾ ਅਰਜਨ ਗੁਰੂ।
ਹੈ ਸੱਚ ਦਾ ਪਹਿਰੇਦਾਰ, ਮੇਰਾ ਅਰਜਨ ਗੁਰੂ।
ਤਵੀ ਤੱਤੀ, ਰੇਤ ਤੱਤੀ, ਦੇਗ਼ਾ ਉਬਾਲ਼ੇ ਮਾਰਦਾ,
ਅੰਦਰੋਂ ਸੀ ਠੰਢਾ ਠਾਰ, ਮੇਰਾ ਅਰਜਨ ਗੁਰੂ।
ਸੂਰਜ ਤਪੇਂਦਾ ਜੇਠ ਦਾ, ਹਰ ਸ਼ੈਅ ਨੂੰ ਸਾੜਦਾ,
ਹਿਮਾਲਾ ਦੀ ਗੰਗਧਾਰ , ਮੇਰਾ ਅਰਜਨ ਗੁਰੂ।
ਦੇਣ ਦੇ ਲਈ ਹੌਸਲਾ, ਨਿਮਾਣੇ ਨਿਤਾਣਿਆਂ ਨੂੰ,
ਧੀਰਜ ਦਾ ਇਕ ਅੰਬਾਰ, ਮੇਰਾ ਅਰਜਨ ਗੁਰੂ।
ਪੀੜ ਪੀਤੀ ਜਗਤ ਦੀ, ਤੱਤੀ ਤਵੀ ‘ਤੇ ਬੈਠ ਕੇ,
ਹੈ ਦੁਖੀਆਂ ਦਾ ਗ਼ਮਖਾਰ, ਮੇਰਾ ਅਰਜਨ ਗੁਰੂ।
ਡਿੱਠਾ ਨਾ ਕਿਧਰੇ ਹੋਰ, ਹਰਿਮੰਦਰ ਜੋ ਸਾਜਿਆ,
ਐਸਾ ਉਹ ਇਮਾਰਤਕਾਰ, ਮੇਰਾ ਅਰਜਨ ਗੁਰੂ।
ਪਰੋਸ ਕੇ ਵਿਚ ਥਾਲ ਦੇ, ਮਨੁੱਖਤਾ ਨੂੰ ਦੇ ਗਿਆ,
ਸੱਤ, ਸੰਤੋਖ ਅਤੇ ਵਿਚਾਰ, ਮੇਰਾ ਅਰਜਨ ਗੁਰੂ।
ਸਿਰੜ, ਸਿਦਕ, ਸਦਾਕਤ ਦਾ ਉਹ ਮੁਜੱਸਮਾ,
ਹੈ ਬਾਣੀ ਦਾ ਸ਼ਾਹਸਵਾਰ, ਮੇਰਾ ਅਰਜਨ ਗੁਰੂ।
ਇਕੋ ਖੁਦਾ ਦਾ ਨੂਰ , ਸਭਨਾਂ ਵਿਚ ਉਹ ਦੇਖਦਾ,
ਮੀਆਂ ਮੀਰ ਦਾ ਯਾਰ ਉਹ, ਮੇਰਾ ਅਰਜਨ ਗੁਰੂ।
ਕੋਹੜੀਆਂ ਦੇ ਬੰਨ੍ਹੇ ਪੱਟੀਆਂ, ਉਹ ਹੱਥੀਂ ਆਪਣੀਂ,
ਉਹ ਦੁਖ ਨਿਵਾਰਣਹਾਰ, ਮੇਰਾ ਅਰਜਨ ਗੁਰੂ।
ਜ਼ੁਲਮ ਕਰਨੇ ਵਾਲਿਆਂ ਦਾ, ਭਲਾ ਹਮੇਸ਼ਾ ਮੰਗਦਾ,
ਹੈ ਸਭ ਨੂੰ ਬਖ਼ਸ਼ਣਹਾਰ, ਮੇਰਾ ਅਰਜਨ ਗੁਰੂ।
ਐਸੀ ਨਾ ਦੇਖੀ ਇੰਤਹਾ, ਜ਼ੁਲਮ ਦੀ ਪਹਿਲਾਂ ਕਦੇ,
ਸ਼ਹੀਦਾਂ ਦਾ ਸਿਰਦਾਰ ਤਾਂਹੀਂ, ਮੇਰਾ ਅਰਜਨ ਗੁਰੂ।

ਨਿਰਮਲ ਸਿੰਘ ਕੰਧਾਲਵੀ



## ਸੋਧ ਸੁਧਾਈ

ਸੋਧ ਸੋਧ ਕੇ ਸਾਰਖਾ ਹੋਏ ਸੋਧ ਸੋਧਾਈ।
ਸੋਧਣ ਦੇ ਨਾਲ ਘਾਟਾਂ ਦੀ ਹੋਣੀ ਭਰਪਾਈ।

ਮੂੰਹ ਪਏ ਦਾ ਮੂੰਹ ਤਾਂ ਮੋੜਨਾ ਪੈਂਦਾ ਹੀ ਆ,
ਅਗਲੇ ਨੇ ਨਹੀਂ ਬਹਿ ਜਾਣਾ ਹੈ ਹੱਕ ਜਮਾਈ।

ਢਿੱਲੀ ਮੱਸੀ ਪਹੁੰਚ ਕਦੀ ਵੀ ਕੰਮ ਨਾ ਆਏ,
ਲਕਸ਼ ਲਈ ਤਾਂ ਹੋਣਾ ਪੈਂਦਾ ਹੈ ਸ਼ੈਦਾਈ।

ਤੀਸਰਾ ਨੇਤਰ ਵਿੱਦਿਆ ਨੂੰ ਐਵੇਂ ਨਹੀਂ ਕਹਿੰਦੇ,
ਸਾਖਰਤਾ ਦੇ ਨਾਲ ਹੁੰਦੀ ਹੈ ਚੜ੍ਹਤ ਚੜ੍ਹਾਈ।

ਨਿਆਂ ਤਰਾਜ਼ੂ ਤੁਲਦਾ ਸਦਾ ਦਲੀਲਾਂ ਦੇ ਨਾਲ,
ਸਾਂਸਦ ਦੇ ਵਿਚ ਤੱਥਾਂ ਦੀ ਹੀ ਪਏ ਦੁਹਾਈ।


ਭੌਂਦੂ ਵੋਟ ਨੇ ਖੋਟ ਦਾ ਕਾਰਨ ਬਣਨਾ ਹੁੰਦਾ,
ਮੱਤ ਨਾਲ ਮੱਤਦਾਨ ਹੀ ਕਰਦਾ ਸਦਾ ਭਲਾਈ।

ਪ੍ਰੇਮ ਦੀ ਭਾਸ਼ਾ ਤਰਕਾਂ ਤੋਂ ਅਲਹਿਦਾ ਹੁੰਦੀ,
ਨਾਲ ਸਲਾਸੀ ਹੋ ਜਾਂਦੀ ਹੈ ਸੁਲਹ ਸਫਾਈ।

ਆਢੇ ਲੈ ਕੇ ਆਤਮੀ ਰਮਜ਼ਾਂ ਕਿੱਥੇ ਹੋਵਣ,
ਗੁਰੂ ਦੇ ਅੱਗੇ ਬਹਿਣਾ ਪੈਂਦਾ ਸੀਸ ਨਿਵਾਈ।

ਕਤਰਾ ਸਾਗਰ ਬਣ ਜਾਂਦਾ ਹੈ ਹੋਂਦ ਗਵਾ ਕੇ,
‘ਢੇਸੀ’ ਭੌਜਲ ਪਾਰ ਲਈ ਹੋਏ ਸ਼ਬਦ ਸਹਾਈ।


ਕੁਲਵੰਤ ਸਿੰਘ ਢੇਸੀ



* * * * * * *

## ਬਲਿਊ ਸਟਾਰ 84


ਤੂੰ ਸਰਕਾਰੇ ਲੰਬਾ ਸਮਾਂ ਰਾਜ ਕਰ ਲੈਂਦੀ
ਕਿਉਂ ਆਢਾ ਸੰਤਾਂ ਨਾਲ ਸੀ ਲਾ ਬੈਠੀ !
ਤੂੰ ਮੁਗਲਾਂ ਦਾ ਇਤਿਹਾਸ ਪਹਿਲਾਂ ਪੜ੍ਹ ਲੈਂਦੀ
ਜੋ ਹਕੂਮਤ ਆਪਣਾ ਰਾਜ ਖ਼ਤਮ ਕਰਾ ਬੈਠੀ !
ਤੂੰ ਹਮਲੇ ਤੋਂ ਪਹਿਲਾਂ ਹੋਰ ਢੰਗ ਵਰਤ ਲੈਂਦੀ
ਕਿਉਂ ਘੱਟ ਗਿਣਤੀ ਨੂੰ ਨਿਸ਼ਾਨਾਂ ਬਣਾ ਬੈਠੀ !
ਤੂੰ ਦੇਸ਼ ਦੀ ਮਾਲਕ ਸੂਝ ਬੂਝ ਤੋਂ ਕੰਮ ਲੈਂਦੀ
ਪਰ ਤੂੰ ਆਪਣੀ ਅਕਲ ਤੇ ਪਰਦਾ ਪਾ ਬੈਠੀ !
ਤੂੰ ਬਿਜਲੀ ਪਾਣੀ ਸਪਲਈ ਬੰਦ ਕਰ ਲੈਂਦੀ
ਖ਼ੂਨ ਖਰਾਬੇ ਦੀ ਕਿਸ ਤੋਂ ਲੈ ਸਲਾਹ ਬੈਠੀ !
ਤੂੰ ਮੱਸੇ ਰੰਗੜ ਦਾ ਇਤਿਹਾਸ ਹੀ ਪੜ੍ਹ ਲੈਂਦੀ
ਸੁਖਾ ਸਿੰਘ ਮਹਿਤਾਬ ਸਿੰਘ ਨੂੰ ਭੁਲਾ ਬੈਠੀ !
ਤੂੰ ਸਿੱਖ ਕੌਮ ਦੀ ਸ਼ਰਧਾ ਨੂੰ ਜਾਣ ਲੈਂਦੀ
ਕੀ ਸੋਚ ਟੈਂਕ ਵਾੜ ਕੇ ਤੋਪਾਂ ਚਲਾ ਬੈਠੀ !
ਤੂੰ ਬੰਦਾ ਸਿੰਘ ਦਾ ਇਤਿਹਾਸ ਵਿਚਾਰ ਲੈਦੀ
ਮੁੱਲਾਂਪੁਰ ਕਿਉਂ ਮੱਥੇ ਤੇ ਕਲੰਕ ਲਵਾ ਬੈਠੀ !



ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ ਮੁੱਲਾਂਪੁਰ ਦਾਖਾ

## 1582 ਈਸਵੀ ਵਿੱਚ ਗੁਰੂ ਅਰਜਨ ਦੇਵ ਜੀ

ਗੁਰਗੱਦੀ ਤੇ ਹੋ ਗਏ ਬਿਰਾਜਮਾਨ ਸੀ।
ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਤੋਂ
ਇਹ ਗੱਲ ਰਤਾ ਨਾ ਹੋਈ ਸਹਾਰ ਸੀ।
ਉਸ ਨੇ ਚੰਦੂ ਦੇ ਨਾਲ ਰਲ ਕੇ
ਉਨ੍ਹਾਂ ਵਿਰੁੱਧ ਕਈ ਸਾਜ਼ਿਸ਼ਾਂ ਰਚੀਆਂ ਸੀ।
ਉਨ੍ਹਾਂ ਨੇ ਜਹਾਂਗੀਰ ਕੋਲ ਜਾ ਕੇ
ਗੁਰੂ ਜੀ ਵਿਰੁੱਧ ਗੱਲਾਂ ਕੀਤੀਆਂ ਝੂਠੀਆਂ ਸੀ।
ਗੁਰੂ ਜੀ ਨੇ ਚੰਦੂ ਦੀ ਧੀ ਦੇ ਰਿਸ਼ਤੇ ਨੂੰ
ਹਰਗੋਬਿੰਦ ਵਾਸਤੇ ਕੀਤਾ ਇਨਕਾਰ ਸੀ।
ਇਸੇ ਕਰਕੇ ਦਿਲ ਦਾ ਮਾੜਾ ਚੰਦੂ
ਉਨ੍ਹਾਂ ਨਾਲ ਰੱਜ ਕੇ ਖਾਂਦਾ ਖ਼ਾਰ ਸੀ।
ਜਹਾਂਗੀਰ ਦੇ ਕਹਿਣ ਤੇ ਅੱਤ ਦੀ ਗਰਮੀ 'ਚ
ਉਨ੍ਹਾਂ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ ਸੀ।
ਫਿਰ ਵੀ ਜ਼ਾਲਮਾਂ ਨੂੰ ਚੈਨ ਨਾ ਮਿਲਿਆ
ਫਿਰ ਸੀਸ ਤੇ ਗਰਮ ਰੇਤਾ ਪਾਇਆ ਗਿਆ ਸੀ।
ਫਿਰ ਵੀ ਉਨ੍ਹਾਂ ਨੇ ਸੀ ਨਾ ਕੀਤੀ, ਅਡੋਲ ਰਹੇ
ਤੇ ਉਨ੍ਹਾਂ ਨੇ ਸਿਦਕ ਨਾ ਹਾਰਿਆ ਸੀ।
"ਤੇਰਾ ਭਾਣਾ ਮੀਠਾ ਲਾਗੈ" ਕਹਿ ਉਨ੍ਹਾਂ ਨੇ
ਆਪਾ ਧਰਮ ਦੀ ਖਾਤਰ ਵਾਰਿਆ ਸੀ।




ਮਹਿੰਦਰ ਸਿੰਘ ਮਾਨ

### ਕਾਵਿ-ਵਿਅੰਗ

## ਪੁਆੜੇ ਭਰਦਾਨਗੀ ਦੇ !

ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-1268



ਚਾਹਤ ਚਿੰਬੜੀ ਐਸੀ ਭਰਦਾਨਗੀ ਦੀ
ਹਾਸੋ-ਹੀਣਾ ਹੀ ਹਾਲ ਬਣਾਇ ਦਿੱਤਾ।
ਬੌਣੀ ਸੋਚ 'ਥੋਪੀ' ਵੱਡੇ ਅਹੁਦਿਆਂ 'ਤੇ
ਕਠਪੁਤਲੀਆਂ ਵਾਂਗ 'ਨਚਾਇ' ਦਿੱਤਾ।
'ਕੁਰਸੀ ਭੁੱਖ' ਨੇ ਮਾਰ'ਤੀ ਮੱਤਿ ਐਸੀ
ਪਾਟੋ-ਧਾੜ ਵੱਲ੍ਹ ਪੰਥ ਵਧਾਇ ਦਿੱਤਾ।
ਨਹੀਂ ਕਦੇ ਇਤਹਾਸ ਵਿਚ ਦੇਖਿਆ ਜੋ
ਐਸਾ 'ਚੰਦਰਾ ਸਮਾਂ' ਦਿਖਾਇ ਦਿੱਤਾ।
ਕੌਮ ਸੀਸ ਝੁਕਾਉਂਦੀ ਹੈ ਜਿਨ੍ਹਾਂ ਮੋਹਰੇ
ਸ਼ਰਧਾ ਅਤੇ ਸਤਿਕਾਰ ਘਟਾਇ ਦਿੱਤਾ।
ਤਖਤ ਸਾਹਿਬ ਤੇ ਪੰਜਾਂ ਪਿਆਰਿਆਂ ਨੂੰ
ਇਕ ਦੂਜੇ ਦੇ ਨਾਲ 'ਟਕਰਾਇ' ਦਿੱਤਾ !

-ਤਰਲੋਚਨ ਸਿੰਘ ਦੁਪਾਲ ਪੁਰ
78146-92724

# ਅੰਤਰਰਾਸ਼ਟਰੀ ਆਲੋਚਨਾ ਵਿਚ ਘਿਰਿਆ ਭਾਰਤੀ ਮੀਡੀਆ : ਟੀਆਰਪੀ ਵਧੀ, ਭਰੋਸਾ ਘਟਿਆ

**○ ਸਰਕਾਰ ਦੇ ਭੌਂਪੂ ਕਿਉਂ ਬਣ ਰਿਹਾ ਏ ਭਾਰਤੀ ਮੀਡੀਆ ○ ਭਾਰਤ-ਪਾਕਿਸਤਾਨ ਤਣਾਅ ਵਿਚ ਮੀਡੀਆ ਨੇ ਗੈਰ-ਜ਼ਿੰਮੇਵਾਰੀ ਨਿਭਾਈ**



**ਨਿਊਜ਼ ਵਿਸ਼ਲੇਸ਼ਣ**

ਅੱਜ ਦਾ ਭਾਰਤੀ ਮੀਡੀਆ, ਵਿਸ਼ੇਸ਼ ਕਰਕੇ ਇਲੈਕਟ੍ਰਾਨਿਕ ਮੀਡੀਆ, ਇਸ ਸੰਵੇਦਨਸ਼ੀਲ ਭੂਮਿਕਾ ਤੋਂ ਭਟਕ ਗਿਆ ਹੈ। ਇਹ ਸਮਾਜ ਦੀ ਆਤਮਾ ਨੂੰ ਜਗਾਉਣ ਦੀ ਬਜਾਏ, ਨਫ਼ਰਤ, ਹਿੰਸਾ ਅਤੇ ਵਿਰਕੁਵਾਦ ਦੀ ਅੱਗ ਨੂੰ ਹਵਾ ਦੇ ਰਿਹਾ ਹੈ। ਇਹ ਸਮਾਜ ਦੀ ਸੇਵਾ ਕਰਨ ਤੇ ਮੁੱਦੇ ਚੁਕਣ ਦੀ ਬਜਾਏ ਸੱਤਾ ਦਾ ਭੌਂਪੂ ਬਣ ਗਿਆ ਹੈ ਅਤੇ ਇਹ ਸਮਾਜ ਦੀ ਆਤਮਾ ਨੂੰ ਜ਼ਖ਼ਮੀ ਕਰਦਾ ਹੈ ਭਾਰਤੀ ਮੀਡੀਆ ਅਤੇ ਫਰਜ਼ੀ ਖ਼ਬਰਾਂ ਦਾ ਪ੍ਰਸਾਰਭਾਰਤੀ ਮੀਡੀਆ, ਖ਼ਾਸਕਰ ਹਿੰਦੀ ਇਲੈਕਟ੍ਰਾਨਿਕ ਮੀਡੀਆ, ਨੂੰ "ਗੋਦੀ ਮੀਡੀਆ" ਦੇ ਨਾਮ ਨਾਲ ਜਾਣਿਆ ਜਾਣ ਲੱਗਾ ਹੈ। ਇਸ ਦੀ ਸਭ ਤੋਂ ਵੱਡੀ ਵਜ੍ਹਾ ਹੈ ਫਰਜ਼ੀ ਅਤੇ ਸਨਸਨੀਖੇਜ਼ ਖ਼ਬਰਾਂ ਦਾ ਪ੍ਰਸਾਰ। ਭਾਰਤ-ਪਾਕਿਸਤਾਨ ਤਣਾਅ ਦੌਰਾਨ, ਜਿਵੇਂ ਕਿ 'ਅਪਰੇਸ਼ਨ ਸੰਧੂਰ' (7 ਮਈ 2025) ਦੇ ਸਮੇਂ, ਮੀਡੀਆ ਨੇ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜੋ ਨਾ ਸਿਰਫ ਤੱਥਹੀਣ ਸਨ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਜੱਗ-ਹਸਾਈ ਦਾ ਕਾਰਨ ਬਣੀਆਂ।

ਉਦਾਹਰਣ ਵਜੋਂ, "ਪਾਕਿਸਤਾਨ 'ਤੇ ਜਲਦ ਕਬਜ਼ਾ", "ਕਰਾਚੀ ਨਕਸ਼ੇ ਤੋਂ ਗਾਇਬ", ਜਾਂ "ਭਾਰਤ ਨੇ ਇਸਲਾਮਾਬਾਦ 'ਤੇ ਕਬਜ਼ਾ ਕਰ ਲਿਆ" ਵਰਗੀਆਂ ਸੁਰਖੀਆਂ ਨੇ ਪੱਤਰਕਾਰਤਾ ਦੇ ਮਿਆਰਾਂ ਨੂੰ ਡੁੱਬੋ ਦਿੱਤਾ। ਇਹ ਸੁਰਖੀਆਂ ਸਿਰਫ ਸਨਸਨੀਖੇਜ਼ ਹੀ ਨਹੀਂ ਸਨ, ਸਗੋਂ ਇਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਵੀ ਕੀਤਾ।

ਇਪਸੌਸ ਗਰੁੱਪ ਦੇ ਅਧਿਐਨ ਅਨੁਸਾਰ, ਭਾਰਤੀਆਂ ਦੀ ਅਸਲੀ ਅਤੇ ਫਰਜ਼ੀ ਖ਼ਬਰਾਂ ਵਿੱਚ ਫਰਕ ਕਰਨ ਦੀ ਸਮਰੱਥਾ ਸਭ ਤੋਂ ਕਮਜ਼ੋਰ ਹੈ। ਇਸ ਦਾ ਮੁੱਖ ਕਾਰਨ ਮੀਡੀਆ ਦੀ ਸਨਸਨੀਖੇਜ਼ ਅਤੇ ਭਾਵੁਕ ਰਿਪੋਰਟਿੰਗ ਹੈ, ਜੋ ਲੋਕਾਂ ਨੂੰ ਤੱਥਾਂ ਦੀ ਪੜਤਾਲ ਕਰਨ ਦੀ ਬਜਾਏ ਭਾਵਨਾਤਮਕ ਪ੍ਰਤੀਕਿਰਿਆ ਵੱਲ ਧੱਕਦੀ ਹੈ।

ਭਾਰਤ ਸਰਕਾਰ ਵੱਲੋਂ ਮੀਡੀਆ ਦੀ ਇਸ ਗੈਰ-ਜ਼ਿੰਮੇਵਾਰਾਨਾ ਰਿਪੋਰਟਿੰਗ 'ਤੇ ਕੋਈ ਸਖ਼ਤ ਕਾਰਵਾਈ ਨਾ ਕਰਨਾ ਵੀ ਇੱਕ ਵੱਡਾ ਸਵਾਲ ਹੈ। ਪ੍ਰੈਸ ਫਰੀਡਮ ਇੰਡੈਕਸ 2025 ਅਨੁਸਾਰ, 180 ਦੇਸ਼ਾਂ ਵਿੱਚ ਭਾਰਤ 151ਵੇਂ ਸਥਾਨ 'ਤੇ ਹੈ, ਜੋ ਮੀਡੀਆ ਦੀ ਆਜ਼ਾਦੀ ਅਤੇ ਭਰੋਸੇਯੋਗਤਾ ਦੀ ਨੀਵੀਂ ਸਥਿਤੀ ਨੂੰ ਦਰਸਾਉਂਦਾ ਹੈ। ਪਰ ਸਰਕਾਰ ਦੀ ਚੁੱਪੀ ਦਾ ਮੁੱਖ ਕਾਰਨ ਕੀ ਹੈ? ਇੱਕ ਵਜ੍ਹਾ ਇਹ ਹੋ ਸਕਦੀ ਹੈ ਕਿ ਮੀਡੀਆ ਦੀ ਅਜਿਹੀ ਰਿਪੋਰਟਿੰਗ ਸਰਕਾਰ ਦੇ ਰਾਸ਼ਟਰਵਾਦੀ ਏਜੰਡੇ ਨੂੰ ਮਜ਼ਬੂਤ ਕਰਦੀ ਹੈ।

ਸਰਕਾਰ ਨੇ ਕੁਝ ਮੌਕਿਆਂ 'ਤੇ ਮੀਡੀਆ ਲਈ ਐਡਵਾਈਜ਼ਰੀ ਜਾਰੀ ਕੀਤੀ, ਜਿਵੇਂ ਕਿ ਭਾਰਤ-ਪਾਕਿਸਤਾਨ ਤਣਾਅ ਦੌਰਾਨ ਲਾਈਵ ਕਵਰੇਜ ਨਾ ਕਰਨ ਦੀ ਸਲਾਹ, ਪਰ ਇਹ ਸਿਰਫ ਸਤਹੀ ਕਦਮ ਸਨ। ਕੋਈ ਸਖ਼ਤ ਕਾਨੂੰਨੀ ਜਾਂ ਨਿਯਮਕ ਕਾਰਵਾਈ ਨਹੀਂ ਹੋਈ ਜੋ ਮੀਡੀਆ ਨੂੰ ਜਵਾਬਦੇਹ ਬਣਾਉਂਦੀ।

### ਅੰਤਰਰਾਸ਼ਟਰੀ ਮੀਡੀਆ ਦੀ ਨਜ਼ਰ ਵਿੱਚ ਭਾਰਤੀ ਮੀਡੀਆ

ਅੰਤਰਰਾਸ਼ਟਰੀ ਮੀਡੀਆ ਨੇ ਭਾਰਤੀ ਮੀਡੀਆ ਦੀ ਇਸ ਗੈਰ-ਜ਼ਿੰਮੇਵਾਰੀ ਨੂੰ ਸਖ਼ਤ ਆਲੋਚਨਾ ਦਾ ਨਿਸ਼ਾਨਾ ਬਣਾਇਆ ਹੈ। 'ਦਿ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਭਾਰਤੀ ਮੀਡੀਆ ਨੇ "ਤੱਥਾਂ ਦੀ ਪੜਤਾਲ ਕੀਤੇ ਬਿਨਾਂ ਮਨਘੜਤ ਰਿਪੋਰਟਾਂ ਪ੍ਰਸਾਰਿਤ ਕਰਕੇ ਰਾਸ਼ਟਰਵਾਦ ਦੇ ਬੁਖਾਰ ਨੂੰ ਹਵਾ ਦਿੱਤੀ।"

'ਦਿ ਇਕੌਨੋਮਿਸਟ' ਨੇ ਇਸ ਨੂੰ "ਅਪਮਾਨਜਨਕ ਅਤੇ ਬੇਹੂਦਾ" ਕਰਾਰ ਦਿੱਤਾ, ਜਿਸ ਵਿੱਚ ਐਂਕਰਾਂ ਨੇ "ਕਰਾਚੀ ਨੂੰ ਅੱਗ ਲਗਾਉਣ" ਜਾਂ "ਸਾਰੇ ਸ਼ਹਿਰ ਨੂੰ ਉਡਾਉਣ" ਵਰਗੀਆਂ ਮੰਗਾਂ ਉਠਾਈਆਂ।

ਇਹ ਅੰਤਰਰਾਸ਼ਟਰੀ ਆਲੋਚਨਾ ਸਿਰਫ ਭਾਰਤੀ ਮੀਡੀਆ ਦੀ ਸਾਖ ਨੂੰ ਹੀ ਨਹੀਂ ਡਬੋਂਦੀ, ਸਗੋਂ ਭਾਰਤ ਦੀ ਅੰਤਰਰਾਸ਼ਟਰੀ ਚਿੱਤਰ ਨੂੰ ਵੀ ਧੁੰਧਲਾ ਕਰਦੀ ਹੈ।

> ਪੰਜਾਬੀ ਟਾਈਮਜ਼ ਅਨੁਸਾਰ ਮੀਡੀਆ ਨੂੰ ਆਪਣੀ ਪੇਸ਼ੇਵਰਤਾ ਅਤੇ ਨਿਰਪੱਖਤਾ ਵੱਲ ਮੁੜਨ ਦੀ ਲੋੜ ਹੈ। ਸਰਕਾਰ ਨੂੰ ਵੀ ਸਖ਼ਤ ਨਿਯਮਕ ਕਦਮ ਚੁੱਕਣੇ ਪੈਣਗੇ, ਤਾਂ ਜੋ ਮੀਡੀਆ ਜਵਾਬਦੇਹ ਬਣੇ। ਸਮਾਜ ਨੂੰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ। ਲੋਕਾਂ ਨੂੰ ਫਰਜ਼ੀ ਖ਼ਬਰਾਂ ਅਤੇ ਸੱਚ ਦੇ ਵਿਚਕਾਰ ਫਰਕ ਕਰਨ ਦੀ ਸਮਰੱਥਾ ਵਧਾਉਣੀ ਚਾਹੀਦੀ। ਜਿਵੇਂ ਕਿ ਇਪਸੌਸ ਦੀ ਰਿਪੋਰਟ ਸੁਝਾਉਂਦੀ ਹੈ, ਭਾਰਤੀਆਂ ਨੂੰ ਆਲੋਚਨਾਤਮਕ ਚਿੰਤਨ ਦੀ ਲੋੜ ਹੈ।

ਬ੍ਰਾਡਕਾਸਟ ਆਡੀਐਂਸ ਰਿਸਰਚ ਕੌਂਸਲ ਦੀ ਰਿਪੋਰਟ ਅਨੁਸਾਰ, 'ਅਪਰੇਸ਼ਨ ਸਿੰਧੂਰ' ਵਰਗੀਆਂ ਮਹੱਤਵਪੂਰਨ ਘਟਨਾਵਾਂ ਦੌਰਾਨ ਵੀ ਲੋਕਾਂ ਨੇ ਨਿਊਜ਼ ਚੈਨਲਾਂ ਦੀ ਬਜਾਏ ਆਈਪੀਐਲ ਮੈਚ ਦੇਖਣ ਨੂੰ ਤਰਜੀਹ ਦਿੱਤੀ। ਇਹ ਸੰਕੇਤ ਦਿੰਦਾ ਹੈ ਕਿ ਮੀਡੀਆ ਦੀ ਭਰੋਸੇਯੋਗਤਾ 'ਤੇ ਲੋਕਾਂ ਦਾ ਵਿਸ਼ਵਾਸ ਘਟ ਰਿਹਾ ਹੈ। ਇਸ ਦਾ ਇੱਕ ਮੁੱਖ ਕਾਰਨ ਹੈ ਮੀਡੀਆ ਦੀ ਟੀਆਰਪੀ ਦੀ ਦੌੜ। ਇਸ ਹੋੜ ਵਿੱਚ, ਮੀਡੀਆ ਸੱਚਾਈ ਨੂੰ ਛੱਡ ਕੇ ਸਨਸਨੀਖੇਜ਼ ਅਤੇ ਭਾਵੁਕ ਖ਼ਬਰਾਂ 'ਤੇ ਜ਼ੋਰ ਦਿੰਦਾ ਹੈ।

# ਕੋਰੋਨਾ ਵਾਇਰਸ ਦਾ ਨਵਾਂ ਵੇਰੀਐਂਟ ਜੇਐੱਨ 1 ਦੀ ਪੰਜਾਬ ਵਿੱਚ ਦਸਤਕ

**○ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਅਤੇ ਪਟਿਆਲਾ ਵਰਗੇ ਪ੍ਰਮੁੱਖ ਸ਼ਹਿਰਾਂ ਵਿੱਚ ਸਾਹਮਣੇ ਆਏ ਕੇਸ ○ ਜੇਐੱਨ 1 ਵੇਰੀਐਂਟ ਦੀ ਤੇਜ਼ੀ ਨਾਲ ਫੈਲਣ ਦੀ ਸਮਰੱਥਾ ਨੇ ਵਧਾਈ ਚਿੰਤਾ**



ਚੰਡੀਗੜ੍ਹ-ਕੋਰੋਨਾ ਵਾਇਰਸ ਦਾ ਨਵਾਂ ਵੇਰੀਐਂਟ ਜੇਐੱਨ 1 ਭਾਰਤ ਵਿੱਚ ਮੁੜ ਸਿਰ ਚੁੱਕ ਰਿਹਾ ਹੈ ਅਤੇ ਪੰਜਾਬ ਵਿੱਚ ਵੀ ਇਸ ਦੀ ਦਸਤਕ ਨੇ ਸਿਹਤ ਵਿਭਾਗ ਅਤੇ ਜਨਤਾ ਵਿੱਚ ਚਿੰਤਾ ਵਧਾ ਦਿੱਤੀ ਹੈ। ਦੇਸ਼ ਭਰ ਵਿੱਚ ਇਸ ਵੇਰੀਐਂਟ ਦੇ ਸਰਗਰਮ ਮਾਮਲੇ 1,000 ਨੂੰ ਪਾਰ ਕਰ ਗਏ ਹਨ, ਜਦਕਿ ਪੰਜਾਬ ਵਿੱਚ ਵੀ ਕਈ ਜ਼ਿਲ੍ਹਿਆਂ ਵਿੱਚ ਕੇਸ ਸਾਹਮਣੇ ਆਏ ਹਨ। ਮਾਹਿਰਾਂ ਅਨੁਸਾਰ, ਜੇਐੱਨ 1 ਵੇਰੀਐਂਟ ਓਮੀਕਰੋਨ ਦੀ ਉਪ-ਕਿਸਮ ਹੈ ਅਤੇ ਇਸ ਦੀ ਤੇਜ਼ੀ ਨਾਲ ਫੈਲਣ ਦੀ ਸਮਰੱਥਾ ਨੇ ਸਿਹਤ ਪ੍ਰਣਾਲੀ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ।

ਪੰਜਾਬ ਵਿੱਚ ਕੋਰੋਨਾ ਦੀ ਸਥਿਤੀ-ਪੰਜਾਬ ਵਿੱਚ ਜੇਐੱਨ 1 ਵੇਰੀਐਂਟ ਦੇ ਮਾਮਲੇ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਅਤੇ ਪਟਿਆਲਾ ਵਰਗੇ ਪ੍ਰਮੁੱਖ ਸ਼ਹਿਰਾਂ ਵਿੱਚ ਸਾਹਮਣੇ ਆਏ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ, ਸੂਬੇ ਵਿੱਚ ਪਿਛਲੇ ਹਫ਼ਤੇ ਤੋਂ ਕੋਰੋਨਾ ਦੇ ਨਵੇਂ ਕੇਸਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ, ਜਿਸ ਵਿੱਚ 50 ਤੋਂ ਵੱਧ ਸਰਗਰਮ ਮਾਮਲੇ ਸਾਹਮਣੇ ਆਏ ਹਨ। ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਸਭ ਤੋਂ ਵੱਧ ਕੇਸ ਮਿਲੇ ਹਨ, ਜਿੱਥੇ ਕੁੱਲ ਮਾਮਲਿਆਂ ਦਾ 60% ਹਿੱਸਾ ਦਰਜ ਕੀਤਾ ਗਿਆ। ਪਟਿਆਲਾ ਵਿੱਚ 10 ਅਤੇ ਜਲੰਧਰ ਵਿੱਚ 8 ਨਵੇਂ ਕੇਸ ਸਾਹਮਣੇ ਆਏ ਹਨ। ਸੂਬੇ ਦੇ ਪੇਂਡੂ ਖੇਤਰਾਂ ਵਿੱਚ ਵੀ ਸਪਾਰਦਿਕ ਕੇਸ ਸਾਹਮਣੇ ਆਉਣ ਦੀਆਂ ਰਿਪੋਰਟਾਂ ਹਨ।

ਜੇਐੱਨ 1 ਵੇਰੀਐਂਟ ਕਿੰਨਾ ਖ਼ਤਰਨਾਕ ?-ਵਿਗਿਆਨੀਆਂ ਨੇ ਜੇਐੱਨ 1 ਨੂੰ ਪਹਿਲਾਂ ਨਾਲੋਂ ਵਧੇਰੇ ਸੰਚਾਰਕ ਮੰਨਿਆ ਹੈ, ਜੋ ਓਮੀਕਰੋਨ ਦੀ ਉਪ-ਕਿਸਮ ਹੈ। ਇਸ ਦੇ ਲੱਛਣਾਂ ਵਿੱਚ ਖੰਘ, ਬੁਖ਼ਾਰ, ਸਾਹ ਲੈਣ ਵਿੱਚ ਮੁਸ਼ਕਲ, ਅਤੇ ਸਰੀਰਕ ਦਰਦ ਸ਼ਾਮਲ ਹਨ, ਜੋ ਪਹਿਲਾਂ ਵਾਲੇ ਵੇਰੀਐਂਟਾਂ ਨਾਲ ਮਿਲਦੇ-ਜੁਲਦੇ ਹਨ। ਹਾਲਾਂਕਿ, ਇਸ ਦੀ ਗੰਭੀਰਤਾ ਅਤੇ ਮੌਤ ਦਰ ਬਾਰੇ ਅਜੇ ਸਪੱਸ਼ਟ ਜਾਣਕਾਰੀ ਨਹੀਂ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਟੀਕਾਕਰਨ ਤੇ ਸਾਵਧਾਨੀਆਂ ਜਿਵੇਂ ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਰੱਖਣ ਨਾਲ ਇਸ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਪਰ ਹਸਪਤਾਲਾਂ ਵਿੱਚ ਬਿਸਤਰਿਆਂ, ਆਕਸੀਜਨ ਤੇ ਦਵਾਈਆਂ ਦੀ ਘਾਟ ਨੇ ਸਥਿਤੀ ਨੂੰ ਗੰਭੀਰ ਕਰ ਦਿੱਤਾ ਹੈ।

ਪੰਜਾਬ ਸਰਕਾਰ ਦੇ ਇੰਤਜ਼ਾਮ-ਪੰਜਾਬ ਸਰਕਾਰ ਨੇ ਜੇਐੱਨ 1 ਵੇਰੀਐਂਟ ਦੇ ਵਧਦੇ ਮਾਮਲਿਆਂ ਨੂੰ ਦੇਖਦਿਆਂ ਕਈ ਮਹੱਤਵਪੂਰਨ ਕਦਮ ਚੁੱਕੇ ਹਨ:

ਸਰਕਾਰ ਨੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਟੀਕਾਕਰਨ ਕੈਂਪ ਵਧਾਉਣ ਦਾ ਐਲਾਨ ਕੀਤਾ ਹੈ। ਬੂਸਟਰ ਡੋਜ਼ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਰਕਾਰ ਨੇ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ 500 ਨਵੇਂ ਆਕਸੀਜਨ ਬੈੱਡ ਅਤੇ 100 ਵੈਂਟੀਲੇਟਰ ਸ਼ਾਮਲ ਕੀਤੇ ਹਨ। ਅੰਮ੍ਰਿਤਸਰ ਅਤੇ ਲੁਧਿਆਣਾ ਦੇ ਹਸਪਤਾਲਾਂ ਵਿੱਚ ਵਿਸ਼ੇਸ਼ ਕੋਵਿਡ ਵਾਰਡ ਸਥਾਪਤ ਕੀਤੇ ਗਏ ਹਨ। ਸੋਸ਼ਲ ਮੀਡੀਆ ਤੇ ਸਥਾਨਕ ਭਾਸ਼ਾਵਾਂ ਵਿੱਚ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿੱਚ ਮਾਸਕ ਪਹਿਨਣ, ਸਮਾਜਿਕ ਦੂਰੀ, ਅਤੇ ਸਫ਼ਾਈ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਜੇਐੱਨ 1 ਵੇਰੀਐਂਟ ਦੇ ਵਧਦੇ ਮਾਮਲਿਆਂ ਨੇ ਸਰਕਾਰ ਅਤੇ ਜਨਤਾ ਨੂੰ ਸਾਵਧਾਨ ਹੋਣ ਦੀ ਲੋੜ ਉਪਰ ਜ਼ੋਰ ਦਿਤਾ ਹੈ। ਸਰਕਾਰ ਦੇ ਯਤਨਾਂ ਦੇ ਨਾਲ-ਨਾਲ ਜਨਤਾ ਨੂੰ ਵੀ ਮਾਸਕ ਪਹਿਨਣ, ਸਮਾਜਿਕ ਦੂਰੀ ਬਣਾਉਣ, ਅਤੇ ਟੀਕਾਕਰਨ ਕਰਵਾਉਣ ਵਰਗੇ ਕਦਮ ਚੁੱਕਣੇ ਪੈਣਗੇ

# ਸਟਾਲਿਨ ਨੇ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਲਈ ਕੀਤੇ ਕਮਰਕਸੇ

## ✪ ਕੀ ਸਟਾਲਿਨ ਮੋਦੀ ਨੂੰ ਰਾਜਨੀਤਕ ਟਕਰ ਦੇ ਸਕਣਗੇ ? ✪ ਸਟਾਲਿਨ ਵਲੋਂ ਖੇਤਰੀ ਪਾਰਟੀਆਂ ਨਾਲ ਸੰਪਰਕ ਨੇ ਰਾਜਨੀਤਕ ਹਲਕਿਆਂ ਵਿੱਚ ਪੈਦਾ ਕੀਤੀ ਹਲਚਲ

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਰਾਜਪਾਲਾਂ ਵੱਲੋਂ ਵਿਧਾਨ ਸਭਾਵਾਂ ਦੇ ਪਾਸ ਕੀਤੇ ਬਿੱਲਾਂ ਨੂੰ ਰੋਕਣ ਦੀ ਮਨਮਾਨੀ ਨੂੰ ਲੈ ਕੇ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦੀ ਠਾਣੀ ਹੈ। ਸੁਪਰੀਮ ਕੋਰਟ ਦੇ 8 ਅਪ੍ਰੈਲ 2025 ਦੇ ਇਤਿਹਾਸਕ ਫੈਸਲੇ ਨੇ ਰਾਜਪਾਲਾਂ ਦੀ ਇਸ ਅਜਿਹੀ ਕਾਰਵਾਈ ਨੂੰ "ਗੈਰ-ਕਾਨੂੰਨੀ" ਅਤੇ "ਮਨਮਾਨੀ" ਕਰਾਰ ਦਿੱਤਾ ਸੀ, ਜਿਸ ਨੇ ਸੂਬਿਆਂ ਦੀਆਂ ਚੁਣੀਆਂ ਸਰਕਾਰਾਂ ਦੇ ਅਧਿਕਾਰਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ।

ਇਸ ਫੈਸਲੇ ਦੀ ਸਰਾਹਨਾ ਕਰਦਿਆਂ ਸਟਾਲਿਨ ਨੇ ਇਸ ਨੂੰ "ਸੰਘੀ ਢਾਂਚੇ ਦੀ ਜਿੱਤ" ਦੱਸਿਆ, ਪਰ ਨਾਲ ਹੀ ਰਾਸ਼ਟਰਪਤੀ ਵੱਲੋਂ ਧਾਰਾ 143 ਦੇ ਤਹਿਤ ਸੁਪਰੀਮ ਕੋਰਟ ਨੂੰ ਹਵਾਲਾ ਭੇਜਣ ਦੀ ਨਿੰਦਾ ਕੀਤੀ। ਉਨ੍ਹਾਂ ਨੇ ਕਿਹਾ ਸੀ ਕਿ ਇਹ ਕੇਂਦਰ ਸਰਕਾਰ ਦੀ ਸੂਬਿਆਂ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ।"

ਭਾਵੇਂ ਸਟਾਲਿਨ ਅਤੇ ਕਾਂਗਰਸ ਵਿਚਾਲੇ ਕੋਈ ਸਿੱਧਾ ਟਕਰਾਅ ਨਹੀਂ ਦਿਸਦਾ, ਪਰ ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਵਿਰੋਧੀ ਧਿਰਾਂ ਦੀ ਏਕਤਾ ਦੀ ਅਗਵਾਈ ਨੂੰ ਲੈ ਕੇ ਕਾਂਗਰਸ ਅਤੇ ਖੇਤਰੀ ਪਾਰਟੀਆਂ ਵਿਚਾਲੇ ਸੂਖਮ ਜਿਹੀ ਖਿੱਚੋਤਾਣ ਹੋ ਸਕਦੀ ਹੈ। ਸਟਾਲਿਨ, ਜੋ ਦਰਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਦੇ ਮੁਖੀ ਹਨ, ਨੇ ਸੰਘੀ ਢਾਂਚੇ ਦੀ ਮਜ਼ਬੂਤੀ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦੀ ਗੱਲ ਕੀਤੀ ਹੈ। ਇਸ ਵਿੱਚ ਕਾਂਗਰਸ ਵੀ ਸ਼ਾਮਲ ਹੈ, ਪਰ ਸਟਾਲਿਨ ਦੀ ਅਗਵਾਈ ਅਤੇ ਖੇਤਰੀ ਪਾਰਟੀਆਂ ਦੀ ਮੁੱਖ ਭੂਮਿਕਾ ਨੂੰ ਲੈ ਕੇ ਕਾਂਗਰਸ ਦੇ ਅੰਦਰੂਨੀ ਹਲਕਿਆਂ ਵਿੱਚ ਚਰਚਾ ਜ਼ਰੂਰ ਹੈ।

ਸੂਤਰਾਂ ਮੁਤਾਬਕ, ਸਟਾਲਿਨ ਨੇ ਕਾਂਗਰਸ ਨੇਤਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਗੱਲਬਾਤ ਕੀਤੀ ਹੈ, ਪਰ ਇਹ ਗੱਲਬਾਤ ਸਹਿਯੋਗੀ ਰਹੀ ਹੈ, ਨਾ ਕਿ ਟਕਰਾਅ ਵਾਲੀ।

> ਪੰਜਾਬ ਟਾਈਮਜ਼ ਅਨੁਸਾਰ ਸਟਾਲਿਨ ਦੀ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਦੀ ਮੁਹਿੰਮ ਸੰਘੀ ਢਾਂਚੇ ਅਤੇ ਸੂਬਿਆਂ ਦੀ ਖੁਦਮੁਖਤਿਆਰੀ ਦੀ ਲੜਾਈ ਦਾ ਨਵਾਂ ਮੋੜ ਹੈ। ਉਨ੍ਹਾਂ ਦੀ ਅਗਵਾਈ ਅਤੇ ਖੇਤਰੀ ਪਾਰਟੀਆਂ ਨਾਲ ਸੰਪਰਕ ਨੇ ਰਾਜਨੀਤਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ।
>
> ਆਉਣ ਵਾਲੇ ਸਮੇਂ ਵਿੱਚ ਸਟਾਲਿਨ ਦੀ ਇਸ ਜੁਗਤ ਦਾ ਅਸਰ ਭਾਰਤੀ ਸਿਆਸਤ 'ਤੇ ਸਾਫ਼ ਦਿਸੇਗਾ।



ਖੇਤਰੀ ਪਾਰਟੀਆਂ ਨਾਲ ਸੰਪਰਕ ਅਤੇ ਮੁਲਾਕਾਤਾਂ ਸਟਾਲਿਨ ਨੇ ਵਿਰੋਧੀ ਧਿਰਾਂ ਨੂੰ ਇਕਜੁਟ ਕਰਨ ਲਈ ਕਈ ਖੇਤਰੀ ਪਾਰਟੀਆਂ ਦੇ ਨੇਤਾਵਾਂ ਨਾਲ ਸੰਪਰਕ ਕੀਤਾ ਹੈ।

ਉਨ੍ਹਾਂ ਨੇ ਕੇਰਲ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ (ਸੀ.ਪੀ.ਐਮ.), ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ (ਤ੍ਰਿਣਮੂਲ ਕਾਂਗਰਸ), ਕਰਨਾਟਕ ਦੇ ਮੁੱਖ ਮੰਤਰੀ ਸਿਧਾਰਮਈਆ (ਕਾਂਗਰਸ), ਤੇਲੰਗਾਨਾ ਦੇ ਮੁੱਖ ਮੰਤਰੀ ਏ. ਰੇਵੰਥ ਰੈਡੀ (ਕਾਂਗਰਸ), ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ (ਆਮ ਆਦਮੀ ਪਾਰਟੀ), ਅਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ (ਝਾਰਖੰਡ ਮੁਕਤੀ ਮੋਰਚਾ) ਨਾਲ ਗੱਲਬਾਤ ਕੀਤੀ। ਇਸ ਤੋਂ ਇਲਾਵਾ, ਸਟਾਲਿਨ ਨੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨਾਲ ਵੀ ਸੰਪਰਕ ਸਥਾਪਤ ਕੀਤਾ। ਇਹ ਸਾਰੇ ਨੇਤਾ ਰਾਜਪਾਲਾਂ ਦੀ ਮਨਮਾਨੀ ਅਤੇ ਕੇਂਦਰ ਸਰਕਾਰ ਦੀ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦੀਆਂ ਨੀਤੀਆਂ ਦੇ ਵਿਰੋਧ ਵਿੱਚ ਇਕਜੁਟ ਹਨ। ਸਟਾਲਿਨ ਨੇ ਇਹਨਾਂ ਨੇਤਾਵਾਂ ਨੂੰ ਮਿਲ ਕੇ ਇੱਕ ਸਾਂਝੀ ਰਣਨੀਤੀ ਬਣਾਉਣ 'ਤੇ ਜ਼ੋਰ ਦਿੱਤਾ, ਜਿਸ ਵਿੱਚ ਕਾਨੂੰਨੀ ਅਤੇ ਸਿਆਸੀ ਦੋਵੇਂ ਪਹਿਲੂ ਸ਼ਾਮਲ ਹਨ।

ਭਾਰਤ ਦੀ ਸਿਆਸਤ ਵਿੱਚ ਖੇਤਰੀ ਪਾਰਟੀਆਂ ਦੀ ਭੂਮਿਕਾ ਹਮੇਸ਼ਾ ਅਹਿਮ ਰਹੀ ਹੈ, ਅਤੇ ਸਟਾਲਿਨ ਇਸ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹਨ। ਡੀ.ਐਮ.ਕੇ. ਦੀ ਅਗਵਾਈ ਵਿੱਚ ਸਟਾਲਿਨ ਨੇ ਸੰਘੀ ਸਿਧਾਂਤਾਂ ਦੀ ਰਾਖੀ ਅਤੇ ਸੂਬਿਆਂ ਦੀ ਖੁਦਮੁਖਤਿਆਰੀ ਨੂੰ ਮੁੱਖ ਮੁੱਦਾ ਬਣਾਇਆ ਹੈ। ਖੇਤਰੀ ਪਾਰਟੀਆਂ ਜਿਵੇਂ ਕਿ ਸੀ. ਪੀ. ਐਮ., ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਅਤੇ ਝਾਰਖੰਡ ਮੁਕਤੀ ਮੋਰਚਾ ਸਟਾਲਿਨ ਦੀ ਅਗਵਾਈ ਨੂੰ ਸਮਰਥਨ ਦੇ ਰਹੀਆਂ ਹਨ।

ਸਟਾਲਿਨ ਦੀ ਸਫਲਤਾ ਦਾ ਦਾਰੋਮਦਾਰ ਇਸ ਗੱਲ 'ਤੇ ਹੈ ਕਿ ਉਹ ਇਹਨਾਂ ਪਾਰਟੀਆਂ ਨੂੰ ਕਿੰਨੀ ਨਿਪੁੰਨਤਾ ਨਾਲ ਇਕਜੁਟ ਕਰ ਸਕਦੇ ਹਨ। ਸਿਆਸੀ ਮਾਹਿਰਾਂ ਮੁਤਾਬਕ, ਸਟਾਲਿਨ ਦੀ ਸਮਾਜਿਕ ਨਿਆਂ ਅਤੇ ਸੰਘੀ ਸਿਧਾਂਤਾਂ 'ਤੇ ਅਡੋਲ ਸਥਿਤੀ ਉਨ੍ਹਾਂ ਨੂੰ ਖੇਤਰੀ ਪਾਰਟੀਆਂ ਵਿੱਚ ਮਜ਼ਬੂਤ ਨੇਤਾ ਦੇ ਰੂਪ ਵਿੱਚ ਉਭਾਰ ਸਕਦੀ ਹੈ।

ਸਟਾਲਿਨ ਦੀ ਮੋਦੀ ਸਰਕਾਰ ਨੂੰ ਟੱਕਰ ਦੇਣ ਦੀ ਸਮਰੱਥਾ ਦਾ ਅੰਦਾਜ਼ਾ ਉਨ੍ਹਾਂ ਦੀ ਸਿਆਸੀ ਰਣਨੀਤੀ ਅਤੇ ਵਿਰੋਧੀ ਏਕਤਾ ਦੀ ਮਜ਼ਬੂਤੀ 'ਤੇ ਨਿਰਭਰ ਕਰਦਾ ਹੈ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮਜ਼ਬੂਤ ਸੰਗਠਨਾਤਮਕ ਸ਼ਕਤੀ ਅਤੇ ਰਾਸ਼ਟਰੀ ਪੱਧਰ 'ਤੇ ਪ੍ਰਭਾਵ ਦੇ ਸਾਹਮਣੇ ਸਟਾਲਿਨ ਦੀ ਚੁਣੌਤੀ ਵੱਡੀ ਹੈ। ਪਰ ਸਟਾਲਿਨ ਦੀ ਸਮਾਜਿਕ ਨਿਆਂ, ਸੰਘੀ ਢਾਂਚੇ, ਅਤੇ ਸੂਬਿਆਂ ਦੀ ਖੁਦਮੁਖਤਿਆਰੀ 'ਤੇ ਅਡੋਲ ਸਥਿਤੀ ਨੇ ਉਨ੍ਹਾਂ ਨੂੰ ਖੇਤਰੀ ਪਾਰਟੀਆਂ ਵਿੱਚ ਮਜ਼ਬੂਤ ਸਥਾਨ ਦਿੱਤਾ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੂਰਨ ਬਹੁਮਤ ਨਾ ਮਿਲਣ ਕਾਰਨ ਵਿਰੋਧੀ ਧਿਰਾਂ ਦੀ ਤਾਕਤ ਵਧੀ ਹੈ, ਅਤੇ ਸਟਾਲਿਨ ਇਸ ਮੌਕੇ ਨੂੰ ਭੁਗਤਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੁਪਰੀਮ ਕੋਰਟ ਦੇ ਫੈਸਲੇ ਨੇ ਸਟਾਲਿਨ ਨੂੰ ਕਾਨੂੰਨੀ ਤੌਰ 'ਤੇ ਮਜ਼ਬੂਤੀ ਦਿੱਤੀ ਹੈ, ਅਤੇ ਉਹ ਇਸ ਨੂੰ ਸਿਆਸੀ ਲਾਭ ਵਿੱਚ ਬਦਲਣ ਦੀ ਜੁਗਤ ਵਿੱਚ ਹਨ।

ਸਟਾਲਿਨ ਦੀ ਅਗਵਾਈ ਵਿੱਚ ਜੇਕਰ ਵਿਰੋਧੀ ਧਿਰਾਂ ਇਕਜੁਟ ਹੋ ਸਕੀਆਂ, ਤਾਂ ਉਹ ਮੋਦੀ ਸਰਕਾਰ ਨੂੰ ਸੰਘੀ ਢਾਂਚੇ ਅਤੇ ਸੂਬਿਆਂ ਦੇ ਅਧਿਕਾਰਾਂ 'ਤੇ ਸਵਾਲ ਖੜ੍ਹੇ ਕਰਕੇ ਸਿਆਸੀ ਟਕਰ ਦੇ ਸਕਦੇ ਹਨ। ਪਰ ਇਸ ਲਈ ਵਿਰੋਧੀ ਧਿਰਾਂ ਵਿੱਚ ਅੰਦਰੂਨੀ ਮੱਤਭੇਦਾਂ ਨੂੰ ਸੁਲਝਾਉਣਾ ਅਤੇ ਸਾਂਝੀ ਰਣਨੀਤੀ ਬਣਾਉਣਾ ਜ਼ਰੂਰੀ ਹੋਵੇਗਾ।

# ਅਕਾਲ ਤਖਤ ਦੇ ਜਥੇਦਾਰ ਗੜਗੱਜ ਨੇ ਭਾਈ ਮੰਡ ਨਾਲ ਕੀਤੀ ਮੁਲਾਕਾਤ, ਸਿਹਤ ਦਾ ਪੁਛਿਆ ਹਾਲ

## ✪ ਜਥੇਦਾਰ ਵਲੋਂ ਸਿੱਖ ਏਕਤਾ ਦੀ ਪਹਿਲ, ਮੰਡ ਦੇ ਸੰਘਰਸ਼ੀ ਪਰਿਵਾਰ ਨੂੰ ਦਿੱਤਾ ਸਨਮਾਨ

ਅੰਮ੍ਰਿਤਸਰ-ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੋਮਵਾਰ ਨੂੰ ਫਿਰੋਜ਼ਪੁਰ ਵਿਖੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਰਿਹਾਇਸ਼ 'ਤੇ ਅਚਨਚੇਤ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਹਾਸਲ ਕੀਤੀ। ਭਾਈ ਧਿਆਨ ਸਿੰਘ ਮੰਡ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। ਅਕਾਲ ਤਖਤ ਸਕੱਤਰੇਤ ਵੱਲੋਂ ਇਸ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ, ਜਿਸ ਨੇ ਸਿੱਖ ਸੰਗਤ ਵਿੱਚ ਇੱਕ ਸਕਾਰਾਤਮਕ ਸੁਨੇਹਾ ਪਹੁੰਚਾਇਆ ਹੈ।ਜਥੇਦਾਰ ਗੜਗੱਜ ਇਸ ਦੌਰਾਨ ਫਿਰੋਜ਼ਪੁਰ ਇਲਾਕੇ ਵਿੱਚ ਧਰਮ ਪ੍ਰਚਾਰ ਮੁਹਿੰਮ ਦਾ ਹਿੱਸਾ ਬਣਨ ਲਈ ਪਹੁੰਚੇ ਸਨ। ਜਦੋਂ



ਉਨ੍ਹਾਂ ਨੂੰ ਭਾਈ ਮੰਡ ਦੀ ਸਿਹਤ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੇ ਪਹਿਲਾਂ ਫੋਨ 'ਤੇ ਗੱਲਬਾਤ ਕੀਤੀ ਅਤੇ ਫਿਰ ਉਨ੍ਹਾਂ ਦੇ ਘਰ ਜਾ ਕੇ ਸਿਹਤ ਦਾ ਹਾਲ-ਚਾਲ ਪੁੱਛਿਆ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਧਿਆਨ ਸਿੰਘ ਮੰਡ ਸਿੱਖ ਸੰਘਰਸ਼ ਦੇ ਇੱਕ ਮਹੱਤਵਪੂਰਨ ਪਰਿਵਾਰ ਨਾਲ ਸਬੰਧਤ ਹਨ, ਜਿਨ੍ਹਾਂ ਦੇ ਤਿੰਨ ਭਰਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਨ। ਉਨ੍ਹਾਂ ਨੇ ਇਸ ਮੁਲਾਕਾਤ ਨੂੰ ਸਿੱਖ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਦੱਸਿਆ। ਇਸ ਮੁਲਾਕਾਤ ਦਾ ਮਹੱਤਵ ਇਸ ਲਈ ਵੀ ਵਧੇਰੇ ਹੈ ਕਿਉਂਕਿ ਭਾਈ ਧਿਆਨ ਸਿੰਘ ਮੰਡ ਨੂੰ 2015 ਵਿੱਚ ਪਿੰਡ ਚੱਬਾ ਵਿਖੇ ਹੋਏ ਸਰਬੱਤ ਖ਼ਾਲਸਾ ਦੌਰਾਨ ਮੁਤਵਾਜ਼ੀ ਜਥੇਦਾਰ ਵਜੋਂ ਨਿਯੁਕਤ ਕੀਤਾ ਗਿਆ ਸੀ, ਜਦੋਂ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖਤ ਦਾ ਜਥੇਦਾਰ ਚੁਣਿਆ ਗਿਆ ਸੀ। ਉਦੋਂ ਤੋਂ ਭਾਈ ਮੰਡ ਗੁਰਪੁਰਬਾਂ ਅਤੇ ਸਿੱਖ ਤਿਉਹਾਰਾਂ 'ਤੇ ਸੰਦੇਸ਼ ਜਾਰੀ ਕਰਦੇ ਰਹੇ ਹਨ ਅਤੇ ਕਈ ਮਹੱਤਵਪੂਰਨ ਮਾਮਲਿਆਂ, ਜਿਵੇਂ ਕਿ ਬੇਅਦਬੀ ਮਾਮਲਿਆਂ ਵਿੱਚ, ਫੈਸਲੇ ਵੀ ਲਏ ਹਨ।

ਜਥੇਦਾਰ ਗੜਗੱਜ ਨੇ ਹਾਲ ਹੀ ਵਿੱਚ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਸਮੇਤ ਕਈ ਸਿੱਖ ਸ਼ਖਸੀਅਤਾਂ ਨੂੰ ਅਕਾਲ ਤਖਤ ਦੇ ਫਸੀਲ ਤੋਂ ਮੁਆਫੀ ਦੇ ਕੇ ਪੰਥ ਵਿੱਚ ਵਾਪਸੀ ਕਰਵਾਈ ਹੈ। ਉਨ੍ਹਾਂ ਦੀ ਇਸ ਪਹਿਲ ਨੂੰ ਸਿੱਖ ਸੰਗਤ ਵਿੱਚ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

# ਪੰਜਾਬ ਸਰਕਾਰ ਦਾ ਵਿਵਾਦਤ ਫੈਸਲਾ: ਸਕੂਲਾਂ ਵਿਚ ਤੇਲਗੂ ਭਾਸ਼ਾ ਪੜ੍ਹਾਉਣ ਦੀ ਤਿਆਰੀ

## ✪ ਪੰਜਾਬੀ ਵਿਚ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਨੂੰ ਤੇਲਗੂ ਸਿਖਾਉਣ ਦਾ ਹੁਕਮ, ਸਿੱਖਿਆ ਮਾਹਰ ਚਿੰਤਤ

ਚੰਡੀਗੜ੍ਹ-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਨੇ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਤੇਲਗੂ ਭਾਸ਼ਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ, ਜਿਸ ਨੂੰ 'ਏਕ ਭਾਰਤ ਸ੍ਰੇਸ਼ਠ ਭਾਰਤ' ਮਿਸ਼ਨ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਇਸ ਤਹਿਤ 26 ਮਈ ਤੋਂ 5 ਜੂਨ, 2025 ਤੱਕ 6ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ 'ਭਾਰਤੀ ਭਾਸ਼ਾ ਸਮਰ ਕੈਂਪ' ਆਯੋਜਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿਚ ਤੇਲਗੂ ਭਾਸ਼ਾ ਦਾ ਮੁੱਢਲਾ ਗਿਆਨ ਦਿੱਤਾ ਜਾਵੇਗਾ। ਪਰ, ਇਸ ਫੈਸਲੇ ਨੇ ਸਿੱਖਿਆ ਜਗਤ ਅਤੇ ਰਾਜਨੀਤਕ ਹਲਕਿਆਂ ਵਿਚ ਤਿੱਖੀ ਬਹਿਸ ਛੇੜ ਦਿੱਤੀ ਹੈ।

### ਅਧਿਆਪਕ ਜਥੇਬੰਦੀਆਂ ਦਾ ਸਖ਼ਤ ਵਿਰੋਧ

ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਇਸ ਦੇ ਆਗੂ ਅਸ਼ਵਨੀ ਅਵਸਥੀ ਨੇ ਕਿਹਾ, "ਜਦੋਂ ਸਾਡੇ ਵਿਦਿਆਰਥੀ ਮਾਤ ਭਾਸ਼ਾ ਪੰਜਾਬੀ ਵਿਚ ਵੀ ਪਛੜ ਰਹੇ ਹਨ, ਤਾਂ ਚੌਥੀ ਭਾਸ਼ਾ ਦਾ ਬੋਝ ਥੋਪਣਾ ਗੈਰ-ਵਿਗਿਆਨਕ ਹੈ।" ਉਨ੍ਹਾਂ ਅਨੁਸਾਰ, 2024 ਵਿਚ 12ਵੀਂ ਜਮਾਤ ਦੇ 3800 ਤੋਂ ਵੱਧ ਅਤੇ 10ਵੀਂ ਜਮਾਤ ਦੇ 1571 ਵਿਦਿਆਰਥੀ ਪੰਜਾਬੀ ਵਿਚ ਫੇਲ੍ਹ ਹੋਏ ਹਨ। ਅਵਸਥੀ ਨੇ ਸਵਾਲ ਉਠਾਇਆ ਕਿ ਜਦੋਂ ਅਧਿਆਪਕਾਂ ਨੂੰ ਤੇਲਗੂ ਦੀ ਪੂਰੀ ਜਾਣਕਾਰੀ ਨਹੀਂ, ਤਾਂ ਉਹ ਵਿਦਿਆਰਥੀਆਂ ਨੂੰ ਕਿਵੇਂ ਪੜ੍ਹਾਉਣਗੇ। ਉਨ੍ਹਾਂ ਨੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਅਤੇ ਗੈਰ-ਵਿਦਿਅਕ ਕੰਮਾਂ ਵਿਚ ਲਗਾਏ ਜਾਣ ਦੀ ਸਮੱਸਿਆ 'ਤੇ ਵੀ ਚਿੰਤਾ ਜਤਾਈ।

### ਸਿਆਸੀ ਪਾਰਟੀਆਂ ਵਲੋਂ ਵਿਰੋਧ

ਇਸ ਫੈਸਲੇ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ, "ਪੰਜਾਬ ਸਰਕਾਰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਪੰਜਾਬੀ ਨੂੰ ਮਜ਼ਬੂਤ ਕਰਨ ਦੀ ਬਜਾਏ, ਸਰਕਾਰ ਤੇਲਗੂ ਨੂੰ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਸੂਬੇ ਦੀ ਸਭਿਆਚਾਰਕ ਪਛਾਣ ਲਈ ਖ਼ਤਰਨਾਕ ਹੈ।"



ਕਾਂਗਰਸ ਨੇ ਵੀ ਸਰਕਾਰ ਦੇ ਇਸ ਕਦਮ ਨੂੰ 'ਗੈਰ-ਜ਼ਰੂਰੀ' ਕਰਾਰ ਦਿੱਤਾ ਅਤੇ ਸਿੱਖਿਆ ਦੀ ਗੁਣਵੱਤਾ 'ਤੇ ਧਿਆਨ ਦੇਣ ਦੀ ਮੰਗ ਕੀਤੀ। ਦੂਜੇ ਪਾਸੇ, ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਦਾ ਕਦਮ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਇਹ ਸਮਰ ਕੈਂਪ ਵਿਦਿਆਰਥੀਆਂ ਨੂੰ ਵਿਭਿੰਨ ਭਾਰਤੀ ਸੱਭਿਆਚਾਰ ਨਾਲ ਜੋੜਨ ਦਾ ਮੌਕਾ ਦੇਣਗੇ।"

ਸਿੱਖਿਆ ਮਾਹਰਾਂ ਅਤੇ ਭਾਸ਼ਾ ਪ੍ਰੇਮੀਆਂ ਨੇ ਚਿੰਤਾ ਜਤਾਈ ਹੈ ਕਿ ਤੇਲਗੂ ਨੂੰ ਪੜ੍ਹਾਉਣ ਨਾਲ ਪੰਜਾਬੀ ਭਾਸ਼ਾ ਦੀ ਮਹੱਤਤਾ ਘਟ ਸਕਦੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਕ ਪ੍ਰੋਫੈਸਰ ਨੇ ਕਿਹਾ, "ਪੰਜਾਬੀ ਨੂੰ 1960 ਦੇ ਰਾਜ ਭਾਸ਼ਾ ਐਕਟ ਅਨੁਸਾਰ ਪ੍ਰਮੁੱਖ ਸਥਾਨ ਮਿਲਿਆ ਹੈ, ਪਰ ਸਰਕਾਰੀ ਦਸਤਾਵੇਜ਼ਾਂ 'ਚ ਵੀ ਅੰਗਰੇਜ਼ੀ ਦਾ ਦਬਦਬਾ ਹੈ। ਅਜਿਹੇ 'ਚ ਤੇਲਗੂ ਸਮਰ ਕੈਂਪ ਪੰਜਾਬੀ ਦੀ ਨੀਂਹ ਨੂੰ ਹੋਰ ਕਮਜ਼ੋਰ ਕਰ ਸਕਦੇ ਹਨ।"

ਸਰਕਾਰੀ ਨੋਟੀਫਿਕੇਸ਼ਨ ਅਨੁਸਾਰ, ਸਮਰ ਕੈਂਪ 'ਚ ਵਿਦਿਆਰਥੀਆਂ ਨੂੰ ਤਿੰਨ ਸਮੂਹਾਂ 'ਚ ਵੰਡਿਆ ਜਾਵੇਗਾ ਅਤੇ ਤੇਲਗੂ ਭਾਸ਼ਾ ਦੇ ਨਾਲ-ਨਾਲ ਸੰਗੀਤ, ਕਲਾ, ਸੱਭਿਆਚਾਰ, ਖਾਣਾ ਪਕਾਉਣ, ਨਾਚ ਅਤੇ ਇਤਿਹਾਸਕ ਸਥਾਨਾਂ ਬਾਰੇ ਵੀ ਸਿਖਲਾਈ ਦਿੱਤੀ ਜਾਵੇਗੀ। ਪ੍ਰਤੀ ਵਿਦਿਆਰਥੀ 30 ਰੁਪਏ ਦਾ ਬਜਟ ਮੁਹੱਈਆ ਕਰਵਾਇਆ ਗਿਆ ਹੈ।

# ਬਰਖਾਸਤ ਮਹਿਲਾ ਸਿਪਾਹੀ ਦੀ 1.35 ਕਰੋੜ ਦੀ ਜਾਇਦਾਦ ਫਰੀਜ਼, ਵਿਜੀਲੈਂਸ ਜਾਂਚ ਜਾਰੀ



ਬਠਿੰਡਾ-ਨਸ਼ਾ ਮਾਮਲੇ ਵਿਚ ਬਰਖਾਸਤ ਸੀਨੀਅਰ ਸਿਪਾਹੀ ਅਮਨਦੀਪ ਕੌਰ ਦੀ 1 ਕਰੋੜ 35 ਲੱਖ ਦੀ ਜਾਇਦਾਦ, ਜਿਸ 'ਚ ਕੋਠੀ, ਥਾਰ ਗੱਡੀ, ਪਲਾਟ, ਰੋਲੈਕਸ ਘੜੀ ਅਤੇ ਮਹਿੰਗੇ ਫੋਨ ਸ਼ਾਮਲ ਹਨ, ਨੂੰ ਪੰਜਾਬ ਪੁਲਸ ਨੇ ਫਰੀਜ਼ ਕੀਤਾ। 2 ਅਪ੍ਰੈਲ ਨੂੰ 17.71 ਗ੍ਰਾਮ ਹੈਰੋਇਨ ਬਰਾਮਦ ਹੋਣ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਹਟਾਇਆ ਗਿਆ ਸੀ। ਵਿਜੀਲੈਂਸ ਨੇ ਸਰੋਤਾਂ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਮੁਕੱਦਮਾ ਦਰਜ ਕਰਕੇ ਅਮਨਦੀਪ ਨੂੰ ਤਿੰਨ ਦਿਨ ਦੇ ਰਿਮਾਂਡ 'ਤੇ ਲਿਆ। ਰਿਮਾਂਡ ਦੌਰਾਨ ਉਸ ਦੇ ਬੈਂਕ ਖਾਤਿਆਂ ਅਤੇ ਕੋਠੀ ਦੀ ਜਾਂਚ ਜਾਰੀ ਹੈ।

# ਖੰਡਵਾ ਵਿੱਚ ਸ਼ਰਾਬੀ ਗੁੰਡਿਆਂ ਵਲੋਂ ਸਮੂਹਿਕ ਜਬਰ ਜਨਾਹ, ਔਰਤ ਦੀ ਮੌਤ, ਪੁਲਿਸ ਜਾਂਚ ਜਾਰੀ

ਖੰਡਵਾ-ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਦੇ ਖਾਲਵਾ ਥਾਣਾ ਖੇਤਰ ਵਿੱਚ ਸਥਿਤ ਇੱਕ ਕਬਾਇਲੀ ਪਿੰਡ ਵਿੱਚ 23 ਮਈ 2025 ਦੀ ਸ਼ਾਮ ਨੂੰ ਇੱਕ 45 ਸਾਲਾ ਆਦਿਵਾਸੀ ਔਰਤ ਨਾਲ ਸਮੂਹਿਕ ਜਬਰ ਜਨਾਹ ਦੀ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ। ਇਸ ਘਟਨਾ ਵਿੱਚ ਦੋ ਵਿਅਕਤੀਆਂ, ਹਰੀ ਅਤੇ ਸੁਨੀਲ, ਨੇ ਸ਼ਰਾਬ ਪੀਣ ਤੋਂ ਬਾਅਦ ਔਰਤ 'ਤੇ ਬੇਰਹਿਮੀ ਨਾਲ ਹਮਲਾ ਕੀਤਾ, ਜਿਸ ਨਾਲ ਉਸ ਦੇ ਅੰਦਰੂਨੀ ਅੰਗਾਂ ਨੂੰ ਗੰਭੀਰ ਸੱਟਾਂ ਲੱਗੀਆਂ। ਪੀੜਤਾ ਦੀ 24 ਮਈ ਦੀ ਸਵੇਰ ਨੂੰ ਗੰਭੀਰ ਜ਼ਖ਼ਮਾਂ ਕਾਰਨ ਉਸ ਦੇ ਘਰ ਵਿੱਚ ਮੌਤ ਹੋ ਗਈ।

ਪੀੜਤਾ ਦੇ ਪੁੱਤਰ ਨੇ ਦੱਸਿਆ ਕਿ ਉਸ ਦੀ ਮਾਂ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਗਈ ਸੀ ਅਤੇ ਰਾਤ ਨੂੰ ਘਰ ਨਹੀਂ ਪਰਤੀ। ਸਵੇਰੇ ਪਿੰਡ ਦੀ ਇੱਕ ਔਰਤ ਨੇ




ਸੂਚਨਾ ਦਿੱਤੀ ਕਿ ਪੀੜਤਾ ਹਰੀ ਦੇ ਘਰ ਦੇ ਵਿਹੜੇ ਵਿੱਚ ਜ਼ਖ਼ਮੀ ਹਾਲਤ ਵਿੱਚ ਬੈਠੀ ਸੀ। ਪੁੱਤਰ ਨੇ ਦੱਸਿਆ ਕਿ ਮਾਂ ਬੇਹੋਸ਼ ਸੀ ਅਤੇ ਉਸ ਦੇ ਗੁਪਤ ਅੰਗਾਂ ਵਿੱਚੋਂ ਖੂਨ ਵਹਿ ਰਿਹਾ ਸੀ। ਪੀੜਤਾ ਨੇ ਮਰਨ ਤੋਂ ਪਹਿਲਾਂ ਆਪਣੇ ਪੁੱਤਰ ਨੂੰ ਦੱਸਿਆ ਕਿ ਸੁਨੀਲ ਅਤੇ ਹਰੀ ਨੇ ਉਸ ਨਾਲ ਜ਼ਬਰਦਸਤੀ ਕੀਤੀ ਅਤੇ ਉਹ ਹੁਣ ਨਹੀਂ ਬਚੇਗੀ। ਪੁਲਿਸ ਨੂੰ ਘਟਨਾ ਦੀ ਸੂਚਨਾ ਪੀੜਤਾ ਦੀ ਮੌਤ ਤੋਂ ਬਾਅਦ ਮਿਲੀ। ਰੋਸ਼ਨੀ ਪੁਲਿਸ ਨੇ ਮਾਮਲਾ ਦਰਜ ਕਰਕੇ ਦੋਵਾਂ ਮੁਲਜ਼ਮਾਂ, ਹਰੀ ਅਤੇ ਸੁਨੀਲ, ਖ਼ਿਲਾਫ਼ ਜਬਰ ਜਨਾਹ ਅਤੇ ਕਤਲ ਦਾ ਕੇਸ ਦਰਜ ਕੀਤਾ। ਪੀੜਤਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਖੰਡਵਾ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ। ਏਐਸਪੀ ਦਿਹਾਤੀ ਰਾਜੇਸ਼ ਰਘੂਵੰਸ਼ੀ ਨੇ ਦੱਸਿਆ ਕਿ ਪੀੜਤਾ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਹਰੀ ਦੇ ਘਰ ਗਈ ਸੀ, ਜਿੱਥੇ ਸੁਨੀਲ ਵੀ ਪਹੁੰਚ ਗਿਆ। ਤਿੰਨਾਂ ਨੇ ਮਿਲ ਕੇ ਸ਼ਰਾਬ ਪੀਤੀ, ਜਿਸ ਤੋਂ ਬਾਅਦ ਇਹ ਘਟਨਾ ਵਾਪਰੀ। ਪੁਲਿਸ ਨੇ ਮੁੱਢਲੀ ਜਾਂਚ ਵਿੱਚ ਔਰਤ ਦੀ ਬੱਚੇਦਾਨੀ ਬਾਹਰ ਆਉਣ ਦੀ ਸੰਭਾਵਨਾ ਨੂੰ ਰੱਦ ਕੀਤਾ ਹੈ ਅਤੇ ਪੋਸਟਮਾਰਟਮ ਰਿਪੋਰਟ ਦੀ ਉਡੀਕ ਕਰ ਰਹੀ ਹੈ।

ਕਾਂਗਰਸ ਨੇ ਇਸ ਘਟਨਾ ਨੂੰ ਨਿਰਭਯਾ ਕਾਂਡ ਨਾਲ ਜੋੜਦਿਆਂ ਸੂਬਾ ਸਰਕਾਰ 'ਤੇ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਨਾ ਬਣਾਉਣ ਦਾ ਦੋਸ਼ ਲਗਾਇਆ। ਸਾਬਕਾ ਕੇਂਦਰੀ ਮੰਤਰੀ ਅਰੁਣ ਯਾਦਵ ਨੇ ਕਿਹਾ ਕਿ ਮੱਧ ਪ੍ਰਦੇਸ਼ ਵਿੱਚ ਔਰਤਾਂ ਅਤੇ ਧੀਆਂ ਸੁਰੱਖਿਅਤ ਨਹੀਂ ਹਨ ਅਤੇ ਸੂਬਾ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ। ਉਨ੍ਹਾਂ ਨੇ ਐਨਸੀਆਰਬੀ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੱਧ ਪ੍ਰਦੇਸ਼ ਔਰਤਾਂ ਵਿਰੁੱਧ ਅੱਤਿਆਚਾਰਾਂ ਵਿੱਚ ਸਭ ਤੋਂ ਅੱਗੇ ਹੈ। ਇਸ ਘਟਨਾ ਨੇ ਸੂਬੇ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਜਾਂਚ ਜਾਰੀ ਹੈ ਅਤੇ ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੋਰ ਸਪੱਸ਼ਟਤਾ ਦੀ ਉਮੀਦ ਹੈ।

## ਸੁਰਗਵਾਸੀ ਮੂਸੇਵਾਲ ਦੇ ਪਿਤਾ ਇਨਸਾਫ ਲਈ ਚੋਣ ਲੜਨਗੇ



ਮਾਨਸਾ-ਸਿੱਧੂ ਮੂਸੇਵਾਲਾ ਦੀ ਤੀਜੀ ਬਰਸੀ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਬਲਕੌਰ ਸਿੰਘ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ। ਮਾਨਸਾ ਵਿੱਚ ਕਾਂਗਰਸ ਦੀ 'ਸੰਵਿਧਾਨ ਬਚਾਓ ਰੈਲੀ' ਦੌਰਾਨ ਬਲਕੌਰ ਸਿੰਘ ਨੇ ਕਿਹਾ ਕਿ ਉਹ ਆਪਣੇ ਪੁੱਤਰ ਦੇ ਕਤਲ ਦੇ ਇਨਸਾਫ਼ ਲਈ ਚੋਣ ਲੜਨਗੇ, ਕਿਉਂਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਿੱਧੂ ਦੇ ਕਤਲ ਦੇ ਸਾਜਿਸ਼ਕਰਤਾ ਅਜੇ ਵੀ ਗ੍ਰਿਫ਼ਤ ਤੋਂ ਬਾਹਰ ਹਨ ਅਤੇ ਮੁੱਖ ਮੰਤਰੀ ਨੇ ਕੋਈ ਠੋਸ ਕਦਮ ਨਹੀਂ ਉਠਾਏ।

# ਹਾਈ ਕੋਰਟ ਨੇ ਐਨਆਰਆਈ ਦੀਆਂ ਜਾਇਦਾਦਾਂ 'ਤੇ ਫਰਜ਼ੀਵਾੜਾ 'ਤੇ ਔਖੀ

## ✪ ਕਿਹਾ-ਇਹ ਸਿਰਫ਼ ਧੋਖਾਧੜੀ ਨਹੀਂ ਸਗੋਂ ਵਿਸ਼ਵਾਸ ਨੂੰ ਕਰਦੇ ਨੇ ਕਮਜ਼ੋਰ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਐੱਨਆਰਆਈਜ਼ (ਪਰਵਾਸੀ ਭਾਰਤੀਆਂ) ਦੀਆਂ ਜਾਇਦਾਦਾਂ 'ਤੇ ਹੋ ਰਹੇ ਫਰਜ਼ੀਵਾੜੇ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਖ਼ਤਰਨਾਕ ਪ੍ਰਵਿਰਤੀ ਬਣਦੀ ਜਾ ਰਹੀ ਹੈ, ਜਿਸ ਵਿਚ ਬੇਈਮਾਨ ਲੋਕ ਉਨ੍ਹਾਂ ਐੱਨਆਰਆਈਜ਼ ਨੂੰ ਨਿਸ਼ਾਨਾ ਬਣਾ ਰਹੇ ਹਨ ਜੋ ਜਲਦੀ ਭਾਰਤ ਨਹੀਂ ਆ ਸਕਦੇ ਹੁੰਦੇ ਜਾਂ ਆਪਣੀਆਂ ਜਾਇਦਾਦਾਂ ਦੀ ਨਿਗਰਾਨੀ ਨਹੀਂ ਕਰ ਸਕਦੇ। ਹਾਈ ਕੋਰਟ ਨੇ ਕਿਹਾ ਕਿ ਅਜਿਹੇ ਕੰਮ ਸਿਰਫ ਧੋਖਾਧੜੀ ਨਹੀਂ ਹਨ, ਸਗੋਂ ਇਹ ਸੰਸਥਾਗਤ ਵਿਸ਼ਵਾਸ ਤੇ ਸਮਾਜਿਕ ਚੇਤਨਾ ਨੂੰ ਵੀ ਕਮਜ਼ੋਰ ਕਰਦੇ ਹਨ। ਹਾਈ ਕੋਰਟ ਨੇ ਇਹ ਟਿੱਪਣੀਆਂ ਦੋ ਮੁਲਜ਼ਮਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਖ਼ਾਰਜ ਕਰਦਿਆਂ ਕੀਤੀਆਂ, ਜਿਨ੍ਹਾਂ ਨੂੰ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਨੇ ਬੁੱਕ ਕੀਤਾ ਸੀ। ਮਾਮਲਾ ਲੁਧਿਆਣਾ ਜ਼ਿਲ੍ਹੇ ਦੇ ਲਾਡੋਵਾਲ-ਵੇਰਕਾ ਬਾਈਪਾਸ ਨੇੜੇ ਪੈਂਦੀ ਕੀਮਤੀ ਜ਼ਮੀਨ ਨਾਲ




ਜੁੜਿਆ ਹੈ। 11 ਫਰਵਰੀ 2025 ਨੂੰ ਦੀਪ ਸਿੰਘ (ਵਿਕਰੀਕਰਤਾ) ਅਤੇ ਪੰਚਕੂਲਾ ਦੇ ਦੀਪਕ ਗੋਇਲ (ਖ਼ਰੀਦਦਾਰ) ਦੇ ਵਿਚਕਾਰ 30 ਲੱਖ ਰੁਪਏ ਵਿਚ ਵਿਕਰੀ ਬਾਰੇ ਬੈਅਨਾਮਾ ਦਰਜ ਕੀਤਾ ਗਿਆ ਸੀ ਜਦਕਿ ਜ਼ਮੀਨ ਦੀ ਬਾਜ਼ਾਰ ਕੀਮਤ ਲਗਪਗ ਛੇ ਕਰੋੜ ਰੁਪਏ ਸੀ। ਜਾਂਚ ਵਿਚ ਸਾਹਮਣੇ ਆਇਆ ਕਿ ਅਸਲੀ ਮਾਲਕ ਦੀਪ ਸਿੰਘ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਤਹਿਸੀਲ ਦਫ਼ਤਰ ਵਿਚ ਜੋ ਵਿਅਕਤੀ ਵਿਕਰੀ ਲਈ ਹਾਜ਼ਰ ਹੋਇਆ ਸੀ, ਉਹ ਕੋਈ ਧੋਖੇਬਾਜ਼ ਸੀ। ਇਸ ਮਾਮਲੇ ਵਿਚ ਇਕ ਤਹਿਸੀਲਦਾਰ ਸਮੇਤ ਹੋਰ ਮੁਲਾਜ਼ਮ ਵੀ ਗ੍ਰਿਫ਼ਤਾਰ ਕੀਤੇ ਗਏ ਹਨ।

ਅਗਾਊਂ ਜ਼ਮਾਨਤ ਦੀ ਮੰਗ ਕਰ ਰਹੇ ਪਟੀਸ਼ਨਰਾਂ ਵਿੱਚੋਂ ਇਕ ਬਘੇਲ ਸਿੰਘ, ਜੋ ਪਿੰਡ ਦੇ ਨੰਬਰਦਾਰ ਹਨ, ਫਰਜ਼ੀ ਸੇਲ ਡੀਡ ਦੇ ਗਵਾਹ ਸਨ। ਉਨ੍ਹਾਂ ਦੀ ਪਟੀਸ਼ਨ ਖ਼ਾਰਜ ਕਰਦਿਆਂ ਜਸਟਿਸ ਬਰਾੜ ਨੇ ਕਿਹਾ ਕਿ ਅਜਿਹੇ ਅਪਰਾਧ ਵਿਸ਼ਵਾਸਘਾਤ 'ਤੇ ਅਧਾਰਿਤ ਹੁੰਦੇ ਹਨ ਅਤੇ ਆਮ ਅਪਰਾਧਾਂ ਨਾਲੋਂ ਕਾਫੀ ਗੰਭੀਰ ਹੁੰਦੇ ਹਨ। ਇਹ ਸਿਰਫ ਨਿੱਜੀ ਜਾਂ ਵਿੱਤੀ ਨੁਕਸਾਨ ਨਹੀਂ ਪਹੁੰਚਾਉਂਦੇ, ਸਗੋਂ ਰੀਅਲ ਅਸਟੇਟ ਸਿਸਟਮ 'ਤੇ ਜਨਤਾ ਦੇ ਵਿਸ਼ਵਾਸ ਨੂੰ ਪ੍ਰਭਾਵਤ ਕਰਦੇ ਹਨ ਅਤੇ ਸੂਬੇ ਦੀ ਆਰਥਿਕ ਸਥਿਰਤਾ 'ਤੇ ਵੀ ਮਾੜਾ ਅਸਰ ਪਾਉਂਦੇ ਹਨ।

ਸੁਣਵਾਈ ਦੌਰਾਨ ਸੂਬਾ ਸਰਕਾਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਪਟੀਸ਼ਨਰ ਇਕ ਸੰਗਠਤ ਗਿਰੋਹ ਦਾ ਹਿੱਸਾ ਹਨ, ਜੋ ਐੱਨਆਰਆਈਜ਼ ਦੀਆਂ ਸੰਪਤੀਆਂ ਦੀ ਪਛਾਣ ਕਰ ਕੇ, ਫਰਜ਼ੀ ਵਿਅਕਤੀ ਪੇਸ਼ ਕਰ ਕੇ, ਫਰਜ਼ੀ ਬੈਅਨਾਮਾ ਬਣਾਉਂਦੇ ਹਨ। ਹਾਈ ਕੋਰਟ ਨੇ ਇਨ੍ਹਾਂ ਟਿੱਪਣੀਆਂ ਨਾਲ ਪਟੀਸ਼ਨਰਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਖ਼ਾਰਜ ਕਰ ਦਿੱਤੀ।


## CHANGE OF NAME

I, ONKAR SINGH S/O MR BALDEV SINGH WHOSE PERMANENT ADDRESS IN INDIA IS VILL. RORANWALI, PO. BHUMBLI, GURDASPUR, PIN: 143529, PUNJAB AND NOW LIVING AT 57 POLLARD ROAD, BIRMINGHAM, B27 7EG, UK, HEREBY GIVE NOTICE OF MY INTENTION TO CHANGE MY NAME GIVEN NAME ONKAR SINGH SURNAME HAZRAN. (U)

I, AMAN S/O MR PARAMJIT SINGH WHOSE PERMANENT ADDRESS IN INDIA IS VILL. KOT KARAR KHAN, PO. PATTAR KALAN, KAPURTHALA, 144601, PUNJAB AND NOW LIVING AT 7 SOMERBY ROAD, LEICESTER, LE7 9PR, UK, HEREBY GIVE NOTICE OF MY INTENTION TO CHANGE MY NAME TO AMANDEEP SINGH. (U/I)

## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਵਾਲਸਾਲ ਵਿਖੇ ਫੁੱਟਬਾਲ, ਹਾਕੀ ਅਤੇ ਵਾਲੀਬਾਲ ਟੂਰਨਾਮੈਂਟ ਕਰਵਾਇਆ




ਵਾਲਸਾਲ (ਪੰਜਾਬ ਟਾਈਮਜ਼) – ਵਾਲਸਾਲ ਏਸ਼ੀਅਨ ਸਪੋਰਟਸ ਐਸੋਸੀਏਸ਼ਨ ਵੈਸਟ ਮਿਡਲੈਂਡਜ਼ ਵੱਲੋਂ ਇੰਗਲੈਂਡ 'ਚ ਇਸ ਸਾਲ ਦੇ ਪਹਿਲੇ ਫੁੱਟਬਾਲ, ਹਾਕੀ ਅਤੇ ਵਾਲ–ਬਾਲ ਟੂਰਨਾਮੈਂਟ ਦੀ ਸ਼ੁਰੂਆਤ 24–25 ਮਈ 2025 ਨੂੰ ਆਸਟਨ ਯੂਨੀਵਰਸਿਟੀ ਦੀਆਂ ਗਰਾਊਂਡਾਂ ਵਿੱਚ ਹੋਈ। ਇਹ ਟੂਰਨਾਮੈਂਟ ਖਾਲਸਾ ਫੁੱਟਬਾਲ ਫ਼ੈਡਰੇਸ਼ਨ ਅਧੀਨ ਉਹਨਾਂ ਵੱਲੋਂ ਬਣਾਏ ਗਏ ਅਸੂਲਾਂ ਅਨੁਸਾਰ ਲੜੀ ਦਾ ਪਹਿਲਾ ਟੂਰਨਾਮੈਂਟ ਹੋਇਆ ਕਰਦਾ ਹੈ।

ਯਾਦ ਰਹੇ ਪਿਛਲੇ ਤਕਰੀਬਨ 60 ਕੁ ਸਾਲਾਂ ਤੋਂ ਹਰ ਸਾਲ ਇਹੋ ਜਿਹੇ 5 ਟੂਰਨਾਮੈਂਟ ਇੰਗਲੈਂਡ ਦੇ ਵੱਖ–ਵੱਖ ਸ਼ਹਿਰਾਂ ਵਿੱਚ ਕਰਵਾਏ ਜਾਂਦੇ ਹਨ। ਜਿਸ ਵਿੱਚ ਤਕਰੀਬਨ 100 ਤੋਂ ਵੱਧ ਹਰ ਉਮਰ ਦੇ ਬੱਚੇ, ਨੌਜਵਾਨ ਹਿੱਸਾ ਲੈਂਦੇ ਹਨ। ਜ਼ਿਕਰਯੋਗ ਹੈ ਕਿ 8 ਸਾਲ ਤੋਂ ਲੈ ਕੇ 9, 11, 13, 15 ਸਾਲਾਂ ਦੇ ਬੱਚਿਆਂ ਨਾਲ ਉਹਨਾਂ ਦੇ ਮਾਪੇ ਵੀ ਆਉਂਦੇ ਹਨ। ਜਿਸ ਨਾਲ ਬੱਚਿਆਂ ਨੂੰ ਹੋਰ ਵੀ ਉਤਸ਼ਾਹ ਮਿਲਦਾ ਹੈ।

ਇਸ ਸਾਲ ਮੌਸਮ ਦੀ ਕੁੱਝ ਖਰਾਬੀ ਹੋਣ ਦੇ ਬਾਵਜੂਦ ਵੀ ਇਹ ਮੇਲਾ ਆਪਣੀ ਛਾਪ ਛੱਡ ਗਿਆ। ਇਸ ਸਾਲ ਦੇ ਮੇਲੇ ਦੀ ਖਾਸ ਖ਼ੂਬੀ ਪਿਛਲੇ 25 ਕੁ ਸਾਲਾਂ ਤੋਂ ਬੰਦ ਵਾਲ–ਬਾਲ ਦੇ ਮੈਚ ਵੀ ਖਿੱਚ ਦਾ ਕੇਂਦਰ ਰਹੇ, ਜਿਸ ਵਿੱਚ ਖਾਸ ਕਰਕੇ ਪੰਜਾਬ ਤੋਂ ਆਏ ਵਿਦਿਆਰਥੀ, ਵਰਕ ਪਰਮਿਟ ਵਾਲੇ ਖਿਡਾਰੀਆਂ ਦੀਆਂ 4 ਟੀਮਾਂ ਨੇ ਹਿੱਸਾ ਲਿਆ। ਫਾਈਨਲ, ਸ਼ਹੀਦ ਬਾਬਾ ਦੀਪ ਸਿੰਘ ਕਲੱਬ ਜੇਤੂ ਅਤੇ ਸਿੱਖ ਟੈਂਪਲ ਸਮੈਦਿਕ ਰਨਰ–ਅੱਪ ਰਹੀ। ਇਸ ਖੇਡ ਮੇਲੇ ਦਾ ਸਾਰਾ ਖਰਚਾ ਕਮਿਊਨਿਟੀ ਦੇ ਕੁੱਝ ਅਦਾਰਿਆਂ ਤੋਂ ਇਲਾਵਾ ਵਾਲਸਾਲ ਕੌਂਸਲ ਤੇ ਗੁਰੂ ਨਾਨਕ ਗੁਰਦੁਆਰਾ ਵਾਲਸਾਲ ਵੱਲੋਂ ਕੀਤਾ ਗਿਆ। –ਰਿਪੋਰਟ: ਅਜੈਬ ਸਿੰਘ ਗਰਚਾ

# ਕਨੇਡਾ ਵਾਸੀ ਡਾ: ਤਰਲੋਕ ਸਿੰਘ ਦੀਆਂ ਧਾਰਮਿਕ ਪ੍ਰਸ਼ਨ ਉਤਰ ਸਬੰਧੀ ਦੋ ਕਿਤਾਬਾਂ ਸਿੰਘ ਸਭਾ ਡਰਬੀ ਵਿਖੇ ਜਾਰੀ ਕੀਤੀਆਂ

***ਡਰਬੀ (ਪੰਜਾਬ ਟਾਈਮਜ਼) – ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਡਾ: ਤਰਲੋਕ ਸਿੰਘ ਕਨੇਡਾ ਵਾਸੀ ਦੀਆਂ ਧਾਰਮਿਕ ਪ੍ਰਸ਼ਨ ਉੱਤਰ ਸਬੰਧੀ ਦੋ ਕਿਤਾਬਾਂ ਬੀਤੇ ਦਿਨੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਪ੍ਰਕਾਸ਼ਿਤ ਕੀਤੀਆਂ ਸਨ। ਪੰਜਾਬ ਵਿੱਚ ਲੁਧਿਆਣਾ ਵਿਖੇ ਜਿੱਤੇ ਵੱਡਾ ਇਕੱਠ ਵਿੱਚ ਮੀਡੀਆ ਵੀ ਹਾਜ਼ਰ ਸੀ ਉਥੇ ਮਾਰਚ 2025 ਨੂੰ ਜਾਰੀ ਕੀਤੀਆਂ ਗਈਆਂ ਸਨ । ਉਥੇ ਬਹੁਤ ਸਾਰੇ ਬੁੱਧੀ ਜੀਵੀ ਹਾਜ਼ਰ ਸਨ, ਜਿਹਨਾਂ ਡਾ: ਤਰਲੋਕ ਸਿੰਘ ਅਤੇ ਸਟੱਡੀ ਸਰਕਲ ਦੇ ਸੇਵਾਦਾਰਾਂ ਦੇ ਇਸ ਕੰਮ ਲਈ ਸ਼ਲਾਘਾ ਕੀਤੀ। ਇੱਕ ਕਿਤਾਬ ਧਾਰਮਿਕ ਪ੍ਰਸ਼ਨ ਉਤਰਾਂ ਦੀ ਹੈ, ਜਿਸ ਵਿੱਚ ਸਵਾਲ ਆਮ ਸਿੱਖਾਂ ਦੇ ਹਨ ਪਰ ਜਵਾਬ ਸਿਰਫ਼ ਗੁਰਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿੱਚੋਂ ਹੀ ਦਿੱਤੇ ਗਏ ਹਨ।***

ਇਹ ਪ੍ਰਸ਼ਨ ਉਤਰ ਪਹਿਲਾਂ ਕੁੱਝ ਸਾਲਾਂ ਤੋਂ ਪੰਜਾਬ ਟਾਈਮਜ਼ ਯੂ ਕੇ ਵਿੱਚ ਵੀ ਛਪ ਚੁੱਕੇ ਹਨ । ਆਮ ਸੰਗਤਾਂ ਤੋਂ ਇਲਾਵਾ ਪ੍ਰਚਾਰਕਾਂ ਲਈ ਬਹੁਤ ਲਹੇਵੰਦ ਹਨ । ਜਿਹੜੇ ਪ੍ਰਸ਼ਨ ਸੰਗਤਾਂ ਮਨਾਂ ਵਿੱਚ ਹੁੰਦੇ ਹਨ, ਗੁਰਬਾਣੀ ਉਹਨਾਂ ਬਾਰੇ ਸਾਨੂੰ ਉਪਦੇਸ਼ ਦਿੰਦੀ ਹੈ। ਉਹ ਡਾ: ਦਲਜੀਤ ਸਿੰਘ ਵਿਰਕ ਹੋਣਾਂ ਦੇ ਨਾਲ ਐਗਰੀਕਲਚਰ ਯੂਨੀਵਰਸਿਟੀ ਵਿੱਚ ਇਕੱਠੇ ਸੇਵਾਵਾਂ ਦੇ ਚੁੱਕੇ ਹਨ। ਡਾ: ਸਾਹਿਬ ਨੇ ਦੱਸਿਆ ਕਿ ਇਹਨਾਂ ਕਿਤਾਬਾਂ ਦੇ ਹੋਰ ਅਗਲੇ ਭਾਗ ਵੀ ਆਉਣ ਵਾਲੇ ਸਮੇਂ ਵਿੱਚ ਛਾਪੇ ਜਾਣਗੇ। ਇਹ ਕਿਤਾਬਾਂ ਜਾਰੀ ਕਰਨ ਸਮੇਂ ਸਿੰਘ ਸਭਾ ਡਰਬੀ ਦੇ ਮੁੱਖ ਸੇਵਾਦਾਰ ਰਘਬੀਰ ਸਿੰਘ, ਡਾ: ਦਲਜੀਤ ਸਿੰਘ ਵਿਰਕ, ਗਿਆਨੀ ਅਮਰੀਕ ਸਿੰਘ, ਭਾਈ ਲਖਵੀਰ ਸਿੰਘ, ਬੀਬੀ ਮਨਦੀਪ ਕੌਰ, ਤੇ ਸੰਗਤਾਂ ਹਾਜ਼ਰ ਸਨ। ਸਾਰਿਆਂ ਨੇ ਡਾ: ਤਰਲੋਕ ਸਿੰਘ ਦੀਆਂ ਲਿਖੀਆਂ ਕਿਤਾਬਾਂ ਦੀ ਸ਼ਲਾਘਾ ਕੀਤੀ ।

ਬਹੁਤ ਸਾਰੀਆਂ ਸੰਗਤਾਂ ਨੂੰ ਇਹ ਕਿਤਾਬਾਂ ਬਿਨਾ ਭੇਟਾ ਦੇ ਦਿੱਤੀਆਂ ਗਈਆਂ। ਡਾ: ਤਰਲੋਕ ਸਿੰਘ ਨੇ ਪਿੱਛਲੇ ਹਫ਼ਤੇ ਸ: ਪੁਰੇਵਾਲ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਉਹ ਜੁਲਾਈ ਵਿੱਚ ਇਸ ਸੰਸਾਰ ਤੋਂ ਕੂਚ ਕਰ ਜਾਣਗੇ। ਇਹ ਉਹਨਾਂ ਦਾ ਵਿਸ਼ਵਾਸ ਹੈ। ਅਸੀਂ ਸਾਰੇ ਉਹਨਾਂ ਦੀ ਲੰਮੀ ਉਮਰ ਚਾਹੁੰਦੇ ਹਾਂ, ਤਾਂ ਜੋ ਉਹਨਾਂ ਦੀ ਗੁਰਬਾਣੀ ਤੇ ਸਿੱਖ ਇਤਿਹਾਸ ਬਾਰੇ ਖੋਜ ਤੋਂ ਸੰਗਤਾਂ ਹੋਰ ਲਾਹਾ ਲੈ ਸਕਣ ।



ਸਿੰਘ ਸਭਾ ਡਰਬੀ ਵਿਖੇ ਡਾ: ਤਰਲੋਕ ਸਿੰਘ ਦੀਆਂ ਕਿਤਾਬਾਂ ਜਾਰੀ ਕਰਦੇ ਹੋਏ ਸੱਜੇ ਤੋਂ ਪਲਵਿੰਦਰ ਸਿੰਘ ਚੱਠਾ, ਰਾਜਿੰਦਰ ਸਿੰਘ ਪੁਰੇਵਾਲ, ਅਮਰੀਕ ਸਿੰਘ, ਜੁਝਾਰ ਸਿੰਘ ਵਿਰਕ, ਲਖਵੀਰ ਸਿੰਘ, ਡਾ: ਦਲਜੀਤ ਸਿੰਘ ਵਿਰਕ, ਰਘਬੀਰ ਸਿੰਘ ਅਤੇ ਬੀਬੀ ਮਨਦੀਪ ਕੌਰ

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Derby, DE24 0QW
Email:panjabtimes@gmail.com, www.panjabtimes.uk
WhatsApp No. 07966 388 388

**ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**



# ਸੰਦੀਪ ਨੰਗਲ ਅੰਬੀਆਂ ਟੈਲਫੋਰਡ ਕਬੱਡੀ ਕਲੱਬ ਵੱਲੋਂ ਕਰਵਾਏ ਟੂਰਨਾਮੈਂਟ ’ਤੇ ਦਰਸ਼ਕਾਂ ਦਾ ਰਿਕਾਰਡ ਤੋੜ ਇਕੱਠ



## ਹਰਭਜਨ ਸਿੰਘ ਭਜੀ ਖੀਰਾਂਵਾਲੀ ਅਤੇ ਸੰਦੀਪ ਨੰਗਲ ਅੰਬੀਆਂ ਨੂੰ ਸਮਰਪਿਤ ਟੂਰਨਾਮੈਂਟ ਟੈਲਫੋਰਡ ਕਲੱਬ ਨੇ ਜਿੱਤ ਲਿਆ



## ਸੰਦੀਪ ਨੰਗਲ ਅੰਬੀਆਂ ਦੇ ਪੁੱਤਰਾਂ ਦਾ ਵਿਸ਼ੇਸ਼ ਸਨਮਾਨ ਅਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਭਾਰਤ ਅਤੇ ਪੰਜਾਬ ਸਰਕਾਰ ਤੋਂ ਦੋਸ਼ੀਆਂ ਖ਼ਿਲਾਫ਼ ਜਲਦੀ ਕਾਰਵਾਈ ਕਰਕੇ ਸਖ਼ਤ ਸਜਾਵਾਂ ਦੇਣ ਦੀ ਕੀਤੀ ਮੰਗ

### ਸਿੱਖ ਟੈਂਪਲ ਵੁਲਵਰਹੈਂਪਟਨ–ਮਿਡਵੇ ਦੀ ਟੀਮ ਰਹੀ ਰਨਰ ਅੱਪ – ਕੁਲਵਿੰਦਰ ਧਰਮਪੁਰਾ ਬੈਸਟ ਰੇਡਰ, ਦੁੱਲਾ ਸ਼ੁਸ਼ਕ ਬੈਸਟ ਸਟਾਪਰ ਦੇ ਕੱਪ ਲੈ ਗਏ





















ਤਸਵੀਰਾਂ: ਸੋਖਾ ਦੇਸੀ - ਰਿਪੋਰਟ ਅੰਦਰ ਦੇਖੋ





**ਜਾਰੀ ਕਰਤਾ: ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਟੈਲਫੋਰਡ ਅਤੇ ਸਮੂਹ ਸਹਿਯੋਗੀ**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸੰਘ-ਭਾਜਪਾ ਸਬੰਧਾਂ ਵਿੱਚ 2025 ਦੌਰਾਨ ਦਰਾੜ ਕਿਉਂ ਵਧ ਰਹੀ ਏ ?

## ✪ ਕੀ ਭਾਜਪਾ ਦੇ ਸਿਆਸੀ ਭਵਿੱਖ ਲਈ ਵਧਣਗੀਆਂ ਚੁਣੌਤੀਆਂ ? ✪ ਮੋਦੀ ਦੀ ਸੁਤੰਤਰਤਾ ਦੀ ਚਾਹਤ ਨੇ ਸੰਘ ਨੂੰ ਕੀਤਾ ਨਾਰਾਜ਼ ✪ ਸੰਘ ਮੁਖੀ ਮੋਹਨ ਭਾਗਵਤ ਦੇ ਸ਼ਕਤੀਸ਼ਾਲੀ ਭਾਰਤ ਦੇ ਸੱਦੇ ਦਾ ਰਾਜਨੀਤਕ ਵਿਸ਼ਲੇਸ਼ਣ

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਮੋਹਨ ਭਾਗਵਤ ਦਾ ਹਾਲ ਹੀ ਵਿੱਚ ਦਿੱਤਾ ਗਿਆ ਬਿਆਨ, ਜਿਸ ਵਿੱਚ ਉਨ੍ਹਾਂ ਨੇ ਹਿੰਦੂ ਸਮਾਜ ਵਿੱਚ ਇਕਜੁੱਟਤਾ ਅਤੇ ਭਾਰਤ ਨੂੰ ਫੌਜੀ ਤੇ ਆਰਥਿਕ ਤੌਰ ’ਤੇ ਸ਼ਕਤੀਸ਼ਾਲੀ ਬਣਾਉਣ ਦਾ ਸੱਦਾ ਦਿੱਤਾ, ਸੰਘ ਦੀ ਵਿਚਾਰਧਾਰਕ ਅਤੇ ਰਣਨੀਤਕ ਸਥਿਤੀ ਨੂੰ ਸਪੱਸ਼ਟ ਕਰਦਾ ਹੈ। ਇਸ ਬਿਆਨ ਦਾ ਰਾਜਨੀਤਕ ਵਿਸ਼ਲੇਸ਼ਣ ਸੰਘ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਰਮਿਆਨ ਵਧ ਰਹੀ ਦੂਰੀ, ਉਨ੍ਹਾਂ ਦੀਆਂ ਨੀਤੀਆਂ ਵਿੱਚ ਅੰਤਰ, ਅਤੇ ਘੱਟ-ਗਿਣਤੀਆਂ ਤੇ ਸਿੱਖਾਂ ਪ੍ਰਤੀ ਉਨ੍ਹਾਂ ਦੇ ਰੁਖ ਨੂੰ ਸਮਝਣ ਲਈ ਮਹੱਤਵਪੂਰਨ ਹੈ। ਮੋਹਨ ਭਾਗਵਤ ਦਾ ਇਹ ਬਿਆਨ, ਜੋ ਸੰਘ ਨਾਲ ਜੁੜੇ ਹਫਤਾਵਾਰੀ ਮੈਗਜ਼ੀਨ ਪਾਂਚਜਨਯ ਵਿੱਚ ਪ੍ਰਕਾਸ਼ਿਤ ਹੋਇਆ, ਸੰਘ ਦੀ ਮੁਢਲੀ ਵਿਚਾਰਧਾਰਾ - ਹਿੰਦੂ ਰਾਸ਼ਟਰਵਾਦ ਅਤੇ ਸਮਾਜਿਕ ਏਕਤਾ ’ਤੇ ਆਧਾਰਿਤ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਸਮਰੱਥਾ ਦੇ ਮਾਮਲੇ ਵਿੱਚ ਸਵੈ-ਨਿਰਭਰ ਅਤੇ ਅਜੇਤੂ ਹੋਣਾ ਚਾਹੀਦਾ। ਇਸ ਦੇ ਨਾਲ ਹੀ, ਉਨ੍ਹਾਂ ਨੇ ਸ਼ਕਤੀ ਨੂੰ ਗੁਣਵਾਨਤਾ ਅਤੇ ਧਾਰਮਿਕਤਾ ਨਾਲ ਜੋੜਨ ਦੀ ਗੱਲ ਕੀਤੀ, ਜੋ ਸੰਘ ਦੀ ਵਿਚਾਰਧਾਰਕ ਸਿਧਾਂਤਾਂ ਨੂੰ ਪ੍ਰਤੀਬਿੰਬਤ ਕਰਦੀ ਹੈ।





ਇਹ ਬਿਆਨ 2025 ਵਿੱਚ ਸੰਘ ਦੀ ਸ਼ਤਾਬਦੀ (1925-2025) ਦੇ ਸੰਦਰਭ ਵਿੱਚ ਵੀ ਅਹਿਮ ਹੈ, ਜਦੋਂ ਸੰਘ ਆਪਣੀ ਪਹੁੰਚ ਅਤੇ ਪ੍ਰਭਾਵ ਨੂੰ ਹੋਰ ਵਧਾਉਣ ਦੀ ਤਿਆਰੀ ਕਰ ਰਿਹਾ ਹੈ। ਭਾਗਵਤ ਦਾ ਸ਼ਕਤੀਸ਼ਾਲੀ ਭਾਰਤ ਦਾ ਸੱਦਾ ਸਿਰਫ਼ ਫੌਜੀ ਜਾਂ ਆਰਥਿਕ ਤਾਕਤ ਤੱਕ ਸੀਮਤ ਨਹੀਂ, ਸਗੋਂ ਇਹ ਸੰਘ ਦੀ ਉਸ ਸੋਚ ਨੂੰ ਦਰਸਾਉਂਦਾ ਹੈ ਜਿਸ ਵਿੱਚ ਹਿੰਦੂ ਸਮਾਜ ਨੂੰ ਸੰਗਠਿਤ ਅਤੇ ਏਕਤਾਬੱਧ ਕਰਕੇ ਇੱਕ “ਹਿੰਦੂ ਰਾਸ਼ਟਰ” ਦੀ ਸਥਾਪਨਾ ਕੀਤੀ ਜਾਵੇ।

ਭਾਜਪਾ, ਖਾਸਕਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਅਗਵਾਈ ਹੇਠ, ਸੰਘ ਦੀ ਸਿੱਧੀ ਦਖਲਅੰਦਾਜ਼ੀ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਦਾ ਬਿਆਨ ਕਿ “ਭਾਜਪਾ ਨੂੰ ਸੰਘ ਦੀ ਲੋੜ ਨਹੀਂ” ਇਸ ਸੋਚ ਨੂੰ ਸਪੱਸ਼ਟ ਕਰਦਾ ਹੈ। ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ ਅਤੇ ਸੰਘ ਦੀ ਸੰਗਠਨਾਤਮਕ ਅਥਾਰਟੀ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਨੇ ਸੰਘ ਨੂੰ ਨਾਰਾਜ਼ ਕੀਤਾ ਹੈ।

ਸੰਘ ਦੀ ਮੁਢਲੀ ਪਹਿਲ ਸਮਾਜਿਕ ਅਤੇ ਸੱਭਿਆਚਾਰਕ ਪਰਿਵਰਤਨ ਹੈ, ਜਦਕਿ ਭਾਜਪਾ ਦਾ ਫੋਕਸ ਸਿਆਸੀ ਸੱਤਾ ਅਤੇ ਚੋਣ ਜਿੱਤਣ ’ਤੇ ਹੈ। ਸੰਘ ਦੀ ਸੋਚ ਲੰਬੇ ਸਮੇਂ ਦੀ ਵਿਚਾਰਧਾਰਕ ਹੈ, ਜਦਕਿ ਭਾਜਪਾ ਨੂੰ ਵੋਟਬੈਂਕ ਅਤੇ ਗਠਜੋੜ ਸਿਆਸਤ ਦੀਆਂ ਮਜਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਘ ਜਾਤੀ ਜਨਗਣਨਾ ਨੂੰ ਹਿੰਦੂ ਏਕਤਾ ਲਈ ਖਤਰੇ ਵਜੋਂ ਦੇਖਦਾ ਹੈ, ਕਿਉਂਕਿ ਇਹ ਜਾਤੀਗਤ ਵੰਡ ਨੂੰ ਉਤਸ਼ਾਹਿਤ ਕਰਦੀ ਹੈ। ਭਾਜਪਾ ਨੇ ਇਸ ਮੁੱਦੇ ’ਤੇ ਅਸਪਸ਼ਟ ਰੁਖ ਅਪਣਾਇਆ, ਜਿਸ ਨਾਲ ਸੰਘ ਦੀ ਨਾਰਾਜ਼ਗੀ ਵਧੀ।

ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ ਨੇ ਭਾਜਪਾ ਨੂੰ ਸੰਘ ਦੀ ਵਿਚਾਰਧਾਰਕ ਨਿਰਭਰਤਾ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸੰਘ ਨੂੰ ਲੱਗਿਆ ਕਿ ਉਸ ਦੀ ਪਰੰਪਰਾਗਤ ਅਥਾਰਟੀ ਨੂੰ ਚੁਣੌਤੀ ਮਿਲ ਰਹੀ ਹੈ।

ਘੱਟ-ਗਿਣਤੀਆਂ ਪ੍ਰਤੀ, ਭਾਜਪਾ ਦੀ ਨੀਤੀ ਸੰਘ ਦੀ ਵਿਚਾਰਧਾਰਾ ਨਾਲ ਮਿਲਦੀ-ਜੁਲਦੀ ਹੈ, ਪਰ ਸਿਆਸੀ ਜ਼ਰੂਰਤਾਂ ਕਾਰਨ, ਭਾਜਪਾ ਕਈ ਵਾਰ ਨਰਮ ਰਣਨੀਤੀ ਅਪਣਾਉਂਦੀ ਹੈ, ਜਿਵੇਂ ਕਿ ਵੋਟਬੈਂਕ ਨੂੰ ਧਿਆਨ ਵਿੱਚ ਰੱਖਦਿਆਂ ਨਰਮ ਬਿਆਨਬਾਜ਼ੀ। ਭਾਜਪਾ ਦੀ ਸਰਕਾਰ ਨੇ ਸੰਘ ਦੇ ਕੁਝ ਏਜੰਡਿਆਂ (ਰਾਮ ਮੰਦਰ, ਧਾਰਾ 370) ਨੂੰ ਅਮਲ ਵਿੱਚ ਲਿਆਂਦਾ, ਪਰ ਸਿਆਸੀ ਸਮੀਕਰਨਾਂ ਕਾਰਨ ਇਹ ਸੰਘ ਦੀ ਸਖਤ ਰੁਖ ਨੂੰ ਪੂਰੀ ਤਰ੍ਹਾਂ ਅਪਣਾਉਣ ਤੋਂ ਗੁਰੇਜ਼ ਕਰਦੀ ਹੈ।

2025 ਵਿੱਚ ਸੰਘ ਦੀ ਸਥਾਪਨਾ ਦੇ 100 ਸਾਲ ਪੂਰੇ ਹੋਣ ’ਤੇ, ਸੰਘ ਆਪਣੀ ਵਿਚਾਰਧਾਰਕ ਅਤੇ ਸਮਾਜਿਕ ਪਛਾਣ ਨੂੰ ਸਿਆਸੀ ਸੱਤਾ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਸੰਘ ਦੀ 70,000 ਸ਼ਾਖਾਵਾਂ ਨੂੰ ਵਧਾਉਣ ਅਤੇ ਸਮਾਜਿਕ ਸੰਗਠਨ ਵਜੋਂ ਆਪਣੀ ਪਹੁੰਚ ਮਜ਼ਬੂਤ ਕਰਨ ਦੀ ਯੋਜਨਾ ਦਾ ਹਿੱਸਾ ਹੈ।

ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ ਨੇ ਸੰਘ ਨੂੰ ਸਾਈਡਲਾਈਨ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸੰਘ ਨੂੰ ਲੱਗਿਆ ਕਿ ਉਸ ਦੀ ਵਿਚਾਰਧਾਰਕ ਅਥਾਰਟੀ ਨੂੰ ਚੁਣੌਤੀ ਮਿਲ ਰਹੀ ਹੈ। ਸੰਘ ਨੇ 2024-25 ਵਿੱਚ ਆਪਣੀਆਂ ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ’ਤੇ ਜ਼ੋਰ ਦਿੱਤਾ, ਜਿਵੇਂ ਕਿ ਮਹਾਕੁੰਭ ਵਿੱਚ ਸਵੈਮਸੇਵਕਾਂ ਦੀ ਸੇਵਾ ਅਤੇ ਸਮਾਜਿਕ ਸੁਰੱਖਿਆ ਪ੍ਰੋਜੈਕਟ। ਇਹ ਸੰਘ ਦੀ ਸੁਤੰਤਰ ਪਛਾਣ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਹੈ। ਭਾਜਪਾ ਦੀ ਸਿਆਸੀ ਸਫਲਤਾ ਵੋਟਬੈਂਕ ਅਤੇ ਗਠਜੋੜ ’ਤੇ ਨਿਰਭਰ ਹੈ, ਜੋ ਸੰਘ ਦੀ ਸਖਤ ਵਿਚਾਰਧਾਰਕ ਲੀਹ ਨਾਲ ਮੇਲ ਨਹੀਂ ਖਾਂਦੀ। ਸੰਘ ਨੂੰ ਲੱਗਦਾ ਹੈ ਕਿ ਭਾਜਪਾ ਨੇ ਉਸ ਦੇ ਏਜੰਡੇ ਨੂੰ ਪੂਰੀ ਤਰ੍ਹਾਂ ਅਪਣਾਉਣ ਦੀ ਬਜਾਏ ਸਿਆਸੀ ਸਮਝੌਤੇ ਕੀਤੇ।

ਮੋਹਨ ਭਾਗਵਤ ਦਾ ਸ਼ਕਤੀਸ਼ਾਲੀ ਭਾਰਤ ਦਾ ਸੱਦਾ ਸੰਘ ਦੀ ਵਿਚਾਰਧਾਰਕ ਸੋਚ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਹੈ, ਪਰ ਇਹ ਭਾਜਪਾ ਨਾਲ ਵਧਦੀ ਦੂਰੀ ਨੂੰ ਵੀ ਉਜਾਗਰ ਕਰਦਾ ਹੈ। ਸੰਘ ਦੀ ਸੁਤੰਤਰਤਾ ਦੀ ਇੱਛਾ ਉਸ ਦੀ ਸ਼ਤਾਬਦੀ ਸਮਾਰੋਹ ਦੀਆਂ ਤਿਆਰੀਆਂ, ਮੋਦੀ ਦੀ ਸ਼ਖਸੀਅਤ-ਕੇਂਦਰਿਤ ਸਿਆਸਤ, ਅਤੇ ਸਿਆਸੀ ਮਜਬੂਰੀਆਂ ਨਾਲ ਅਸਹਿਮਤੀ ਦਾ ਨਤੀਜਾ ਹੈ। ਸਿੱਖਾਂ ਅਤੇ ਘੱਟ-ਗਿਣਤੀਆਂ ਪ੍ਰਤੀ ਸੰਘ ਦੀ ਸੋਚ ਹਿੰਦੂ ਰਾਸ਼ਟਰਵਾਦ ’ਤੇ ਆਧਾਰਿਤ ਹੈ, ਜੋ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਸਵੀਕਾਰ ਨਹੀਂ ਕਰਦੀ, ਜਦਕਿ ਭਾਜਪਾ ਸਿਆਸੀ ਜ਼ਰੂਰਤਾਂ ਕਾਰਨ ਵਧੇਰੇ ਲਚਕੀਲੀ ਸੋਚ ਅਪਣਾਉਂਦੀ ਹੈ।

# ਭੁਜ ਵਿਚ ਪ੍ਰਧਾਨ ਮੰਤਰੀ ਦੀ ਰੈਲੀ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਦਾਖਲੇ ਤੋਂ ਰੋਕਿਆ, ਕ੍ਰਿਪਾਨ ’ਤੇ ਇਤਰਾਜ਼

## ✪ ਗੁਜਰਾਤ ਪੁਲੀਸ ਦੀ ਕਾਰਵਾਈ ਨੇ ਸਿੱਖ ਭਾਵਨਾਵਾਂ ਨੂੰ ਪਹੁੰਚਾਈ ਠੇਸ

ਭੁਜ-ਮੰਤਰੀ ਨਰਿੰਦਰ ਮੋਦੀ ਦੀ ਬੀਤੇ ਦਿਨੀਂ ਭੁਜ ਵਿਚ ਹੋਈ ਜਨਤਕ ਰੈਲੀ ਵਿਚ ਦੋ ਅੰਮ੍ਰਿਤਧਾਰੀ ਬਜ਼ੁਰਗਾਂ ਨੂੰ ਦਾਖ਼ਲ ਨਹੀਂ ਹੋਣ ਦਿੱਤਾ




ਗਿਆ। ਗੁਜਰਾਤ ਪੁਲੀਸ ਨੇ ਇਨ੍ਹਾਂ ਦੋਵੇਂ ਬਜ਼ੁਰਗਾਂ ਨੂੰ ਛੋਟੀ ਕ੍ਰਿਪਾਨ ਪਹਿਨੀ ਹੋਣ ਕਾਰਨ ਪੰਡਾਲ ਵਿੱਚ ਦਾਖ਼ਲ ਨਾ ਹੋਣ ਦਿੱਤਾ। ਦੂਜੇ ਪਾਸੇ, ਪੁਲੀਸ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਹੈ। ਫ਼ਰੀਦਕੋਟ ਦੇ ਪਿੰਡ ਮਚਾਕੀ ਮੱਲ ਸਿੰਘ ਦਾ ਅੰਮ੍ਰਿਤਧਾਰੀ ਬਜ਼ੁਰਗ ਬਿੱਕਰ ਸਿੰਘ ਅਤੇ ਫਗਵਾੜਾ ਇਲਾਕੇ ਦੇ ਬਜ਼ੁਰਗ ਠਾਕੁਰ ਸਿੰਘ ਗੁਜਰਾਤ ਪੁਲੀਸ ਦੀ ਇਸ ਕਾਰਵਾਈ ਤੋਂ ਕਾਫ਼ੀ ਪ੍ਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਪਹਿਲਾਂ ਵੀ ਕਈ ਵਾਰ ਪੰਜਾਬੀ ਕਿਸਾਨਾਂ ਦੇ ਮੁੱਦਿਆਂ ’ਤੇ ਗੁਜਰਾਤ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਫ਼ਦ ਵਿਚ ਮਿਲ ਚੁੱਕੇ ਹਨ। ਬਜ਼ੁਰਗ ਬਿੱਕਰ ਸਿੰਘ ਨੇ ਦੱਸਿਆ ਕਿ ਪੰਜਾਬੀ ਕਿਸਾਨਾਂ ਨੇ ਭੁਜ ਇਲਾਕੇ ਵਿੱਚ ਪਸੀਨਾ ਵਹਾ ਕੇ ਜ਼ਮੀਨਾਂ ਨੂੰ ਉਪਜਾਊ ਬਣਾਇਆ ਹੈ ਅਤੇ ਅੱਜ ਗੁਜਰਾਤ ਉਨ੍ਹਾਂ ਨਾਲ ਅਜਿਹਾ ਵਤੀਰਾ ਅਪਨਾ ਰਿਹਾ ਹੈ। ਦੱਸਣਯੋਗ ਹੈ ਕਿ ਭੁਜ ਖੇਤਰ ਵਿੱਚ ਵੱਡੀ ਗਿਣਤੀ ’ਚ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਵਸਦੇ ਹਨ ਅਤੇ ਉਨ੍ਹਾਂ ਨੂੰ ਪਹਿਲਾਂ ਵੀ ਜ਼ਮੀਨਾਂ ਦੇ ਮਾਲਕੀ ਹੱਕਾਂ ਨੂੰ ਲੈ ਕੇ ਗੁਜਰਾਤ ਸਰਕਾਰ ਦੇ ਪੱਖਪਾਤੀ ਰਵੱਈਏ ਦਾ ਸਾਹਮਣਾ ਕਰਨਾ ਪਿਆ ਹੈ। ਇੱਥੋਂ ਤੱਕ ਸਥਾਨਕ ਧਨਾਢਾਂ ਨੇ ਵੀ ਪੰਜਾਬੀ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਹੈ। ਕਿਸਾਨ ਬਿੱਕਰ ਸਿੰਘ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਇਹ ਮਾਮਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾਉਣਾ ਚਾਹੀਦਾ ਹੈ। ਇਨ੍ਹਾਂ ਬਜ਼ੁਰਗਾਂ ਨੇ ਕਿਹਾ ਕਿ ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਸੀ ਪ੍ਰੰਤੂ ਹੁਣ ਸੋਚੀ ਸਮਝੀ ਸਕੀਮ ਤਹਿਤ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।


# ਸਿੱਖ ਇਤਿਹਾਸ ਦਾ ਇਨਕਲਾਬੀ ਮੋੜ : ਗੁਰੂ ਅਰਜਨ ਦੇਵ ਦੀ ਸ਼ਹਾਦਤ

## ਸ਼ਹਾਦਤ ਦਿਵਸ 'ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**
ਮੋਬ : 9463132719



ਸ਼ਹੀਦ ਸ਼ਬਦ ਫਾਰਸੀ ਬੋਲੀ ਦੇ ਸ਼ਬਦ ਸ਼ਹਿਦ ਤੋਂ ਬਣਿਆ ਹੈ, ਜਿਸ ਦੇ ਭਾਵ-ਅਰਥ ਹਨ ਗਵਾਹ ਜਾਂ ਸਾਖੀ। ਇਸ ਤਰ੍ਹਾਂ ਸ਼ਹਾਦਤ ਸ਼ਬਦ ਦਾ ਅਰਥ ਉਹ ਗਵਾਹੀ ਜਾਂ ਸਾਖੀ ਹੈ ਜੋ ਕਿਸੇ ਮਹਾਂਪੁਰਖ ਨੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਕਿਸੇ ਮਹਾਨ ਅਤੇ ਆਦਰਸ਼ ਕਾਰਜ ਦੀ ਸਿੱਧੀ ਲਈ ਦਿੱਤੀ ਜਾਂ ਭਰੀ ਹੁੰਦੀ ਹੈ। ਸ਼ਹਾਦਤ ਦਾ ਜਾਮਾ ਪਵਿੱਤਰ ਅਤੇ ਪੁਨੀਤ ਹੁੰਦਾ ਹੈ ਜਿਸ ਨੂੰ ਪਹਿਨ ਕੇ ਸ਼ਹੀਦ ਦੇਸ਼ ਅਤੇ ਕੌਮ ਦਾ ਉਹ ਸਰਮਾਇਆ ਬਣ ਜਾਂਦੇ ਹਨ ਜੋ ਆਉਣ ਵਾਲੀਆਂ ਨਸਲਾਂ ਨੂੰ ਨਾ ਸਿਰਫ (ਕੁਰਬਾਨੀਆਂ ਪੱਖੋਂ) ਅਮੀਰ ਬਣਾਉਂਦਾ ਹੈ ਸਗੋਂ ਆਪਣੀ ਕੌਮ ਦੇ ਹੀਰਿਆਂ ਦੀ ਸ਼ਹਾਦਤ 'ਤੇ ਫ਼ਖ਼ਰ ਕਰਨ ਦੇ ਯੋਗ ਵੀ ਬਣਾਉਂਦਾ ਹੈ। ਸਿੱਖੀ ਦੇ ਸਿਧਾਤਾਂ ਦੀ ਕਾਇਮੀ ਅਤੇ ਬੁਲੰਦੀ ਹਿੱਤ ਦਿੱਤੀ ਗਈ ਪੰਚਮ ਪਾਤਸ਼ਾਹ ਦੀ ਸ਼ਹਾਦਤ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਫ਼ਖ਼ਰ ਕਰਨ ਦੇ ਯੋਗ ਹੀ ਕਹੀ ਜਾ ਸਕਦੀ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ (ਧਰਮ) ਦੀ ਬੁਨਿਆਦ ਕੁੱਝ ਅਜਿਹੇ ਸਾਰਥਿਕ ਅਤੇ ਚਿਰਕਾਲੀ ਸਿਧਾਂਤਾਂ ਉਪਰ ਰੱਖੀ ਹੈ ਜੋ ਲੋਕਾਈ ਨੂੰ ਨਾ ਸਿਰਫ ਹਨੇਰੀਆਂ (ਵਹਿਮਾਂ-ਭਰਮਾਂ ਦੀਆਂ) ਗਲੀਆਂ ਵਿਚ ਭਟਕਣ ਤੋਂ ਰੋਕਦੇ ਹਨ ਸਗੋਂ ਕਿਰਤ ਕਰਕੇ ਉਸ ਨੂੰ(ਲੋੜਵੰਦਾਂ ਵਿਚ) ਵੰਡਣ ਅਤੇ ਉਸ ਪਰਮ ਪਿਤਾ ਦਾ ਨਾਮ ਜਪਣ (ਸ਼ੁਕਰ ਕਰਨ) ਦੀ ਜੀਵਨ-ਜੁਗਤ ਵੀ ਦੱਸਦੇ ਹਨ। ਇਸ ਜੀਵਨ-ਜੁਗਤ ਨੂੰ ਅਪਨਾ ਕੇ ਕੋਈ ਵੀ ਮਨੁੱਖ ਜਿਥੇ ਆਪਣੇ ਲੋਕ ਨੂੰ ਸੁਖੀ ਬਣਾ ਸਕਦਾ ਹੈ ਉਥੇ ਆਪਣੇ ਪ੍ਰਲੋਕ ਨੂੰ ਵੀ ਸੁਹੇਲਾ ਕਰ ਸਕਦਾ ਹੈ। ਗੁਰੂ ਸਾਹਿਬਾਨ ਵੱਲੋਂ ਦਰਸਾਇਆ ਗਿਆ ਸੱਚ ਦਾ ਇਹ ਮਾਰਗ ਅਧਿਆਤਮਕ ਪੱਖ ਪੂਰਨ ਦੇ ਨਾਲ ਨਾਲ ਮਨੁੱਖ ਦੇ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਦੀ ਵੀ ਪੂਰਨ ਰੂਪ ਵਿਚ ਹਾਮੀ ਭਰਦਾ ਹੈ। ਇਸ ਹਾਮੀ ਵਜੋਂ ਹੀ ਗੁਰੂ ਜੀ ਵੱਲੋਂ ਸਿਮਰਨ ਦੇ ਨਾਲ-ਨਾਲ ਸੇਵਾ ਦੇ ਸੰਕਲਪ ਨੂੰ ਵੀ ਜੋੜਿਆ ਗਿਆ ਹੈ। ਇਹ ਸੰਕਲਪ ਕਿਸੇ ਵਿਅਕਤੀ ਨੂੰ ਨਾ ਸਿਰਫ਼ ਧਰਮੀ ਮਨੁੱਖ ਬਣਨ ਤੱਕ ਹੀ ਸੀਮਤ ਰੱਖਦਾ ਹੈ ਸਗੋਂ ਉਸ ਦੀ ਸਮਾਜਿਕ ਸਾਰਥਿਕਤਾ ਨੂੰ ਵੀ ਬਣਾਈ ਰੱਖਦਾ ਹੈ। ਇਹ ਸਾਰਥਿਕਤਾ ਉਸ ਦੇ ਜੀਵਨ ਦੇ ਅੰਤਿਮ ਉਦੇਸ਼ (ਮੋਕਸ਼) ਦੀ ਪ੍ਰਾਪਤੀ ਲਈ ਵੀ ਕਾਰਗਰ ਸਾਬਤ ਹੁੰਦੀ ਹੈ। ਇਹ ਕਾਰਗਰਤਾ ਹੀ ਸਿੱਖ ਧਰਮ ਦੇ ਮੁਹਾਂਦਰੇ ਨੂੰ ਬਾਕੀ ਧਰਮਾਂ ਨਾਲੋਂ ਕੁੱਝ ਅੱਡਰਾਉਂਦੀ ਹੈ। ਇਸ ਅੱਡਰਤਾ ਭਰਪੂਰ ਵਿਸ਼ਵਾਸਾਂ ਅਤੇ ਅਹਿਸਾਸਾਂ ਦੀ ਮਲਕੀਅਤ ਰੱਖਣ ਵਾਲੇ ਇਸ ਵਿਗਿਆਨਕ ਧਰਮ ਦੀ ਚੜ੍ਹਦੀਕਲਾ ਹਿੱਤ ਦਸ ਗੁਰੂ ਸਾਹਿਬਾਨ ਆਪਣੇ ਆਪਣੇ ਸਮਿਆਂ ਵਿਚ ਭਰਪੂਰ ਉਪਰਾਲੇ ਕਰਦੇ ਰਹੇ ਹਨ। ਗੁਰੂ ਸਾਹਿਬ ਵੱਲੋਂ ਕੀਤੇ ਗਏ ਇਹ ਸਰਬ-ਕਲਿਆਣਕਾਰੀ ਉਪਰਾਲੇ (ਆਪਣੀ ਇੱਕ ਵਿਸ਼ੇਸ਼ ਮਹੱਤਤਾ ਰੱਖਣ ਕਰਕੇ) ਵਕਤ ਦੀਆਂ



ਹਕੂਮਤਾਂ ਅਤੇ ਗੁਰੂ ਨਾਨਕ ਦੇ ਦਰ-ਘਰ ਨਾਲ ਵੈਰ-ਵਿਰੋਧ ਦੀ ਭਾਵਨਾ ਰੱਖਣ ਵਾਲਿਆਂ ਦੇ ਨੇਤਰਾਂ ਵਿਚ ਹਮੇਸ਼ਾਂ ਹੀ ਰੜਕਦੇ ਰਹੇ ਹਨ। ਇਸ ਰੜਕ ਦੇ ਵੱਧ ਜਾਣ ਕਾਰਣ ਹੀ ਪੰਜਵੇਂ ਨਾਨਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤੱਵੀ ਹੇਠ ਬਲਦੀ ਅੱਗ ਦੇ ਸੇਕ ਨੂੰ ਉਸ ਪਰਮ ਪਿਤਾ ਦੇ ਭਾਣੇ ਵਜੋਂ ਪ੍ਰਵਾਨ ਕਰਨਾ ਪਿਆ ਸੀ। ਇਸ ਪ੍ਰਵਾਨਗੀ ਕਾਰਨ ਹੀ ਸਿੱਖ ਜਗਤ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਹਿ ਕੇ ਸਤਿਕਾਰਦਾ ਹੈ।

ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ,ਆਦਿ ਗ੍ਰੰਥ ਸਾਹਿਬ ਦੇ ਸੰਪਾਦਕ,ਜ਼ੁਲਮ ਦੀ ਅੱਗ ਨੂੰ ਸਿਦਕਦਿਲੀ ਨਾਲ ਠੰਢਿਆਂ ਕਰਨ ਵਾਲੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ,ਸੰਨ 1563 (ਵਿਸਾਖ ਬਿਕ੍ਰਮੀ 1620) ਨੂੰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ। ਜਿਨ੍ਹਾਂ ਮਹਾਂਪੁਰਖਾਂ ਦੀ ਛਤਰ-ਛਾਇਆ ਹੇਠ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਪਨ ਪ੍ਰਵਾਨ ਚੜ੍ਹਿਆ ਉਹ ਅਧਿਆਤਮਕ ਖੇਤਰ ਦੀਆਂ ਮਹਾਨ ਹਸਤੀਆਂ ਸਨ। ਇਸ ਤੋਂ ਇਲਾਵਾ ਬਹੁਤ ਸਾਰੇ ਗਿਆਨੀ-ਧਿਆਨੀ,ਵਿਦਵਾਨ ਅਤੇ ਸਤਿ-ਪੁਰਖ ਆਪ ਜੀ ਦੇ ਸਤਿਕਾਰਯੋਗ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਅਤੇ ਖੁਦ ਉਨ੍ਹਾਂ ਦੀ ਆਪਣੀ ਸੰਗਤ ਵਿਚ ਰਹਿੰਦੇ ਸਨ। ਇਸ ਤੋਂ ਇਲਾਵਾ ਨਾਨਕੇ ਪਰਿਵਾਰ ਵਿਚੋਂ ਮਿਲਿਆ ਗੁਰਮਿਤ ਭਰਪੂਰ ਵਾਤਾਵਰਣ ਵੀ ਉਨ੍ਹਾਂ(ਗੁਰੂ ਅਰਜਨ ਦੇਵ ਜੀ) ਦੀ ਸ਼ਖ਼ਸੀਅਤ ਨੂੰ ਵਿਕਸਤ ਅਤੇ ਪ੍ਰਫੁਲਤ ਕਰਨ ਵਿਚ ਬਹੁਤ ਲਾਹੇਵੰਦਾ ਸਾਬਤ ਹੋਇਆ। ਨਾਨੇ-ਦੋਹਤਰੇ ਦੇ ਆਪਸੀ ਪਿਆਰ ਦੀ ਬਾਦੌਲਤ ਹੀ ਉਨ੍ਹਾਂ ਦੇ ਵਿਅਕਤੀਤੱਵ ਵਿਚੋਂ ਉੱਚੇ ਅਤੇ ਸੁੱਚੇ ਗੁਣਾਂ ਦੀ ਝਲਕ ਜੀਵਨ ਦੇ ਪਹਿਲੇ ਪੜਾਅ ਵਿਚ ਹੀ ਦਿਖਾਈ ਦੇਣ ਲੱਗ ਪਈ ਸੀ। ਇਸ ਝਲਕ ਨੂੰ ਦੇਖਣ ਤੋਂ ਬਾਅਦ ਹੀ ਨਾਨਾ ਗੁਰੂ ਨੇ ਉਨ੍ਹਾਂ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਕਹਿ ਕੇ ਉਨ੍ਹਾਂ ਦੇ ਮਹਾਨ ਪੁਰਖ ਹੋਣ ਦੇ ਅਟੱਲ ਬਚਨ ਕਹੇ ਸਨ। ਨਾਨਾ ਗੁਰੂ ਦੀ ਪਿਆਰ ਭਰੀ ਅਗਵਾਈ ਤੋਂ ਛੁੱਟ ਪਿਤਾ ਗੁਰੂ ਰਾਮਦਾਸ ਜੀ ਦੀ ਨੇੜਤਾ ਵੀ ਉਨ੍ਹਾਂ ਦੇ ਸਾਹਾਂ ਦਾ ਸਹਾਰਾ ਬਣੀ ਹੋਈ ਸੀ।

1581 ਈ. ਨੂੰ ਜਦੋਂ ਗੁਰੂ (ਰਾਮਦਾਸ) ਪਿਤਾ ਨੇ ਉਨ੍ਹਾਂ ਨੂੰ ਸਹਾਰੀ ਮੱਲ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਭੇਜਿਆ ਤਾਂ ਉਨ੍ਹਾਂ ਇਸ ਹੁਕਮ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ। ਆਨੰਦ ਕਾਰਜ ਦੀ ਸਮਾਪਤੀ ਤੋਂ ਬਾਅਦ ਜਦੋਂ ਉਹ ਵਾਪਸੀ ਪਾਉਣ ਲੱਗੇ ਤਾਂ ਚੌਥੇ ਪਾਤਸ਼ਾਹ ਨੇ ਲਾਹੌਰ ਵਿਚ ਰਹਿ ਕੇ ਸੰਗਤਾਂ ਦੀ ਅਗਵਾਈ ਕਰਨ ਦਾ ਨਵਾਂ ਹੁਕਮ ਲਗਾ ਦਿੱਤਾ। ਇਸ ਹੁਕਮ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਮਨੋਂ ਹੀ ਵਿਸਾਰ ਦਿੱਤਾ। ਦਿਨਾਂ ਦੇ ਹਫ਼ਤੇ,ਹਫ਼ਤਿਆਂ ਦੇ ਮਹੀਨੇ ਅਤੇ ਮਹੀਨਿਆਂ ਦੀ ਛਿਮਾਹੀਆਂ ਬਣ ਗਈਆਂ ਪਰ ਗੁਰੂ ਕੇ ਚੱਕ ਤੋਂ ਕੋਈ ਸੁਨੇਹੜਾ ਨਹੀਂ ਆਇਆ। ਜਦੋਂ ਉਡੀਕ ਦੀਆਂ ਘੜੀਆਂ ਲੰਮੀਆਂ ਹੋ ਗਈਆਂ ਤਾਂ ਸਬਰ ਦਾ ਪਿਆਲਾ ਉਛਾਲੇ ਮਾਰਨ ਲੱਗ ਪਿਆ। ਇਸ ਉਛਾਲ ਕਾਰਨ ਉਨ੍ਹਾਂ ਨੇ ਇੱਕ ਪੱਤਰ ਗੁਰੂ ਪਿਤਾ ਵੱਲ ਲਿਖ ਭੇਜਿਆ ਜਿਸ ਦੀ ਇਬਾਰਤ ਸੀ:

ਮੇਰਾ ਮਨੁ ਲੋਚੈ ਗੁਰਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨਾ ਉਤਰੈ ਸਾਂਤਿ ਨਾ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥

ਇੱਕ ਇਹ ਪੱਤਰ ਅਤੇ ਇਸ ਤੋਂ ਬਾਅਦ ਇੱਕ ਹੋਰ ਪੱਤਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਵੱਲ ਭੇਜਿਆ ਗਿਆ ਪਰ ਈਰਖਾਲੂ ਪ੍ਰਿਥੀ ਚੰਦ(ਭਰਾਤਾ) ਵੱਲੋਂ ਇਹ ਬਿਰਹਾ ਭਰੇ ਪੱਤਰ ਸਹੀ ਮੰਜ਼ਿਲ ਤੱਕ ਨਹੀਂ ਜਾਣ ਦਿੱਤੇ। ਅਖ਼ੀਰ ਇਕ ਤੀਸਰੇ ਪੱਤਰ ਨੇ ਇਸ ਸਭ ਕੁਝ ਦਾ ਭੇਤ ਖੋਲ੍ਹ ਦਿੱਤਾ, ਜਿਸ ਨਾਲ ਪ੍ਰਿਥੀ ਚੰਦ ਨੂੰ ਸੰਗਤ ਦੇ ਸਨਮੁੱਖ ਸ਼ਰਮਿੰਦਾ ਹੋਣਾ ਪਿਆ। ਪੱਤਰਾਂ ਵਿਚਲੀ ਵੇਦਨਾ ਨੂੰ ਪੜ੍ਹ ਕੇ ਗੁਰੂ ਪਿਤਾ ਦੀਆਂ ਅੱਖਾਂ ਭਰ ਆਈਆਂ ਅਤੇ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਲਾਹੌਰ ਵੱਲ ਰਵਾਨਾ ਕਰ ਦਿੱਤਾ। ਜਦੋਂ ਵਾਪਸ ਆਏ ਤਾਂ ਪਿਤਾ ਜੀ ਦੇ ਦਰਸ਼ਨ-ਦੀਦਾਰੇ ਕਰਕੇ ਨਿਹਾਲ ਹੋ ਗਏ ਲੰਮੇ ਵਿਛੋੜੇ ਤੋਂ ਬਾਅਦ ਮਿਲਾਪੀ ਪਲਾਂ 'ਚੋਂ ਪ੍ਰਾਪਤ ਹੋਈ ਆਪਣੀ ਆਨੰਦਮਈ ਅਵਸਥਾ ਨੂੰ ਉਨ੍ਹਾਂ ਇੰਜ ਬਿਆਨ ਕੀਤਾ ਹੈ:-

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਜਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥

ਛੋਟੀ ਉਮਰੇ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਵਾਲੀ ਬਿਰਤੀ ਨੂੰ ਦੇਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਦੋਵਾਂ ਪੁੱਤਰਾਂ (ਪ੍ਰਿਥੀ ਚੰਦ ਅਤੇ ਮਹਾਂਦੇਵ) ਨੂੰ ਛੱਡ ਕੇ 1 ਸਤੰਬਰ 1581 ਈ. (2 ਅਸੂ ਸੰਮਤ 1638) ਨੂੰ ਸ਼ੁਕਰਵਾਰ ਵਾਲੇ ਦਿਨ ਗੁਰੂ ਨਾਨਕ ਦੇਵ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਦਿੱਤਾ। ਇਸ ਥਾਪਣਾ ਸਮੇਂ ਉਨ੍ਹਾਂ ਦੀ ਉਮਰ 18 ਸਾਲ 4 ਮਹੀਨੇ 14 ਦਿਨ ਸੀ। ਚੌਥੇ ਪਾਤਸ਼ਾਹ ਦੀ ਇਸ ਚੋਣ ਨਾਲ ਪ੍ਰਿਥੀ ਚੰਦ ਦੀਆਂ ਉਮੀਦਾਂ ਦੇ ਮਹਿਲ ਢਹਿ ਢੇਰੀ ਹੋ ਗਏ। ਉਹ ਗੁਰੂ ਜੀ ਨਾਲ ਕਾਫ਼ੀ ਲੋਹਾ-ਲਾਖਾ ਹੋਇਆ। ਗੁਰੂ ਰਾਮਦਾਸ ਜੀ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਦੀ ਸਮਝ 'ਤੇ ਲਾਲਚ ਭਾਰੂ ਹੋ ਚੁੱਕਾ ਸੀ। ਇਸ ਲਾਲਚ ਅਤੇ ਬੇਸਮਝੀ ਕਾਰਨ ਹੀ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਨੂੰ ਢਾਹ ਲਾਉਣ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਕੋਸ਼ਿਸ਼ਾਂ ਤਹਿਤ ਉਸ ਨੇ ਜਿਥੇ ਸਿੱਖ ਸੰਗਤਾਂ ਨੂੰ ਵਕਤੀ ਤੌਰ 'ਤੇ ਗੁੰਮਰਾਹ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਉਥੇ ਗੁਰੂ ਕੇ ਲੰਗਰ ਨੂੰ ਮਸਤਾਨਾ ਕਰਨ ਵਿਚ ਵੀ ਆਪਣੀ ਨਾਂਹ-ਪੱਖੀ ਭੂਮਿਕਾ ਅਦਾ ਕੀਤੀ।

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਸਾਰ ਹੀ ਸਭ ਤੋਂ ਪਹਿਲਾ ਪਵਿੱਤਰ ਕਾਰਜ ਰਾਮਦਾਸ ਸਰੋਵਰ ਨੂੰ ਪੱਕਾ ਕਰਨ ਦਾ ਕੀਤਾ। ਇਸ ਕਾਰਜ ਦੀ ਸਪੂੰਰਨਤਾ ਨਾਲ ਉਨ੍ਹਾਂ ਦੇ ਮਨ ਦੀ ਤਸੱਲੀ ਨਹੀਂ ਹੋਈ। ਇਸ ਮੁਕੱਦਸ ਸਰੋਵਰ ਦੇ ਵਿਚਾਲੇ ਉਨ੍ਹਾਂ ਨੇ ਇੱਕ ਅਜਿਹਾ ਮੰਦਰ (ਪਰਮੇਸ਼ਰ ਦੀ ਯਾਦ ਦਵਾਉਣ ਲਈ) ਉਸਾਰਨ ਦੀ ਵਿਉਂਤਬੰਦੀ ਕੀਤੀ ਜੋ ਬਾਕੀ ਮੰਦਰਾਂ(ਕਿਸੇ ਖਾਸ ਦੇਵੀ-ਦੇਵਤੇ ਨੂੰ ਸਮਰਪਿਤ) ਨਾਲੋਂ ਵਿਲੱਖਣਤਾ ਭਰਪੂਰ ਹੋਵੇ। ਇਸ ਮੰਦਰ(ਹਰਿਮੰਦਰ ਸਾਹਿਬ) ਦੀ ਤਮੀਰ ਕਰਵਾਉਣੀ ਆਪਣੇ ਆਪ ਵਿਚ ਇੱਕ ਅਨੂਪ ਕਾਰਜ ਸੀ। ਕਿਉਂਕ ਇਸ ਦੇ ਚਾਰ ਦਰਵਾਜ਼ਿਆਂ ਵਿਚਲਾ ਪ੍ਰਵੇਸ਼ ਧਰਮ, ਨਸਲ, ਜ਼ਾਤ, ਰੰਗ, ਦੇਸ਼ ਅਤੇ ਕੌਮ ਨੂੰ ਆਧਾਰ ਮੰਨ ਕੇ ਕੀਤੇ ਜਾਣ ਵਾਲੇ ਵਿਤਕਰਿਆਂ ਤੋਂ ਰਹਿਤ ਸੀ।

ਦੂਜੇ ਧਰਮਾਂ ਦੇ ਧਾਰਮਿਕ ਸਥਾਨ ਆਮ ਤੌਰ 'ਤੇ ਆਲੇ ਦੁਆਲੇ ਦੇ ਬਾਕੀ ਮਕਾਨਾਂ ਤੋਂ ਕੁਝ ਉੱਚੀ ਪੱਧਰ 'ਤੇ ਉਸਾਰੇ ਜਾਂਦੇ ਹਨ।

**ਬਾਕੀ ਹਿਸਾ ਸਫ਼ਾ 55 ਤੇ ਪੜ੍ਹੋ** →

### 54 ਸਫ਼ੇ ਦੀ ਬਾਕੀ

ਪਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਾਉੜੀਆਂ ਉਪਰ ਵੱਲ ਜਾਣ ਦੀ ਬਜਾਏ ਹੇਠਾਂ ਵੱਲ ਨੂੰ ਜਾਂਦੀਆਂ ਹਨ ਜੋ ਗੁਰੂ ਅਰਜਨ ਦੇਵ ਜੀ ਦੀ ਦੂਰਦ੍ਰਿਸ਼ਟੀ ਦਾ ਪ੍ਰਮਾਣ ਹਨ। ਇਸ ਦ੍ਰਿਸ਼ਟੀ ਦੇ ਅਨੁਸਾਰ ਜੋ ਵੀ ਕੋਈ ਸ਼ਰਧਾਲੂ ਆਪਣੇ ਇਸ਼ਟ ਦੇ ਸਨਮੁਖ ਹੋਣ ਲਈ ਆਵੇ ਉਹ ਹਉਮੈਂ ਦੇ ਰੋਗ ਤੋਂ ਮੁਕਤ ਹੋ ਕੇ ਆਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਹੋਰ ਵੀ ਬਹੁਤ ਸਾਰੇ ਅਜਿਹੇ ਕਾਰਜ ਕੀਤੇ ਗਏ ਜਿਨ੍ਹਾਂ ਨੇ ਸਿੱਖੀ ਦੇ ਫੈਲਾਅ ਅਤੇ ਸਿਧਾਂਤਾਂ ਦੇ ਨਿਭਾਅ (ਅਮਲ) ਹਿੱਤ ਇੱਕ ਅਹਿਮਤਰੀਨ ਭੂਮਿਕਾ ਅਦਾ ਕੀਤੀ। ਇਨ੍ਹਾਂ ਕਾਰਜਾਂ ਵਿਚੋਂ ਪ੍ਰਮੁੱਖ ਅਤੇ ਵਡੇਰੇ ਸਤਿਕਾਰ ਵਾਲਾ ਕਾਰਜ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ। ਇਸ ਵੱਡਮੁਲੇ ਕਾਰਜ ਨੂੰ ਉਨ੍ਹਾਂ ਦੀ ਇੱਕ ਸ਼੍ਰੋਮਣੀ ਪ੍ਰਾਪਤੀ ਵਜੋਂ ਲਿਆ ਜਾਂਦਾ ਹੈ। ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਗੁਰੂ ਅਰਜਨ ਦੇਵ ਜੀ ਇੱਕ ਪ੍ਰਤਿਭਾਸ਼ਾਲੀ ਵਿਦਵਾਨ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਭੱਟ ਮਥੁਰਾ ਜੀ ਤਾਂ ਉਨ੍ਹਾਂ ਦੀ ਹਸਤੀ ਨੂੰ ਅਕਾਲ ਪੁਰਖ ਤੋਂ ਵੱਖ ਕਰਕੇ ਹੀ ਨਹੀਂ ਦੇਖਦੇ ਸਨ। ਇਸ ਗੱਲ ਨੂੰ ਤਸਦੀਕ ਕਰਦਿਆਂ ਉਹ ਲਿਖਦੇ ਹਨ:-

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦ ਨਹੀ
ਗੁਰੁ ਅਰਜੁਨੁ ਪਰਤਖ ਹਰਿ ॥

ਉਹ (ਮਥੁਰਾ ਜੀ) ਤਾਂ ਇਥੋਂ ਤੱਕ ਵੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਪੰਜਵੇਂ ਨਾਨਕ ਨਾਲ ਸੱਚੀ ਪ੍ਰੀਤ ਪਾ ਲਈ ਉਨ੍ਹਾਂ ਪਿਆਰਿਆਂ ਦਾ ਜਨਮ-ਮਰਨ ਹੀ ਕੱਟਿਆ ਜਾਂਦਾ ਹੈ। ਇਸ ਗੱਲ ਦੀ ਗਵਾਹੀ ਉਹ ਹੇਠ ਲਿਖੀਆਂ ਪਾਵਨ ਪੰਕਤੀਆਂ ਰਾਹੀਂ ਦੇ ਰਹੇ ਹਨ:-

ਤਤੁ ਬਿਚਾਰੁ ਯਹੈ ਮਥੁਰਾ ਜਗ
ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥

ਜਿਥੇ ਗੁਰੂ ਅਰਜਨ ਦੇਵ ਜੀ ਉਤਰੀ ਭਾਰਤ ਵਿਚ ਪ੍ਰਚਲਿਤ ਭਾਸ਼ਾਵਾ ਦੇ ਉਸਤਾਦ ਸਨ ਉਥੇ ਨਾਲ ਹੀ ਸੰਗੀਤਕ ਸੂਝ ਵੀ ਰੱਖਦੇ ਸਨ। ਇਸ ਸੂਝ ਸਦਕਾ ਹੀ ਜਿਥੇ ਉਨ੍ਹਾਂ ਨੇ ਆਪ ਇਲਾਹੀ ਬਾਣੀ ਦੀ ਸਿਰਜਣਾ ਕੀਤੀ ਉਥੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨਾਂ, ਵੱਖ-ਵੱਖ ਖਿਤਿਆਂ ਨਾਲ ਜੁੜੇ ਹੋਏ ਭਗਤਾਂ ਅਤੇ ਭੱਟਾਂ ਦੀ ਪਵਿੱਤਰ ਬਾਣੀ ਨੂੰ ਇੱਕ ਸੁੱਚੀ ਮਾਲਾ (ਗ੍ਰੰਥ) ਵਿਚ ਪਰੋਣ ਦਾ ਇੱਕ ਅਣਥਕ ਜਤਨ ਆਰੰਭ ਕਰ ਦਿੱਤਾ। ਆਪਣੇ ਇਸ ਜਤਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਉਨ੍ਹਾਂ ਵੱਲੋਂ ਆਪਣੇ ਸਮੇਂ ਦੇ ਪੰਥਕ ਵਿਦਵਾਨ ਭਾਈ ਗੁਰਦਾਸ (ਗੁਰੂ ਜੀ ਦੇ ਮਾਮਾ) ਜੀ ਦੀ ਸੇਵਾਵਾਂ ਲਈਆਂ ਗਈਆਂ। ਇਸ ਮਹਾਨ ਅਤੇ ਵਿਲੱਖਣ ਕਾਰਜ ਦੀ ਸੰਪੂਰਨਤਾ ਭਾਦਰੋਂ ਵਦੀ ਇੱਕ (1604 ਈ.) ਨੂੰ ਹੋਈ। ਇਸ ਵੱਡਆਕਾਰੀ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ 16 ਅਗਸਤ 1604 ਈ.ਦਿਨ ਵੀਰਵਾਰ ਨੂੰ ਕੀਤਾ ਗਿਆ। ਮਨੁੱਖੀ ਬਰਾਬਰੀ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਵਾਲੇ ਇਸ ਗ੍ਰੰਥ ਦੇ ਪ੍ਰਕਾਸ਼ ਵਿਚ ਆਉਣ ਨਾਲ ਇਸ ਦੀ ਪਾਵਨ ਬਾਣੀ ਪ੍ਰਤੀ ਕੁੱਝ ਝੂਠੀਆਂ ਸ਼ਿਕਾਇਤਾਂ ਵੀ ਵਕਤ ਦੇ ਹਾਕਮ (ਅਕਬਰ) ਕੋਲ ਪਹੁੰਚਣ ਲੱਗੀਆਂ ਪਰ ਜਦੋਂ ਇਨ੍ਹਾਂ ਸ਼ਿਕਾਇਤਾਂ ਨੂੰ ਸੱਚ ਅਤੇ ਦਲੀਲ ਦੀ ਕਸਵੱਟੀ ਉਪਰ ਲਗਾਇਆ ਗਿਆ ਤਾਂ ਸ਼ਿਕਾਇਤਕਰਤਾਵਾਂ ਨੂੰ ਸ਼ਰਮਿੰਦਗੀ ਉਠਾਉਣੀ ਪਈ।

ਸਰਬਤ ਦੇ ਭਲੇ ਵਾਲੀ ਸੋਚ ਅਤੇ ਲੋਕ ਹਿੱਤਕਾਰੀ ਅਮਲਾਂ ਕਾਰਨ ਗੁਰੂ ਨਾਨਕ ਦਰਬਾਰ ਦੀ ਹਰਮਨ ਪਿਆਰਤਾ ਦਿਨੋਂ ਦਿਨ ਵੱਧ ਰਹੀ ਸੀ। ਇਹ ਹਰਮਨ ਪਿਆਰਤਾ ਤਤਕਾਲੀ ਹਕੂਮਤ (ਜਹਾਂਗੀਰ ਤੇ ਉਸ ਦੇ ਚੇਲੇ-ਚਾਟੜੇ) ਅਤੇ ਗੁਰੂ ਘਰ ਦੇ ਦੋਖੀਆਂ ਦੀ ਅੱਖ ਵਿਚ ਰੜਕਣ ਲੱਗ ਪਈ ਸੀ। ਇਸ ਰੜਕ ਨੇ ਹੀ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਢ ਬੰਨ੍ਹਣ ਵਿਚ ਆਪਣਾ ਨਿੰਦਣਯੋਗ ਰੋਲ ਅਦਾ ਕੀਤਾ ਸੀ।

ਗੁਰੂ ਅਰਜਨ ਦੇਵ ਜੀ ਦੇ ਸਮਕਾਲ ਸਰਹਿੰਦ ਦੇ ਇਲਾਕੇ ਵਿਚ ਨਕਸ਼ਬੰਦੀ ਸਿਲਸਲੇ ਨਾਲ ਸੰਬੰਧਤ ਸ਼ੇਖ ਅਹਿਮਦ ਫ਼ਾਰੂਕੀ ਦੀ ਪੂਰੀ ਚੜ੍ਹਾਈ ਸੀ। ਉਹ ਆਪਣੇ ਆਪ ਨੂੰ ਕਿਊਮ ਅਖਵਾਉਂਦਾ ਅਤੇ ਸਾਰੀ ਧਰਤੀ ਤੇ ਅਸਮਾਨ ‘ਤੇ ਆਪਣਾ ਅਧਿਕਾਰ ਜਤਾਉਂਦਾ ਸੀ। ਬਾਦਸ਼ਾਹ ਅਕਬਰ ਦੀ ਦਰਿਆਦਿਲੀ ਨੂੰ ਉਹ ਇਸਲਾਮ ਦੀ ਕਮਜ਼ੋਰੀ ਸਮਝਦਾ ਸੀ। ਇਸ ਕਮਜ਼ੋਰੀ ਨੂੰ ਦੂਰ ਕਰਕੇ ਇਸਲਾਮ ਦਾ ਬੋਲਬਾਲਾ ਕਰਨਾ ਉਹ ਆਪਣਾ ਨਿੱਜੀ ਅਤੇ ਮੁਕੱਦਸ ਕਰਤੱਵ ਸਮਝਦਾ ਸੀ। ਇਸ ਕਰਤੱਵ ਦੀ ਪਾਲਣਾ ਹਿੱਤ ਹੀ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ‘ਇਮਾਮ-ਏ-ਕੁਫ਼ਰ’ਦਾ ਫ਼ਤਵਾ ਦਿੱਤਾ ਅਤੇ ਉਨ੍ਹਾਂ ਦਾ ਮਲੀਆਮੇਟ ਕਰਨ ਲਈ ਇੱਕ ਕੱਟੜ ਸੋਚ ਦੇ ਮਾਲਿਕ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨ ਲੱਗ ਪਿਆ। ਉਸ ਨੇ ਬਾਦਸ਼ਾਹ ਨੂੰ ਦੱਸਿਆ ਕਿ ‘(ਗੁਰੂ) ਅਰਜਨ ਦੇਵ ਤੁਹਾਡੇ ਅੱਬਾ ਜਾਨ ਦੇ ਚਹੇਤੇ ਹਨ ਅਤੇ ਉਨ੍ਹਾਂ ਦੇ ਪ੍ਰਚਾਰ ਅਤੇ ਪ੍ਰਸਾਰ ਸਦਕਾ ਕੇਵਲ ਹਿੰਦੂ ਹੀ ਨਹੀ ਸਗੋਂ ਵੱਡੀ ਗਿਣਤੀ ਵਿਚ ਮੁਸਲਮਾਨ ਵੀ ਗੁਰੂਕਿਆਂ ਦੇ ਪ੍ਰਸ਼ੰਸਕ ਬਣ ਗਏ ਹਨ। ਇਸ ਤੋਂ ਇਲਾਵਾ ਉਨ੍ਹਾਂ (ਗੁਰੂ) ਨੇ ਬਾਗੀ ਖੁਸਰੋ ਦੀ ਨਾ ਕੇਵਲ ਮਾਇਆ ਨਾਲ ਮਦਦ ਹੀ ਕੀਤੀ ਸਗੋਂ ਤਿਲਕ ਲਗਾ ਕੇ ਉਸ ਨੂੰ ਤਖਤ ਦਾ ਵਰਦਾਨ ਵੀ ਦਿੱਤਾ ਹੈ।

ਬਾਦਸ਼ਾਹ ਜਹਾਂਗੀਰ ਇੱਕ ਤਾਂ ਕੰਨਾਂ ਦਾ ਕੱਚਾ ਸੀ, ਦੂਜਾ ਉਸ ਨੂੰ ਆਪਣੇ ਰਾਜ-ਭਾਗ ਦੀ ਲੰਮੀ ਉਮਰ ਲਈ ਕੱਟੜ-ਪੰਥੀਆਂ ਦਾ ਸਹਿਯੋਗ ਚਾਹੀਦਾ ਸੀ। ਇਸ ਲਈ ਉਸ ਨੇ ਬੁਲਾਵਾ ਭੇਜ ਕੇ ਗੁਰੂ ਸਾਹਿਬ ਨੂੰ ਲਾਹੌਰ ਬੁਲਾ ਲਿਆ। ਜੇਕਰ ‘ਤੁਜ਼ਿਕੇ ਜਹਾਂਗੀਰੀ’ ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਬਾਦਸ਼ਾਹ ਆਪ ਵੀ ਪੰਜਵੇਂ ਗੁਰਾਂ ਪ੍ਰਤੀ ਆਪਣੇ ਦਿਲ ਵਿਚ ਨਫ਼ਰਤ ਭਰੀ ਬੈਠਾ ਸੀ। ਉਸ ਦੇ ਦਿਲ ਵਿਚਲੀ ਨਫ਼ਰਤ ਅਤੇ ਮਜ਼ਹਬੀ ਤੰਗਦਿਲੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਆਪਣਾ ਭਰਵਾਂ ਯੋਗਦਾਨ ਪਾਇਆ।

ਜਹਾਂਗੀਰ ਦਾ ਹੁਕਮ ਪਾ ਕੇ ਮੁਰਤਜ਼ਾ ਖਾਂ ਗੁਰਦੇਵ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਗਿਆ। ਝੂਠ-ਸੱਚ ਨੂੰ ਨਿਤਾਰਨ ਤੋਂ ਬਗ਼ੈਰ ਹੀ ਉਸ ਨੇ ਗੁਰੂ ਸਾਹਿਬ ਨੂੰ ਚੰਦਰੀ ਨੀਅਤ ਵਾਲੇ ਚੰਦੂ ਦੇ ਹਵਾਲੇ ਕਰ ਦਿੱਤਾ। ਜਾਨ ਲੈਣ ਨਾਲੋਂ ਚੰਦੂ ਗੁਰੂ ਸਾਹਿਬ ਕੋਲੋਂ ਆਪਣੀ ਈਨ ਮੰਨਵਾਉਣ ਨੂੰ ਵਧੇਰੇ ਤਰਜ਼ੀਹ ਦੇਣ ਲੱਗਾ ਪਿਆ। ਇਸ ਤਰਜ਼ੀਹ ਅਨੁਸਾਰ ਉਸ ਨੇ ਗੁਰੂ ਅਰਜਨ ਦੇਵ ਜੀ ਅੱਗੇ ਆਪਣੀਆਂ ਤਿੰਨ ਸ਼ਰਤਾਂ ਰੱਖ ਦਿੱਤੀਆਂ ਜੋ ਇਸ ਪ੍ਰਕਾਰ ਸਨ:-

ਪਹਿਲੀ ਸ਼ਰਤ-ਮੁਸਲਮਾਨ ਬਣ ਜਾਣ ਦੀ।

ਦੂਜੀ-ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਿਤ ਵਿਚ ਚੰਦ ਸ਼ਬਦ ਲਿਖ ਦੇਣ ਦੀ। ਤੀਜੀ- ਸਾਹਿਬਜ਼ਾਦੇ (ਹਰਗੋਬਿੰਦ ਸਾਹਿਬ) ਵਾਸਤੇ ਉਸ (ਚੰਦੂ) ਦੀ ਬੇਟੀ ਦਾ ਸਾਕ ਸਵੀਕਾਰ ਕਰਨ ਦੀ।

ਪਹਿਲੀ ਸ਼ਰਤ ਦੇ ਜਵਾਬ ਵਿਚ ਗੁਰੂ ਸਾਹਿਬ ਨੇ ਚੰਦੂ ਨੂੰ ਦਲੀਲ ਸਹਿਤ ਸਮਝਾਉਂਦਿਆਂ ਕਿਹਾ ਕਿ ਜੋ ਇਨਸਾਨ ਕਿਸੇ ਲਾਲਚ ਜਾਂ ਡਰ ਕਾਰਨ ਆਪਣਾ ਧਰਮ ਤਿਆਗ ਦਿੰਦਾ ਹੈ ਉਹ ਕਿਸੇ ਵੀ ਧਰਮ ਜੋਗਾ ਨਹੀਂ ਰਹਿ ਜਾਂਦਾ। ਕਿਉਂਕਿ ਧਰਮ ਕੇਵਲ ਬਾਹਰੀ ਦਿਖਾਵਾ ਹੀ ਨਹੀਂ ਸਗੋਂ ਇੱਕ ਜੀਵਨ-ਜਾਚ ਵੀ ਹੁੰਦਾ ਹੈ। ਦੂਜੀ ਸ਼ਰਤ ਨੂੰ ਰੱਦ ਕਰਦਿਆਂ ਗੁਰੂ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਇੱਕ ਇਲਾਹੀ ਕਿਰਤ ਹੈ ਜੋ ਕਰਤਾ ਪੁਰਖ ਦੇ ਹੁਕਮ ਵਿਚ ਰਹਿ ਕੇ ਪ੍ਰਵਾਨ ਚੜ੍ਹੀ ਹੈ,ਹੁਣ ਇਸ ਵਿਚ ਕਿਸੇ ਇੱਕ ਅਖ਼ਰ ਦਾ ਵੀ ਵਾਧਾ-ਘਾਟਾ ਨਹੀਂ ਕੀਤਾ ਜਾ ਸਕਦਾ। ਤੀਜੀ ਗੱਲ ਜੋ ਤੇਰੀ ਬੇਟੀ ਦਾ ਸਾਕ ਨਾ ਲੈਣ ਬਾਰੇ ਹੈ ਇਹ ਫ਼ੈਸਲਾ ਗੁਰੂ ਕੀ ਸੰਗਤ ਵੱਲੋਂ ਸਮੂਹਿਕ ਰੂਪ ਵਿਚ ਕੀਤਾ ਗਿਆ ਹੈ, ਜਿਸ ਨੂੰ ਪਲਟਾਉਣਾ ਸਾਡੇ ਵੱਸੋਂ ਬਾਹਰੀ ਗੱਲ ਹੈ। ਚੌਥੀ ਗੱਲ ਜੋ ਤਸੀਹੇ ਸਹਿਣ ਦੀ ਹੈ, ਉਸ ਨੂੰ ਅਸੀਂ ਪਰਮੇਸ਼ਰ ਦਾ ਭਾਣਾ ਸਮਝ ਕੇ ਖਿੜੇ-ਮੱਥੇ ਕਬੂਲ ਕਰਨ ਲਈ ਤਿਆਰ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਖ਼ਰੀਆਂ-ਖ਼ਰੀਆਂ ਸੁਣ ਕੇ ਚੰਦੂ ਪਾਪੀ ਅਤੇ ਉਸ ਦੀ ਲਾਬੀ ਨੇ ਗੁਰੂ ਸਾਹਿਬ ਨੂੰ ਯਾਸਾ(ਖ਼ੂਨ ਡੋਲ੍ਹਣ ਤੋਂ ਬਗੈਰ) ਦੇ ਕਾਨੂੰਨ ਤਹਿਤ ਸਖ਼ਤ ਸਜ਼ਾਵਾਂ ਦੇਣ ਦੀ ਠਾਣ ਲਈ। ਇਨ੍ਹਾਂ ਸਜ਼ਾਵਾਂ ਤਹਿਤ ਜਿਥੇ ਗੁਰੂ ਸਾਹਿਬ ਨੂੰ ਜੇਠ ਮਹੀਨੇ ਦੀ ਕੜਕਦੀ ਧੁੱਪੇ ਉੱਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ,ਉਥੇ ਤੱਤੀ ਤੱਵੀ ਉਤੇ ਬੈਠਾ ਕੇ ਨੰਗੇ ਜਿਸਮ ਉਪਰ ਗਰਮ ਰੇਤ ਦੇ ਕੜਛੇ ਵੀ ਪਾਏ ਗਏ। ਇਸ ਅਕਹਿ ਅਤੇ ਅਸਹਿ ਤਸ਼ੱਦਦ ਨੂੰ ਪੰਜਵੇਂ ਪਾਤਸ਼ਾਹ ਨੇ ‘ਦੁਖ ਵਿਚਿ ਸੁਖ ਮਨਾਈ’ ਦੀ ਅਵਸਥਾ ਵਜੋਂ ਲੈਂਦਿਆਂ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ ਅਤੇ 30 ਮਈ 1606 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਇਤਿਹਾਸ ਨੂੰ ਇਕ ਇਨਕਲਾਬੀ ਮੋੜ ਵੱਲ ਮੋੜਨ ਦੇ ਨਾਲ-ਨਾਲ ਸਿੱਖ ਧਰਮ ਨੂੰ ਇੱਕ ਨਵੀਨ ਮੁਹਾਂਦਰਾ ਵੀ ਪ੍ਰਦਾਨ ਕੀਤਾ ਜਿਸ ਨੂੰ ਮੀਰੀ ਅਤੇ ਪੀਰੀ ਦੇ ਸਮਤੋਲ ਵਜੋਂ ਲਿਆ ਜਾਂਦਾ ਹੈ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

ਮਿੰਨੀ ਕਹਾਣੀ


## ਅਕਲਮੰਦ ਗਿੱਦੜ







ਇੱਕ ਵਾਰ ਦੀ ਗੱਲ ਹੈ। ਪਹਾੜੀ ’ਤੇ ਇੱਕ ਬਹੁਤ ਵਿਸ਼ਾਲ ਟਾਹਲੀ ਦਾ ਰੁੱਖ ਸੀ। ਇਹ ਰੁੱਖ ਬਹੁਤ ਹਰਾ - ਭਰਾ ਸੀ। ਉਸ ਦਰੱਖ਼ਤ ਦੇ ਉੱਤੇ ਗਿਲਹਰੀ ਅਤੇ ਬਿੱਲੀ ਰਹਿੰਦੇ ਸਨ। ਦੋਵਾਂ ਵਿੱਚ ਬਹੁਤ ਪਿਆਰ ਸੀ। ਗਰਮੀਆਂ ਦਾ ਮੌਸਮ ਆਇਆ ਤਾਂ ਟਾਹਲੀ ਦੇ ਪੱਤੇ ਸੁੱਕ ਗਏ। ਫਿਰ ਬਿੱਲੀ ਤੇ ਗਿਲਹਿਰੀ ਉਸ ਰੁੱਖ ਨੂੰ ਛੱਡ ਕੇ ਜੰਗਲ ਦੀ ਇੱਕ ਪੁਰਾਣੀ ਗੁਫਾ ਵਿੱਚ ਰਹਿਣ ਲੱਗ ਪਏ। ਉੱਥੇ ਇੱਕ ਗਿੱਦੜ ਵੀ ਰਹਿੰਦਾ ਸੀ। ਉਹ ਬਹੁਤ ਅਕਲਮੰਦ ਸੀ। ਉਹ ਜੰਗਲੀ ਜਾਨਵਰਾਂ ਤੋਂ ਹਮੇਸ਼ਾ ਗਿਲਹਰੀ ਤੇ ਬਿੱਲੀ ਦੀ ਰੱਖਿਆ ਕਰਦਾ ਸੀ ਤੇ ਉਹਨਾਂ ਨੂੰ ਚੰਗੀਆਂ ਗੱਲਾਂ ਸਮਝਾਉਂਦਾ ਸੀ। ਇੱਕ ਵਾਰ ਉੱਥੇ ਦੂਸਰੇ ਜੰਗਲ ਦਾ ਇੱਕ ਖੂੰਖਾਰ ਸ਼ੇਰ ਆ ਗਿਆ। ਉਹ ਸ਼ੇਰ ਉਸ ਗੁਫਾ ਵਿੱਚ ਰਹਿਣਾ ਚਾਹੁੰਦਾ ਸੀ। ਬਿੱਲੀ ਅਤੇ ਗਿਲਹਰੀ ਉਸ ਸ਼ੇਰ ਦਾ ਮੁਕਾਬਲਾ ਕਰਨਾ ਚਾਹੁੰਦੇ ਸਨ ਤਾਂ ਕਿ ਉਹ ਆਸਾਨੀ ਨਾਲ਼ ਉਸ ਗੁਫਾ ਵਿੱਚ ਰਹਿ ਸਕਣ , ਪਰ ਅਕਲਮੰਦ ਗਿੱਦੜ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤੇ ਸਮਝਾਇਆ ਕਿ ਸ਼ੇਰ ਬਹੁਤ ਸ਼ਕਤੀਸ਼ਾਲੀ ਹੈ। ਅਸੀਂ ਉਸਦਾ ਮੁਕਾਬਲਾ ਨਹੀਂ ਕਰ ਸਕਦੇ। ਫਿਰ ਉਹ ਆਪਣੇ ਜੰਗਲ ਦੇ ਸ਼ੇਰ ਰਾਜੇ ਕੋਲ ਪਹੁੰਚੇ ਤੇ ਉਸ ਨੂੰ ਸਾਰੀ ਗੱਲ ਦੱਸੀ। ਜੰਗਲ ਦਾ ਰਾਜਾ ਇਸ ਨਵੇਂ ਸ਼ੇਰ ਦਾ ਮੁਕਾਬਲਾ ਕਰਨ ਲਈ ਆ ਗਿਆ। ਉਸ ਨੇ ਨਵੇਂ ਸ਼ੇਰ ਨੂੰ ਮਾਰ ਦਿੱਤਾ। ਹੁਣ ਗਿਲਹਿਰੀ , ਬਿੱਲੀ ਤੇ ਗਿੱਦੜ ਪਹਿਲਾਂ ਵਾਂਗ ਉਸ ਗੁਫਾ ਵਿੱਚ ਖੁਸ਼ੀ - ਖੁਸ਼ੀ ਰਹਿਣ ਲੱਗ ਪਏ। ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਔਖੇ ਸਮੇਂ ਸਾਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਹੈ।



ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

# ਕੈਨੇਡਾ ਆਧਾਰਤ ਨਾਰਕੋ-ਸਮੱਗਲਿੰਗ ਮਾਡਿਊਲ ਦਾ ਪਰਦਾਫਾਸ਼



## 2.5 ਕਿੱਲੋ ਹੈਰੋਇਨ, 42 ਲੱਖ ਡਰੱਗ ਮਨੀ ਸਣੇ 3 ਗ੍ਰਿਫਤਾਰ

ਚੰਡੀਗੜ੍ਹ-ਪੰਜਾਬ ਪੁਲਸ ਦੇ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਕੈਨੇਡਾ ਆਧਾਰਤ ਸੋਨੂੰ ਵੱਲੋਂ ਚਲਾਏ ਜਾ ਰਹੇ ਅੰਤਰਰਾਸ਼ਟਰੀ ਨਾਰਕੋ-ਸਮੱਗਲਿੰਗ ਮਾਡਿਊਲ ਦਾ ਪਰਦਾਫਾਸ਼ ਕਰਦਿਆਂ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਗ੍ਰਿਫਤਾਰ ਵਿਅਕਤੀਆਂ ਅਜੈਪਾਲ ਸਿੰਘ, ਹਰਦੀਪ ਸਿੰਘ ਅਤੇ ਮਿਲਾਪ ਸਿੰਘ ਤੋਂ 2.5 ਕਿੱਲੋ ਹੈਰੋਇਨ, 42 ਲੱਖ ਰੁਪਏ ਦੀ ਡਰੱਗ ਮਨੀ, ਮੋਟਰਸਾਈਕਲ, ਟੋਇਟਾ ਫਾਰਚੂਨਰ ਕਾਰ ਅਤੇ ਕਰੰਸੀ ਗਿਣਨ ਵਾਲੀ ਮਸ਼ੀਨ ਜ਼ਬਤ ਕੀਤੀ ਗਈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਅਜੈਪਾਲ ਅਤੇ ਹਰਦੀਪ ਹੈਰੋਇਨ ਦੀ ਖੇਪ ਲੈ ਕੇ ਖੁਰਮਣੀਆਂ ਵੱਲ ਜਾ ਰਹੇ ਸਨ। ਛਾਪੇਮਾਰੀ ਦੌਰਾਨ ਦੋਵਾਂ ਨੂੰ 2.5 ਕਿੱਲੋ ਹੈਰੋਇਨ ਸਣੇ ਕਾਬੂ ਕੀਤਾ ਗਿਆ। ਮਿਲਾਪ ਸਿੰਘ ਨੂੰ ਅੰਮ੍ਰਿਤਸਰ-ਬਠਿੰਡਾ ਹਾਈਵੇ ਤੋਂ ਡਰੱਗ ਮਨੀ ਸਣੇ ਗ੍ਰਿਫਤਾਰ ਕੀਤਾ ਗਿਆ।

# ਝਬਾਲ ਖੁਰਦ ਵਿਚ ਗੁਟਕਾ ਸਾਹਿਬ ਦੀ ਬੇਅਦਬੀ, ਨੂੰਹ-ਸੱਸ ਗ੍ਰਿਫ਼ਤਾਰ




ਝਬਾਲ-ਝਬਾਲ ਖੁਰਦ ਵਿਖੇ ਬੁੱਧਵਾਰ ਨੂੰ ਹੋਈ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਪਿੰਡ ਦੇ ਕੁਝ ਆਗੂਆਂ ਨੇ ਆਪਣੇ ਪੱਧਰ 'ਤੇ ਜਾਂਚ ਕੀਤੀ ਅਤੇ ਬੇਅਦਬੀ ਦੇ ਦੋਸ਼ ਵਿਚ ਪਰਿਵਾਰ ਦੀਆਂ ਦੋ ਅੰਮ੍ਰਿਤਧਾਰੀ ਬੀਬੀਆਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਦੋਵਾਂ ਔਰਤਾਂ ਨੂੰ ਥਾਣਾ ਝਬਾਲ ਵਿਖੇ ਦਰਜ ਕੀਤੇ ਗਏ ਕੇਸ ਵਿਚ ਨਾਮਜ਼ਦ ਕਰ ਕੇ ਪੁਲਿਸ ਨੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਨ੍ਹਾਂ ਔਰਤਾਂ ਨੂੰ ਪੁਲਿਸ ਹਵਾਲੇ ਕਰਦਿਆਂ ਗੁਰਮੀਤ ਸਿੰਘ ਝਬਾਲ ਖੁਰਦ, ਬਲਜਿੰਦਰ ਸਿੰਘ, ਸ਼ਿੰਗਾਰਾ ਸਿੰਘ, ਬਲਜੀਤ ਸਿੰਘ, ਸਰਬਜੀਤ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ ਝਬਾਲ ਖੁਰਦ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੱਧਰ 'ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਜਾਂਚ ਸ਼ੁਰੂ ਕੀਤੀ ਸੀ। ਫਿਰ ਪਤਾ ਚੱਲਿਆ ਕਿ ਕੁਝ ਸਮਾਂ ਪਹਿਲਾਂ ਪਿੰਡ ਦੇ ਸਕੂਲ ਵਿਚ ਪੰਜ ਬੱਚਿਆਂ ਨੂੰ ਖ਼ਾਲਸਾ ਏਡ ਫਾਊਂਡੇਸ਼ਨ ਸੰਸਥਾ ਵਾਲਿਆਂ ਨੇ ਪੰਜ ਗੁਟਕਾ ਸਾਹਿਬ ਦਿੱਤੇ ਸਨ। ਜਦੋਂ ਉਨ੍ਹਾਂ ਗੁਰਬਾਣੀ ਦੇ ਪੰਜ ਗੁਟਕਾ ਸਾਹਿਬ ਲੈਣ ਵਾਲੇ ਬੱਚਿਆਂ ਕੋਲੋਂ ਜਾ ਕੇ ਪੁੱਛਗਿੱਛ ਕੀਤੀ ਤਾਂ ਚਾਰ ਬੱਚਿਆਂ ਕੋਲੋਂ ਤਾਂ ਗੁਟਕਾ ਸਾਹਿਬ ਮਿਲ ਗਏ ਪਰ ਪੰਜਵੇਂ ਕੋਲੋਂ ਨਹੀਂ ਮਿਲਿਆ। ਪੁੱਛਗਿੱਛ ਦੌਰਾਨ ਪਰਿਵਾਰ ਨੇ ਪਹਿਲਾਂ ਆਨਾਕਾਨੀ ਕੀਤੀ ਪਰ ਬਾਅਦ ਵਿਚ ਉਨ੍ਹਾਂ ਦੇ ਘਰੋਂ ਇਕ ਕਿਤਾਬ ਮਿਲ ਗਈ, ਜਿਸ ਦਾ ਪਹਿਲਾ ਪੱਤਰਾ ਫਟਿਆ ਹੋਇਆ ਸੀ, ਜਦੋਂ ਉਸ ਨੂੰ ਦੇਖਿਆ ਗਿਆ ਤਾਂ ਇਸ ਕਿਤਾਬ ਦਾ ਜਿਹੜਾ ਪੰਨਾ ਫਟਿਆ ਸੀ, ਉਹ ਬੁੱਧਵਾਰ ਨੂੰ ਗੁਟਕਾ ਸਾਹਿਬ ਦੇ ਪੱਤਰੇ ਜਿਹਾ ਸੀ। ਸ਼ੱਕ ਪੱਕਾ ਉਦੋਂ ਹੋਇਆ, ਜਦੋਂ ਇਸ ਪਰਿਵਾਰ ਦੀਆਂ ਔਰਤਾਂ ਰਾਜਬੀਰ ਕੌਰ ਪਤਨੀ ਸੰਦੀਪ ਸਿੰਘ ਅਤੇ ਸੁਰਜੀਤ ਕੌਰ ਪਤਨੀ ਮੁਖਤਾਰ ਸਿੰਘ (ਜੋ ਨੂੰਹ-ਸੱਸ ਹਨ) ਕੋਲੋਂ ਪੁੱਛਗਿੱਛ ਕੀਤੀ। ਇਸ 'ਤੇ ਉਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਦੇ ਬੱਚੇ ਕੋਲੋਂ ਗੁਟਕਾ ਸਾਹਿਬ ਦੇ ਪੱਤਰੇ ਪਾਟ ਗਏ ਸਨ, ਜਿਸ ਕਰ ਕੇ ਉਹ ਬਾਹਰ ਸੁੱਟ ਆਏ ਸਨ। ਇਸ ਸਬੰਧੀ ਥਾਣਾ ਝਬਾਲ ਦੀ ਪੁਲਿਸ ਨੂੰ ਜਾਣਕਾਰੀ ਦੇਣ 'ਤੇ ਥਾਣਾ ਮੁਖੀ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਮੌਕੇ 'ਤੇ ਪਹੁੰਚੇ ਤੇ ਦੋਵਾਂ ਔਰਤਾਂ ਨੂੰ ਹਿਰਾਸਤ ਲੈ ਲਿਆ। ਇਸ ਬਾਰੇ ਐੱਸਪੀ ਅਜੈਰਾਜ ਸਿੰਘ, ਥਾਣਾ ਮੁਖੀ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਦੋਵਾਂ ਔਰਤਾਂ ਨੂੰ ਮਾਮਲੇ ਵਿਚ ਨਾਮਜ਼ਦ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ ਤੇ ਰਿਮਾਂਡ ਲਿਆ ਜਾਵੇਗਾ।

# ਆਨਲਾਈਨ ਜੂਆ ਖੇਡਣ ਦੇ ਪੈਸੇ ਨਾ ਮਿਲਣ 'ਤੇ ਭੈਣ ਦਾ ਚਾਕੂ ਮਾਰ ਕੇ ਕਤਲ, ਦੋਸ਼ੀ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ

ਅੰਮ੍ਰਿਤਸਰ-ਮੋਹਕਮਪੁਰਾ ਥਾਣੇ ਅਧੀਨ ਆਉਂਦੇ ਰਾਜੇਸ਼ ਨਗਰ ਦੀ ਗਲੀ ਨੰਬਰ 13 ਦੀ ਰਹਿਣ ਵਾਲੀ ਨਿਸ਼ਾ ਭਾਰਤੀ (21) ਦਾ ਬੀਤੇ ਦਿਨੀ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਪਰਿਵਾਰ ਨੇ ਦੋਸ਼ ਲਗਾਇਆ ਕਿ ਚਚੇਰੇ ਭਰਾ ਸੰਜੀਵ ਉਰਫ਼ ਸੰਜੂ ਨੇ ਜੂਏ ਲਈ ਪੈਸੇ ਨਾ ਮਿਲਣ ਕਾਰਨ ਇਹ ਵਾਰਦਾਤ ਕੀਤੀ। ਸੰਜੂ ਨੂੰ ਆਨਲਾਈਨ ਜੂਆ ਖੇਡਣ ਦਾ ਸ਼ੌਕ ਹੈ ਅਤੇ ਉਹ ਚੋਰੀ ਕਰਨ ਦੇ ਇਰਾਦੇ ਨਾਲ ਨਿਸ਼ਾ ਦੇ ਕਮਰੇ ਵਿਚ ਦਾਖਲ ਹੋਇਆ ਸੀ।

# ਪੰਜਾਬੀ ਟੈਲੀ ਫਿਲਮ 'ਇਕ ਲੰਬਾ ਜਿਹਾ ਹਉਕਾ' ਦਾ ਪਹਿਲਾ ਪ੍ਰਦਰਸ਼ਨ ਮੈਲਬਰਨ ਵਿਖੇ ਹੋਇਆ


ਮੈਲਬਰਨਕੈਨੇਡਾ ਰਹਿੰਦੇ ਪੰਜਾਬੀ ਲੇਖਕ ਰਵਿੰਦਰ ਸਿੰਘ ਸੋਢੀ ਦੀ ਪੰਜਾਬੀ ਕਹਾਣੀ 'ਤੇ ਬਣੀ ਪੰਜਾਬੀ ਟੈਲੀ ਫਿਲਮ 'ਇਕ ਲੰਬਾ ਜਿਹਾ ਹਉਕਾ' ਦਾ ਪਰੀਮੀਅਰ ਸ਼ੋਅ ਮੈਲਬਰਨ ਸਥਿਤ ਚਰਚ ਆਫ ਸਾਇਨਟੌਲੋਜੀ ਵਿਖੇ ਬੀਤੇ ਐਤਵਾਰ ਨੂੰ ਹੋਇਆ। ਤਕਰੀਬਨ 200 ਮਹਿਮਾਨ ਹਾਜ਼ਰ ਸਨ। 45 ਮਿੰਟ ਦੀ ਇਸ ਫਿਲਮ ਵਿਚ ਇਹ ਦਿਖਾਉਣ ਦਾ ਯਤਨ ਕੀਤਾ ਗਿਆ ਕਿ ਇਨਸਾਨ ਦੀ ਜ਼ਿੰਦਗੀ ਵਿਚ ਕੁਝ ਵੀ ਨਿਸ਼ਚਿਤ ਨਹੀਂ ਹੈ। ਅਗਲੇ ਪਲ ਕੀ ਹੋਣਾ ਹੈ, ਇਸਦਾ ਅੰਦਾਜ਼ਾ ਕੋਈ ਨਹੀਂ ਲਾ ਸਕਦਾ। ਫਿਲਮ ਦੇ ਪਰਦਰਸ਼ਨ ਦੇ ਦੌਰਾਨ ਔਰਤਾਂ ਦੇ ਮਰਦਾਂ ਦੀਆਂ ਸਿਸਕੀਆਂ ਦੀ ਆਵਾਜ਼ ਆਉਂਦੀ ਰਹੀ।

ਕਹਾਣੀ ਦੇ ਮੁੱਖ ਪਾਤਰ ਸਤਪਾਲ ਅਤੇ ਉਸਦੀ ਪਤਨੀ ਜੱਸੀ ਭਾਰਤ ਤੋਂ ਆਸਟ੍ਰੇਲੀਆ ਇਸ ਕਰਕੇ ਆਉਂਦੇ ਹਨ ਕਿ ਉਹ ਆਪਣਾ ਭਵਿੱਖ ਸੁਧਾਰ ਸਕਣ। ਨਵੀਂ ਥਾਂ ਤੇ ਪੈਰ ਜਮਾਉਣ ਲਈ ਸਤਪਾਲ ਨੂੰ ਕਈ ਪਾਪੜ ਵੇਲਣੇ ਪੈਂਦੇ ਹਨ, ਕਈ ਤਰਾਂ ਦੀਆਂ ਛੋਟੀਆਂ-ਛੋਟੀਆਂ ਨੌਕਰੀਆਂ ਕਰਨੀਆਂ ਪੈਂਦੀਆਂ ਹਨ। ਲੰਬੀ ਜਦੋ-ਜਹਿਦ ਤੋਂ ਬਾਅਦ ਉਹ ਸੀ ਪੀ ਏ ਕਰਕੇ ਚਾਰਟਰਡ ਅਰਾਉਂਟੈਂਟ ਬਣ ਜਾਂਦਾ ਹੈ ਅਤੇ ਆਪਣੀ ਫਰਮ ਖੋਲ ਲੈਂਦਾ ਹੈ। ਉਸਦੀ ਪਤਨੀ ਜੱਸੀ ਨੀ ਨਰਸਿੰਗ ਦੀ ਪੜਾਈ ਕਰਕੇ ਨਰਸ ਬਣ ਜਾਂਦੀ ਹੈ। ਉਹਨਾਂ ਦੀ ਇਕ ਹੀ ਬੇਟੀ ਹੈ ਪ੍ਰੀਤੀ। ਇਹ ਸਾਰਾ ਪਰਿਵਾਰ ਅਰਾਮ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ।

ਇਹਨਾਂ ਦੀ ਜ਼ਿੰਦਗੀ ਵਿਚ ਅਚਾਨਕ ਇਕ ਵੱਡਾ ਬਦਲ ਆਉਂਦਾ ਹੈ ਜਦੋਂ ਪ੍ਰੀਤੀ ਆਪਣੀ ਉੱਚ ਪੜਾਈ ਕਰਨ ਲਈ ਸਿਡਨੀ ਜਾਣਾ ਚਾਹੁੰਦੀ ਹੈ। ਪਹਿਲਾਂ ਤਾਂ ਸਤਪਾਲ ਅਤੇ ਜੱਸੀ ਇਸ ਲਈ ਮੰਨਦੇ ਨਹੀਂ, ਪਰ ਅਖੀਰ ਇਕਲੌਤੀ ਬੇਟੀ ਦੀ ਜਿਦ ਮੰਨਣੀ ਹੀ ਪੈਂਦੀ ਹੈ। ਪ੍ਰੀਤੀ ਦੇ ਸਿਡਨੀ ਜਾਣ ਤੋਂ ਬਾਅਦ ਹੀ ਜੱਸੀ ਨੂੰ ਬਲੱਡ ਕੈਂਸਰ ਹੋ ਜਾਂਦਾ ਹੈ। ਇਲਾਜ਼ ਦੇ ਦੌਰਾਨ ਹੀ ਜੱਸੀ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਉਸਦੇ ਰੁਖ਼ਸਤ ਹੋਣ ਦਾ ਵਕਤ ਜਲਦੀ ਹੀ ਆਉਣ ਵਾਲਾ ਹੈ। ਇਕ ਦਿਨ ਉਹ ਬਹੁਤ ਭਾਵੁਕ ਹੋ ਕੇ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਉਸਦੀ ਮੌਤ ਤੋਂ ਬਾਅਦ ਹੋਰ ਵਿਆਹ ਕਰਵਾ ਲਏ ਕਿਉਂ ਕਿ ਅਜੇ ਉਸਦੀ ਉਮਰ ਕੋਈ ਬਹੁਤੀ ਵੱਡੀ ਨਹੀਂ ਅਤੇ ਦੂਜਾ ਉਸ ਤੋਂ ਇਕੱਲੇ ਰਿਹਾ ਨਹੀਂ ਜਾਣਾ। ਇਹ ਕਹਿ ਕੇ ਹੀ ਉਹ ਪ੍ਰਾਣ ਤਿਆਗ ਦਿੰਦੀ ਹੈ।




ਪਤਨੀ ਦੀ ਮੌਤ ਤੋਂ ਕੁਝ ਦੇਰ ਬਾਅਦ ਹੀ ਸਤਪਾਲ ਵੀ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਜਾਂਦਾ ਹੈ। ਜਸਵਿੰਦਰ ਕੌਰ ਚਾਵਲਾ ਨੇ ਜੱਸੀ ਦਾ ਕਿਰਦਾਰ ਬਹੁਤ ਲਹੀ ਪ੍ਰਵੀਣਤਾ ਨਾਲ ਨਿਭਾਇਆ। ਕੈਂਸਰ ਦੀ ਮਰੀਜ਼ ਦੇ ਰੋਲ ਵਿਚ ਉਸਦੇ ਗੱਲਬਾਤ ਕਰਨ ਦਾ ਲਹਿਜਾ, ਤੁਰਨ ਫਿਰਨ ਦਾ ਢੰਗ, ਚਿਹਰੇ ਦੇ ਹਾਵ-ਭਾਵ ਸਾਰੇ ਹੀ ਇਕ ਅਸਲੀ ਮਰੀਜ਼ ਵਾਲੇ ਲੱਗ ਰਹੇ ਸੀ। ਸਤਿੰਦਰ ਸਿੰਘ ਚਾਵਲਾ, ਸਤਪਾਲ ਦੇ ਰੂਪ ਵਿਚ ਆਪਣੇ ਕਿਰਦਾਰ ਨੂੰ ਪਰਦੇ 'ਤੇ ਸਜੀਵ ਕੀਤਾ। ਜਦੋਂ ਉਹ ਕਿਸੇ ਵਰਕਸ਼ਾਪ ਵਿਚ ਤਰਖਾਣ ਦਾ ਕੰਮ ਕਰਦੇ ਦਿਖਾਈ ਦਿੰਦੇ ਤਾਂ ਅਸਲ ਵਿਚ ਹੀ ਮਿਸਤਰੀ ਲੱਗਦੇ, ਜਦੋਂ ਚਾਰਟੇਡ ਅਰਾਉਂਟੈਂਟ ਬਣ ਕੇ ਦਫਤਰ ਵਿਚ ਬੈਠਦੇ ਤਾਂ ਉਹਨਾਂ ਦਾ ਚਿਹਰਾ ਹੀ ਉਹਨਾਂ ਦੇ ਅਹੁਦੇ ਦੀ ਹਾਮੀ ਭਰਦਾ ਅਤੇ ਜਦੋਂ ਆਪਣੀ ਕੈਂਸਰ ਪੀੜਤ ਪਤਨੀ ਦੀ ਦੇਖ-ਭਾਲ ਕਰਦੇ ਤਾਂ ਉਹਨਾਂ ਦੇ ਚਿਹਰੇ ਤੋਂ ਉਹਨਾਂ ਦਾ ਅੰਦਰਲਾ ਦੁੱਖ ਆਪ ਹੀ ਬਾਹਰ ਆਉਂਦਾ। ਫਿਲਮ ਦੇ ਨਿਰਦੇਸ਼ਕ ਦੇ ਤੌਰ ਤੇ ਵੀ ਉਹਨਾਂ ਨੇ ਬਾਕੀ ਕਲਾਕਾਰਾਂ ਤੋਂ ਵਧੀਆ ਅਦਾਕਾਰੀ ਕਰਵਾਈ। ਦੂਜੇ ਕਲਾਕਾਰਾਂ ਵਿਚੋਂ ਸ਼ਮਾ ਭੰਗੂ ਨੇ ਪ੍ਰੀਤੀ ਦੇ ਕਿਰਦਾਰ ਨੂੰ ਦਮਦਾਰ ਢੰਗ ਨਾਲ ਪੇਸ਼ ਕੀਤਾ। ਡਾ ਭਜਨ ਪ੍ਰੀਤ, ਜਤਨ, ਬੂਟਾ ਸਿੰਘ, ਆਦਿ ਵੀ ਆਪਣੀ ਪਹਿਚਾਣ ਬਣਾਉਣ ਵਿਚ ਸਫਲ ਹੋਏ।




ਫਿਲਮ ਦੀ ਤਕਨੀਕੀ ਟੀਮ ਨੇ ਵੀ ਫਿਲਮ ਨੂੰ ਤਕਨੀਕੀ ਤੌਰ ਤੇ ਯਾਦਗਾਰੀ ਬਣਾ ਦਿੱਤਾ। ਮਨਦੀਪ ਢੀਂਡਸਾ (ਨਿਰਦੇਸ਼ਕ ਅਤੇ ਫ਼ੋਟੋਗ੍ਰਾਫ਼ੀ), ਪਟ ਕਥਾ (ਸਤਿੰਦਰ ਚਾਵਲਾ ਤੇ ਮਨਦੀਪ ਢੀਂਡਸਾ), ਐਡੀਟਰ (ਪਾਰਸ ਨਾਗਪਾਲ), ਆਰਟ ਡਾਇਰੈਕਟਰ (ਜਸਵਿੰਦਰ ਚਾਵਲਾ), ਗੀਤ (ਪਾਵੀ), ਸੰਗੀਤ (ਗੁਰ ਹਰਮੀਤ ਅਤੇ ਵਿਕਾਸ ਢੱਲ)। ਫਿਲਮ ਦਾ ਨਿਰਮਾਣ ਸਤਿੰਦਰ ਸਿੰਘ ਚਾਵਲਾ ਨੇ ਕੀਤਾ। ਕਹਾਣੀਕਾਰ ਰਵਿੰਦਰ ਸਿੰਘ ਸੋਢੀ ਨੇ ਸਾਰੀ ਟੀਮ ਨੂੰ ਮੁਬਾਰਕ ਬਾਦ ਦਿੱਤੀ।

# ਇੰਡਸ ਵਾਟਰ ਅਤੇ ਸਿਮਲਾ ਸਮਝੌਤਾ : ਪਿਛੋਕੜ, ਮਹੱਤਤਾ ਅਤੇ ਰੱਦ ਹੋਣ ਦੇ ਨਤੀਜੇ

ਸੰਦੀਪ ਕੁਮਾਰ
7009807121



ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤੇ ਜਦੋਂ ਵੀ ਚਰਚਾ ਵਿਚ ਆਉਂਦੇ ਹਨ, ਤਾਂ ਇਨ੍ਹਾਂ ਦੋ ਮੁੱਖ ਸਮਝੌਤਿਆਂ ਦਾ ਜ਼ਿਕਰ ਲਾਜ਼ਮੀ ਹੋ ਜਾਂਦਾ ਹੈ: (1960) ਇੰਡਸ ਵਾਟਰ ਸਮਝੌਤਾ ਅਤੇ (1972)ਸਿਮਲਾ ਸਮਝੌਤਾ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਕਈ ਵਾਰ ਦੋਹਾਂ ਦੇਸ਼ਾਂ ਵਿੱਚ ਜੰਗ ਹੋਣ ਦੇ ਬਾਅਦ ਵੀ ਇਹ ਸਮਝੋਤੇ ਬਿਨ੍ਹਾਂ ਕਿਸੇ ਸਮੱਸਿਆ ਦੇ ਸਹੀ ਚੱਲ ਰਹੇ ਸਨ, ਪਰ ਅੱਜ ਦੇ ਬਦਲਦੇ ਭਾਰਤ ਦੀ ਵਿਚਾਰਧਾਰਾ ਹੇਠ, ਪਾਕਿਸਤਾਨ ਦੁਆਰਾ ਪਹਿਲਗਾਮ, ਕਸ਼ਮੀਰ ਵਿੱਚ ਆਤੰਕਵਾਦੀਆਂ ਦੁਆਰਾ 28 ਨਿਰਦੋਸ਼ ਯਾਤਰੀਆਂ ਨੂੰ ਮਾਰਨ ਉਪਰੰਤ ਭਾਰਤ ਸਰਕਾਰ ਵੱਲੋਂ ਹਾਲ ਦੀ ਘੜੀ ਇਹ ਸਮਝੌਤੇ ਪੂਰੀ ਤਰ੍ਹਾਂ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ। ਭਾਰਤ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਹੁਣ ਇਹ ਸਮਝੌਤੇ ਲਾਗੂ ਨਹੀਂ ਰਹਿ ਗਏ। ਆਉਣ ਵਾਲੇ ਦਿਨਾਂ ਵਿੱਚ ਇਸ ਦਾ ਕਿਹੋ ਜਿਹਾ ਪ੍ਰਭਾਵ ਹੋ ਸਕਦਾ ਹੈ, ਇਹ ਸਮਝਣ ਲਈ ਇਨ੍ਹਾਂ ਦੋਹਾਂ ਦੇ ਪਿਛੋਕੜ, ਉਦੇਸ਼ ਅਤੇ ਮਹੱਤਤਾ ਨੂੰ ਜਾਣਨਾ ਜ਼ਰੂਰੀ ਹੈ।

ਇੰਡਸ ਵਾਟਰ ਸਮਝੌਤਾ 19 ਸਤੰਬਰ 1960 ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਲੀਅਮ ਐਵਰਲ ਹੈਰੀਮੈਨ ਦੀ ਮਦਦ ਨਾਲ ਤਹਿ ਹੋਇਆ। ਇਸ ਸਮਝੌਤੇ ਦੀ ਰਚਨਾ ਵਿਸ਼ਵ ਬੈਂਕ ਦੀ ਮਦਦ ਨਾਲ ਹੋਈ, ਜਿਸ ਵਿੱਚ ਦੋਵਾਂ ਦੇਸ਼ਾਂ ਨੇ ਇੰਡਸ ਦਰਿਆ ਪ੍ਰਣਾਲੀ ਦੇ ਪਾਣੀ ਨੂੰ ਲੈ ਕੇ ਇਕਰਾਰਨਾਮਾ ਸਾਈਨ ਕੀਤਾ। ਇਹ ਦਰਿਆ ਪ੍ਰਣਾਲੀ ਛੇ ਵੱਡੇ ਦਰਿਆਵਾਂ 'ਤੇ ਅਧਾਰਿਤ ਹੈ: ਇੰਡਸ, ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ। ਸਮਝੌਤੇ ਦੇ ਤਹਿਤ, ਪੂਰਬੀ ਦਰਿਆ - ਰਾਵੀ, ਬਿਆਸ ਅਤੇ ਸਤਲੁਜ - ਭਾਰਤ ਨੂੰ ਦਿੱਤੇ ਗਏ, ਜਦਕਿ ਪੱਛਮੀ ਦਰਿਆ - ਇੰਡਸ, ਜੇਹਲਮ ਅਤੇ ਚਿਨਾਬ - ਪਾਕਿਸਤਾਨ ਨੂੰ ਮਿਲੇ। ਇਹ ਸਮਝੌਤਾ ਵਿਸ਼ਵ ਪੱਧਰ 'ਤੇ ਇੱਕ ਉੱਤਮ ਜਲ ਸੰਬੰਧੀ ਸਮਝੌਤਾ ਮੰਨਿਆ ਜਾਂਦਾ ਰਿਹਾ ਹੈ, ਕਿਉਂਕਿ ਇਹ ਦੋ ਯੁੱਧਾਂ ਦੇ ਬਾਵਜੂਦ ਕਦੇ ਰੱਦ ਨਹੀਂ ਹੋਇਆ। ਭਾਰਤ ਨੇ ਸਮਝੌਤੇ ਦੀ ਪਾਲਣਾ ਕਰਦਿਆਂ, ਜਿੰਨ੍ਹਾਂ ਦਰਿਆਵਾਂ ਉੱਤੇ ਪਾਕਿਸਤਾਨ ਦਾ ਹੱਕ ਸੀ, ਉਨ੍ਹਾਂ ਦੇ ਪਾਣੀ ਦੀ ਪੂਰੀ ਵਰਤੋਂ ਨਹੀਂ ਕੀਤੀ। ਇੱਥੋਂ ਤੱਕ ਕਿ ਬਹੁਤ ਸਾਰਾ ਪਾਣੀ ਜੋ ਭਾਰਤ ਦੀ ਹਿੱਸੇਦਾਰੀ ਸੀ, ਉਹ ਵੀ ਭਾਰਤ ਵਰਤ ਨਹੀਂ ਰਿਹਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਰਣਨੀਤਕ ਸੋਚ 'ਚ ਬਦਲਾਅ ਆਇਆ, ਅਤੇ 2016 ਦੇ ਉਰੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਕਿਹਾ ਗਿਆ ਕਿ "ਖੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।"

ਸਿਮਲਾ ਸਮਝੌਤਾ ਭਾਰਤ-ਪਾਕਿਸਤਾਨ ਵਿਚਕਾਰ 1971 ਦੇ ਯੁੱਧ ਤੋਂ ਬਾਅਦ 2 ਜੁਲਾਈ 1972 ਨੂੰ ਤੈਅ ਹੋਇਆ। ਇਸ ਸਮਝੌਤੇ 'ਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ



ਜ਼ੁਲਫਿਕਾਰ ਅਲੀ ਭੁੱਟੋ ਨੇ ਹਿੱਸਾ ਲਿਆ। ਸਾਲ 1971 ਦੇ ਯੁੱਧ ਵਿੱਚ ਭਾਰਤ ਨੇ 90 ਹਜ਼ਾਰ ਤੋਂ ਵੱਧ ਪਾਕਿਸਤਾਨੀ ਸੈਨਾ ਦੇ ਜਵਾਨ ਕੈਦ ਕੀਤੇ ਅਤੇ ਬੰਗਲਾਦੇਸ਼ ਦੀ ਅਜ਼ਾਦੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਪਰ ਹੈਰਾਨੀ ਦੀ ਗੱਲ ਹੈ ਕਿ ਉਸ ਸਮੇਂ ਦੀ ਸਰਕਾਰ, ਪਾਕਿਸਤਾਨ ਕੋਲੋਂ ਆਪਣੇ 54 ਲਾਪਤਾ ਸੈਨਿਕ ਵਾਪਿਸ ਨਹੀਂ ਲੈ ਸਕੀ ਸੀ। ਸਿਮਲਾ ਸਮਝੌਤੇ ਹੇਠ ਦੋ ਮਹੱਤਵਪੂਰਨ ਗੱਲਾਂ ਉਤੇ ਸਹਿਮਤੀ ਹੋਈ: ਪਹਿਲੀ ਕਿ ਭਾਰਤ ਅਤੇ ਪਾਕਿਸਤਾਨ ਆਪਣੇ ਮੁੱਦੇ-ਵਿਚਲੇ ਵਿਵਾਦਾਂ ਨੂੰ ਦੋ ਪੱਖੀ ਗੱਲਬਾਤ ਰਾਹੀਂ ਹੀ ਹੱਲ ਕਰਨਗੇ ਅਤੇ ਦੂਜੀ ਕਿ ਲਾਈਨ ਆਫ਼ ਕੰਟਰੋਲ ਨੂੰ ਮਾਨਤਾ ਦਿੱਤੀ ਗਈ। ਇਹ ਇੱਕ ਰਣਨੀਤਕ ਫੈਸਲਾ ਸੀ ਜਿਸ ਤਹਿਤ ਕਸ਼ਮੀਰ ਮਾਮਲੇ ਵਿਚ ਕੋਈ ਤੀਜਾ ਪੱਖ ਜਿਵੇਂ ਕਿ ਅੰਤਰਰਾਸ਼ਟਰੀ ਸੰਸਥਾਵਾਂ ਜਾਂ ਸੰਯੁਕਤ ਰਾਸ਼ਟਰ ਹਿੱਸਾ ਨਹੀਂ ਲੈ ਸਕਦੇ।

ਪਿਛਲੇ ਕੁੱਝ ਸਾਲਾਂ ਵਿੱਚ ਭਾਰਤ ਸਰਕਾਰ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਇੰਡਸ ਵਾਟਰ ਟ੍ਰੀਟੀ ਦੀਆਂ ਸ਼ਰਤਾਂ ਭਾਰਤ ਦੀ ਰਣਨੀਤਕ ਸੁਰੱਖਿਆ ਨੂੰ ਹਾਨੀ ਪਹੁੰਚਾ ਰਹੀਆਂ ਹਨ। ਸਾਲ 2023 ਵਿਚ ਭਾਰਤ ਨੇ ਵਿਸ਼ਵ ਬੈਂਕ ਨੂੰ ਇੱਕ ਚਿੱਠੀ ਰਾਹੀਂ ਇਹ ਸੰਦੇਸ਼ ਦਿੱਤਾ ਕਿ ਸਮਝੌਤੇ 'ਚ ਆਉਣ ਵਾਲੀਆਂ ਰੁਕਾਵਟਾਂ ਕਾਰਨ ਨਵੇਂ ਜਲ ਪ੍ਰੋਜੈਕਟ ਲਾਗੂ ਕਰਨਾ ਮੁਸ਼ਕਲ ਹੋ ਗਿਆ ਹੈ। ਦੂਜੇ ਪਾਸੇ, ਭਾਰਤ ਨੇ ਕਈ ਜਲ-ਪ੍ਰੋਜੈਕਟ ਜਿਵੇਂ ਕਿ ਕਿਸ਼ਨਗੰਗਾ ਅਤੇ ਰਟਲੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ ਹੈ। ਇਹ ਪਾਕਿਸਤਾਨ ਵੱਲੋਂ ਇਂਟਰਨੈਸ਼ਨਲ ਕੋਰਟ ਆਫ਼ ਆਰਬੀਟ੍ਰੇਸ਼ਨ 'ਚ ਚੁਣੌਤੀ ਦਾ ਵਿਸ਼ਾ ਬਣਿਆ। ਸਿਮਲਾ ਸਮਝੌਤੇ ਨੂੰ ਲੈ ਕੇ ਵੀ ਨਰਿੰਦਰ ਮੋਦੀ ਸਰਕਾਰ ਨੇ ਇਹ ਸੂਚਨਾ ਦਿੱਤੀ ਕਿ ਜਦੋਂ ਪਾਕਿਸਤਾਨ ਵੱਲੋਂ ਨਿਰੰਤਰ ਘੁਸਪੈਠ ਅਤੇ ਆਤੰਕਵਾਦ ਹੁੰਦਾ ਰਹੇ, ਤਾਂ ਗੱਲਬਾਤ ਅਤੇ ਸਮਝੌਤੇ ਦੀ ਲਾਜ ਨਹੀਂ ਰਹਿ ਜਾਂਦੀ। ਇਸ ਦੇ ਨਤੀਜੇ ਵਜੋਂ ਭਾਰਤ ਵੱਲੋਂ ਕਈ ਵਾਰ ਸਾਫ ਇਨਕਾਰ ਕੀਤਾ ਗਿਆ ਕਿ ਕਿਸੇ ਵੀ ਤੀਜੇ ਪੱਖ ਦੀ ਦਖਲਅੰਦਾਜੀ ਕਬੂਲ ਨਹੀਂ ਕੀਤੀ ਜਾਵੇਗੀ।

ਹਾਲ ਦੀ ਘੜੀ ਭਾਰਤ ਸਰਕਾਰ ਵੱਲੋਂ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ, ਜੇਕਰ ਇੰਡਸ ਵਾਟਰ ਸਮਝੌਤਾ ਪੂਰੀ ਤਰ੍ਹਾਂ ਰੱਦ ਹੋ ਜਾਂਦਾ ਹੈ, ਤਾਂ ਭਾਰਤ ਪੱਛਮੀ ਦਰਿਆਵਾਂ - ਜੇਹਲਮ, ਚਿਨਾਬ ਅਤੇ ਇੰਡਸ - ਦੇ ਪਾਣੀ ਉੱਤੇ ਆਪਣਾ ਹੱਕ ਜਤਾਉਣ ਲੱਗੇਗਾ। ਇਹ ਪਾਕਿਸਤਾਨ ਲਈ ਵੱਡੀ ਮਾਨਵੀ ਅਤੇ ਖੇਤੀਬਾੜੀ ਸੰਕਟ ਦੀ ਸ਼ਕਲ ਲੈ ਸਕਦਾ ਹੈ, ਕਿਉਂਕਿ ਇਨ੍ਹਾਂ ਦਰਿਆਵਾਂ ਤੋਂ ਹੀ ਉਨ੍ਹਾਂ ਦੀ ਜੀਵਨ ਪ੍ਰਣਾਲੀ ਚੱਲਦੀ ਹੈ। ਖਾਸ ਕਰਕੇ ਪੰਜਾਬ ਅਤੇ ਸਿੰਧ ਸੂਬਿਆਂ ਵਿੱਚ ਹੇਠਾਂ ਵਾਲੀਆਂ ਜ਼ਮੀਨਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਉਠਾ ਸਕਦੀਆਂ ਹਨ। ਪਾਕਿਸਤਾਨ ਪਹਿਲਾਂ ਹੀ ਪਾਣੀ ਦੀ ਕਮੀ, ਨਿਕਾਸੀ ਬੰਦ ਨਹਿਰਾਂ ਅਤੇ ਹੇਠਲੇ ਪੱਧਰ ਦੀ ਸੂਚਨਾ ਪ੍ਰਣਾਲੀ ਨਾਲ ਜੂਝ ਰਿਹਾ ਹੈ। ਇੰਡਸ ਪਾਣੀ ਰੁਕਣ ਦਾ ਮਤਲਬ ਹੈ - ਖੇਤੀਬਾੜੀ ਦਾ ਢਹਿ ਜਾਣਾ, ਭੋਜਨ ਦੀ ਕਮੀ ਅਤੇ ਆਤਮਨਿਰਭਰਤਾ ਉੱਤੇ ਇੱਕ ਵੱਡਾ ਸਵਾਲ ਖੜ੍ਹਾ ਹੋ ਜਾਣਾ।

ਸਿਮਲਾ ਸਮਝੌਤੇ ਦਾ ਰੱਦ ਹੋਣਾ ਇੱਕ ਅੰਤਰਰਾਸ਼ਟਰੀ ਕਾਨੂੰਨੀ ਮੁੱਦਾ ਬਣ ਸਕਦੀ ਹੈ। ਕਿਉਂਕਿ ਇਹ ਸਮਝੌਤਾ ਦੋਵਾਂ ਦੇਸ਼ਾਂ ਦੀ ਰਾਜਨੀਤਕ ਨੀਤੀ ਨੂੰ ਇੱਕ ਦਾਇਰੇ 'ਚ ਰੱਖਦਾ ਸੀ। ਜੇਕਰ ਇਹ ਰੱਦ ਕੀਤਾ ਗਿਆ, ਤਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਧਾਰਣ ਗੱਲਬਾਤ ਜਾਂ ਕੂਟਨੀਤਕ ਰਿਸ਼ਤੇ ਤੋੜਨ ਤੱਕ ਦੀ ਸਥਿਤੀ ਬਣ ਸਕਦੀ ਹੈ। ਉਲਟ, ਇਹ ਪਾਕਿਸਤਾਨ ਨੂੰ ਦੁਨੀਆ ਅੱਗੇ ਭਾਰਤ ਵੱਲੋਂ ਕੀਤੇ ਜਾ ਰਹੇ "ਸ਼ਿਕਾਰ"ਵਜੋਂ ਪੇਸ਼ ਕਰਨ ਦਾ ਮੌਕਾ ਵੀ ਦੇ ਸਕਦਾ ਹੈ। ਭਾਰਤ ਵੱਲੋਂ ਇੰਡਸ ਵਾਟਰ ਅਤੇ ਸਿਮਲਾ ਸਮਝੌਤਿਆਂ ਨੂੰ ਰੱਦ ਕਰਨ ਦੇ ਐਲਾਨ ਜਾਂ ਰੱਦ ਕਰਨ ਵਾਲੀ ਮਾਨਸਿਕਤਾ ਸਿਰਫ ਰਣਨੀਤਕ ਜਾਂ ਰਾਜਨੀਤਕ ਨਹੀਂ, ਸਗੋਂ ਇੱਕ ਨਵੀਂ ਭਾਰਤੀ ਰਾਸ਼ਟਰਵਾਦੀ ਸੋਚ ਦਾ ਪ੍ਰਤੀਕ ਵੀ ਹੈ। ਭਾਰਤ ਹੁਣ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਉਹ ਪਿਛਲੇ ਦਿਨਾਂ ਦੇ ਨਰਮ ਰਵੱਈਏ ਤੋਂ ਹਟ ਕੇ ਹੁਣ ਆਪਣੇ ਹੱਕਾਂ ਦੀ ਪੂਰੀ ਵਰਤੋਂ ਕਰੇਗਾ। ਇਨ੍ਹਾਂ ਸਮਝੌਤਿਆਂ ਦਾ ਰੱਦ ਹੋਣਾ ਨਾ ਸਿਰਫ ਦੋ ਦੇਸ਼ਾਂ ਵਿਚਕਾਰ ਤਣਾਅ ਵਧਾ ਸਕਦੀ ਹੈ, ਸਗੋਂ ਦੱਖਣੀ ਏਸ਼ੀਆ ਦੀ ਸ਼ਾਂਤੀ ਅਤੇ ਸਥਿਰਤਾ ਉੱਤੇ ਵੀ ਗੰਭੀਰ ਪ੍ਰਭਾਵ ਪਾ ਸਕਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਮਿੰਨੀ ਕਹਾਣੀ/ਦਾਜ ਦੀ ਅਹਿਮੀਅਤ

ਜਸਜੀਤ ਦੇ ਵਿਆਹ ਹੋਏ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ ਕਿ ਉਸ ਦੇ ਡੈਡੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਬੱਸ ਫਿਰ ਕੀ ਸੀ, ਉਸ ਦੀ ਸੱਸ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਕੀਤੇ ਕੰਮਾਂ ਵਿੱਚ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ। ਆਨੇ, ਬਹਾਨੇ ਵੱਧ, ਘੱਟ ਬੋਲਣਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦੀ ਸੀ ਕਿ ਉਹ ਉਸ ਤੋਂ ਜੁਦੀ ਹੋ ਕੇ ਰਹਿਣ ਲੱਗ ਪਵੇ। ਜਦ ਉਸ ਦੀ ਕੋਈ ਵਾਹ, ਪੇਸ਼ ਨਾ ਗਈ ਤਾਂ ਉਸ ਨੇ ਇਕ ਦਿਨ ਜਸਜੀਤ ਨੂੰ ਆਖ ਹੀ ਦਿੱਤਾ, "ਤੂੰ ਲਖਵੀਰ ਨੂੰ ਲੈ ਕੇ ਜੁਦੀ ਹੋ ਜਾ। ਲਖਵੀਰ ਨੂੰ ਮੈਡੀਕਲ ਸਟੋਰ ਤੋਂ ਜਿਹੜਾ ਦਸ ਹਜ਼ਾਰ ਮਿਲਦਾ, ਉਸ ਨਾਲ ਘਰ ਦਾ ਗੁਜ਼ਾਰਾ ਚਲਾਣਾ ਬੜਾ ਔਖਾ ਆ।"

"ਮੰਮੀ, ਆਪਣੇ ਮੁੰਡੇ ਨੂੰ ਸ਼ਾਮ ਨੂੰ ਘਰ ਆ ਲੈਣ ਦੇ, ਫੇਰ ਜਿੱਦਾਂ ਮਰਜ਼ੀ ਕਰ ਲਈਂ।" ਜਸਜੀਤ ਨੇ ਆਖਿਆ।

ਜਦੋਂ ਸ਼ਾਮ ਨੂੰ ਲਖਵੀਰ ਮੈਡੀਕਲ ਸਟੋਰ ਤੋਂ ਘਰ ਪਹੁੰਚਿਆ, ਤਾਂ ਜਸਜੀਤ ਨੇ ਸਾਰੀ ਗੱਲ ਉਸ ਨੂੰ ਦੱਸੀ। ਲਖਵੀਰ ਨੇ ਉਸ ਨੂੰ ਰਾਤ ਚੁੱਪ ਕਰਕੇ ਕੱਟਣ ਨੂੰ ਕਿਹਾ। ਸਵੇਰੇ ਉੱਠਦੇ ਸਾਰ ਉਹ ਆਪਣੀ ਮੰਮੀ ਕੋਲ ਗਿਆ ਤੇ ਆਖਿਆ, "ਮੰਮੀ ਦੱਸ ਕੀ ਗੱਲ ਆ ? ਕਿਉਂ ਤੂੰ ਜਸਜੀਤ ਨੂੰ ਵੱਧ, ਘੱਟ ਬੋਲਦੀ ਰਹਿੰਨੀ ਆਂ ?"

ਲਖਵੀਰ ਦੀ ਮੰਮੀ ਪਹਿਲਾਂ ਹੀ ਇਹ ਮੌਕਾ ਟੋਲਦੀ ਸੀ, ਆਖਣ ਲੱਗੀ, "ਵੇ ਕਾਕਾ, ਤੇਰੀ ਤੀਵੀਂ ਸਾਰੀ ਦਿਹਾੜੀ ਡੱਕਾ ਨ੍ਹੀ ਤੋੜਦੀ, ਵਿਹਲੀ ਬੈਠੀ ਰਹਿੰਦੀ ਆ। ਬੋਲਣਾ ਇਨ੍ਹੂੰ ਨ੍ਹੀ ਆਂਦਾ। ਇਨ੍ਹੂੰ ਇੱਥੋਂ ਲੈ ਕੇ ਚਲਾ ਜਾ। ਮੇਰੇ ਵਲੋਂ ਜਿੱਥੇ ਮਰਜ਼ੀ ਜਾ ਕੇ ਰਹਿ।"

"ਮੰਮੀ, ਕੀ ਇਹ ਤੇਰਾ ਆਖ਼ਰੀ ਫੈਸਲਾ ਆ ?"

"ਹਾਂ, ਹਾਂ ਆਖ਼ਰੀ।"

ਲਖਵੀਰ ਨੇ ਮੈਡੀਕਲ ਸਟੋਰ ਦੇ ਮਾਲਕ ਨੂੰ ਸਾਰੀ ਗੱਲ ਟੈਲੀਫੋਨ ਤੇ ਦੱਸੀ। ਉਸ ਨੇ ਲਖਵੀਰ ਨੂੰ ਮਕਾਨ ਕਿਰਾਏ ਤੇ ਲੈ ਕੇ ਦੇ ਦਿੱਤਾ। ਜਸਜੀਤ ਦੇ ਮੰਮੀ, ਡੈਡੀ ਨੇ ਉਸ ਨੂੰ ਦਾਜ ਵਿੱਚ ਫਰਿੱਜ, ਟੈਲੀਵਿਜ਼ਨ, ਵਾਸ਼ਿੰਗ ਮਸ਼ੀਨ, ਅਲਮਾਰੀ, ਬੈੱਡ ਬੌਕਸ, ਗੱਦੇ, ਸੋਫਾ ਸੈੱਟ, ਸਲਾਈ ਮਸ਼ੀਨ, ਸਟੀਲ ਦੇ ਭਾਂਡੇ, ਕੁੱਕਰ, ਗੈਸ ਚੁੱਲ੍ਹਾ ਤੇ ਰਸੋਈ ਵਿੱਚ ਕੰਮ ਆਉਣ ਵਾਲਾ ਹੋਰ ਨਿੱਕਾ, ਮੋਟਾ ਸਾਮਾਨ ਦਿੱਤਾ ਸੀ। ਲਖਵੀਰ ਤੇ ਜਸਜੀਤ ਨੇ ਸਾਰਾ ਸਾਮਾਨ ਟਰੱਕ ਵਿੱਚ ਲਦਾ ਲਿਆ। ਉਹ ਦੋਵੇਂ ਜਣੇ ਸਕੂਟਰ ਤੇ ਬੈਠ ਕੇ ਟਰੱਕ ਦੇ ਅੱਗੇ, ਅੱਗੇ ਚੱਲ ਪਏ। ਅੱਜ ਜਸਜੀਤ ਨੂੰ ਉਸ ਦੇ ਮੰਮੀ, ਡੈਡੀ ਵਲੋਂ ਦਿੱਤੇ ਦਾਜ ਦੀ ਅਹਿਮੀਅਤ ਦਾ ਪਤਾ ਲੱਗ ਗਿਆ ਸੀ।



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐਮ ਐੱਲ ਏ ਹਾਊਸ
ਕੈਨਾਲ ਰੋਡ, ਨਵਾਂ ਸ਼ਹਿਰ-144514 ਫੋਨ 9915803554

**ਡਾ ਅਮਰਜੀਤ ਟਾਂਡਾ ਦੀ ਕਾਵਿਕ-ਨਾਵਲ ਕਲਾ**

# ਨੀਲਾ ਸੁੱਕਾ ਸਮੁੰਦਰ (ਨਾਵਲ)

ਅਮਰਜੀਤ ਟਾਂਡਾ ਨੇ ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਵਿੱਚ ਆਪਣਾ ਪਲੇਠਾ ਨਾਵਲ 'ਨੀਲਾ ਸੁੱਕਾ ਸਮੁੰਦਰ' ਰਾਹੀਂ ਪੰਜਾਬੀ ਨਾਵਲ ਜਗਤ ਵਿੱਚ ਦਸਤਕ ਦਿੱਤੀ ਹੈ। ਇਸ ਨਾਵਲ ਵਿਚ ਟਾਂਡਾ ਨੇ ਕੁਝ ਨਵੇਂ ਪ੍ਰਯੋਗ ਕਰਨ ਦਾ ਜੋਖ਼ਮ ਉਠਾਇਆ ਹੈ। ਨਵੀਂ ਕਿਸਮ ਦੀ ਕਾਵਿਕ ਭਾਸ਼ਾ ਲੇਖਕਾਂ ਲਈ ਚੁਣੌਤੀ ਹੈ ।ਜੋਖ਼ਮ ਮੈਂ ਇਸ ਕਰਕੇ ਕਿਹਾ ਹੈ ਕਿ ਅਜਿਹੀ ਭਾਸ਼ਾ ਆਮ ਜੀਵਨ ਦੀ ਵਿਵਹਾਰਕ ਭਾਸ਼ਾ ਨਹੀਂ ਹੁੰਦੀ।--ਗ਼ਜ਼ਲਾਂ ਵਰਗੀਆਂ ਉਂਗਲਾਂ ਨਜ਼ਮਾਂ 'ਚ ਡੋਬਣੀਆਂ, ਬਦੇਸ਼ ਨੇ ਰੋਟੀ ਤਾਂ ਦਿੱਤੀ, ਮਾਂ ਬਾਪ ਖੋਹ ਲਏ, ਪਿਆਰ ਦੀ ਇਕ ਗੱਲ ਨਾਲ ਉਮਰ ਭਰ ਦਾ ਰਿਸ਼ਤਾ ਜੁੜਨ ਦੀ ਗੱਲ, ਕਵਿਤਾ ਹੈ ਤਾਂ ਪਿੰਡ ਹੈ, ਛਾਂ ਹੈ, ਮਾਂ ਹੈ, ਪਰਾਈ ਮਿੱਟੀ ਗੱਲਾਂ ਨਹੀਂ ਕਰਦੀ, ਅਸੀਸਾਂ ਦਾ ਵਿਯੋਗ ਕੱਤਣਾ--'ਅਜਿਹੀ ਜਜ਼ਬਾਤਾਂ ਦੇ ਹੜ੍ਹ 'ਚ ਡੁੱਬੀ ਵਾਰਤਕ ਪੜ੍ਹਕੇ ਰੂਹ ਖਿੜਦੀ ਹੈ, ਫ਼ਿਕਰ ਵੀ ਹੁੰਦਾ । ਅਮਰਜੀਤ ਨੇ ਆਪਣੇ ਨਾਵਲ ਵਿਚ ਨਸ਼ਿਆਂ ਬਾਰੇ, ਗੈਂਗਵਾਰ ਬਾਰੇ, ਗੁਰਬਾਣੀ ਦੀ ਬੇਅਦਬੀ ਬਾਰੇ, ਦੇਸ਼ ਦੀ ਵੰਡ ਬਾਰੇ, ਬਲਾਤਕਾਰਾਂ ਬਾਰੇ, ਪਿਆਰ ਬਾਰੇ, ਇਸ਼ਕ ਬਾਰੇ ਆਪਣੇ ਸੰਸੇ ਜ਼ਾਹਰ ਕੀਤੇ ਹਨ। ਉਹ ਪੰਜਾਬ ਦੇ ਪਿੰਡਾਂ ਦੀ ਤੁਲਨਾ, ਹਿਵਰੇ ਬਾਜ਼ਾਰ ਪਿੰਡ ਦੀ ਅਮੀਰੀ ਨਾਲ ਵੀ ਕਰਦਾ ਹੈ। ਇਸ ਤਰ੍ਹਾਂ ਨਾਵਲ ਵਿਚ ਬੜਾ ਕੁਝ ਹੈ, ਸੰਜਮ ਵਿਚ ਹੈ, ਸੰਕੇਤਕ ਹੈ। ਕੱਲ੍ਹ ਜਦ ਆਇਆ ਸੀ ਤੂੰ ਗਲੀ 'ਚ ਵਿਕਣ ਨੂੰ ਜਾਂ ਔਰਤ 'ਚ ਅਰਸ਼ਾਂ ਜੇਡਾ ਜੇਰਾ ਹੈ, ਆਦਿ । ਦੋਸਤੋ ! ਇਹ ਨਾਵਲ ਕਵਿਤਾ ਦੇ ਪਾਠਕਾਂ ਨੂੰ ਵੀ ਪਰਭਾਵਿਤ ਕਰੇਗਾ ਤੇ ਵਾਰਤਕ ਪੜ੍ਹਨ ਵਾਲੇ ਪਾਠਕਾਂ ਨੂੰ ਵੀ। ਸਾਹਿਤ ਦੇ ਸ਼ਾਸਤਰੀਆਂ ਦਾ ਨਾਵਲ ਬਾਰੇ ਪਤਾ ਨਹੀਂ ਕੀ ਪ੍ਰਤੀਕਰਮ ਹੋਵੇਗਾ, ਮੈਂ 'ਨੀਲਾ ਸੁੱਕਾ ਸਮੁੰਦਰ' ਨੂੰ ਜੀ ਆਇਆਂ ਆਖਦਾ ਹਾਂ - ਬਲਦੇਵ ਸਿੰਘ (ਸੜਕਨਾਮਾ) 'ਨੀਲਾ ਸੁੱਕਾ ਸਮੁੰਦਰ' ਇਕ ਵਿਗਿਆਨੀ, ਖੋਜੀ ਅਤੇ ਸੂਖਮ ਬਿਰਤੀ ਵਾਲੇ ਲੇਖਕ ਦੀ ਭਟਕਦੀ ਆਤਮਾ ਦੀ ਵਾਰਤਾ ਹੈ। ਇਹ ਰਚਨਾ ਭਾਵੇਂ ਟਕਸਾਲੀ ਰੂਪ ਨਾਵਲ ਨਾ ਲਗੇ ਪਰ ਵੇਲੇ ਦੇ ਸਮੁੱਚੇ ਸਮਾਜ ਦਾ ਨਵੇਕਲੇ ਰੂਪ ਵਿਚ ਮੁਹਾਂਦਰਾ ਪੇਸ਼ ਕਰਨ ਲਈ ਇਸ ਨਵੇਕਲੀ ਰਚਨਾ ਨੂੰ ਬਿਆਨਣ ਲਈ ਅੰਗਰੇਜ਼ੀ ਦਾ ਇਕੋ ਢੁਕਵਾਂ ਸ਼ਬਦ ਹੈ "ਨਾਵਲ"। 'ਨੀਲਾ ਸੁੱਕਾ ਸਮੁੰਦਰ' ਨੂੰ ਪੜ੍ਹਦਿਆਂ ਪ੍ਰੋ ਪੂਰਨ ਸਿੰਘ ਦਾ ਚੇਤਾ ਆਉਂਦਾ ਹੈ ਜੋ ਆਪਣੀਆਂ ਭਾਵਨਾਵਾਂ ਨੂੰ ਬਿਨਾ ਕਿਸੇ ਤਰਤੀਬ ਜਾਂ ਤੁਕਾਂਤ ਦੇ ਖੁਲਕੇ ਬਿਆਨ ਕਰਦਾ ਸੀ। ਅਮਰਜੀਤ ਟਾਂਡਾ ਆਪਣੀਆਂ ਸੋਚਾਂ ਦੇ ਪ੍ਰਵਾਹ ਨੂੰ ਬਿਨਾ ਤਰਤੀਬ ਦੇ ਕਵੀ ਦੀਆਂ ਮਾਰੀਆਂ ਉਡਾਰੀਆਂ ਵਾਂਗ ਪੇਸ਼ ਕਰ ਦਿੰਦਾਹੈ। 'ਨੀਲਾ ਸੁੱਕਾ ਸਮੁੰਦਰ' ਵੇਲੇ ਦੇ ਪੰਜਾਬ ਦਾ ਨਕਸ਼ਾ ਇਸ ਰਚਨਾ ਦੇ ਨਾਇਕ ਦੀਆਂ ਭਟਕਦੀਆਂ ਸੋਚਾਂ ਵਿਚੋਂ ਉਭਾਰਦਾ ਹੈ। ਭਾਵੇਂ ਘਟਨਾਵਾਂ ਕਿਸੇ ਤਰਤੀਬ ਵਿਚ ਨਹੀਂ ਪੇਸ਼ ਕੀਤੀਆਂ ਗਈਆਂ ਪਰ ਸੋਚਾਂ ਦੇ ਵਹਿਣ ਰਾਹੀਂ ਪੰਜਾਬ ਦਾ ਹਰ ਚੰਗਾ ਮੰਦਾ ਪੱਖ ਉਜਾਗਰ ਹੋ ਜਾਂਦਾ ਹੈ। ਵੇਲੇ ਦੇ ਸੂਝਵਾਨ ਵਿਅਕਤੀ ਪੰਜਾਬ ਦੀਆਂ ਸਮੱਸਿਆਵਾਂ ਬਾਰੇ, ਪੰਜਾਬ ਦੇ ਮਸਲਿਆਂ ਬਾਰੇ, ਪੰਜਾਬ ਵਿੱਚ ਵਾਪਰੀਆਂ ਚੰਗੀਆਂ ਮੰਦੀਆਂ ਘਟਨਾਵਾਂ ਬਾਰੇ ਜੋ ਵੀ ਚਿੰਤਾ ਪ੍ਰਗਟ ਕਰਦੇ ਹਨ ਉਹ ਇਸ ਰਚਨਾ ਵਿਚ ਸ਼ਾਮਲ ਹੈ। ਪਾਠਕਾਂ ਨੂੰ ਇੰਜ ਲਗਦਾ ਹੈ ਜਿਵੇਂ ਉਹਨਾਂ ਦੀਆਂ ਭਟਕਦੀਆਂ ਸੋਚਾਂ ਦਾ ਚਿਤਰਨ ਹੋ ਰਿਹਾ ਹੋਵੇ।-ਡਾ ਸੁਰਿੰਦਰ ਸਿੰਘ ਦੁਸਾਂਝ, ਪ੍ਰੋਫੈਸਰ ਮੁਖੀ ਪੀ ਏ ਯੂ ਲੁਧਿਆਣਾ ਕਵਿਤਾ ਦੇ ਖੇਤਰ ਵਿਚ ਕੁਝ ਕਰ ਗੁਜ਼ਰਨ ਦੀ ਤੜਪ, ਲਗਨ ਅਤੇ ਮਿਹਨਤ ਡਾ ਅਮਰਜੀਤ ਟਾਂਡਾ ਦੀ ਅਨੂਠੀ ਵਿਸ਼ੇਸ਼ਤਾ ਹੈ। ਉਹ ਬਹੁਤ ਸਚੇਤ ਅਤੇ ਜਾਗਰੂਕ ਕਵੀ ਹੈ । ਉਸ ਦੀਆਂ ਕਵਿਤਾਵਾਂ ਕਵਿਤਾ ਦੇ ਜਗਤ ਦੀਆਂ ਬਹੁਤ ਸਾਰੀਆਂ ਮਸ਼ਹੂਰ ਰੀਤਾਂ ਨੂੰ ਆਤਮਸਾਤ ਕਰਦੀਆਂ ਹਨ। ਉਸ ਦੀ ਕਾਵਿ-ਭਾਸ਼ਾ ਤੋਂ ਇਹ ਅਹਿਸਾਸ ਬੜੀ ਸ਼ਿੱਦਤ ਨਾਲ ਹੁੰਦਾ ਹੈ ਕਿ ਉਹ ਸਿਰਫ਼ ਕਵਿਤਾ ਦਾ ਲਿਖਾਰੀ ਹੀ ਨਹੀਂ ਕਵਿਤਾ ਦਾ ਬਹੁਤ ਸਜੱਗ ਤੇ ਨਿਰੰਤਰ ਪਾਠਕ ਵੀ ਹੈ ।ਉਹ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਤੋਂ ਵੀ ਅਣਭਿੱਜ ਨਹੀਂ। ਇਨ੍ਹਾਂ ਘਟਨਾਵਾਂ ਅਤੇ ਵਰਤਾਰਿਆਂ ਦੀ ਕਲਾਮਈ ਪੇਸ਼ਕਾਰੀ ਉਸਦੀ ਕਵਿਤਾ ਨੂੰ ਸਮੇਂ ਦੀ ਹਾਣੀ ਬਣਾਉਂਦੀ ਹੈ। ਸਿਰਫ਼ ਪੇਸ਼ਕਾਰੀ ਹੀ ਨਹੀਂ, ਇਨ੍ਹਾਂ ਦਾ ਮੁੱਲੰਕਣ ਅਤੇ ਨਿਰਖ ਪਰਖ ਵੀ ਉਸ ਦੀ ਕਵਿਤਾ ਦਾ ਹਿੱਸਾ ਬਣਦੇ ਹਨ । ਸਰੋਦੀ ਵਹਾਅ ਉਸ ਦੀ ਕਵਿਤਾ ਨੂੰ ਸਫ਼ਿਆਂ ਤੇ ਫੈਲਣ ਦੀ ਤੌਫ਼ੀਕ ਬਖ਼ਸ਼ਦਾ ਹੈ-ਡਾ ਸੁਰਜੀਤ ਪਾਤਰ

ਅਮਰਜੀਤ ਟਾਂਡਾ ਆਪਣੀ ਕਾਵਿ ਧਰਤੀ, ਪੰਜਾਬ ਦੀ ਜੋ ਵਰਤਮਾਨ ਸਥਿਤੀ ਹੈ, ਉਸ ਨਾਲ ਉਹ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਨਾਇਕ ਦਾ ਆਪਣਿਆਂ ਨੂੰ ਛੱਡ ਕੇ ਦੂਰ ਦੇਸ਼ ਜਾਣ ਦੀ ਲੋੜ ਨਾਲ ਜੁੜਿਆ ਸੰਤਾਪ ਜਾਂ ਤਨਾਓ ਹੈ ਜੋ ਉਸ ਦੇ ਧੁਰ ਅੰਦਰ ਘਰ ਬਣਾਈ ਬੈਠਾ ਹੈ। ਇਸ ਕਰਕੇ ਉਹ ਪੰਜਾਬ ਵਿਚ ਇਕ ਨਵੀਂ ਵਿਵਸਥਾ ਦੀ ਸਥਾਪਨਾ ਦੀ ਕਾਮਨਾ ਹੀ ਨਹੀਂ ਕਰਦਾ, ਉਸ ਲਈ ਯਤਨਸ਼ੀਲ ਵੀ ਹੈ- ਡਾ ਅਮਰੀਕ ਸਿੰਘ ਪੂੰਨੀ ਪ੍ਰੋਫੈਸਰ(ਰੀਟਡ) ਦਿੱਲੀ ਯੂਨੀਵਰਸਿਟੀ ਅਮਰਜੀਤ ਟਾਂਡਾ ਨੇ ਚਿੱਠੀਆਂ ਦੀ ਚੁੱਪ ਨੂੰ ਤਲਾਸ਼ਣ ਦਾ ਯਤਨ ਕੀਤਾ ਹੈ, ਇਸ ਚੁੱਪ ਦਾ ਕਾਰਣ ਉਸ ਨੇ ਆਧੁਨਿਕ ਸੰਚਾਰ ਨੂੰ ਦੱਸਿਆ ਹੈ। ਜਿਸ ਵਿਚ ਕੋਈ ਦੁੱਖ ਦਰਦ ਨਹੀਂ ਹੁੰਦਾ ਅਤੇ ਨਾ ਹੀ ਪਿਆਰੀਆਂ ਰਿਸ਼ਤੇਦਾਰੀਆਂ ਦਾ ਨਿੱਘ ਹੁੰਦਾ ਹੈ। ਇਸੇ ਲਈ ਅਜੋਕੇ ਸੰਚਾਰ ਦੇ ਉਪਕਰਣਾਂ ਨੂੰ ਚਿੱਠੀਆਂ ਵਾਂਗ ਹਿੱਕ ਨਾਲ ਨਹੀਂ ਲਗਾਇਆ ਜਾ ਸਕਦਾ। ਦੂਜੇ ਪਾਸੇ ਚਿੱਠੀਆਂ ਵਿਚ ਹਿੱਕ ਨਾਲ ਲਗਾਉਣ ਵਾਲੇ ਬਹੁਤ ਸਾਰੇ ਰਿਸ਼ਤੇ ਨਾਤੇ ਹੁੰਦੇ ਹਨ- ਡਾ ਜੋਗਿੰਦਰ ਕੈਰੋਂ ਡਾ.ਟਾਂਡਾ ਵਰਗੀ ਡੂੰਘੀ ਸੰਵੇਦਨਾ ਵਾਲਾ ਵਿਅਕਤੀ ਹੀ ਜਿੰਦਗੀ ਦੀਆਂ ਸਾਰਥਕ ਅਤੇ ਸਿਹਤਮੰਦ ਕਦਰਾਂ ਦੀ ਥਾਹ ਪਾ ਸਕਦਾ ਹੈ। ਅਜੇਹੀ ਕਵਿਤਾ ਨਾਲ ਹੀ ਪਾਠਕ ਦੀ ਸਾਂਝ ਬਣਦੀ ਹੈ। ਅਜੇਹੀ ਕਵਿਤਾ ਨਾਲ ਮੇਰਾ ਨਿਕਟ ਵਾਸਤਾ ਹੈ-ਮੋਹਨਜੀਤ

ਅਮਰਜੀਤ ਸਿੰਘ ਟਾਂਡਾ ਪਹਿਲੇ ਸਰੋਤ ਅਤੇ ਦੂਜੇ ਸਰੋਤ ਪ੍ਰਤੀ ਕਵੀ ਦਾ ਸ਼ਬਦ ਵਿਹਾਰ ਇਕੋ ਭਾਵ ਵਾਲਾ ਹੈ। ਉਸਦੀ ਕਵਿਤਾ ਅਟਕਾ ਪੈਦਾ ਨਹੀਂ ਹੋਣ ਦੇਂਦੀ। ਇਹ ਕਵਿਤਾ ਵਿਸਥਾਰ ਵਾਲੀ ਹੈ ਜਿਸ ਵਿਚ ਵਿਸਰ ਚੁੱਕੇ ਸ਼ਬਦਾਂ ਦਾ ਤੋਰਾ ਫੇਰਾ ਲਗਾ ਰਹਿੰਦਾ ਹੈ। ਕਹਿ ਸਕਦੇ ਹਾਂ ਪ੍ਰਦੇਸ ਰਹਿੰਦਾ ਵਿਅਕਤੀ ਆਪਣੇ ਮੂਲ ਦੇ ਹੋਰ ਨੇੜੇ ਹੋਣ ਦੀ ਰੀਝ ਪਾਲੀ ਰੱਖਦਾ ਹੈ-ਜਗਤਾਰਜੀਤ ਸਿੰਘ ਪੜ੍ਹਦਿਆਂ ਇਨਸਾਨੀ ਰੀਝਾਂ, ਸੁਪਨਿਆਂ ਅਤੇ ਹੇਰਵਿਆਂ ਦੇ ਕਾਵਿਕ ਬਿਆਨ ਦਾ ਅਨੁਭਵ ਹੋਇਆ ਹੈ। ਸਰੀਂਹ ਦੇ ਸਾਵੇ ਪੱਤਿਆਂ ਦੀ ਸ਼ਗਨਾਂਮੱਤੀ ਖਣਕਾਰ ਤੋਂ ਲੈ ਕੇ ਉੱਜੜੇ ਘਰਾਂ ਦੀ ਸਰਾਪੀ ਚੁੱਪ ਦੀ ਦਰਦ ਗਾਥਾ ਸੁਣਾਈ ਦਿਤੀ ਹੈ। ਸੰਯੋਗ ਦੀ ਮਿੱਠੀ ਰਿਮਝਿਮ ਤੋਂ ਲੈ ਕੇ ਵਿਯੋਗ ਦੇ ਖਾਰੇ ਅੱਥਰੂਆਂ ਤੱਕ ਦੇ ਮੁਹੱਬਤੀ ਗੀਤ ਦੀ ਧੁੰਨ ਕੰਨੀਂ ਪਈ ਹੈ-ਸੁਖਵਿੰਦਰ ਅੰਮ੍ਰਿਤ

ਅਮਰਜੀਤ ਟਾਂਡਾ ਕਲਮ ਨਾਲ ਅੰਤਰ ਰਾਸ਼ਟਰੀ ਪ੍ਰਤੀਮਾਨ ਸਥਾਪਤ ਕਰਦਾ ਹੈ। ਅਜਿਹੇ ਮਿਕਨਾਤੀਸੀ ਬਿੰਬ ਬਹੁਤ ਹੀ ਘੱਟ ਸ਼ਾਇਰੀ ਵਿਚ ਮਿਲਦੇ ਹਨ। ਪਰਵਾਸੀ ਪੰਜਾਬੀ ਬੰਦੇ ਦੇ ਅਚੇਤ ਮਨ ਵਿਚ ਪਏ ਬਿੰਬ ਕਹਾਵਤਾਂ ਮੁਹਾਵਰੇ ਅਤੇ ਅਖਾਣ ਅਚਨਚੇਤ ਹੀ ਉਸ ਦੇ ਮਨ ਦੀਆਂ ਡੂੰਘਾਈਆਂ ਵਿਚੋਂ ਆਪ ਮੁਹਾਰੇ ਬਾਹਰ ਆ ਕੇ ਖੁਸ਼ਗੁਬਾਰ ਸ਼ਾਇਰੀ ਦੀ ਮੋਹਲੇਧਾਰ ਸਿਰਜਨਾ ਕਰਦੇ ਹਨ। ਇਹ ਸ਼ਾਇਰੀ ਤੁਹਾਨੂੰ ਜਜ਼ਬਾਤਾਂ ਅਤੇ ਸੁਪਨਿਆਂ ਨਾਲ ਸ਼ਰਸ਼ਾਰ ਕਰ ਦਿੰਦੀ ਹੈ। ਸ਼ਬਦ ਦੀ ਕਾਇਨਾਤ ਬੰਦੇ ਦੇ ਮਨ ਵਿਚ ਅਨੰਤ ਕਾਲ ਤੱਕ ਲਹਿਲਹਾਉਂਦੀ ਰਹਿੰਦੀ ਹੈ। ਸਬਦਾਂ ਦੀ ਇਸ ਮੋਹਲੇਧਾਰ ਬਰਕਤ ਦਾ ਮੈਂ ਆਪਣੇ ਮਨ ਦੀ ਡੂੰਘਾਈ 'ਚੋਂ ਸੁਆਗਤ ਕਰਦਾ ਹਾਂ-ਡਾ ਸੁਖਚੈਨ, ਪ੍ਰੋਫੈਸਰ ਪੀ ਏ ਯੂ ਲੁਧਿਆਣਾ

ਡਾ ਅਮਰਜੀਤ ਟਾਂਡਾ ਬੌਧਿਕਤਾ, ਚੇਤਨਤਾ,ਵਿਗਿਆਨਕਤਾ ਤੇ ਰਾਜਸੀ ਸੂਝਬੂਝ ਨਾਲ ਓਤਪੋਤ ਸ਼ਖਸ਼ੀਅਤ ਹਨ। ਹਰਫ਼ਾਂ ਦੇ ਰੂਪ ਵਿਚ ਉਹਨਾਂ ਦੇ ਧੁਰ ਅੰਦਰੋਂ ਨਿਕਲੇ ਅਹਿਸਾਸ ਹਰ ਸੁਹਿਰਦ ਪੰਜਾਬੀ ਪਾਠਕ ਦੀ ਰੂਹ ਨੂੰ ਟੁੰਬਦੇ ਹਨ-ਡਾ ਪੁਸ਼ਪਿੰਦਰ ਖੋਖ਼ਰ ਨੀਲਾ ਸੁੱਕਾ ਸਮੁੰਦਰ (ਨਾਵਲ) ਡਾ. ਅਮਰਜੀਤ ਟਾਂਡਾ

1. ਬਦੇਸ਼ ਨੇ ਰੋਟੀ ਤਾਂ ਦਿਤੀ ਪਰ ਮਾਂ ਬਾਪ ਖੋਹ ਲਏ ਪਿੰਡ ਦੇ ਨੇੜੇ ਗ਼ਦਰੀ ਬਾਬਿਆਂ ਦੀ ਯਾਦ 'ਚ ਬਣੀ ਯਾਦਗਾਰੀ ਲਾਇਬ੍ਰੇਰੀ ਦੇਖ ਕੇ ਬਲਵੀਰ ਦੀਆਂ ਅੱਖਾਂ ਦੀਆਂ ਪਲਕਾਂ 'ਤੇ ਵਲੈਤ ਦੇ ਖਾਬ ਤਰਨ ਲੱਗ ਪਏ ਸਨ। ਇਹ ਇਕ ਸੁਭਾਵਿਕ ਗੱਲ ਹੋਈ ਸੀ ਬਲਵੀਰ ਦੀਆਂ ਕਾਲੀਆਂ ਸੁਰਮਈ ਰਾਤਾਂ ਦੇ ਸਰ੍ਹਾਣੇ। ਬਲਵੀਰ ਨੇ ਵਿਦੇਸ਼ ਦੀ ਜ਼ਿੰਦਗੀ ਦੀਆਂ ਔਕੜਾਂ, ਚੰਗਿਆਈਆਂ ਅਤੇ ਵਿਦੇਸ਼ੀਆਂ ਦੀ ਆਪਣੇ ਵਤਨ ਵਾਪਸੀ 'ਤੇ ਹੁੰਦੀ ਖੱਜਲ-ਖੁਆਰੀ ਆਦਿ ਵੱਖ-ਵੱਖ ਪਹਿਲੂਆਂ ਨਾਲ ਜੁੜੇ ਆਮ ਜ਼ਿੰਦਗੀ ਦੀ ਤਰਜ਼ਮਾਨੀ ਕਰਦੇ ਕਈ ਥਾਈਂ ਲੇਖ ਛਪੇ ਪੜ੍ਹੇ ਸਨ ਪਰ ਬਲਵੀਰ ਨੂੰ ਚੈਨ ਨਾ ਆਉਂਦੀ। ਇਹ ਗੱਲ ਬਲਵੀਰ ਆਪਣੇ ਦੋਸਤਾਂ ਹਰਦਿਆਲ, ਮਨਜੀਤ ਅਤੇ ਮਾਸਟਰ ਅਮਰ ਨਾਲ ਵੀ ਕਦੇ ਕਦੇ ਕਰਦਾ ਰਹਿੰਦਾ ਸੀ। ਇਹ ਇਲਮ ਵੀ ਨਹੀਂ ਸੀ ਕਿ ਆਧੁਨਿਕਤਾ ਦੀ ਆੜ 'ਚ ਅਮੀਰ ਵਿਰਾਸਤ ਤੇ ਸੱਭਿਆਚਰਕ ਕਦਰਾਂ ਕੀਮਤਾਂ ਆਪਣਾ ਆਪਾ ਹੀ ਗਵਾ ਕੇ ਬਹਿ ਜਾਣਗੀਆਂ।

ਉਹਨੇ ਗ਼ਜ਼ਲ ਵਰਗੀਆਂ ਉਂਗਲੀਆਂ ਨਜ਼ਮ 'ਚ ਡੋਬੀਆਂ ਤਾਂ ਕਿ ਸਮੇਂ ਨੂੰ ਜਰਾ ਹੋਰ ਅੱਗੇ ਤੋਰਿਆ ਜਾਵੇ। ਉਹੀ ਨਜ਼ਮ ਉਹਨੇ ਆਪਣੇ ਜੀਵਨ ਦੀਆਂ ਪੈੜਾਂ ਤੇ ਪੈਰਾਂ ਨੂੰ ਵੀ ਸੁਣਾਈ ਜਿਹਨਾਂ ਤੇ ਉਹਨੇ ਖੜਨਾ ਉੱਡਣਾ ਸਿਖਿਆ ਸੀ ਤੇ ਇਕ ਪਰਿੰਦਾ ਬਣਨਾ ਸੀ ਬੇਗਾਨੇ ਅੰਬਰਾਂ ਦਾ ਤੇ ਪਰਾਈਆਂ ਮਹਿਕਾਂ ਦਾ।

ਕਦੇ ਕਦੇ ਕੀ ਹੁੰਦਾ ਹੈ ਕਿ ਕਿਸੇ ਦੀ ਸ਼ਾਮ ਖ਼ਾਤਿਰ ਸੂਰਜ ਵਾਂਗ ਡੁੱਬਣਾ ਵੀ ਪੈਂਦਾ ਹੈ। ਜਾਣਾ ਵੀ ਪੈਂਦਾ ਹੈ ਚੱਲ ਕੇ ਇਕ ਪੈਗਾਮ ਦੀ ਤਰਾਂ ਤਾਂ ਕਿ ਤਾਰੀਖ ਦਾ ਧਰੂ ਤਾਰਾ ਹੀ ਨਾ ਮਿਟ ਜਾਵੇ। ਹੋ ਸਕਦਾ ਹੈ ਕਿ ਦੋ ਪਲ ਅਰਸ਼ 'ਚੋਂ ਮਿਟਣਾ ਪੈ ਵੀ ਜਾਏ ਤਾਂ ਕਿ ਜੱਗ ਦੇ ਮਿਹਣੇ ਨਾ ਚੁੱਭਦੇ ਰਹਿਣ ਯਾਦਾਂ ਦੇ ਕਿਨਾਰਿਆਂ ਤੋਂ ਜਿੰਦ ਦੇ ਸਹਾਰਿਆਂ ਦੀ ਹੂਕ ਬਣ ਕੇ। ਏਦਾਂ ਵੀ ਹੋਇਆ ਸੀ ਇਕ ਵਾਰ ਕਿ ਕਿਸੇ ਆਪਣੇ ਦੇ ਇਲਜ਼ਾਮ ਦਾ ਸਿਹਰਾ ਵੀ ਬੰਨ੍ਹਣਾ ਪਿਆ ਸੀ ਸਿਰ ਤੇ। ਓਦੋਂ ਅਜੇ ਪਿਆਰ ਦੀਆਂ ਗਲੀਆਂ ਨੂੰ ਦਗਾੜਾ ਨਹੀਂ ਸੀ ਵੱਜਾ। ਚੰਨ ਸਿਤਾਰਿਆਂ ਦੀਆਂ ਰੀਝਾਂ ਜਾਗਦੀਆਂ ਸਨ। ਇਹਨਾਂ ਹੀ ਰਾਹਾਂ ਨੇ ਸਾਡੇ ਸਮਿਆਂ ਦਾ ਇਕ ਮਧੁਰ ਗੀਤ ਬਣਨਾ ਸੀ। ਅਰਾਮ ਲਈ ਸੂਹਾ ਸੁਖ਼ਨ ਯਾਰੜੇ ਦੇ ਸੱਥਰ ਨੇ ਬਣ ਸਜਣਾ ਸੀ।

ਮਹਿਬੂਬਾ ਦੇ ਹਾਜ਼ਿਰ ਪਲਾਂ ਨੇ ਕਾਹਲੇ ਪੈਣਾ ਸੀ ਜਾਣ ਲਈ। ਅਲਵਿਦਾ ਦੀਆਂ ਘੜੀਆਂ ਨੇ ਝੱਲ ਵਲੱਲ ਨਹੀਂ ਸੀ ਸਹੇੜਨਾ। ਸੂਹੇ ਅੰਗਿਆਰਾਂ ਤੇ ਸੱਜਰੇ ਚਾਅ ਨੇ ਨੱਚਣਾ ਸੀ ਖੱਲੋ ਕੇ ਅਜੇ। ਇਸ਼ਕ-ਏ-ਆਲਮ ਨੇ ਤੇਗ ਦੀ ਧਾਰ 'ਤੇ ਟੁਰ ਕੇ ਰਾਹ ਬਣਾਉਣੇ ਸਨ। ਰੂਹਾਂ ਨੂੰ ਸਦੀਵੀ ਜ਼ਖਮੀ ਸਦੀਆਂ ਦੇ ਸਰਾਪ ਲੱਗਣੇ ਸਨ।

ਕੁਹਰਾਮ ਦੀ ਹਵਾ ਨੇ ਵਗਣਾ ਸੀ। ਤੇ ਮੇਰੇ ਲਹੂ ਵਿਚ ਮਲ੍ਹ ਮਲ੍ਹ ਕੇ ਧੋਣੇ ਸਨ ਹੱਥ ਹੱਥਿਆਰੇ ਨੇ। ਨਵੇਂ ਰਾਹਾਂ ਨੇ ਬਣਨਾ ਸੀ ਕਿਸੇ ਬੇਗੁਨਾਹ ਫੁੱਲ ਪੱਤੀ ਦਾ ਰਾਗ।

ਸਿੱਜਦੇ ਨਾ ਕਬੂਲਣ ਤੇ ਸੂਰਜਾਂ ਨੂੰ ਸਿਰ ਕਤਲ ਕਰਵਾਉਣੇ ਪੈਣੇ ਸਨ। ਇਲਹਾਮ ਹੋਣੇ ਸਨ ਮਰ ਰਹੀਆਂ ਚਿੜੀਆਂ ਦੀ ਚੀਂ ਚੀਂ ਦੇ ਪਹੁੰਚ ਰਹੇ ਸੁਨੇਹਿਆਂ ਦੇ ਹਾਰਾਂ ਵਿਚੋਂ। ਇਹੋ ਜੇਹੀਆਂ ਵਿਲਕਦੀਆਂ ਸਤਰਾਂ ਰਾਤ ਦਿਨ ਅੱਖਾਂ ਵਿਚ ਦੀ ਨੇੜੇ ਹੋ ਹੋ ਲੰਘਦੀਆਂ ਸਨ। ਜਗਦੇ ਮੱਥਿਆਂ 'ਚ ਸੋਚਾਂ ਦੇ ਹੜ੍ਹ ਵਹਿੰਦੇ ਹੀ ਰਹਿੰਦੇ ਸਨ। ਮਿਹਨਤ ਤਾਂ ਸੀ ਪਰ ਬਦੇਸ਼ੀਂ ਵਸਣ ਦੇ ਸੁਫਨਿਆਂ ਦਾ ਮੁਕਾਬਲਾ ਅਜੇ ਵੀ ਆਪਣੇ ਦੇਸ਼ 'ਚ ਰਹਿਣ ਸਹਿਣ ਨਾਲ ਸੀ। ਇਹ ਵਿਚਾਰ ਬਲਵੀਰ ਦਾ ਪਿੱਛਾ ਨਹੀਂ ਸਨ ਛੱਡ ਰਹੇ। ਉਹਨੇ ਸੁਪਨਮਈ ਅਰਸ਼ 'ਚ ਉਡਾਣ ਭਰੀ ਤੇ ਤਾਰਿਆਂ ਨਾਲ ਖੇਡਦਾ ਖੇਡਦਾ ਸੌਂ ਗਿਆ ਸੀ।

ਚਾਨਣੀ 'ਚ ਵੀ ਕਿਹੜੀ ਗੂੜ੍ਹੀ ਨੀਂਦ ਆਉਂਦੀ ਹੈ। ਬਾਕੀ ਜਗਦੇ ਟੁੱਟਦੇ ਤਾਰਿਆਂ ਦੇ ਸ਼ੋਰ ਵੀ ਕਿਹੜਾ ਸੌਣ ਦਿੰਦੇ ਨੇ ਰੱਜ ਰੱਜ ਕੇ। ਸੇਜ ਕਰਵਟਾਂ ਜੇ ਕੋਈ ਅੱਛੇ ਗੀਤ ਗਾਉਣ ਲਈ ਨਾ ਸਾਂਭਦੀਆਂ ਤਾਂ ਜ਼ਿੰਦਗੀ ਦੇ ਰੰਗਮੰਚ ਤੇ ਤੇਰੇ ਮੇਰੇ ਖਾਬ ਨਹੀਂ ਸੀ ਉੱਗਣੇ। ਦਫਨ ਹੋ ਜਾਣੇ ਸਨ ਕਿਤੇ ਜਨਮਦੇ ਸੁਫਨਿਆਂ ਦੇ ਸੁਰ। ਅਜਿਹਾ ਆਮ ਹੀ ਹੁੰਦਾ ਆਇਆ ਹੈ ਕੁਆਰੀਆਂ ਕੱਚੀਆਂ ਕਲੀਆਂ ਨਾਲ। ਮਹਕਿਦੇ ਫੁੱਲਾਂ ਤੇ ਬੁੱਲਾਂ ਨਾਲ। ਕਿੱਥੇ ਜਿਉਣ ਦਿੰਦੀ ਹੈ ਉਹਨਾਂ ਫੁੱਲ ਪੱਤੀਆਂ ਦੀ ਆਤਮਸਾਤਤਾ।


# • ਪੰਜਾਬੀ ਫ਼ਿਲਮ ਦਰਪਣ •

## ਸ਼ਹਿਨਾਜ ਗਿੱਲ ਨਾਲ ਤੁਹਾਡਾ ਆਪਣਾ ਜਗਤਾਰ ਸਿੰਘ ਬੈਨੀਪਾਲ



ਖੁਸ਼ ਹੈ ਕਰਮਜੀਤ ਅਨਮੋਲ ਦੇ ਪਿੰਡ ਦਾ ਹੀਰਾ ਐਕਟਰ ਜਗਤਾਰ ਸਿੰਘ ਬੈਨੀਪਾਲ ਕਿ ਸ਼ਹਿਨਾਜ਼ ਗਿੱਲ ਨਾਲ ਓਹ ਫ਼ਿਲਮ "ਇੱਕ ਕੁੜੀ" ਕਰ ਰਿਹਾ ਹੈ। ਰੱਬ ਝੂਠ ਨਾ ਬੁਲਾਏ ਬੈਨੀਪਾਲ ਲਈ ਇਹ ਅਹਿਮ ਪ੍ਰਾਪਤੀ ਹੈ ਕਿ ਓਹ ਅਮਰਜੀਤ ਸਿੰਘ ਸਾਰੋਂ ਜਿਹੇ ਨੌਜਵਾਨ ਨਿਰਦੇਸ਼ਕ ਤੇ ਨੌਜਵਾਨ ਨਾਇਕਾ ਸ਼ਹਿਨਾਜ ਗਿੱਲ ਨਾਲ ਫ਼ਿਲਮ ਕਰ ਕਿ ਉੱਚ ਬੈਨਰ ਦੀਆਂ ਫ਼ਿਲਮਾਂ ਦੇ ਕਲਾਕਾਰਾਂ ਵਿੱਚ ਸ਼ਾਮਿਲ ਹੋ ਰਿਹਾ ਹੈ। ਜਗਤਾਰ ਸਿੰਘ ਬੈਨੀਪਾਲ ਆਖਦੇ ਨੇ ਕਿ ਸ਼ਹਿਨਾਜ਼ ਗਿੱਲ ਨਾਲ ਕੰਮ ਹਰੇਕ ਦਾ ਸੁਪਨਾ ਹੈ ਕਿਉਂ ਕਿ "ਬਿਗ ਬੌਸ" ਨੇ ਓਸ ਨੂੰ ਰਾਸ਼ਟਰੀ ਚਰਚਾ ਦਿੱਤੀ ਤੇ ਅਮਰਜੀਤ ਸਾਰੋਂ ਹਿੱਟ ਡਾਇਰੈਕਟਰ ਹਨ। ਦਰਅਸਲ ਵਿਜੇ ਕੁਮਾਰ ਅਰੋੜਾ ਦਾਦੂ ਜੀ ਹੋਣ ਜਾਂ "ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ" ਜਗਤਾਰ ਸਿੰਘ ਬੈਨੀਪਾਲ ਨੂੰ ਚੰਗੇ ਕਿਰਦਾਰ ਮਿਲੇ ਹਨ। ਦੁਆ ਹੈ ਕਿ ਸ਼ਹਿਨਾਜ਼ ਗਿੱਲ ਵਾਲੀ "ਇੱਕ ਕੁੜੀ" ਫ਼ਿਲਮ ਸਫ਼ਲਤਾ ਦੇ ਨਾਲ ਜਗਤਾਰ ਸਿੰਘ ਬੈਨੀਪਾਲ ਨੂੰ ਵੀ ਹਿੱਟ ਕਰ ਦੇਵੇ। "ਇੱਕ ਕੁੜੀ" ਸ਼ਹਿਨਾਜ ਗਿੱਲ ਨਾਲ ਜਗਤਾਰ ਸਿੰਘ ਬੈਨੀਪਾਲ ਵਾਹ ਜੀ ਵਾਹ।

## ਅਸ਼ੋਕ ਪੁਰੀ ਕਿਹੜੀ ਮਿੱਟੀ ਦਾ ਬਣਿਆ ਥੱਕਦਾ ਨਹੀਂ



ਆਪਾਂ ਨੇ ਕਹਿੰਦੇ ਅਸ਼ੋਕ ਪੁਰੀ ਦੇ ਸੱਜਣ ਬੇਲੀ ਆਖਦੇ ਨੇ ਕਿ ਇਹ ਬੰਦਾ ਕਿਸੇ ਖਾਸ ਮਿੱਟੀ ਦਾ ਬਣਿਆ ਹੈ,ਉਮਰ ਲੱਗਦਾ ਕੰਮ ਕਾਰ ਤੋਂ ਜਿਵੇਂ ਵੀਹ ਦੀ ਹੋਏ ਦੇਖ ਲਓ ਪੀ ਐੱਚ ਡੀ ਲਈ ਅਮਰੀਕਾ ਤੋਂ ਪਹੁੰਚ ਗਏ ਗੁਜਰਾਤ ਤੇ ਹੋਸ਼ਿਆਰਪੁਰ ਆ ਕਿ ਹਿੰਦੀ ਡੱਬ "ਗੋਲਡ ਮੈਡਲ ਦਾ ਦਹੇਜ" ਕਰ ਲਈ। ਫਿਰ ਅਗਲੇ ਦਿਨ ਸਾਊਥ ਤੇ ਓਥੇ "ਕਹੀਂ ਭੀ ਕਭੀ ਭੀ" ਕੀਤੀ। ਐਕਟਿੰਗ ਕਰਦੇ ਕਰਦੇ ਸਮਾਜ ਭਲਾਈ ਦੇ ਕੰਮ ਤੇ ਨਾਲ ਪੰਜਾਬ ਦੇ ਸਿੱਖਿਆ ਮੰਤਰੀ ਨੂੰ ਮਿਲ ਅਹਿਮ ਵਿਚਾਰ। ਗੱਲ ਕੀ ਕਿ 24 ਘੰਟੇ ਹੀ ਕੰਮ ਦੀ ਸੋਚ 7 ਦਿਨ ਰੁੱਝੇ ਰਹਿਣਾ ਤੇ ਹੁਣ ਪਤਾ ਚਲਿਆ ਕਿ ਵੱਡੀ ਪੰਜਾਬੀ ਫ਼ਿਲਮ ਡਾਇਰੈਕਟ ਕਰ ਰਹੇ ਹਨ ਅਸ਼ੋਕ ਪੁਰੀ। ਜਿਸ ਬੰਦੇ ਨੇ ਸੁਦਰਸ਼ਨ ਮੈਨੀ ਨਾਲ ਰੰਗਮੰਚ ਕਰ ਕਿ ਨੈਸ਼ਨਲ ਐਵਾਰਡ ਥੀਏਟਰ ਲਿਆ ਹੋਏ ਓਹ ਖਾਸ ਹੀ ਹੋਊ ਤੇ ਨੂਰਾਂ ਨਾਲ ਵੀਡਿਓ ਗਾਣੇ ਦਾ ਪਲਾਨ ਚਲ ਰਿਹਾ ਹੈ। ਵਾਕਿਆ ਹੀ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਪੁਰੀ ਤਰੋ ਤਾਜ਼ਾ ਲੱਗਦਾ ਥਕਾਵਟ ਗਈ ਲਾਹੌਰ।

## ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਸੰਗੀਤ ਦੁਨੀਆਂ ਦੇ ਸਫ਼ਲ ਬਾਣ



ਚੰਡੀਗੜ੍ਹ ਕਲਾ ਪ੍ਰੇਮੀ ਸਾਬਕਾ ਡੀ ਜੀ ਪੀ ਪੰਜਾਬ ਚੰਦਰ ਸ਼ੇਖਰ ਜੀ ਨਾਲ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਮਿਲਦੇ ਨੇ, ਗੀਤਕਾਰਾਂ ਦੇ ਮੇਲੇ ਸ਼ਰਮਾ ਜੀ ਤੇ ਘੁਮਾਣ ਸਾਬ ਇੱਕਠੇ ਹੁੰਦੇ ਨੇ ਤੇ ਦੁਬਈ ਫ਼ਿਲਮ ਮਿਊਜ਼ਿਕ ਈਵੈਂਟ ਲਈ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਪਲਾਨ ਬਣਾ ਰਹੇ ਇੱਕਠੇ ਹੁੰਦੇ ਹਨ । ਜਨਮਾਂ ਦਾ ਪਿਆਰ ਦੋਵਾਂ ਦੀ ਯਾਰੀ ਹੈ। ਬੰਨੀ ਸ਼ਰਮਾ ਕਰ ਰਹੇ ਨੇ ਸੰਗੀਤ ਤੇ ਪੰਜਾਬੀ ਗੀਤਾਂ ਦੇ ਕਈ ਪ੍ਰੋਜੈਕਟ ਤੇ ਜਰਨੈਲ ਘੁਮਾਣ ਓਸ ਨਾਲ ਮਿਲ ਮਿਊਜ਼ਿਕ ਤੇ ਫ਼ਿਲਮ ਦੇ ਸ਼ੋ ਦੇਸ਼ ਵਿਦੇਸ਼ ਕਰਨ ਦੀ ਯੋਜਨਾ ਤੇ ਹਨ। ਚਿਰ ਦੀ ਤਮੰਨਾ ਜਰਨੈਲ ਘੁਮਾਣ ਦੀ ਪੰਜਾਬੀ ਫਿਲਮ ਕਰਨ ਦੀ ਹੈ ਤੇ ਬੰਨੀ ਸ਼ਰਮਾ ਨਾਲ ਹੋਣਗੇ। ਬੰਨੀ ਸ਼ਰਮਾ ਨੇ ਸਵਰਗੀ ਗੁਲਸ਼ਨ ਕੁਮਾਰ ਤੋ ਮਿਊਜ਼ਿਕ ਗੁਰ ਲਏ ਨੇ ਤੇ ਜਰਨੈਲ ਘੁਮਾਣ ਕੁਦਰਤੀ ਸੰਗੀਤ ਦੇ ਸੰਸਾਰ ਦੇ ਜਾਣਕਾਰ ਹਨ। ਮਿਹਨਤ ਬੰਨੀ ਸ਼ਰਮਾ ਜਿੰਨੀ ਕੌਣ ਕਰੇਗਾ ਸਕੂਟਰ ਤੇ ਚਲ ਦੂਰਦਰਸ਼ਨ ਜਲੰਧਰ ਤੇ ਅੱਜ ਮਨਚਾਹੀ ਗੱਡੀ ਤੇ ਜਰਨੈਲ ਨੇ ਲੋਕਾਂ ਦੇ ਘਰ ਆਪਣੀ ਮਿਹਨਤ ਨਾਲ ਭਰ ਦਿੱਤੇ ਤੇ ਆਪ ਖ਼ੈਰ ਬੰਨੀ ਸ਼ਰਮਾ ਹੁਣ ਘੁਮਾਣ ਸਾਬ ਨੂੰ ਦਿੜ੍ਹਬੇ ਦਾ ਕਿੰਗ ਬਣਾ ਦੇਣਗੇ, ਦੇਖਦੇ ਜਾਓ ਅੱਗੇ ਅੱਗੇ ਹੁੰਦਾ ਕੀ ਹੈ।

## ਸੁਖਦੀਪ ਗਿੱਲ ਨੂੰ ਗਾਇਕੀ ਨਾਲ "ਇਸ਼ਕ" ਹੋ ਗਿਆ

ਗੋਲ ਮੋਲ਼ ਜਿਹਾ ਗੋਰਾ ਚਿਹਰਾ, ਗਿੱਲਾਂ ਦੀ ਕੁੜੀ ਆ ਸੁਖਦੀਪ ਗਿੱਲ ਜਿਸ ਦੀ ਆਵਾਜ਼ ਸਟੇਜਾਂ ਤੇ ਲੋਕਾਂ ਨੂੰ ਆਪਣੇ ਵੱਲ ਖਿੱਚਦੀ ਹੈ। ਸੁਖਦੀਪ ਗਿੱਲ ਨੇ ਮਾਝੇ ਦੇ ਬਹੁਤ ਸਾਰੇ ਕਲਾਕਾਰਾਂ ਨਾਲ ਸਟੇਜਾਂ ਕੀਤੀਆਂ ਨੇ ਤੇ ਗੀਤ ਗਾਏ ਹਨ। ਮੂੰਗੇ ਜਿਹੇ ਸੁੱਖ ਦੇ ਹੋਂਠ ਜਦ "ਇਸ਼ਕ" ਗੀਤ ਗਾਉਂਦੇ ਨੇ ਤਦ ਸਰੂਰ ਜਿਹਾ ਆ ਜਾਂਦਾ ਹੈ। ਆਸਟ੍ਰੇਲੀਆ ਬੈਠਾ ਹੈਪੀ ਜਿਸ ਦਿਨ ਸੁਖਦੀਪ ਗਿੱਲ ਦੀ ਸਟੇਜ ਦੇਖ ਗਿਆ ਓਥੇ




ਜਾ ਕਿ ਵਿਉਂਤ ਬਣਾਈ ਕਿ ਸੁਖਦੀਪ ਦਾ ਟਰੈਕ ਲੋਕ ਅਰਪਣ ਕਰਨਾ ਹੈ। ਬਾਓ ਤਰਨ ਤਾਰਨ ਨੇ ਗੀਤ ਲਿਖਿਆ ਤੇ ਇਸ ਗੀਤ "ਇਸ਼ਕ" ਨੂੰ ਗਾ ਕਿ ਓਹ ਚਰਚਿਤ ਹੋ ਗਈ। ਸੁਖਦੀਪ ਗਿੱਲ ਆ ਰਹੇ ਸਮੇਂ ਵਿੱਚ ਵਿਸ਼ਾਲ ਪੱਧਰ ਤੇ ਟਰੈਕ ਕਰੇਗੀ ਤੇ ਮੇਲਿਆਂ ਦੀ ਰਾਣੀ ਬਣੇਗੀ। ਸੁਖਦੀਪ ਗਿੱਲ ਦੀ ਤਮੰਨਾ ਕਨੇਡਾ, ਇਟਲੀ, ਯੂ ਕੇ ਵਿਖੇ ਸਟੇਜ ਸ਼ੋ ਕਰਨ ਦੀ ਹੈ। ਓਹ ਮੁਸਕਰਾ ਕਿ ਆਖਦੀ ਏ ਕਿ ਹੁਣ ਨਾਮ ਬਣ ਰਿਹਾ ਹੈ ਤੇ ਜੇਕਰ ਕੋਈ ਵਿਦੇਸ਼ੀ ਪ੍ਰਮੋਟਰ ਹੋਏ ਤਾਂ ਓਸ ਨਾਲ ਸੰਪਰਕ ਕਰੇ। "ਵਿਸ਼ਵ ਭਰ ਵਿੱਚ "ਇਸ਼ਕ" ਟਰੈਕ ਨੂੰ ਪੰਜਾਬੀ ਭਰਵਾਂ ਹੁੰਗਾਰਾ ਦੇ ਰਹੇ ਹਨ।

## ਗੌਰਵੀ ਬਖਸ਼ੀ ਨਿੱਕੀ ਜਿਹੀ ਕੁੜੀ ਐਕਟਿੰਗ ਦੀ ਸੂਈ ਪਰਾਂਦਾ ਲੈ ਤੁਰੀ



ਨਿੱਕੀ ਕਰੁੰਬਲ ਹੈ ਗੌਰਵੀ ਬਖਸ਼ੀ ਜਿਸ ਨੇ ਪੰਜਾਬੀ ਫ਼ਿਲਮਾਂ ਕਰ ਲਈਆਂ ਹਨ ਤੇ ਕਰ ਰਹੀ ਹੈ। ਟੀਵੀ ਸੀਰੀਅਲ ਕੀਤੇ ਨੇ ਤੇ ਨੈਸ਼ਨਲ ਪੱਧਰ ਤੇ ਕਰਨ ਲਈ ਤਿਆਰ ਹੈ। ਬੀ ਐਨ ਸ਼ਰਮਾ ਤੋਂ ਪੰਮੀ ਬਾਈ ਤੇ ਸਵਰਨ ਸਿੰਘ ਤੋਂ ਹਿਮਾਂਸ਼ੀ ਸਾਰੇ ਓਸ ਨੂੰ ਉਤਸ਼ਾਹ ਦੇ ਰਹੇ ਹਨ। ਪੜ੍ਹਾਈ ਵਿੱਚ ਵੀ ਫਰਸਟ ਹੈ ਤੇ ਸਕੂਲ ਦੀਆਂ ਕਲਾ ਤੇ ਸੱਭਿਆਚਾਰ ਸਰਗਰਮੀਆਂ ਦੀ ਵੀ ਮਲਿਕਾ ਹੈ। ਗੌਰਵੀ ਵੈੱਬ ਸੀਰੀਜ਼ ਤੇ ਸ਼ੋਰਟ ਫ਼ਿਲਮਾਂ ਵੀ ਕਰਨ ਵਾਲੀ ਹੈ। ਪੰਜਾਬੀ ਫ਼ਿਲਮਾਂ ਤੇ ਮਨਿਰਨਜ ਪਰਿਵਾਰ ਲਈ ਗੌਰਵੀ ਬਖਸ਼ੀ ਗੌਰਵ ਹੈ ਤੇ ਇਸ ਦਾ ਸਾਥ ਸਭ ਨੂੰ ਦੇਣਾ ਚਾਹੀਦਾ ਹੈ।


## ਘੁੱਗੀ ਤੇ ਅਨਮੋਲ ਫਿਰ "ਮਿਸਟਰ ਐਂਡ ਮਿਸਿਜ਼ 420 ਅਗੇਨ"




ਰੁਪਾਲੀ ਗੁਪਤਾ ਨੇ ਨਰੇਸ਼ ਕਥੂਰੀਆ ਤੋ ਅਗਲਾ ਭਾਗ ਐਨਾ ਹਾਸੇ ਵਾਲਾ ਲਿਖਵਾ ਕਿ ਕਸ਼ਿਤਿਜ ਚੌਧਰੀ ਤੋਂ ਡਾਇਰੈਕਟ ਕਰਵਾਇਆ ਹੈ ਕਿ ਸਕ੍ਰੀਨ ਤੇ ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਨੂੰ ਤੱਕ ,ਢਿੱਡ ਹੱਸ ਕਹੋਗੇ ਘੁੱਗੀ ਦੀ ਉਡਾਰੀ ਕਾਮਯਾਬ ਅਨਮੋਲ ਹੀਰਾ ਕਰਮਜੀਤ। ਮੋਨਿਕਾ ਸ਼ਰਮਾ ਤੇ ਦੀਪਾਲੀ ਨਾਲ ਹਨ। ਜਪਨੀਤ ਲੂਥਰਾ ਤੇ ਗੁਰਮੀਤ ਸਾਜਨ ਸਾਬ ਵੀ ਫ਼ਿਲਮ ਵਿੱਚ ਹਨ। ਵ੍ਹਾਈਟ ਹਿੱਲ ਸਟੂਡੀਓ ਨੇ ਇਹ ਫ਼ਿਲਮ ਤੁਸਾਂ ਤੱਕ ਪਹੁੰਚਦੀ ਕਰਨੀ ਹੈ। ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਨਾਲ ਜਗਜੀਤ ਸੰਧੂ ਤਿਆਰ ਰਹਿਣਾ ਆ ਰਹੀ ਹੈ ਫ਼ਿਰ "ਮਿਸਟਰ ਐਂਡ ਮਿਸਿਜ਼ 420" ਆ ਰਹੇ ਹਨ। ਫ਼ਿਲਮ ਚੋਟੀ ਦੀ ਬਣੀ ਹੈ, ਗੀਤ ਸੰਗੀਤ ਵੀ ਪਿਆਰਾ ਹੈ ਤੇ ਹਰਪ੍ਰੀਤ ਨੇ ਡੀ ਓ ਪੀ ਬਣ ਅੱਛੀ ਕਾਰਗੁਜ਼ਾਰੀ ਦਿਖਾਈ ਹੈ।

-ਅੰਮ੍ਰਿਤ ਪਵਾਰ

## ਦਿਲਜੀਤ ਦੋਸਾਂਝ ਦੀ ਮੈਨੇਜਰ ਸੋਨਾਲੀ ਸਿੰਘ ਨਾਲ 10 ਸਾਲ ਪੁਰਾਣੀ ਸਾਂਝ ਮੁੱਕੀ!



ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ ਕਥਿਤ ਤੌਰ ਤੇ ਮੈਨੇਜਰ ਸੋਨਾਲੀ ਸਿੰਘ ਨਾਲ ਇੱਕ ਦਹਾਕੇ ਪੁਰਾਣਾ ਪ੍ਰੋਫੈਸ਼ਨਲ ਸਫ਼ਰ ਖਤਮ ਕਰ ਦਿੱਤਾ ਹੈ। ਦ ਹਾਲੀਵੁੱਡ ਰਿਪੋਰਟਰ ਇੰਡੀਆ ਦੇ ਅਨੁਸਾਰ ਅਚਾਨਕ ਹੋਏ ਇਸ ਤੋੜ ਵਿਛੋੜੇ ਨੇ ਮਨੋਰੰਜਨ ਉਦਯੋਗ ਵਿੱਚ ਭੁਚਾਲ ਲਿਆ ਦਿੱਤਾ ਹੈ, ਖਾਸ ਕਰਕੇ ਉਨ੍ਹਾਂ ਪ੍ਰਸ਼ੰਸਕਾਂ ਵਿੱਚ ਜਿਨ੍ਹਾਂ ਨੇ ਦਿਲਜੀਤ ਦੇ ਸਫਰ ਨੂੰ ਨੇੜਿਓਂ ਦੇਖਿਆ ਹੈ। ਕਿਹਾ ਜਾ ਰਿਹਾ ਹੈ ਕਿ ਸੋਨਾਲੀ ਨੇ ਇੰਸਟਾਗ੍ਰਾਮ ਫ਼ਰਸਤੋਤੇ ਦਿਲਜੀਤ ਨੂੰ ਵੀ ਅਨਫਾਲੋ ਕੀਤਾ ਹੈ, ਜਿਸ ਕਾਰਨ ਦੋਵਾਂ ਵਿਚਕਾਰ ਮਤਭੇਦ ਦੇ ਕਿਆਸ ਹੋਰ ਵਧ ਗਏ ਹਨ। ਪਿਛਲੇ ਦਿਨੀਂ ਹੋਏ ਮੇਟ ਗਾਲਾ ਵਿੱਚ ਵੀ ਸੋਨਾਲੀ ਸਿੰਘ ਦਿਲਜੀਤ ਨਾਲ ਨਹੀਂ ਨਜ਼ਰ ਆਈ ਅਤੇ ਨਾ ਹੀ ਉਸ ਨੇ ਸੋਸ਼ਲ ਮੀਡੀਆ ਤੇ ਇਸ ਪ੍ਰੋਗਰਾਮ ਬਾਰੇ ਕੁਝ ਵੀ ਸਾਂਝਾ ਕੀਤਾ।

## ਵਿਅੰਗ

ਸ਼ਿਵਚਰਨ ਜੱਗੀ ਕੁੱਸਾ

# "ਬੋਲ ਛਿੱਤਰ ਭਲਵਾਨ ਕੀ...!"



ਲਓ ਜੀ, ਛਿੱਤਰ ਭਲਵਾਨ 'ਤੇ ਹੁਣ ਤੱਕ ਬਹੁਤ ਕੁਛ ਲਿਖਿਆ ਗਿਆ। ਮੈਂ ਚੁੱਪ ਜਿਹਾ ਬੈਠਾ ਰਿਹਾ! ਇੱਕ ਕਠੋਰ ਚੁੱਪ ਵੱਟੀ ਰੱਖੀ! ਸੋਚਿਆ ਕਿ ਛਿੱਤਰ ਭਲਵਾਨ ਦੀ ਪ੍ਰੀਭਾਸ਼ਾ ਮੇਰੇ ਕੋਲੋਂ ਲਿਖੀ ਨਹੀਂ ਜਾਣੀ..! ਸਿਆਣੇ ਆਖਦੇ ਹਨ ਕਿ ਜਿਸ ਦਾ ਖਾਈਏ, ਉਸ ਦੇ ਗੁਣ ਗਾਈਏ..! ਇਸ ਛਿੱਤਰ ਭਲਵਾਨ ਜੀ ਦੀ ਮੇਰੇ 'ਤੇ ਐਨੀ ਕਿਰਪਾ ਰਹੀ ਹੈ ਕਿ ਸਕੂਲ ਦੇ ਮਾਸਟਰਾਂ ਤੋਂ ਲੈ ਕੇ ਮੇਰੇ ਘਰਵਾਲ਼ੀ ਤੱਕ, ਛਿੱਤਰ ਭਲਵਾਨ ਜੀ ਮੇਰੇ 'ਤੇ ਮਿਹਰਬਾਨ ਹੀ ਰਹੇ ਹਨ! ਮੈਂ ਛਿੱਤਰ ਭਲਵਾਨ ਜੀ ਦੀ ਬਦਖ਼ੋਈ ਕਿਉਂ ਕਰਾਂ..? ਬਦਖ਼ੋਈ ਬੰਦਾ ਉਸ ਦੀ ਕਰਦਾ ਹੈ, ਜੋ ਆਪ ਦੀ ਸਿਹਤ ਅਤੇ ਮੱਤ ਵਾਸਤੇ ਹਾਨੀਕਾਰਕ ਹੋਵੇ! ਪਰ ਜੋ ਚੀਜ਼ ਤੁਹਾਡੇ ਲਈ ਫ਼ਾਇਦੇਮੰਦ ਸਾਬਤ ਹੁੰਦੀ ਹੈ, ਬੰਦਾ ਉਸ ਨਾਲ਼ ਛਿੱਤਰੋ-ਛਿੱਤਰੀ ਕਿਉਂ ਹੋਵੇ..? ਮੈਨੂੰ ਛਿੱਤਰ ਦੀ ਯਾਦ ਕਿੱਥੋਂ ਆਈ..? ਮੈਂ ਮਹੀਨਾ ਭਰ ਆਪਦੇ ਘਰ ਦੇ ਅੰਦਰਲੇ ਅਤੇ ਬਾਹਰਲੇ ਗਾਰਡਨ ਵਿਚ ਮੱਥਾ ਮਾਰਦਾ ਰਿਹਾ। ਹਰ ਵੀਕ-ਐਂਡ ਵੀ ਦੋਨੋਂ ਗਾਰਡਨਾਂ ਦੀ ਭੇਂਟ ਚੜ੍ਹ ਜਾਂਦਾ! 14 ਤਰ੍ਹਾਂ ਦੇ ਵੱਖੋ ਵੱਖਰੇ ਗੁਲਾਬ ਲਾਏ। ਜਦ ਗੁਲਾਬ ਖਿੜ ਗਏ ਅਤੇ ਗਾਰਡਨ ਮਹਿਕਣ ਲੱਗਣ ਲੱਗ ਪਿਆ ਤਾਂ ਮੇਰੀ ਬੱਤੀ ਸੁਲੱਖਣੀਂ ਘਰਵਾਲ਼ੀ ਨੇ ਅੰਦਰਲੇ ਗਾਰਡਨ ਵਿਚ ਡੰਡੇ ਦੇ ਸਿਰ 'ਤੇ ਛਿੱਤਰ ਟੰਗ ਦਿੱਤਾ! ਅਖੇ ਕਿਸੇ ਚੰਦਰੇ ਦੀ ਨਜ਼ਰ ਨਾ ਲੱਗ ਜਾਵੇ..! ਮੈਂ ਕਿਹਾ, ਆਪਣੇ ਘਰ ਵਿਚ ਜਾਂ ਤਾਂ ਆਪਣੇ ਬੱਚੇ ਹਨ ਅਤੇ ਜਾਂ ਮੈਂ ਅਤੇ ਤੂੰ..! ਨਜ਼ਰ ਕੀਹਦੀ ਲੱਗਣੀ ਐਂ..? ਮੈਂ ਛਿੱਤਰ ਪੱਟ ਕੇ ਪਰਾਂਹ ਮਾਰਿਆ ਅਤੇ ਮੈਨੂੰ 'ਛਿੱਤਰ' 'ਤੇ ਲਿਖਣ ਦਾ 'ਹਲ਼ਕ' ਜਿਹਾ ਉਠ ਖੜ੍ਹਿਆ!

ਮੈਂ ਕਿਸੇ ਏਅਰਪੋਰਟ 'ਤੇ ਜਾਂ ਕਿਸੇ ਗੁਰੂ ਘਰ ਜਾਵਾਂ, ਜਾਂ ਕਿਤੇ ਸੜਕ 'ਤੇ ਹੀ ਤੁਰਿਆ ਜਾਂਦਾ ਹੋਵਾਂ, ਤਾਂ ਮੈਨੂੰ ਦੋ ਚਾਰ ਬੀਬੀਆਂ ਜਾਂ ਬੰਦੇ ਐਹੋ ਜਿਹੇ ਜ਼ਰੂਰ ਮਿਲ ਜਾਂਦੇ ਹਨ, ਜੋ ਪੁੱਛਦੇ ਹਨ, "ਬਾਈ ਤੂੰ 'ਓਹੀਂ' ਐਂ..?" ਉਹਨਾਂ ਦਾ ਇਸ਼ਾਰਾ ਮੇਰੇ ਲੇਖਕ ਹੋਣ ਵੱਲ ਹੁੰਦਾ ਹੈ! ਬਹੁਤਾ ਰੌਲ਼ਾ ਜਿਹਾ ਪਾਉਣ ਦਾ ਆਦੀ ਮੈਂ ਵੀ ਨਹੀਂ! ਮੈਂ ਵੀ ਹੱਸ ਕੇ ਬੜਾ ਸੰਖੇਪ ਆਖਦਾ ਹੁੰਦਾ ਹਾਂ, "ਬਿਲਕੁਲ ਈ 'ਓਹੀਂ' ਐਂ ਬਾਈ ਜੀ..!" ਸਾਨੂੰ ਦੇਖਣ ਵਾਲ਼ੇ ਜਾਂ ਮੈਨੂੰ ਨਾ ਜਾਨਣ ਵਾਲ਼ੇ ਲੋਕ ਅਚੰਭੇ ਜਿਹੇ ਵਿਚ ਪੈ ਜਾਂਦੇ ਹਨ ਕਿ ਇਹ 'ਓਹੀਂ' ਕੀ 'ਬਲਾਅ' ਹੋਈ..? ਹਾਲਾਂ ਕਿ ਜੇ ਤੁਸੀਂ ਮਾਲਵੇ ਵਿਚ ਕਿਸੇ ਨੂੰ ਆਖ ਦੇਵੋਂ, "ਜਾਹ ਯਾਰ..! ਤੂੰ ਓਹੀ ਦਾ ਓਹੀ ਰਿਹਾ ਨ੍ਹਾਂ...!" ਇਕ ਤਰ੍ਹਾਂ ਦੀ 'ਗਾਲ਼' ਮੰਨੀ ਜਾਂਦੀ ਐ! ਤੇ ਹੁਣ ਜੇ ਕਿਸੇ ਸਮਾਗਮ 'ਤੇ ਜਾਈਏ ਤਾਂ ਲੋਕ ਆਪਸ ਵਿਚ 'ਘੁਸਰ-ਮੁਸਰ' ਕਰਨ ਲੱਗ ਪੈਂਦੇ ਹਨ, "ਇਹ ਤਾਂ 'ਓਹੀਂ' ਐ ਯਾਰ..! ਇਹਦੀ ਜੁੱਤੀ ਬਾਹਰ ਈ ਲੁਹਾ ਲਓ, ਹੋਰ ਨਾ ਕਿਸੇ ਦੀ ਪੁੜਪੜੀ 'ਚ 'ਚਿੱਬ' ਪਾ ਦੇਵੇ..!" ਹੁਣ 'ਜ਼ਿੰਮੇਵਾਰ' ਲੋਕ ਕਲਮਾਂ ਵਾਲ਼ਿਆਂ ਨੂੰ ਵੀ 'ਓਹੀਂ' ਦੱਸਣ ਲੱਗ ਪਏ ਹਨ ਕਿਉਂਕਿ ਇਰਾਕ ਦੇ ਪੱਤਰਕਾਰ ਮੁਨਤਾਦਹਾਰ ਅਲ-ਜਾਇਦੀ ਤੋਂ ਲੈ ਕੇ ਪੱਤਰਕਾਰ ਜਰਨੈਲ ਸਿੰਘ ਤੱਕ ਵੱਲੋਂ ਮੰਤਰੀਆਂ 'ਤੇ ਤਕਰੀਬਨ ਇੱਕੋ ਤਰ੍ਹਾਂ ਦਾ 'ਹਥਿਆਰ' ਵਰਤਿਆ ਗਿਆ! ਅਜੇ ਤਾਂ ਮੈਂ ਸ਼ੁਕਰ ਕਰਦਾ ਹਾਂ ਕਿ ਜ਼ਮਾਨਾ ਬਦਲ ਗਿਆ ਹੈ ਅਤੇ ਲੋਕ ਮੁਲਾਇਮ ਬੂਟ ਪਹਿਨਣ ਲੱਗ ਪਏ ਹਨ। ਜੇ ਕਿਤੇ ਜ਼ਮਾਨਾ ਪੁਰਾਣਾ ਹੁੰਦਾ ਅਤੇ ਲੋਕ 'ਖੜਾਵਾਂ' ਪਾਉਂਦੇ ਹੁੰਦੇ। ਮੰਤਰੀਆਂ ਦਾ ਤਾਂ ਫ਼ੇਰ ਰੱਬ ਹੀ ਰਾਖਾ ਸੀ! ਅੱਗੇ ਜੁੱਤੀ 'ਕਸੂਰ' ਦੀ ਮਸ਼ਹੂਰ ਮੰਨੀ ਜਾਂਦੀ ਸੀ ਅਤੇ ਹੁਣ ਕਿਸੇ ਨਾ ਕਿਸੇ ਦੇਸ਼ ਦੀ ਜੁੱਤੀ ਆਏ ਦਿਨ ਮਸ਼ਹੂਰੀ ਪ੍ਰਾਪਤ ਕਰਦੀ ਹੀ ਰਹਿੰਦੀ ਐ..! ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅਲ-ਜਾਇਦੀ ਦੀ 'ਕਿਰਪਾ' ਨਾਲ਼ ਸਭ ਤੋਂ ਪਹਿਲਾਂ ਜੁੱਤੀ ਇਰਾਕ ਦੀ ਮਸ਼ਹੂਰ ਹੋਈ! ਲੋਕਾਂ ਨੇ ਉਸ ਨੂੰ ਖਰੀਦਣ ਲਈ ਆਪਣੀ 'ਬੋਲੀ' ਲਾ ਦਿੱਤੀ। ਪਰ ਬੁਸ਼ ਬਾਬਾ ਜੀ ਦੀ ਇੱਜ਼ਤ-ਆਬਰੂ ਨੂੰ ਮੁੱਖ ਰੱਖ ਕੇ ਉਹ ਜੁੱਤੀ ਹੀ 'ਨਸ਼ਟ' ਕਰ ਦਿੱਤੀ ਗਈ। ਨਾ ਚੋਰ ਲੱਗੇ ਤੇ ਨਾ ਕੁੱਤੀ ਭੌਂਕੇ!



ਜੁੱਤੀਆਂ ਚੱਲਣ ਦੇ ਕਈ ਅੰਦਾਜ਼ ਰਹੇ ਹਨ। ਹਰ ਚੀਜ਼ ਨੂੰ ਚਲਾਉਣ ਦਾ ਢੰਗ ਹੁੰਦਾ ਹੈ! ਇਕ ਵਾਰ ਸਾਡੇ ਪਿੰਡ ਵਿਚ ਕਾਮਰੇਡਾਂ ਵੱਲੋਂ ਕੋਈ ਡਰਾਮਾ ਖੇਡਿਆ ਜਾ ਰਿਹਾ ਸੀ। ਪਿੰਡ ਦੇ ਕੁਝ ਲੋਕਾਂ ਦੀ ਦਾਰੂ ਪੀਤੀ ਹੋਈ ਸੀ। ਮੈਨੂੰ ਉਮੀਦ ਹੈ ਕਿ ਮੇਰੇ ਮਾਲਵੇ ਦੇ ਲੋਕ ਸਿਰਫ਼ ਮਕਾਣ ਹੀ 'ਸੋਫ਼ੀ' ਜਾਂਦੇ ਹਨ। ਨਹੀਂ ਕੋਈ ਕਿੱਤਾ ਐਹੋ ਜਿਹਾ ਨਹੀਂ ਹੋਵੇਗਾ, ਜਿੱਥੇ ਮਲਵਈ ਦਾਰੂ ਨਹੀਂ ਪੀਂਦੇ! ਕਿਸੇ ਗੱਲ ਤੋਂ ਸ਼ਰਾਬੀ ਬੰਦੇ ਡਰਾਮਾ ਦੇਖਦੇ ਦੇਖਦੇ ਆਪਸ ਵਿਚ ਲੜ ਪਏ। ਦੁਨੀਆਂ ਖਿੰਡ ਗਈ। ਧੁਤਕੜਾ ਪੈਣ ਸਾਰ ਡਰਾਮਾਕਾਰੀ ਵੀ ਸਟੇਜ਼ ਵਿਹਲੀ ਕਰ ਗਏ। ਸਟੇਜ਼ 'ਤੇ ਇਕ ਗੈਸ ਜਗੀ ਜਾ ਰਿਹਾ ਸੀ। ਉਦੋਂ ਪਿੰਡਾਂ ਵਿਚ ਬਿਜਲੀ ਨਹੀਂ ਆਈ ਸੀ। ਸਟੇਜ਼ਾਂ 'ਤੇ ਚਾਨਣ ਕਰਨ ਲਈ ਗੈਸ ਨਾਲ਼ ਹੀ ਕੰਮ ਚਲਾਇਆ ਜਾਂਦਾ ਸੀ। ਇਕ ਅਮਲੀ ਨੇ ਆਪਣੀ ਜੁੱਤੀ 'ਚ ਰੋੜਾ ਪਾ ਕੇ ਗੈਸ ਵੱਲ ਨੂੰ ਚਲਾਇਆ ਤੇ ਬਣਾ ਸੁਆਰ ਕੇ ਕਹਿੰਦਾ, "ਜਲਸੇ ਆਲ਼ੇ ਤਾਂ ਤਿੱਤਰ ਹੋਗੇ ਤੇ ਆਹ ਭੈਣ ਦੇਣੇ ਦਾ 'ਕੱਲਾ ਈ ਜਗੀ ਜਾਂਦੈ..?" ਜੁੱਤੀ 'ਚ ਪਾਏ ਰੋੜੇ ਨਾਲ਼ ਗੈਸ ਖੱਖੜੀਆਂ ਹੋ ਗਿਆ ਸੀ।

ਇਸੇ ਤਰ੍ਹਾਂ ਹੀ ਮੈਂ ਬੱਸ ਵਿਚ ਛਿੱਤਰ-ਪਰੇਡ ਹੁੰਦੀ ਦੇਖੀ। ਉਦੋਂ ਮੈਂ ਡੀ.ਐੱਮ. ਕਾਲਜ ਮੋਗੇ ਪੜ੍ਹਦਾ ਸੀ। ਅਸੀਂ ਬੌਡਿਆਂ ਤੋਂ ਬੱਸ ਫ਼ੜਕੇ ਮੋਗੇ ਆਉਂਦੇ ਹੁੰਦੇ ਸਾਂ। ਸਾਡੇ ਪਿੰਡ ਅਜੇ ਬੱਸ ਨਹੀਂ ਆਉਣ ਲੱਗੀ ਸੀ। ਜੇ ਕਦੇ ਕਦਾਈਂ ਕੋਈ ਆਉਂਦੀ ਵੀ ਸੀ ਤਾਂ ਲੋਕ ਉਸ ਦੀ ਇਉਂ ਉਡੀਕ ਕਰਦੇ ਜਿਵੇਂ ਕਰਵਾ ਚੌਥ ਦਾ ਵਰਤ ਰੱਖੀ ਬੀਬੀਆਂ ਰਾਤ ਨੂੰ 'ਅਰਘ' ਦੇਣ ਲਈ ਚੰਦਰਮਾਂ ਦੀ ਉਡੀਕ ਕਰਦੀਆਂ ਹਨ! ਮੋਗੇ ਦੇ ਬੱਸ ਸਟੈਂਡ 'ਤੇ ਖੜ੍ਹੀਆਂ ਬੱਸਾਂ ਵਿਚ ਇਕ ਬੰਦਾ ਇਕ-ਇਕ ਰੁਪਈਏ ਦੀ ਜਲਧਾਰੇ ਦੀ ਸ਼ੀਸ਼ੀ ਵੇਚਦਾ ਹੁੰਦਾ ਸੀ। ਇਕ ਰੁਪਏ ਦੀ ਇਸ ਸ਼ੀਸ਼ੀ ਦੇ ਗੁਣ ਜਦ ਉਹ ਦੱਸਣ ਲੱਗਦਾ ਤਾਂ ਲੋਕ ਉਸ ਦੇ ਇੰਜ ਕਾਇਲ ਹੋ ਜਾਂਦੇ ਜਿਵੇਂ ਉਹ ਲੰਡਨ ਦਾ ਕਿੰਗ ਜੌਰਜ ਹਸਪਤਾਲ਼ ਨਾਲ਼ ਹੀ ਚੁੱਕੀ ਫ਼ਿਰਦਾ ਹੋਵੇ। ਸ਼ੀਸ਼ੀ ਦੇ ਗੁਣਾਂ ਵਿਚ ਇਹ ਵੀ ਸ਼ਾਮਲ ਸੀ ਕਿ ਜੇ ਕਿਤੇ ਰਾਤ ਬਰਾਤੇ ਕਿਸੇ ਦੇ ਕੱਟਰੂ-ਵੱਛਰੂ ਨੂੰ ਅਫ਼ਰੇਵਾਂ ਹੋ ਜਾਵੇ ਤਾਂ ਪਸ਼ੂ ਦੀ ਅੱਖ ਵਿਚ ਇਕ ਤੁਪਕਾ 'ਜਲਧਾਰੇ' ਦਾ ਪਾਓ! ਅਫ਼ਰੇਵਾਂ ਖ਼ਤਮ ਹੋ ਜਾਵੇਗਾ। ਖ਼ੈਰ, ਸਾਡੇ ਪਿੰਡ ਦੇ ਧਿਆਨੇ ਨੇ ਉਸ ਸ਼ੀਸ਼ੀ ਦੇ ਵੀਹ-ਪੱਚੀ ਗੁਣ ਸੁਣ ਕੇ ਇਕ ਰੁਪਈਆ ਖ਼ਰਚ ਦਿੱਤਾ ਅਤੇ ਜਲਧਾਰੇ ਦੀ ਸ਼ੀਸ਼ੀ ਖ਼ਰੀਦ ਲਈ। ਕੁਦਰਤ ਰੱਬ ਦੀ ਇਕ ਦਿਨ ਗੁਆਂਢੀਆਂ ਦੀ ਮੱਝ ਨੂੰ ਸਪਰੇਅ ਵਾਲ਼ਾ ਗੁਆਰਾ ਖਾ ਕੇ ਅਫ਼ਰੇਵਾਂ ਹੋ ਗਿਆ। ਧਿਆਨ ਸਿੰਘ ਨੇ ਜਦ ਰੌਲ਼ਾ ਜਿਹਾ ਸੁਣਿਆਂ ਤਾਂ ਉਹ ਆਪਣੀ ਸ਼ੀਸ਼ੀ ਗੀਝੇ ਵਿਚ ਪਾ ਕੇ ਗੁਆਂਢੀਆਂ ਦੇ ਘਰੇ ਚਲਾ ਗਿਆ।

-"ਕੀ ਗੱਲ ਐ ਭਤੀਜ...?"

-"ਕਾਹਦੀ ਗੱਲ ਐ ਤਾਇਆ..! ਮੱਝ ਨੂੰ ਫ਼ਰੇਮਾਂ ਹੋ ਗਿਆ..!" ਗੁਆਂਢੀ ਮੁੰਡੇ ਨੇ ਦੁਖੀ ਜਿਹੇ ਮਨ ਨਾਲ਼ ਦੱਸਿਆ।

-"ਦੁਆਈ ਮੇਰੇ ਕੋਲ਼ੇ ਐ - ਤੁਸੀਂ ਇਹਨੂੰ ਕੇਰਾਂ ਮੂਧੀ ਪਾਓ!" ਉਸ ਨੇ ਹਕੀਮ ਵਾਂਗ ਕਿਹਾ।

-"ਮੂਧੀ ਪਾਉਣ ਨੂੰ ਕੋਈ ਟੀਕਾ ਟੂਕਾ ਲਾਉਣੈਂ ਭਾਈ ਜੀ..?" ਮੁੰਡੇ ਦੀ ਮਾਂ ਨੇ ਪੁੱਛਿਆ।

-"ਕਾਹਨੂੰ ਲਾਣੇਦਾਰਨੀਏਂ..! ਤੂੰ ਆਬਦੀਆਂ ਦੁੱਧ ਰਿੜਕਣ ਆਲ਼ੀਆਂ ਗੱਲਾਂ ਨਾ ਕਰ..! ਦੁਆਈ ਇਹਦੀ ਅੱਖ 'ਚ ਪਾਉਣੀਂ ਐਂ..! ਦੇਖੀ ਜਾਈਂ..! ਚੱਕਦੂ ਅੱਖਾਂ ਦੀ ਲਾਲੀ..!"

-"ਫ਼ੇਰ ਮੂਧੀ ਪਾਉਣ ਦੀ ਕੀ ਲੋੜ ਐ ਤਾਇਆ..? ਮੂਧਾ ਤਾਂ ਪਸ਼ੂ ਪਹਿਲਾਂ ਈ ਹੁੰਦੈ..!"

-"ਹਾਂ..! ਇਹ ਗੱਲ ਵੀ ਸਹੀ ਐ..! ਚਲੋ ਫ਼ੇਰ ਇਹਨੂੰ ਟੇਢੀ ਕਰੋ..!"

ਮੁੰਡਿਆਂ ਨੇ ਬਿਮਾਰ ਮੱਝ ਔਖੇ ਸੌਖੇ ਹੋ ਕੇ ਟੇਢੀ ਕਰ ਲਈ।

ਮੱਝ ਦੀ ਅੱਖ ਵਿਚ ਜਲਧਾਰਾ ਪਾ ਦਿੱਤਾ ਗਿਆ। ਪਰ ਕੋਈ ਫ਼ਰਕ ਨਾ ਪਿਆ। ਮੱਝ ਹੋਰ ਵੀ ਔਖੇ ਔਖੇ ਸਾਹ ਲੈਣ ਲੱਗ ਪਈ।

-"ਦੇਬੂ..! ਮੱਝ ਤੰਗ ਐ ਭਾਈ..! ਕਿਸੇ ਸਲੋਤਰੀ ਨੂੰ ਬੁਲਾਓ..!" ਦੇਬੂ ਦੀ ਮਾਂ ਚਿੰਤਾ ਵਿਚ ਬੋਲੀ।

-"ਲਾਣੇਦਾਰਨੀਏਂ ਤੂੰ ਫ਼ਿਕਰ ਕਿਉਂ ਕਰਦੀ ਐਂ..? ਸਲੋਤਰੀ ਨੇ ਆ ਕੇ ਕਿਹੜਾ ਟੂਣਾਂ ਕਰ ਜਾਣੈਂ..? ਦੁਆਈ ਆਪਣੇ ਕੋਲ਼ੇ ਐ..! ਇਕ ਵਾਰੀ ਹੋਰ ਚਾੜ੍ਹ ਦਿਆਂਗੇ..!"

-"ਵੇ ਭਾਈ ਉਹਨਾਂ ਦੀਆਂ ਪੜ੍ਹਾਈਆਂ ਕੀਤੀਆਂ ਹੁੰਦੀਐਂ, ਅਗਲੇ ਮਿੰਟ 'ਚ ਰੋਗ ਬੁੱਝ ਲੈਂਦੇ ਐ..!"

-"ਲੈ ਭੜ੍ਹਾਈਆਂ ਕਰਕੇ ਉਹਨਾਂ ਕੋਲ਼ੇ ਕਿਹੜਾ ਗਿੱਦੜਸਿੰਗੀ ਆ ਜਾਂਦੀ ਐ..? ਆਹ ਬਰਾੜਾਂ ਦਾ ਬੱਲੀ ਸਾਰੇ ਪਿੰਡ ਜਿੰਨਾਂ 'ਕੱਲਾ ਈ ਪੜ੍ਹ ਗਿਆ..! ਉਹਦਾ ਡਮਾਕ ਹਿੱਲ ਗਿਆ..! ਆਬਦੇ ਬਾਪੂ ਨੂੰ 'ਭਾਅਪਾ' ਈ ਦੱਸਦੈ..! ਉਏ ਮੁੰਡਿਓ..! ਹੁਣ ਮੈਨੂੰ ਇਹਦੀ ਦੂਜੀ ਅੱਖ 'ਚ ਪਾਉਣ ਦਿਓ ਇਕ ਤੁਪਕੀ..! ਦੇਖਿਓ ਕਿਮੇ ਫ਼ੁੱਲ ਮਾਂਗੂੰ ਹੌਲ਼ੀ ਹੁੰਦੀ ਐ..! ਇਹ ਤਾਂ ਦਸਾਂ ਮਿੰਟਾਂ 'ਚ ਸੀਟੀਆਂ ਮਾਰੂ, ਸੀਟੀਆਂ..! ਸੀਸੀ 'ਤੇ ਮੇਰਾ ਪੂਰਾ ਰੁਪਈਆ ਲਾਇਆ ਵਿਐ..! ਜਿਹੜੇ ਬੱਸਾਂ 'ਚ 'ਪਰਾਟੀਸ' ਕਰਦੇ ਫ਼ਿਰਦੇ ਐ, ਕਿਤੇ ਝੂਠ ਤੁਫ਼ਾਨ ਤਾਂ ਨ੍ਹੀ ਤੋਲਦੇ..! ਕਰੋ ਇਹਨੂੰ ਮਾੜਾ ਜਿਆ ਬੱਤ ਕੇਰਾਂ..! ਫੜ ਬਈ ਇਹਦਾ ਕੰਨ..! ਡਰਦਾ ਕਾਹਤੋਂ ਐਂ..? ਇਹ ਸ਼ਾਂਟ ਤਾਂ ਨ੍ਹੀ ਮਾਰਦੀ..!" ਮੁੰਡਿਆਂ ਨੇ ਉਸ ਦੇ ਆਖੇ ਲੱਗ ਕੇ ਦੁਆਈ ਮੱਝ ਦੀ ਦੂਜੀ ਅੱਖ ਵਿਚ ਵੀ ਪੁਆ ਦਿੱਤੀ। ਪਰ ਰਾਜ਼ੀ ਹੋਣ ਦੀ ਜਗਾਹ ਮੱਝ ਅੱਧੇ ਕੁ ਘੰਟੇ ਬਾਅਦ ਇਸ 'ਫ਼ਾਨੀ ਸੰਸਾਰ' ਨੂੰ 'ਫ਼ਤਹਿ' ਬੁਲਾ ਗਈ। ਦਸ ਕਿਲੋ ਦੁੱਧ ਦੇਣ ਵਾਲ਼ੀ ਮੱਝ ਦੇ ਵਿਯੋਗ ਵਿਚ ਬੁੜ੍ਹੀ ਦੇ ਪਿੱਟ-ਸਿਆਪਾ ਜਿਹਾ ਕਰਨ 'ਤੇ ਮੁੰਡਿਆਂ ਨੇ ਧਿਆਨਾ ਮੱਝ ਵਾਂਗ ਹੀ ਮੂਧਾ ਪਾ ਲਿਆ ਅਤੇ ਤਕੜੀ ਦੁਰਬੜੀ ਲਾ ਦਿੱਤੀ। ਕੁੱਟ ਖਾ ਕੇ ਸਤਿਆ ਧਿਆਨਾਂ ਅਗਲੇ ਦਿਨ ਮੋਗੇ ਨੂੰ ਬੱਸ ਚੜ੍ਹ ਗਿਆ। ਜਾਣ ਸਾਰ ਉਸ ਨੇ ਉਹ ਸ਼ੀਸ਼ੀਆਂ ਵੇਚਣ ਵਾਲ਼ਾ ਬਾਈ ਲੱਭ ਲਿਆ ਅਤੇ ਉਸ 'ਤੇ ਧੌੜੀ ਦੀ ਜੁੱਤੀ 'ਫ਼ੇਰਨੀ' ਸ਼ੁਰੂ ਕਰ ਦਿੱਤੀ।

ਬਾਕੀ ਹਿਸਾ ਸਫਾ 61 ਤੇ ਪੜ੍ਹੋ

## 60 ਸਫ਼ੇ ਦੀ ਬਾਕੀ

ਇਕ ਸੱਭਿਆਚਾਰਕ ਮੇਲੇ ਵਿਚ ਇਕ ਗਾਇਕ ਲੋਕਾਂ ਨੂੰ ਅਤੇ ਗਾਇਕਾਂ ਨੂੰ 'ਉਪਦੇਸ਼' ਜਿਹਾ ਦੇਈ ਜਾ ਰਿਹਾ ਸੀ, "ਮੇਰੀ ਗਾਇਕ ਵੀਰਾਂ ਨੂੰ ਬੇਨਤੀ ਹੈ ਕਿ ਪ੍ਰਸਿੱਧੀ ਲਈ ਲੱਚਰ ਗੀਤਾਂ ਦਾ ਸਹਾਰਾ ਨਾ ਲੈਣ..! ਜਿੱਥੋਂ ਤੱਕ ਹੋ ਸਕੇ, ਗੀਤ ਧੀਆਂ ਭੈਣਾਂ ਵਿਚ ਸੁਣਨ ਵਾਲ਼ੇ ਹੀ ਗਾਏ ਜਾਣ..! ਮੇਰੀ ਗੀਤਕਾਰ ਭਰਾਵਾਂ ਨੂੰ ਵੀ ਗੁਜ਼ਾਰਿਸ਼ ਹੈ ਕਿ ਉਹ ਅਸ਼ਲੀਲ ਗੀਤ ਨਾ ਸਿਰਜਿਆ ਕਰਨ..! ਸੱਭਿਆਚਾਰਕ ਗੀਤ ਹੀ ਲਿਖਿਆ ਕਰਨ ਤਾਂ ਕਿ ਅਸੀਂ ਆਪਣਾ ਵਿਰਸਾ ਬਚਾ ਸਕੀਏ..!" ਤੇ ਜਦ ਉਸੇ ਗਾਇਕ ਨੇ "ਨਾਲ਼ੋਂ ਜਾ ਕੇ ਨਾਇਣ ਚੱਕ ਲਈ - ਮੈਂ ਤਾਂ ਸੋਚਿਆ ਪਟੋਲ੍ਹਾ ਹੱਥ ਆ ਗਿਆ..!" ਸ਼ੁਰੂ ਕੀਤਾ ਤਾਂ ਉਥੇ ਉਸ ਦੇ ਸਿਰ ਵਿਚ ਕਿੰਨੇ ਅਤੇ ਕਿੰਨੀ ਤਰ੍ਹਾਂ ਦੇ ਛਿੱਤਰ ਵਰ੍ਹੇ..? ਦੱਸਣਾ ਮੁਸ਼ਕਿਲ ਹੈ..! ਇਹ ਤਾਂ ਸ਼ਾਇਦ ਕੋਈ ਡਾਕਟਰੀ ਰਿਪੋਰਟ ਹੀ ਦੱਸ ਸਕੇਗੀ!

ਸਾਡੇ ਪਿੰਡ ਵਿਚ ਇਕ ਤਾਈ ਹਰਨਾਮੀ ਹੁੰਦੀ ਸੀ। ਉਮਰ ਉਸ ਦੀ ਅੱਸੀਆਂ ਦੇ ਨੇੜ ਅਤੇ ਸੋਟੀ ਆਸਰੇ ਹੀ ਤੁਰਦੀ ਸੀ! ਆਦਤ ਉਸ ਦੀ ਵੀ ਬਹੁਤ ਭੈੜ੍ਹੀ ਸੀ। ਜਦ ਕਿਸੇ ਪਿੰਡ ਦੀ ਨੂੰਹ ਨੇ ਖੇਤ ਰੋਟੀ ਲਈ ਜਾਂਦੀ ਨੇ ਉਸ ਨੂੰ, "ਬੇਬੇ ਜੀ ਮੱਥਾ ਟੇਕਦੀ ਆਂ" ਆਖ ਜਾਣਾ ਤਾਂ ਤਾਈ ਹਰਨਾਮੀ ਨੇ ਸੋਟੀ ਆਸਰੇ ਉਥੇ ਹੀ ਖੜ੍ਹ ਕੇ ਅਸੀਸਾਂ ਦੇਣ ਲੱਗ ਜਾਣਾ, "ਵੀਰ ਜਿਉਣ, ਮਹਾਰਾਜ ਬੱਚਾ ਦੇਵੇ, ਰੱਬ ਭਾਗ ਲਾਵੇ, ਬੁੱਢ ਸੁਹਾਗਣ ਰਹੇਂ..!" ਮੱਥਾ ਟੇਕਣ ਵਾਲ਼ੀ ਨੇ ਰੋਟੀ ਲੈ ਕੇ ਖੇਤ ਪਹੁੰਚ ਜਾਣਾ। ਪਰ ਤਾਈ ਨੇ ਉਥੇ ਖੜ੍ਹੀ ਨੇ ਹੀ ਅਸੀਸਾਂ ਦੇਈ ਜਾਣੀਆਂ! ਤੇ ਜੇ ਕਿਸੇ ਨੇ ਬੇਧਿਆਨੀ ਜਾਂ ਤੇਜੀ ਵਿਚ ਤਾਈ ਹਰਨਾਮੀ ਨੂੰ ਮੱਥਾ ਟੇਕਣੋਂ ਭੁੱਲ ਜਾਣਾ ਤਾਂ ਉਦੋਂ ਤਾਂ ਤਾਈ ਨੇ ਕੁਝ ਨਾ ਬੋਲਣਾ। ਪਰ ਜਦ ਅਗਲੀ ਨੇ ਕਿੱਲਾ ਦੋ ਕਿੱਲੇ ਵਾਟ ਅੱਗੇ ਲੰਘ ਜਾਣਾ ਤਾਂ ਤਾਈ ਨੇ ਆਪਣਾ 'ਸੋਲ੍ਹਾ' ਛਿੱਤਰ ਲਾਹ ਕੇ ਅਗਲੀ ਦੇ ਪੈਰ ਦੀ ਪੈੜ ਕੁੱਟਣ ਲੱਗ ਜਾਣੀ, "ਇਹ ਤਾਂ ਕਿਸੇ ਗਏ ਘਰ ਦੀ ਐ..! ਇਹਨੂੰ ਅਕਲ ਨ੍ਹੀ ਭਾਈ..!" ਤੇ ਜੇ ਕਿਸੇ ਨੇ ਉਸ ਨੂੰ ਜੁੱਤੀ ਨਾਲ਼ ਪੈੜ ਕੁੱਟਣ ਦਾ ਕਾਰਨ ਪੁੱਛਣਾ ਤਾਂ ਉਸ ਨੇ ਛਿੱਤਰ ਦੀ ਸੱਟ ਹੋਰ ਕਰੜੀ ਕਰ ਦੇਣੀਂ ਅਤੇ ਨਾਲ਼ੇ ਪੈੜ 'ਤੇ ਥੁੱਕਣਾ, "ਕਿਸੇ ਮਾੜੇ ਪੈੜੇ ਆਲ਼ੀ ਦੀ ਪੈੜ ਕੁੱਟਦੀ ਐਂ ਭਾਈ..! ਐਹੋ ਜੀ ਦਾ ਤਾਂ ਪਿੰਡ 'ਤੇ ਪਰਛਾਵਾਂ ਪਿਆ ਵੀ ਮਾੜੈ..!" ਉਸ ਨੇ ਮੱਥਾ ਨਾ ਟੇਕਣ ਦਾ ਗੁੱਸਾ ਅਗਲੀ ਦੀ ਪੈੜ ਕੁੱਟ ਕੇ ਕੱਢਣਾ! ਕਦੇ ਕਦੇ ਉਸ ਨੇ ਬਿਨਾ ਗੱਲੋਂ ਵੀਹੀ ਵਿਚ ਖੜ੍ਹ ਕੇ ਆਪਣਾ ਗੁੱਸਾ ਕੱਢਣ ਲੱਗ ਪੈਣਾਂ, "ਪੰਜ ਦਿਨ ਹੋ ਗਏ, ਆਹ ਟੁੱਟੜਾ ਮਿਸਤਰੀ ਮੇਰੀ ਪੀੜ੍ਹੀ ਨ੍ਹੀ ਠੋਕ ਕੇ ਦਿੰਦਾ..! ਮੈਂ ਇਕ ਅੱਧਾ ਦਿਨ ਹੋਰ ਦੇਖਣੈਂ, ਰੁੜ੍ਹ ਜਾਣੇ ਦੇ ਘਰੇ ਸਿਆਪਾ ਕਰ ਕੇ ਆਊਂ..!" ਤੇ ਨਾਲ਼ ਦੀ ਨਾਲ਼ ਉਸ ਨੇ ਅੰਦਰੋਂ ਛੱਜ ਲਿਆ ਕੇ ਉਸ 'ਤੇ ਆਪਣਾ ਛਿੱਤਰ ਖੜਕਾਉਣਾ ਸ਼ੁਰੂ ਕਰ ਦੇਣਾ!

ਇਕ ਗੱਲ ਹੋਰ ਦੱਸਦਾ ਜਾਂਵਾਂ ਕਿ ਛਿੱਤਰ ਸਿਰਫ਼ ਕੁੱਟਣ ਵਾਸਤੇ ਹੀ ਨਹੀਂ ਹੁੰਦਾ! ਛਿੱਤਰ ਕਦੇ ਕਦੇ ਦੁਆਈ ਵਾਂਗ ਲਾਹੇਵੰਦ ਵੀ ਸਾਬਤ ਹੁੰਦਾ ਹੈ! ਆਮ ਲੋਕਾਂ ਦਾ ਕਥਨ ਹੈ ਕਿ ਜੇ ਕਿਸੇ ਨੂੰ ਮਿਰਗੀ ਪੈ ਜਾਵੇ, ਤਾਂ ਉਸ ਰੋਗੀ ਨੂੰ ਛਿੱਤਰ ਸੁੰਘਾਓ! ਠੀਕ ਹੋ ਜਾਵੇਗਾ! ਜੁੱਤੀ ਉਤਨੀ ਬਦਨਾਮ ਨਹੀਂ, ਜਿੰਨੀ ਲੋਕਾਂ ਨੇ ਬਦਨਾਮ ਕਰ ਮਾਰੀ ਹੈ! ਜਦ ਅਸੀਂ ਗੁਰੂ ਘਰ ਜਾਂਦੇ ਹਾਂ ਤਾਂ ਜੋੜਿਆਂ ਦੀ ਸੇਵਾ ਨੂੰ ਉੱਤਮ ਸਮਝ ਕੇ ਕਰਦੇ ਹਾਂ! ਜੋੜਿਆਂ ਦੀ ਸੇਵਾ ਕਰਨ ਨਾਲ਼ ਮਨ ਦੀ ਮੈਲ਼ ਅਤੇ ਪਾਪ ਧੋਤੇ ਜਾਂਦੇ ਹਨ। ਇਕ ਵਾਰੀ ਧੰਨੇ ਅਮਲੀ ਨੂੰ ਕੋਈ ਜੋਗੀ 'ਮਣਕਾ' ਦੇ ਗਿਆ। ਅਖੇ ਜੇ ਕਿਸੇ ਦੇ ਸੱਪ ਲੜ ਜਾਵੇ ਤਾਂ ਇਹ ਮਣਕਾ ਉਪਰ ਲਾ ਦੇਵੀਂ। ਇਹ ਮਣਕਾ ਸਾਰੀ ਜ਼ਹਿਰ ਚੂਸ ਲਵੇਗਾ। ਅਮਲੀ ਸੀ ਕਮਲ਼ਾ! ਉਸ ਨੇ ਖੇਤਾਂ ਦੀਆਂ ਉੱਜੜੀਆਂ ਖੱਡਾਂ ਵਿਚ ਹੱਥ ਮਾਰਨੇ ਸ਼ੁਰੂ ਕਰ ਦਿੱਤੇ ਕਿ ਕਦੋਂ ਸੱਪ ਮੇਰੇ ਲੜੇ, ਤੇ ਕਦੋਂ ਮੈਂ ਮਣਕਾ ਅਜ਼ਮਾਵਾਂ..! ਸਾਡੇ ਗੁਆਂਢੀ ਤਾਏ ਨੇ ਹੱਸਦਿਆਂ ਕਿਹਾ, "ਦੇਖੋ ਉਏ ਮੁੰਡਿਓ..! ਇਹਦੀਆਂ ਲੱਕੜਾਂ ਦਾ ਪ੍ਰਬੰਧ ਕਰੋ ਉਏ..! ਔਹ ਧੰਨੇ ਨੂੰ ਮਣਕੇ ਦਾ ਕੀ ਕਮਲ਼ ਚੜ੍ਹਿਐ..! ਦਿਨ ਰਾਤ ਸੱਪਾਂ ਦੀਆਂ ਖੱਡਾਂ ਵਿਚ ਹੱਥ ਪਾ ਪਾ ਕੇ ਸੱਪ ਟੋਂਹਦੈ ਫ਼ਿਰਦੈ..! ਇਹ ਕਿਸੇ ਦਿਨ ਸੱਪ ਫੜਦਾ ਫੜਦਾ ਕਿਤੇ ਬੰਦੇ ਨਾ ਫੜਨ ਲੱਗ ਪਵੇ? ਕਿਸੇ ਦਿਨ ਸੱਪ ਆਉਣੈਂ ਨਿਕਲ਼ ਤੇ ਉਹਨੇ ਮਾਰਨੈਂ ਇਹਦੇ ਡੰਗ, ਮਣਕੇ ਨੇ ਕੁਛ ਕਰਨਾ ਨ੍ਹੀ ਤੇ ਇਹਨੇ ਮਰ ਜਾਣੈਂ..! ਲੱਕੜਾਂ ਆਪਾਂ ਨੂੰ ਈ ਲਾਉਣੀਆਂ ਪੈਣੀਐਂ..!" ਇਕ ਦਿਨ ਕਿਸੇ ਖੱਡ 'ਚੋਂ ਕੋਈ ਚੂਹੇ ਖਾਣਾ ਸੱਪ ਨਿਕਲ਼ ਆਇਆ ਤੇ ਧੰਨੇ ਦੇ ਦੰਦੀ ਜਿਹੀ ਵੱਢ ਗਿਆ। ਸੱਪ ਦੀਆਂ ਕਈ ਨਸਲਾਂ ਐਹੋ ਜਿਹੀਆਂ ਹੁੰਦੀਆਂ ਨੇ, ਜਿੰਨ੍ਹਾਂ ਦੇ ਡੰਗ ਵਿਚ ਜ਼ਹਿਰ ਹੀ ਨਹੀਂ ਹੁੰਦਾ। ਸੱਪ ਦੇ ਡੰਗਣ ਨਾਲ਼ ਧੰਨੇ ਨੂੰ ਬਹੁਤਾ ਕੁਛ ਤਾਂ ਨਾ ਹੋਇਆ ਅਤੇ ਨਾ ਹੀ ਉਸ ਦੇ ਮਣਕੇ ਨੇ ਕੋਈ ਕੰਮ ਕੀਤਾ! ਪਿੰਡ ਵਾਲ਼ੇ ਕਿਤੋਂ ਕਿਸੇ ਜੋਗੀ ਨੂੰ ਲੱਭ ਲਿਆਏ। ਉਸ ਨੇ ਸਲਾਹ ਦਿੱਤੀ ਕਿ ਚੂਹੇ ਖਾਣੇ ਸੱਪ ਦੇ ਡੰਗਣ ਨਾਲ਼ ਬੰਦਾ ਮਰਦਾ ਨਹੀਂ। ਬੱਸ 'ਘਾਊਂ-ਮਾਊਂ' ਜਿਹਾ ਹੋ ਜਾਂਦੈ ਤੇ ਡੰਗ ਵਾਲ਼ੀ ਜਗਾਹ 'ਤੇ ਸੋਜ਼ ਜਿਹੀ ਹੋ ਜਾਂਦੀ ਐ!

-"ਇਹਦਾ 'ਲਾਜ ਵੀ ਦੱਸ ਦਿਓ ਜੋਗੀ ਜੀ..! ਇਹਦੀ ਸੋਜ ਦਾ ਕੀ ਕਰੀਏ..?" ਕਿਸੇ ਰਹਿਮ ਦਿਲ ਨੇ ਪੁੱਛਿਆ।

-"ਇਹਦੇ ਸੋਜ਼ ਵਾਲ਼ੀ ਥਾਂ 'ਤੇ ਨਿੰਮ੍ਹ ਦਾ ਪਾਣੀ ਲਾ ਕੇ ਸੁੱਕਿਆ ਛਿੱਤਰ ਰਗੜੋ..! ਲੋਟ ਹੋਜੂ..!" ਆਖ ਕੇ ਜੋਗੀ ਚਲਾ ਗਿਆ।

ਸੋ ਮਿੱਤਰੋ! ਛਿੱਤਰ ਇਕੱਲਾ ਦੁੱਖ ਦੇਣ ਵਾਲ਼ਾ ਹੀ ਨਹੀਂ, ਦੁਆਈ ਦਾ ਕੰਮ ਵੀ ਕਰਦਾ ਹੈ! ਇਹ ਤਾਂ ਵਰਤਣ ਦਾ ਢੰਗ ਆਉਣਾ ਚਾਹੀਦਾ ਹੈ! ਬਹੁਤੀਆਂ ਗੱਲਾਂ ਦੱਸਣ ਵਾਲ਼ੀਆਂ ਨਹੀਂ ਹੁੰਦੀਆਂ! ਇਸੇ ਲਈ ਹੀ ਤਾਂ ਮੈਂ ਆਖਦਾ ਹਾਂ ਕਿ ਬੋਲ ਛਿੱਤਰ ਭਲਵਾਨ ਕੀ..! ਅੱਗੇ ਥੋੜਾ ਕੰਮ ਹੈ..!

### ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।
ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ


# ਵਿਸ਼ਵ ਰਤਨ ਬਲਬੀਰ ਸਿੰਘ ਦੀ ਪੰਜਵੀਂ ਬਰਸੀ 'ਤੇ

ਪ੍ਰਿੰ. ਸਰਵਣ ਸਿੰਘ



ਆਈਕੋਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਅੱਜ ਪੰਜਵੀਂ ਬਰਸੀ ਹੈ। ਉਸ ਨੇ ਪਹਿਲਾ ਸਾਹ 31 ਦਸੰਬਰ 1923 ਦੀ ਰਾਤ ਨੂੰ ਆਪਣੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਦੀ ਫਿਜ਼ਾ ਵਿਚ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਦੀ ਸਵੇਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। ਬੁੱਢੇਵਾਰੇ ਉਹ ਆਪਣੀ ਧੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਪਾਸ ਚੰਡੀਗੜ੍ਹ ਰਹਿੰਦੇ ਸਨ ਜੋ ਉਨ੍ਹਾਂ ਦੀ ਸੇਵਾ ਸੰਭਾਲ ਕਰਦੇ ਸਨ। ਬਲਬੀਰ ਸਿੰਘ ਸਰੀਰਕ ਤੌਰ ਬੇਸ਼ਕ ਨਹੀਂ ਰਿਹਾ ਪਰ ਉਹਦਾ ਨਾਂ ਸਦਾ ਅਮਰ ਰਹੇਗਾ।

ਹਾਕੀ ਦਾ 'ਗੋਲ ਕਿੰਗ' ਕਹੇ ਜਾਂਦੇ ਬਲਬੀਰ ਸਿੰਘ ਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ। ਬਲਬੀਰ ਸਿੰਘ ਦੇ ਪਿਤਾ ਗਿਆਨੀ ਦਲੀਪ ਸਿੰਘ ਭਾਰਤ ਦੇ ਸੁਤੰਤਰਤਾ ਵਿਚ ਅਨੇਕ ਵਾਰ ਜੇਲ੍ਹ ਗਏ ਸਨ। 2015 ਵਿਚ ਮੈਂ ਬਲਬੀਰ ਸਿੰਘ ਦੀ



ਜੀਵਨੀ 'ਗੋਲਡਨ ਗੋਲ ਲਿਖੀ ਸੀ ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਤ ਕੀਤੀ, ਇਸ ਲਈ ਮੈਨੂੰ ਉਨ੍ਹਾਂ ਬਾਰੇ ਕਾਫੀ ਕੁਝ ਪਤਾ ਹੈ।

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ 73 ਸਾਲ ਪੁਰਾਣਾ ਰਿਕਾਰਡ ਹੈ।

ਲੰਡਨ ਓਲੰਪਿਕਸ-2012 ਦੀ ਨੁਮਾਇਸ਼ ਲਈ ਓਲੰਪਿਕ ਖੇਡਾਂ ਦੇ ਇਤਿਹਾਸ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ ਚੁਣੇ ਗਏ ਉਨ੍ਹਾਂ ਵਿਚ ਬਲਬੀਰ ਸਿੰਘ ਹਾਕੀ ਦਾ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਭਾਵ ਵਿਸ਼ਵ ਰਤਨ ਬਣਾ ਦਿੱਤਾ ਹੈ ਪਰ ਭਾਰਤ ਸਰਕਾਰ ਨੇ ਪਤਾ ਨਹੀਂ ਕਿਉਂ ਅਜੇ ਤਕ ਭਾਰਤ ਰਤਨ ਨਹੀਂ ਬਣਾਇਆ?

ਬਲਬੀਰ ਸਿੰਘ ਕਹਿੰਦਾ ਹੁੰਦਾ ਸੀ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ ਹੋ ਗਿਆ ਤਾਂ ਖੇਡ ਖ਼ਤਮ।"

ਆਖ਼ਰ ਬਲਬੀਰ ਸਿੰਘ ਦੀ ਜੀਵਨ ਖੇਡ 25 ਮਈ 2020 ਨੂੰ ਸਵੇਰੇ ਸਵਾ ਛੇ ਵਜੇ ਖ਼ਤਮ ਹੋ ਗਈ ਸੀ।

ਆਖ਼ਰੀ ਗੱਲ: ਬਲਬੀਰ ਸਿੰਘ ਦੇ ਭੋਗ ਅਤੇ ਅੰਤਮ ਅਰਦਾਸ ਪਿੱਛੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਅਖ਼ਬਾਰਾਂ ਵਿਚ ਬਿਆਨ ਛਪਵਾਇਆ ਕਿ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਸ਼ੋਭਿਤ ਕੀਤੀ ਜਾਵੇਗੀ। ਪਰਿਵਾਰ ਨੇ ਤਸਵੀਰ ਦੇ ਦਿੱਤੀ, ਅਜਾਇਬਘਰ ਲਈ ਤਿਆਰ ਵੀ ਹੋ ਗਈ ਪਰ ਚਿੱਠੀ ਪੱਤਰ ਦੇ ਬਾਵਜੂਦ ਅਜੇ ਤਕ ਸਸ਼ੋਭਿਤ ਨਹੀਂ ਕੀਤੀ ਗਈ।

ਇਸ ਸਥਿਤੀ ਵਿਚ ਸੱਚਖੰਡ ਨਿਵਾਸੀ ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਦੇ ਪਰਿਵਾਰ ਨੂੰ ਇਹੋ ਸਲਾਹ ਹੈ ਕਿ ਬਲਬੀਰ ਸਿੰਘ ਦੇ ਪਰਿਵਾਰ ਵਾਂਗ ਤਸਵੀਰ ਤੁਰਤ ਹੀ ਨਾ ਦੇ ਦੇਣ। ਤਦ ਤਕ ਉਡੀਕ ਕਰਨ ਜਦੋਂ ਤਕ ਸਿੱਖਾਂ ਦੀ ਸਿਰਮੌਰ ਕਮੇਟੀ ਨੂੰ ਸਮਝ ਨਹੀਂ ਆਉਂਦੀ ਕਿ ਕੁਲ ਦੁਨੀਆ ਵਿਚ ਸਿੱਖਾਂ ਦੀ 'ਪੱਗ ਤੇ ਸਿੱਖ ਸਰੂਪ ਦੀ ਸ਼ੋਭਾ ਵਧਾਉਣ ਵਾਲੇ 'ਗੁਰਸਿੱਖ ਕੌਣ ਹਨ?

*principalsarwansingh@gmail.com*

# ਕਾਨ ਫ਼ਿਲਮ ਫੈਸਟੀਵਲ ਅਮਿੱਟ ਯਾਦਾਂ ਛੱਡਦਾ ਸਮਾਪਤ

**ਪ੍ਰੋ. ਕੁਲਬੀਰ ਸਿੰਘ**



ਫਰਾਂਸ ਦੇ ਸ਼ਹਿਰ ਕਾਨ ਵਿਚ 13 ਮਈ ਤੋਂ ਆਰੰਭ ਹੋਇਆ ਕਾਨ ਫ਼ਿਲਮ ਫੈਸਟੀਵਲ 24 ਮਈ ਨੂੰ ਸਮਾਪਤ ਹੋ ਗਿਆ। ਇਸ ਵਿਚ ਦੁਨੀਆਂ ਭਰ ਦੀਆਂ ਨਵੀਆਂ ਤੇ ਰਚਨਾਤਮਕ ਫ਼ਿਲਮਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਵਾਰ ਭਾਰਤ ਦੀ ਵੀ ਇਸ ਵਿਚ ਭਰਵੀਂ ਹਾਜ਼ਰੀ ਰਹੀ। ਇਹ 78ਵਾਂ ਕਾਨ ਫ਼ਿਲਮ ਉਤਸਵ ਸੀ। ਇਸਦੀ ਸ਼ੁਰੂਆਤ 1946 ਵਿਚ ਹੋਈ ਸੀ। ਵਧੇਰੇ ਕਰਕੇ ਇਸਦਾ ਆਯੋਜਨ ਮਈ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਲਗਾਤਾਰ 10-12 ਦਿਨ ਚੱਲਦਾ ਹੈ। ਇਹ ਕੇਵਲ ਸਿਨੇਮਾ ਉਤਸਵ ਹੀ ਨਹੀਂ ਬਲ ਕਿ ਕਲਾ, ਸਭਿਆਚਾਰ ਅਤੇ ਸਿਰਜਣਾਤਮਿਕਤਾ ਦਾ ਅਨੂਠਾ ਸੰਗਮ ਹੈ। ਇਹ ਅਜਿਹਾ ਮੰਚ ਹੈ ਜਿੱਥੇ ਵਿਸ਼ਵ ਦੀਆਂ ਬਿਹਤਰੀਨ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਇਸਦਾ ਮਨੋਰਥ ਸਿਨੇਮਾ ਕਲਾ ਨੂੰ ਸਨਮਾਨ ਦੇਣਾ ਅਤੇ ਰਚਨਾਤਮਕਤਾ ਤੇ ਕਹਾਣੀ ਕਹਿਣ ਦੀ ਕਲਾ ਅਤੇ ਫ਼ਿਲਮ-ਤਕਨੀਕਾਂ ਨੂੰ ਉਤਸ਼ਾਹਿਤ ਕਰਨਾ ਹੈ।

ਫ਼ਿਲਮ ਜਗਤ ਨਾਲ ਸੰਬੰਧਤ ਦੁਨੀਆਂ ਭਰ ਦੀ ਕਰੀਮ ਉੱਥੇ ਜੁੜਦੀ ਹੈ। ਨਿਰਮਾਤਾ, ਨਿਰਦੇਸ਼ਕ ਮਿਲਦੇ ਹਨ। ਨਵੇਂ ਸੌਦੇ, ਨਵੇਂ ਸਹਿਯੋਗ, ਨਵੇਂ ਤਾਲਮੇਲ ਤੈਅ ਹੁੰਦੇ ਹਨ। ਚਮਕ ਦਮਕ ਵੀ ਇਸ ਫ਼ਿਲਮ ਫੈਸਟੀਵਲ ਦਾ ਹਿੱਸਾ ਹੁੰਦੀ ਹੈ ਪਰੰਤੂ ਕੇਂਦਰ ਵਿਚ ਫ਼ਿਲਮਾਂ ਅਤੇ ਫ਼ਿਲਮ ਕਲਾ ਹੀ ਰਹਿੰਦੀ ਹੈ।

ਇਸ ਫ਼ਿਲਮ ਮੇਲੇ ਵਿਚ ਕਈ ਵਾਰ ਭਾਰਤੀ ਫ਼ਿਲਮਾਂ ਨੰ ਸਰਾਹਿਆ ਗਿਆ ਹੈ। ਇਸ ਵਾਰ ਡਾਇਰੈਕਟਰ ਨੀਰਜ ਘੇਵਾਨ ਅਤੇ ਪ੍ਰੋਡਿਊਸਰ ਕਰਨ ਜੌਹਰ ਦੀ ਫ਼ਿਲਮ 'ਹੋਮਬਾਊਂਡ' ਦੀ ਬਹੁਤ ਸਰਾਹਨਾ ਹੋਈ ਹੈ। ਇਸ ਵਿਚ ਅਦਾਕਾਰ ਵਜੋਂ ਜਾਹਨਵੀ ਅਤੇ ਈਸ਼ਾਨ ਨੇ ਮੁਖ ਭੂਮਿਕਾਵਾਂ ਨਿਭਾਈਆਂ ਹਨ। ਫ਼ਿਲਮ ਵੇਖ ਕੇ ਹਟੇ ਦਰਸ਼ਕ ਕਈ ਮਿੰਟਾਂ ਤੱਕ ਖੜੇ ਹੋ ਕੇ ਤਾੜੀਆਂ ਵਜਾਉਂਦੇ ਰਹੇ ਅਤੇ ਕਲਾਕਾਰਾਂ ਨੰ ਗਲੇ ਮਿਲ ਕੇ ਵਧਾਈਆਂ ਦਿੰਦੇ ਰਹੇ। ਨਿਰਮਾਤਾ ਨਿਰਦੇਸ਼ਕ ਅਤੇ ਕਲਾਕਾਰਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਤੈਰਦੇ ਸਾਫ਼ ਵੇਖੇ ਜਾ ਸਕਦੇ ਸਨ।



ਦੂਸਰੀ ਫ਼ਿਲਮ ਅਨੁਪਮ ਖੇਰ ਦੀ 'ਤਨਵੀ ਦਾ ਗਰੇਟ' ਸੀ ਜਿਸਨੂੰ ਵਿਸ਼ਵ ਭਰ ਤੋਂ ਆਏ ਦਰਸ਼ਕਾਂ, ਫ਼ਿਲਮਕਾਰਾਂ ਤੇ ਮਾਹਿਰਾਂ ਨੇ ਬੇਹੱਦ ਪਸੰਦ ਕੀਤਾ। ਅਨੁਪਮ ਖੇਰ ਨੇ ਪ੍ਰਤੀਕਰਮ ਵਿਅਕਤ ਕਰਦਿਆਂ ਕਿਹਾ ਕਿ ਮੈਂ ਖੁਸ਼ ਹਾਂ, ਪ੍ਰਭਾਵਤ ਹਾਂ, ਪ੍ਰੇਰਿਤ ਹਾਂ। ਇਸ ਫ਼ਿਲਮ ਵਿਚ ਅਨੁਪਮ ਖੇਰ, ਸ਼ੁਭਾਂਗੀ ਦੱਤ ਬੋਮਨ ਇਰਾਨੀ, ਜੈਕੀ ਸ਼ਰਾਫ ਜਿਹੇ ਅਦਾਕਾਰਾਂ ਨੇ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ। ਫ਼ਿਲਮ ਦੀ ਕਹਾਣੀ ਤਨਵੀ ਰੈਨਾ ਦੁਆਲੇ ਘੁੰਮਦੀ ਹੈ ਜਿਹੜੀ ਔਟਿਜ਼ਮ ਬਿਮਾਰੀ ਦੇ ਬਾਵਜੂਦ ਆਪਣੇ ਸਵਰਗਵਾਸੀ ਫੌਜੀ ਅਫ਼ਸਰ ਪਿਤਾ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਪੂਰੀ ਵਾਹ ਲਾਉਂਦੀ ਹੈ। ਇਸੇ ਤਰ੍ਹਾਂ 'ਦਾ ਗਰੇਟ ਚਰਕ' ਵੀ ਕਾਨ ਫ਼ਿਲਮ ਮੇਲੇ ਦੌਰਾਨ ਵਿਖਾਈ ਗਈ।

ਕਾਨ ਫ਼ਿਲਮ ਫੈਸਟੀਵਲ ਦੌਰਾਨ ਰੈੱਡ ਕਾਰਪੇਟ ਦਾ ਵਿਸ਼ੇਸ਼ ਮਹੱਤਵ, ਵਿਸ਼ੇਸ਼ ਜ਼ਿਕਰ ਰਹਿੰਦਾ ਹੈ। ਇਸ ਮੇਲੇ ਦਾ ਸੱਭ ਤੋਂ ਵੱਡਾ ਪੁਰਸਕਾਰ ਪਾਮ ਡੀ' ਓਰ ਹੈ ਜਿਹੜਾ 18 ਕੈਰੇਟ ਸੋਨੇ ਅਤੇ ਐਮਰਾਲਡ ਕਟ ਡਾਇਮੰਡ ਨਾਲ ਬਣਿਆ ਹੁੰਦਾ ਹੈ। ਇਸ ਮੇਲੇ ਵਿਚ ਸ਼ਮੂਲੀਅਤ ਲਈ ਸਖ਼ਤ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਪਹਿਰਾਵੇ ਸੰਬੰਧੀ ਨਿਯਮ ਹਨ। ਬੂਟਾਂ ਅਤੇ ਸੈਂਡਲਾਂ ਸੰਬੰਧੀ ਕੋਡ ਹਨ।


ਰੈੱਡ ਕਾਰਪੇਟ ਫ਼ਿਲਮੀ ਇਤਿਹਾਸ, ਫੈਸ਼ਨ ਅਤੇ ਪੁਰਾਤਨ ਪਰੰਪਰਾਵਾਂ ਦਾ ਪ੍ਰਤੀਕ ਬਣ ਚੁੱਕਾ ਹੈ। ਪਹਿਲਾਂ ਰੈੱਡ ਕਾਰਪੇਟ ਨੂੰ ਹਰੇਕ ਫ਼ਿਲਮ ਦੀ ਸਕਰੀਨਿੰਗ ਤੋਂ ਪਹਿਲਾਂ ਬਦਲਿਆ ਜਾਂਦਾ ਸੀ ਅਤੇ ਇਹ ਤਿੰਨ ਵਾਰ ਕਰਨਾ ਪੈਂਦਾ ਸੀ। ਹੁਣ ਅਜਿਹਾ ਦਿਨ ਵਿਚ ਕੇਵਲ ਇਕ ਵਾਰ ਕੀਤਾ ਜਾਂਦਾ ਹੈ। ਬਦਲਣ ਦਾ ਮਕਸਦ ਇਹ ਹੈ ਕਿ ਇਹ ਹਰ ਵੇਲੇ ਨਵਾਂ, ਸੁੰਦਰ ਤੇ ਚਮਕਦਾਰ ਨਜ਼ਰ ਆਵੇ। ਇਸ ਦਾ ਆਕਾਰ ਅਤੇ ਡਜ਼ਾਈਨ ਵੀ ਬਹੁਤ ਵਿਸ਼ੇਸ਼ ਹੁੰਦਾ ਹੈ। ਇਸਦੀ ਲੰਬਾਈ 90 ਫੁੱਟ ਦੇ ਕਰੀਬ ਹੁੰਦੀ ਹੈ ਜਿਸ ਨਾਲ ਸਾਰੇ 24 ਸਟੈੱਪ ਢੱਕੇ ਜਾਂਦੇ ਹਨ। ਇਸੇ ਕਾਰਪੇਟ 'ਤੇ ਦੁਨੀਆਂ ਭਰ ਦੇ ਪ੍ਰਸਿੱਧ ਅਦਾਕਾਰ ਚੱਲਦੇ ਹਨ ਅਤੇ ਦੁਨੀਆਂ ਦੇਖਦੀ ਹੈ। 1946 ਵਿਚ ਪਹਿਲੀ ਵਾਰ ਨੀਲੇ ਰੰਗ ਦਾ ਕਾਰਪੇਟ ਵਿਛਾਇਆ ਗਿਆ ਸੀ। ਸਾਲ 2020 ਵਿਚ ਫ਼ਰਾਂਸ ਦੇ ਸ਼ਹਿਰ ਨੀਸ ਵਿਚ ਹੋਏ ਅਤਿਵਾਦੀ ਹਮਲੇ ਵਿਚ ਮਾਰੇ ਗਏ ਲੋਕਾਂ ਨੰ ਸ਼ਰਧਾਜਲੀ ਦੇਣ ਲਈ ਇਕ ਦਿਨ ਵਾਸਤੇ ਕਾਲੇ ਰੰਗ ਦਾ ਕਾਰਪੇਟ ਵਿਛਾਇਆ ਗਿਆ ਸੀ।

ਹਰੇਕ ਫ਼ਿਲਮ ਅਦਾਕਾਰ ਜਿਸ ਕਾਨ ਫੈਸਟੀਵਲ ਦਾ ਹਿੱਸਾ ਬਣਨਾ ਚਾਹੁੰਦਾ ਹੈ ਉਹ ਹਿਟਲਰ ਦੀ ਮਨਮਾਨੀ ਵਿਰੁੱਧ ਸ਼ੁਰ ਕੀਤਾ ਗਿਆ ਸੀ। ਹਿਟਲਰ ਨੇ 1938 ਵਿਚ ਵੀਨਸ ਫ਼ਿਲਮ ਫੈਸਟੀਵਲ ਆਰੰਭ ਕੀਤਾ ਸੀ ਅਤੇ ਆਪਣੇ ਚਹੇਤਿਆਂ ਨੂੰ ਐਵਾਰਡ ਦੇਣ ਲੱਗਾ ਸੀ। ਇੰਜ਼ ਕਈ ਜਿਊਰੀ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਅਤੇ ਕਾਨ ਵਿਚ ਨਵਾਂ ਫ਼ਿਲਮ ਮੇਲਾ ਆਰੰਭ ਕੀਤਾ ਜਿਹੜਾ ਅੱਜ ਕਾਨ ਫ਼ਿਲਮ ਫੈਸਟੀਵਲ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਫ਼ਿਲਮ ਮੇਲੇ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੇ ਖਾਣੇ 'ਤੇ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਇਕ ਹੋਟਲ ਉਦਘਾਟਨੀ ਅਤੇ ਸਮਾਪਤੀ ਸਮਾਰੋਹਾਂ ਸਮੇਂ ਰਾਤ ਦੇ ਖਾਣੇ ਦਾ ਸਮੁੱਚਾ ਪ੍ਰਬੰਧ ਕਰਦਾ ਹੈ ਜਿਸ ਤੇ 2.8 ਕਰੋੜ ਰੁਪਏ ਖਰਚ ਆਉਂਦਾ ਹੈ।

ਅਨੋਖੇ ਵਿਸ਼ਿਆਂ ਅਤੇ ਸੰਵੇਦਨਸ਼ੀਲ ਕਹਾਣੀਆਂ ਕਾਰਨ ਇਸ ਮੇਲੇ ਵਿਚ ਵਿਖਾਈਆਂ ਜਾਣ ਵਾਲੀਆਂ ਸਾਰੀਆਂ ਫ਼ਿਲਮਾਂ ਚਰਚਾ ਵਿਚ ਰਹਿੰਦੀਆਂ ਹਨ।

ਹੈਰਾਨੀ ਦੀ ਗੱਲ ਹੈ ਕਿ ਸਤਿਆਜੀਤ ਰੇਅ ਦੁਆਰਾ 1970 ਵਿਚ ਬਣਾਈ ਗਈ ਕਲਾਸਿਕ ਬੰਗਾਲੀ ਫ਼ਿਲਮ 'ਅਰਨੇਰ ਦਿਨ ਰਾਤਰੀ' ਵੀ ਇਸ ਵਾਰ ਕਾਨ ਫ਼ਿਲਮ ਫੈਸਟੀਵਲ ਵਿਚ ਵਿਖਾਈ ਗਈ। ਇਸ ਵਿਚ ਨਾਇਕਾ ਦੀ ਭੂਮਿਕਾ ਨਿਭਾਉਣ ਵਾਲੀ ਸ਼ਰਮੀਲ ਟੈਗੋਰ ਵੀ ਉਥੇ ਪਹੁੰਚੀ ਹੋਈ ਸੀ।






# ਸੰਪਾਦਕ ਦੇ ਨਾਮ ਪੱਤਰ

## ਬਲਬੀਰ ਸਿੰਘ ਸੀਨੀਅਰ ਦੇ ਚਿੱਤਰ ਬਾਰੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੀ ਨੂੰ ਖੁੱਲ੍ਹਾ ਪੱਤਰ

*ਸਤਿਕਾਰਯੋਗ ਪ੍ਰਧਾਨ ਜੀਓ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ!*

ਸਨਿਮਰ ਬੇਨਤੀ ਹੈ ਕਿ 25 ਮਈ 2020 ਨੂੰ ਜਦੋਂ ਓਲੰਪਿਕ ਖੇਡਾਂ ਦੇ ਆਈਕੋਨਿਕ ਹਾਕੀ ਖਿਡਾਰੀ ਬਲਬੀਰ ਸਿੰਘ ਦਾ ਅਕਾਲ ਚਲਾਣਾ ਹੋਇਆ ਸੀ ਤਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਅਖ਼ਬਾਰਾਂ 'ਚ ਬਿਆਨ ਦਿੱਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ 'ਚ ਸਸ਼ੋਭਿਤ ਕੀਤਾ ਜਾਵੇਗਾ। ਬਲਬੀਰ ਸਿੰਘ ਨੇ ਹਾਕੀ ਦੀ ਖੇਡ ਦੇ ਨਾਲ-ਨਾਲ ਵਿਸ਼ਵ ਭਰ 'ਚ ਸਿੱਖ ਸਰੂਪ ਦੀ ਪ੍ਰਦਰਸ਼ਨੀ ਕਰ ਕੇ ਸਿੱਖੀ ਦੀ ਵੀ ਸੇਵਾ ਕੀਤੀ ਹੈ। ਇਸ ਚਿੱਤਰ ਨਾਲ ਸਿੱਖ ਨੌਜੁਆਨਾਂ ਨੂੰ ਸਾਬਤ ਸਰੂਪ ਰਹਿਣ ਤੇ ਖੇਡਣ ਦੀ ਪ੍ਰੇਰਨਾ ਮਿਲੇਗੀ। ਬਲਬੀਰ ਸਿੰਘ ਦੀ ਸਪੁੱਤਰੀ ਬੀਬੀ ਸੁਸ਼ਬੀਰ ਕੌਰ ਵੱਲੋਂ ਲੋੜੀਂਦਾ ਚਿੱਤਰ ਸ਼੍ਰੋਮਣੀ ਕਮੇਟੀ ਨੂੰ ਪੁਚਾਇਆ ਹੋਇਐ ਪਰ ਉਹ ਅਜੇ ਤਕ ਅਜਾਇਬ ਘਰ ਵਿਚ ਸਸ਼ੋਭਿਤ ਨਹੀਂ ਕੀਤਾ ਗਿਆ ਜਦ ਕਿ ਲੌਂਗੋਵਾਲ ਜੀ ਦੇ ਬਿਆਨ ਤੋਂ ਬਾਅਦ ਦਰਜਨ ਤੋਂ ਵੱਧ ਵਿਅਕਤੀਆਂ ਦੇ ਚਿੱਤਰ ਸਸ਼ੋਭਿਤ ਕੀਤੇ ਜਾ ਚੁੱਕੇ ਹਨ। ਪਰ ਚਿੱਠੀ ਪੱਤਰ ਕਰਨ ਦੇ ਬਾਵਜੂਦ ਬਲਬੀਰ ਸਿੰਘ ਦਾ ਚਿੱਤਰ ਹਾਲੇ ਤਕ ਵੀ ਸਜਾਇਆ ਨਹੀਂ ਕੀਤਾ ਗਿਆ। 25 ਮਈ 2023 ਨੂੰ ਬਲਬੀਰ ਸਿੰਘ ਦੀ ਤੀਜੀ ਬਰਸੀ ਹੈ। ਉਦੋਂ ਚਿੱਤਰ ਸਸ਼ੋਭਿਤ ਕਰ ਦਿੱਤਾ ਜਾਵੇ ਤਾਂ ਸਮੁੱਚਾ ਖੇਡ ਜਗਤ ਆਪ ਜੀ ਦਾ ਧੰਨਵਾਦੀ ਹੋਵੇਗਾ।

ਦੱਸਣਾ ਯੋਗ ਹੋਵੇਗਾ ਕਿ ਪੰਜਾਬ ਸਰਕਾਰ ਨੇ ਆਪਣਾ ਫਰਜ਼ ਸਮਝਦਿਆਂ ਮੁਹਾਲੀ ਵਾਲੇ ਸਟੇਡੀਅਮ ਦਾ ਨਾਂ 'ਬਲਬੀਰ ਸਿੰਘ ਸੀਨੀਅਰ ਸਟੇਡੀਅਮ ਰੱਖ ਦਿੱਤਾ ਹੈ ਅਤੇ ਪੰਜਾਬ ਦੇ ਹੋਣਹਾਰ ਖਿਡਾਰੀਆਂ ਲਈ 'ਬਲਬੀਰ ਸਿੰਘ ਸੀਨੀਅਰ ਵਜ਼ੀਫ਼ਾ ਸਕੀਮ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਹੈ। ਇਸ ਪੱਤਰ ਨਾਲ ਜਥੇਦਾਰ ਗੋਬਿੰਦ ਸਿੰਘ ਲੌਂਗੋਵਾਲ ਜੀ ਦੇ ਅਖ਼ਬਾਰੀ ਬਿਆਨ, ਬੀਬੀ ਸੁਸ਼ਬੀਰ ਕੌਰ ਦੇ ਪ੍ਰਧਾਨ ਜੀ ਨੂੰ ਪੱਤਰ ਤੇ ਆਪ ਜੀ ਦੇ ਪੱਤਰ ਦੀਆਂ ਫੋਟੋ ਕਾਪੀਆਂ ਵੀ ਭੇਜੀਆਂ ਜਾ ਰਹੀਆਂ ਹਨ। ਬਲਬੀਰ ਸਿੰਘ ਬਾਰੇ ਵੀ ਸੰਖੇਪ ਜਾਣਕਾਰੀ ਹਾਜ਼ਰ ਹੈ। ਆਖੋ ਤਾਂ ਮੇਰੇ ਵੱਲੋਂ ਲਿਖੀ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ ਵੀ ਭੇਜ ਦੇਵਾਂਗਾ।



ਆਪ ਜੀ ਦਾ ਸ਼ੁਭਚਿੰਤਕ
ਪ੍ਰਿੰ. ਸਰਵਣ ਸਿੰਘ, ਕੈਨੇਡਾ
ਵਟਸਐਪ 647-785-1661